Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Second Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 02, January 8, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ਹੁਣ ਪੰਥਕ ਸ਼ਰਨ ਲੈਣ 'ਚ ਜੁਟੇ ਬਾਦਲ

**ਚੰਡੀਗੜ੍ਹ:** ਕਿਸਾਨ ਅੰਦੋਲਨ ਕਾਰਨ ਪੰਜਾਬ ਵਿਚ ਬਦਲ ਰਹੇ ਸਿਆਸੀ ਸਮੀਕਰਨਾਂ ਪਿੱਛੋਂ ਸੂਬੇ ਦੀਆਂ ਰਵਾਇਤੀ ਧਿਰਾਂ ਸੱਤਾ ਲਈ ਹਰ ਹੀਲਾ ਵਰਤਣ ਉਤੇ ਉਤਾਰੂ ਹਨ। ਸੱਤਾਧਾਰੀ ਕਾਂਗਰਸ ਵੱਲੋਂ ਜਿਥੇ ਮੁਫਤਖੋਰੀ ਵਾਲੇ ਐਲਾਨਾਂ ਦੀ ਝੜੀ ਲਾ ਦਿੱਤੀ ਹੈ, ਉਥੇ ਅਕਾਲੀ ਦਲ ਬਾਦਲ ਹੁਣ ਪੰਥਕ ਸ਼ਰਨ ਲੈਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਜਾਪਦਾ ਹੈ।



ਇਸੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਖਿਲਾਫ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਇਆ ਰੋਸ ਦਿਵਸ ਸਮਾਗਮ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸਮਾਗਮ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਕਾਲੀ ਦਲ ਬਾਦਲ ਨੂੰ ਪੰਥਕ ਪਾਰਟੀ ਦੱਸਦੇ ਹੋਏ ਤਕੜਾ ਕਰਨ ਦੀ ਕੀਤੀ ਅਪੀਲ ਉਤੇ ਸਖਤ ਇਤਰਾਜ਼ ਉਠ ਰਹੇ ਹਨ। ਵਿਰੋਧੀ ਧਿਰਾਂ ਦੇ ਨਾਲ-ਨਾਲ ਕੁਝ ਸਿੱਖ ਜਥੇਬੰਦੀਆਂ ਨੇ ਵੀ ਸਵਾਲ ਕੀਤਾ ਹੈ ਕਿ ਜਿਸ ਪਾਰਟੀ ਦੀ ਸਰਕਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਸਿਲਸਲਾ ਸ਼ੁਰੂ ਹੋਇਆ ਹੋਵੇ ਤੇ ਸਾਰੇ ਸਬੂਤ ਹੁੰਦੇ ਹੋਏ ਵੀ ਨਿਆਂ ਦੇਣ ਤੋਂ ਟਾਲਾ ਵੱਟਦੀ ਰਹੀ, ਉਸ ਦੇ ਹੱਕ ਵਿਚ ਅਕਾਲ ਤਖਤ ਦੇ ਜਥੇਦਾਰ ਵੱਲੋਂ ਕੀਤੀ ਅਪੀਲ ਕਈ ਸਵਾਲ ਖੜ੍ਹੇ ਕਰਦੀ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਜਥੇਦਾਰ ਨੂੰ ਲਿਖੇ ਪੱਤਰ ਵਿਚ ਸਖਤ ਇਤਰਾਜ਼ ਕੀਤਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਖੀ ਨੇ ਪੰਥ ਨੂੰ ਇਕੱਠਾ ਹੋ ਕੇ ਬਾਦਲ ਦਲ ਨੂੰ ਤਕੜਾ ਹੋਣ ਦੀ ਗੱਲ ਆਖੀ ਜੋ ਸਿੱਖ ਸੰਗਤ ਦੇ ਹਿਰਦਿਆਂ ਨੂੰ ਵਲੂੰਧਰਦੀ ਹੈ।

ਉਨ੍ਹਾਂ ਯਾਦ ਕਰਵਾਇਆ ਕਿ 1996 ਦੀ ਮੋਗਾ ਕਾਨਫਰੰਸ ਵੇਲੇ ਅਤੇ ਬਾਅਦ ਵਿਚ ਬਾਦਲ ਦਲ ਨੇ ਭਾਰਤੀ ਚੋਣ ਕਮਿਸ਼ਨ ਕੋਲ ਸੰਵਿਧਾਨ ਪੇਸ਼ ਕਰਕੇ ਖੁਦ ਨੂੰ ਪੰਥ ਤੇ ਪੰਥਕ ਹੋਣ ਤੋਂ ਵੱਖ ਕਰ ਲਿਆ ਸੀ। ਇਸ ਸਬੰਧੀ ਹੁਸ਼ਿਆਰਪੁਰ ਅਦਾਲਤਾਂ ਵਿਚੋਂ ਬਾਦਲਕਿਆਂ ਦੇ ਕਈ ਵਾਰੀ ਵਰੰਟ ਨਿਕਲੇ ਹਨ ਪਰ ਅਦਾਲਤ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦੀ ਥਾਂ ਅੱਜ ਤੱਕ ਟਾਲਾ ਵੱਟਿਆ ਹੋਇਆ ਹੈ।

ਉਨ੍ਹਾਂ ਸਵਾਲ ਕੀਤਾ ਕਿ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਤੋਂ ਜਥੇਦਾਰ ਜੀ ਦੀ ਮੌਜੂਦਗੀ ਵਿਚ ਹੋਈਆਂ ਤਕਰੀਰਾਂ ਵਿਚ ਜਿੱਥੇ ਪੰਥ ਨੂੰ ਮਸੰਦਾਂ ਦੇ ਕਾਬਜ਼ ਹੋਣ ਤੋਂ ਸੁਚੇਤ ਕੀਤਾ ਗਿਆ ਹੈ ਤਾਂ ਇਹ ਵੀ ਪੁੱਛਣ ਦੀ ਲੋੜ ਹੈ ਕਿ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਰਹੇ, ਕਿਹੜੇ ਮਸੰਦਾਂ ਨੇ ਜਾਮ-ਏ-ਇੰਸਾਂ ਵਿਚ ਸ਼ਾਮਲ ਡੇਰਾਦਾਰ ਨਾਲ ਸਾਂਝਾਂ ਪੁਗਾਈਆਂ ਅਤੇ ਉਸ ਨੂੰ ਬਠਿੰਡਾ ਕੇਸ ਵਿਚੋਂ ਖਾਰਜ ਕਰਨ ਲਈ ਸਾਲ 2012 ਵਿਚ ਖਾਰਜ ਰਿਪੋਰਟ ਭਰੀ ਅਤੇ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਦੇ ਹੋਏ ਉਸ ਦੀਆਂ ਵੋਟਾਂ ਲਈਆਂ।

ਅਕਾਲੀਆਂ ਦੀ ਪੁੱਠ 'ਤੇ ਚੜ੍ਹੇ ਕੇ ਡੇਰੇਦਾਰ ਨੇ ਫਿਲਮਾਂ ਚਲਾਈਆਂ ਅਤੇ ਅਕਾਲੀਆਂ ਦੀ ਪੁਸ਼ਤਪਨਾਹੀ ਵਿਚ ਸਾਲ 2015 ਦੀਆਂ ਹਿਰਦੇ-ਵੇਦਕ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ। ਇਸੇ ਸਮੇਂ ਦੌਰਾਨ ਉਦੋਂ ਦੇ ਜਥੇਦਾਰ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਨੂੰ ਮਜਬੂਰ ਕਰਕੇ ਪਹਿਲਾਂ ਸੌਦੇ ਸਾਧ ਨੂੰ ਮੁਆਫੀ ਦਿਵਾਈ ਅਤੇ ਲਗਭਗ ਕਰੋੜ ਰੁਪਏ ਗੁਰੂ ਦੀਆਂ ਗੋਲਕਾਂ ਵਿਚੋਂ ਖਰਚਾ ਕੇ ਇਸ ਨੂੰ ਵਾਜਬ ਠਹਿਰਾਉਣ ਲਈ ਇਸ਼ਤਿਹਾਰ ਕਢਵਾਏ। ਕੀ ਇਹ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਪਿਉ-ਪੁੱਤ ਨਾਲੋਂ ਵੱਡਾ ਮਸੰਦ ਕੋਈ ਹੈ?

ਰੰਧਾਵਾ ਦੇ ਇਸ ਪੱਤਰ ਪਿੱਛੋਂ ਭਾਵੇਂ ਜਥੇਦਾਰ ਅਤੇ ਅਕਾਲੀ ਦਲ ਬਾਦਲ ਚੁੱਪ ਹੈ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰੰਧਾਵਾ ਨੂੰ ਆਪਣੀ ਪੀੜ੍ਹੀ ਹੇਠ ਝਾਕਣ ਦੀ ਸਲਾਹ ਦਿੰਦਿਆਂ ਆਖਿਆ ਹੈ ਕਿ ਉਸ (ਰੰਧਾਵਾ) ਨੂੰ ਪੰਥਕ ਮਸਲਿਆਂ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ ਕਿਉਂਕਿ ਇਸ ਦੀ ਮਾਂ ਪਾਰਟੀ ਕਾਂਗਰਸ ਨੇ ਸਿੱਖਾਂ ਦਾ ਕਤਲੇਆਮ ਕਰਕੇ ਸਿੱਖ ਕੌਮ ਦੇ ਖਾਤਮੇ ਦਾ ਕੋਝਾ ਯਤਨ ਕੀਤਾ ਸੀ।

ਯਾਦ ਰਹੇ ਕਿ ਅਕਾਲੀ ਦਲ ਨੇ ਆਪਣੀ ਸਰਕਾਰ ਵੇਲੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਨਾ ਉਸ ਵੇਲੇ ਕੋਈ ਠੋਸ ਕਾਰਵਾਈ ਕੀਤੀ ਤੇ ਨਾ ਪਿਛਲੇ ਤਕਰੀਬਨ 5 ਸਾਲਾਂ ਦੌਰਾਨ ਕਾਂਗਰਸ ਵਾਲੀ ਸਰਕਾਰ ਉਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ। ਇਥੋਂ ਤੱਕ ਕਿ ਕੇਂਦਰ ਵਿਚ ਭਾਜਪਾ ਦੀ ਭਾਈਵਾਲ ਹੁੰਦਿਆਂ ਹੋਇਆਂ ਵੀ ਬਾਦਲਾਂ ਨੇ ਬੰਦੀ ਸਿੰਘਾਂ ਦੀ ਰਿਹਾਈ, ਚੰਡੀਗੜ੍ਹ ਪੰਜਾਬ ਨੂੰ ਦੇਣ ਸਣੇ ਸਿੱਖ ਮਸਲਿਆਂ ਦੇ ਹੱਲ ਲਈ ਦਬਾਅ ਨਹੀਂ ਬਣਾਇਆ। ਹੁਣ ਭਾਈਵਾਲੀ ਟੁੱਟਣ ਤੇ ਚੋਣਾਂ ਨੇੜੇ ਹੋਣ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਅਕਾਲੀ ਦਲ ਨੇ ਅਜਿਹੇ ਮਸਲਿਆਂ ਦੀ ਸੂਚੀ ਚੁੱਕ ਲਈ ਹੈ। ਦਰਅਸਲ, ਅਕਾਲੀ ਦਲ ਬਾਦਲ ਹੁਣ ਤੱਕ ਆਪਣੇ ਆਪ ਨੂੰ ਪੰਥਕ ਪਾਰਟੀ ਦੱਸ ਤੇ ਆਪਣੇ ਚੋਣ ਨਿਸ਼ਾਨ ਨੂੰ 'ਬਾਬੇ ਨਾਨਕ ਦੀ ਤੱਕੜੀ' ਨਾਲ ਜੋੜ ਕੇ ਹੀ ਚੋਣ ਮੈਦਾਨ ਵਿਚ ਨਿੱਤਰਦਾ ਰਿਹਾ ਹੈ ਪਰ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਕਾਰਜਕਾਲ ਵਿਚ ਹੋਈਆਂ ਬੇਅਦਬੀਆਂ ਦੀਆਂ ਘਟਨਾਵਾਂ, ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਅਕਾਲੀ ਤਖਤ ਤੋਂ ਮੁਆਫੀ ਸਣੇ ਹੋਰ ਮੁੱਦਿਆਂ ਉਤੇ ਘਿਰਨ ਪਿੱਛੋਂ ਆਪਣੇ ਪੰਥਕ ਏਜੰਡੇ ਤੋਂ ਕੁਝ ਕਿਨਾਰਾ ਕਰ ਲਿਆ ਸੀ। ਪਿਛਲੇ 5 ਸਾਲਾਂ ਵਿਚ

(ਬਾਕੀ ਸਫਾ 6 'ਤੇ)

## ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਘਮੰਡੀ ਹੋ ਗਏ ਸਨ ਨਰਿੰਦਰ ਮੋਦੀ!



**ਚੰਡੀਗੜ੍ਹ:** ਮੇਘਾਲਿਆ ਦੇ ਰਾਜਪਾਲ ਸੱਤਪਾਲ ਮਲਿਕ ਦੀਆਂ ਕਿਸਾਨ ਅੰਦੋਲਨ ਸਬੰਧੀ ਪ੍ਰਧਾਨ ਮੰਤਰੀ ਬਾਰੇ ਕਈ ਤਲਖ ਟਿੱਪਣੀਆਂ ਨਾਲ ਸਿਆਸੀ ਮਾਹੌਲ ਭਖ ਗਿਆ ਹੈ।

ਕਿਸਾਨਾਂ ਦੇ ਮੁੱਦੇ 'ਤੇ ਲਗਾਤਾਰ ਕੇਂਦਰ ਸਰਕਾਰ ਦੀ ਆਲੋਚਨਾ ਕਰਨ ਵਾਲੇ ਮੇਘਾਲਿਆ ਦੇ ਰਾਜਪਾਲ ਨੇ ਕਿਹਾ ਹੈ ਕਿ ਜਦੋਂ ਉਹ ਖੇਤੀ ਕਾਨੂੰਨਾਂ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਤਾਂ ਉਨ੍ਹਾਂ ਦੀ ਮੋਦੀ ਨਾਲ ਬਹਿਸ ਹੋ ਗਈ ਤੇ ਪੰਜ ਮਿੰਟ ਦੇ ਅੰਦਰ ਹੀ ਸਾਡੇ ਦੋਵਾਂ 'ਚ ਝਗੜਾ ਹੋ ਗਿਆ। ਉਹ ਬਹੁਤ ਘਮੰਡ 'ਚ ਸਨ। ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਸਾਡੇ 500 ਲੋਕ ਮਰ ਗਏ ਹਨ ਤਾਂ ਮੋਦੀ ਨੇ ਕਿਹਾ ਕਿ ਮੇਰੇ ਲਈ ਮਰੇ ਹਨ? ਮੈਂ ਕਿਹਾ ਤੁਹਾਡੇ ਲਈ ਹੀ ਮਰੇ ਹਨ ਕਿਉਂਕਿ ਤੁਸੀਂ ਰਾਜਾ ਜੋ ਬਣੇ ਹੋਏ ਹੋ, ਇਸ ਨੂੰ ਲੈ ਕੇ ਮੇਰਾ ਮੋਦੀ ਨਾਲ ਝਗੜਾ ਹੋ ਗਿਆ।

ਸੱਤਪਾਲ ਮਲਿਕ ਅੰਦੋਲਨ ਦੌਰਾਨ ਆਪਣੀਆਂ ਟਿੱਪਣੀਆਂ ਲਈ ਜਾਣੇ ਜਾਂਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਕਿਸਾਨਾਂ ਅਤੇ ਖਾਸ ਤੌਰ ਉੱਤੇ ਸਿੱਖਾਂ ਦੇ ਕੁਰਬਾਨੀਆਂ ਭਰੇ ਇਤਿਹਾਸ ਦੇ ਹਵਾਲੇ ਵੀ ਦਿੱਤੇ ਸਨ। ਕਾਂਗਰਸ ਦੇ ਰਾਜ ਸਭਾ ਵਿਚ ਆਗੂ ਮਲਿਕਅਰਜੁਨ ਖੜਗੇ ਨੇ ਟਵੀਟ ਰਾਹੀਂ ਪੁੱਛਿਆ ਹੈ ਕਿ ਪ੍ਰਧਾਨ ਮੰਤਰੀ ਜੀ ਕੀ ਇਹ ਸਹੀ ਹੈ?

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਨਵੇਂ ਸਾਲ ਨੂੰ ਸਮਰਪਿਤ ਸਮਾਗਮ

**ਸੈਨਹੋਜ਼ੇ:** ਕੈਲੇਫੋਰਨੀਆ ਪ੍ਰਾਂਤ ਵਿਚ ਪ੍ਰਵਾਸੀ ਪੰਜਾਬੀਆਂ ਦੀ ਭਰਵੀਂ ਵਸੋਂ ਵਾਲ਼ੇ ਸੈਨਹੋਜ਼ੇ ਸ਼ਹਿਰ ਦੀ ਸਿੱਖ ਸੰਗਤ ਨੇ ਨਵੇਂ ਸਾਲ



ਦੇ ਆਗਮਨ ਸਬੰਧੀ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਧਾਰਮਿਕ ਸਮਾਗਮ ਕਰਵਾਇਆ। ਸਥਾਨਕ ਸਮਾਜ ਸੇਵਕ ਭਾਈ ਮਨਪ੍ਰੀਤ ਸਿੰਘ ਬਧੇਸ਼ਾ ਦੇ ਪਰਿਵਾਰ ਵਲੋਂ ਅਰੰਭ ਕਰਵਾਏ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਦੇਵ ਸਿੰਘ ਦੇ ਜਥੇ ਨੇ ਮਨੋਹਰ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਸਿਆਟਲ ਤੋਂ ਪਹੁੰਚੇ ਭਾਈ ਹਰਜੋਤ ਸਿੰਘ ਤੇ ਭਗੀਰਥ ਸਿੰਘ ਦੇ ਨੌਜਵਾਨ ਕਵੀਸ਼ਰੀ ਜਥੇ ਨੇ ਜੋਸ਼ੀਲੀਆਂ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਾਇਆ। ਇਸ ਮੌਕੇ ਉੱਘੇ ਪ੍ਰਚਾਰਕ ਭਾਈ ਸਵਰਨ ਸਿੰਘ ਨੇ ਗੁਰਮਤਿ ਫਿਲਾਸਫੀ ਵਿਚ ਤਿੱਥ-ਵਾਰ ਜਾਂ ਚੰਗੇ-ਮਾੜੇ ਦਿਨਾਂ ਦੇ ਵਿਚਾਰ ਬਾਰੇ ਚਾਨਣਾ ਪਾਇਆ। ਅਖੀਰ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਨੇ ਮੌਜੂਦਾ ਪੰਥਕ ਹਾਲਾਤ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਭਾਈ ਮਨਪ੍ਰੀਤ ਸਿੰਘ ਬਧੇਸ਼ਾ, ਰਾਗੀ ਸਿੰਘਾਂ ਅਤੇ ਸਮੂਹ ਸੇਵਾਦਾਰਾਂ ਨੂੰ ਸਿਰੋਪਾ ਭੇਟ ਕਰ ਕੇ ਸਨਮਾਨਿਤ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਵਾਹਨ ਦੀ ਲਪੇਟ ਵਿਚ ਆ ਕੇ ਦੋ ਬੱਚਿਆਂ ਦੀ ਮੌਤ, ਚਾਰ ਜ਼ਖਮੀ

ਸੈਕਰਾਮੈਂਟੋ: ਦੱਖਣੀ ਫਲੋਰਿਡਾ ਵਿਚ ਬਰੋਵਰਡ ਕਾਊਂਟੀ ਵਿਚ ਇਕ ਵਾਹਨ ਦੀ ਲਪੇਟ ਵਿਚ ਆ ਕੇ 2 ਬੱਚਿਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਬਟਾਲੀਅਨ ਮੁਖੀ ਸਟੀਫਨ ਗੋਲਨ ਨੇ ਦੱਸਿਆ ਕਿ ਹਸਪਤਾਲ ਵਿਚ ਦਾਖਲ ਕਰਵਾਏ ਗਏ ਬੱਚਿਆਂ ਦੀ ਉਮਰ 1 ਸਾਲ ਤੋਂ ਲੈ ਕੇ 10 ਸਾਲ ਤਕ ਹੈ। ਕੁਝ ਬੱਚੇ ਗੰਭੀਰ ਹਾਲਤ ਵਿਚ ਹਨ। ਗੋਲਨ ਨੇ ਘਟਨਾ ਨੂੰ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਡਰਾਈਵਰ ਵਾਹਨ ਨੂੰ ਮੌਕੇ ਤੋਂ ਭਜਾ ਕੇ ਲੈ ਗਿਆ। ਬਰੋਵਰਡ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਬੀਬੀ ਮਿਰਾਂਡਾ ਗਰਾਸਮੈਨ ਨੇ ਕਿਹਾ ਹੈ ਕਿ ਵਾਹਨ ਨੇ ਰਿਹਾਇਸ਼ੀ ਖੇਤਰ ਵਿਚ ਬੱਚਿਆਂ ਨੂੰ ਕੁਚਲਿਆ ਹੈ। ਹਾਦਸੇ ਵਾਲੀ ਥਾਂ ਨੇੜੇ ਘਰਾਂ ਦੇ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਡੋਰਬੈੱਲ ਕੈਮਰਿਆਂ ਨੂੰ ਵੇਖਣ ਤਾਂ ਜੋ ਡਰਾਈਵਰ ਤੇ ਵਾਹਨ ਬਾਰੇ ਕੋਈ ਸੁਰਾਗ ਮਿਲ ਸਕੇ। ਉਨ੍ਹਾਂ ਕਿਹਾ ਕਿ ਅਧਿਕਾਰੀ ਘਟਨਾ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ।

# ਗੋਲੀਬਾਰੀ ਵਿਚ ਇਕ ਹਲਾਕ, ਤਿੰਨ ਜ਼ਖਮੀ

**ਸੈਕਰਾਮੈਂਟੋ:** ਨਵੇਂ ਸਾਲ ਦੇ ਪਹਿਲੇ ਦਿਨ ਕੇਨੋਸ਼ਾ, (ਵਿਸਕਾਸਿਨ) ਦੀ 52ਵੀਂ ਸਟਰੀਟ ਦੇ 1700 ਬਲਾਕ ਵਿਚ ਰਾਤ ਵੇਲੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖਮੀ ਹੋ ਗਏ।

ਕੇਨੋਸ਼ਾ ਪੁਲਿਸ ਵਿਭਾਗ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਤਕਰੀਬਨ 4 ਵਜੇ ਤੜਕਸਾਰ ਪੁਲਿਸ ਨੂੰ ਇਕ ਪਾਰਕਿੰਗ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਕੁਝ ਲੋਕ ਆਪਣੇ ਵਾਹਨਾਂ ਵਿਚ ਤੇ ਕੁਝ ਪੈਦਲ ਹੀ ਘਟਨਾ ਸਥਾਨ ਤੋਂ ਭੱਜ ਗਏ। ਮੌਕੇ 'ਤੇ 4 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ, ਜਿਨ੍ਹਾਂ ਵਿਚੋਂ ਇਕ ਵਿਅਕਤੀ ਦਮ ਤੋੜ ਗਿਆ ਹਾਲਾਂਕਿ ਉਸ ਨੂੰ ਬਚਾਉਣ ਲਈ ਡਾਕਟਰੀ ਸਹਾਇਤਾ ਦਿੱਤੀ ਗਈ। ਤਿੰਨ ਹੋਰ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਤੀਸਰੇ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਹ ਸਾਰੇ ਲੀਨੋਇਸ ਦੇ ਵਾਸੀ ਹਨ ਤੇ ਇਨ੍ਹਾਂ ਦੀ ਉਮਰ 23 ਤੋਂ 27 ਸਾਲਾਂ ਦੇ ਦਰਮਿਆਨ ਹੈ। ਪੁਲਿਸ ਅਨੁਸਾਰ ਅਜੇ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ।

ਪੁਲਿਸ ਦਾ ਵਿਸ਼ਵਾਸ ਹੈ ਕਿ ਇਹ ਗੋਲੀਬਾਰੀ ਸੋਚੀ ਸਮਝੀ ਯੋਜਨਾ ਤਹਿਤ ਕੀਤੀ ਗਈ ਹੈ ਉਂਝ ਇਸ ਘਟਨਾ ਤੋਂ ਸਮਾਜ ਨੂੰ ਕੋਈ ਖਤਰਾ ਨਹੀਂ ਹੈ। ਪੁਲਿਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇ ਕਿਸੇ ਨੂੰ ਵੀ ਇਸ ਘਟਨਾ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

ਫਲੈਟ ਵਿਕਾਊ ਹੈ
ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।
*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*
ਫੋਨ: 513-884-0456 ਜਾਂ 513-759 0010
*(ਮੈਸੇਜ ਛੱਡ ਸਕਦੇ ਹੋ)*

Flat For Sale
Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.
*For more details please contact: Singh*
Ph: 513-884-0456 or 513-759 0010
*(Leave Message)*
40-41

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the
UNITED STATES
Our Global & Nationwide Services
in the field of
U.S. Immigration & Nationality Law
Come talk to an experienced immigration attorney
Toll Free No.
866-424-4000
OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com
Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ
Languages SPOKEN Punjabi | Hindi | Urdu | Spanish & English

# ਫਰੈਂਡਜ਼ ਆਫ਼ ਪੰਜਾਬ ਫਾਊਂਡੇਸ਼ਨ ਵਲੋਂ ਇਤਿਹਾਸਕ ਸ਼ਖ਼ਸੀਅਤਾਂ ਸਬੰਧੀ ਮੁਕਾਬਲਾ

**ਕੋਟਲੀ ਅਰਾਈਆਂ:** ਫਰੈਂਡਜ਼ ਆਫ਼ ਪੰਜਾਬ ਫਾਊਂਡੇਸ਼ਨ ਵਲੋਂ ਪੇਂਡੂ ਬੱਚਿਆਂ ਨੂੰ ਸਾਡੀਆਂ ਇਤਿਹਾਸਕ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦੇਣ ਦੇ ਉਦੇਸ਼ ਤਹਿਤ ਆਦਮਪੁਰ ਬਲਾਕ ਦੇ ਪਿੰਡ ਕੋਟਲੀ ਅਰਾਈਆਂ ਵਿਖੇ ਸੰਸਥਾ ਦੇ ਸਿਖਲਾਈ ਕੇਂਦਰ ਵਿਚ ਵਿਲੱਖਣ ਤਰੀਕਾ ਅਪਣਾਇਆ ਗਿਆ।

ਇਸ ਤਹਿਤ ਪਿੰਡਾਂ ਦੇ ਬੱਚਿਆਂ ਨੂੰ ਜੀਵਨ, ਕੁਰਬਾਨੀ ਅਤੇ ਮਨੁੱਖਤਾ ਦੀ ਸੇਵਾ ਬਾਰੇ ਮੁਕਾਬਲੇ ਦੀ ਤਿਆਰੀ ਲਈ ਦੋ ਹਫ਼ਤੇ ਪਹਿਲਾਂ 100 ਸਵਾਲ ਦਿੱਤੇ ਗਏ ਸਨ। ਪਿੰਡ ਦੀ ਲਾਇਬ੍ਰੇਰੀ ਵਿਚ ਇਸ ਮੁਕਾਬਲੇ ਨਾਲ਼ ਸਬੰਧਤ ਕਿਤਾਬਾਂ ਉਪਲੱਬਧ ਸਨ। ਲੰਘੀ 28 ਦਸੰਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਮੌਕੇ 25 ਨੌਜਵਾਨਾਂ ਨੇ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆ ਦੇ ਕੇ ਇਸ ਮੁਕਾਬਲੇ ਵਿਚ ਹਿੱਸਾ ਲਿਆ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ 90 ਫੀਸਦੀ ਵਿਦਿਆਰਥੀਆਂ ਨੇ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਰ ਵਿਦਿਆਰਥੀ ਨੇ ਇਨਾਮ ਪ੍ਰਾਪਤ ਕੀਤੇ। ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲਿਆਂ ਨੂੰ ਵਿਸ਼ੇਸ਼ ਤੋਹਫ਼ੇ ਦਿੱਤੇ ਗਏ। ਸਾਰਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਫਰੈਂਡਜ਼ ਆਫ਼ ਪੰਜਾਬ ਫਾਊਂਡੇਸ਼ਨ ਵਲੋਂ 2022 ਦੀਆਂ ਛੁੱਟੀਆਂ ਮੌਕੇ ਸਾਰੀਆਂ ਇਤਿਹਾਸਕ ਸ਼ਖਸੀਅਤਾਂ 'ਤੇ ਸਨਮਾਨ ਸਮਾਗਮਾਂ ਦੀ ਯੋਜਨਾ ਵੀ ਬਣਾਈ ਗਈ ਹੈ।



# ਗੀਤਕਾਰ ਗਿੱਲ ਰੌਂਤਾ ਦਾ ਵਾਈਸਾਲੀਆ ਵਿਖੇ ਨਿੱਘਾ ਸੁਆਗਤ

**ਫਰਿਜ਼ਨੋ:** ਪੰਜਾਬੀ ਗੀਤਕਾਰੀ ਵਿਚ ਨਿਵੇਕਲੀ ਥਾਂ ਬਣਾਉਣ ਵਾਲੇ ਗੀਤਕਾਰ ਗਿੱਲ ਰੌਂਤਾ ਇਨ੍ਹੀਂ ਦਿਨੀਂ ਆਪਣੀ ਅਮਰੀਕਾ ਫੇਰੀ 'ਤੇ ਹਨ ਅਤੇ ਆਪਣੇ ਚਾਹੁਣ ਵਾਲਿਆਂ ਨੂੰ ਮਿਲ ਰਹੇ ਹਨ। ਇਸੇ ਕੜੀ ਤਹਿਤ ਉਹ ਫਰਿਜ਼ਨੋ ਵਿਖੇ ਰਾਜੂ ਵਕੀਲਾਂਵਾਲਾ ਅਤੇ ਗਾਰੀ ਕੋਲ ਠਹਿਰੇ ਹੋਏ ਹਨ। ਉਨ੍ਹਾਂ ਦੇ ਸਨਮਾਨ ਵਜੋਂ ਫਰਿਜ਼ਨੋ ਨੇੜਲੇ ਸ਼ਹਿਰ ਵਾਈਸਾਲੀਆ ਵਿਖੇ ਬਾਈ ਪਿੰਦਾ ਕੋਟਲਾ ਦੇ ਗ੍ਰਹਿ ਵਿਖੇ ਸਾਦਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਉਨ੍ਹਾਂ ਦੀ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਸੱਜਣ ਸ਼ਾਮਲ ਹੋਏ।

ਪ੍ਰੋਗਰਾਮ ਦਾ ਆਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤਾ। ਇਸ ਉਪਰੰਤ ਗੀਤਕਾਰ ਅਤੇ ਗਾਇਕ ਪੱਪੀ ਭਦੌੜ ਨੇ ਆਪਣੇ ਗੀਤਾਂ ਦੀ ਛਹਿਬਰ ਲਾਈ। ਗਾਇਕ ਗੋਗੀ ਸੰਧੂ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਸ਼ਾਇਰ ਰਣਜੀਤ ਗਿੱਲ ਨੇ ਆਪਣੀਆਂ ਇਨਕਲਾਬੀ ਕਵਿਤਾਵਾਂ ਨਾਲ ਖੂਬ ਵਾਹ-ਵਾਹ ਖੱਟੀ। ਲੇਖਕ ਅਮਰਜੀਤ ਦੌਧਰ ਨੇ ਵੀ ਸੰਬੋਧਨ ਕੀਤਾ। ਅਖੀਰ ਵਿਚ ਗਿੱਲ ਰੌਂਤਾ ਨੇ "ਅਸੀਂ ਜਿੱਤਾਂਗੇ ਜ਼ਰੂਰ ਜਾਰੀ ਜੰਗ ਰੱਖਿਓ" ਤੋਂ ਲੈ ਕੇ 'ਕਾਵਾਂ ਵਾਲੀ ਕਦੇ ਨੀ ਪੰਚਾਇਤ ਚੁਣੀ ਦੀ' ਗੀਤ ਗਾ ਕੇ ਹਾਜ਼ਰੀ ਲਵਾਈ। ਇਸ ਮੌਕੇ ਗਿੱਲ ਰੌਂਤਾ ਦੇ ਜਨਮ ਦਿਨ ਦਾ ਕੇਕ ਵੀ ਕੱਟਿਆ ਗਿਆ। ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦਿੱਤਾ ਗਿਆ। ਇਸ ਮੌਕੇ ਅਮਨ ਸਿੱਧੂ ਆਸਟਰੇਲੀਆ ਤੋਂ, ਪ੍ਰਮੋਟਰ ਰਾਜਾ ਕੈਨੇਡਾ ਤੋਂ ਤੇ ਪ੍ਰਮੋਟਰ ਗੁਰਜੀਤ ਸਿੰਘ ਵਾਲਾ-ਵਾਲਾ ਵਾਸ਼ਿੰਗਟਨ ਤੋਂ ਪਹੁੰਚੇ ਹੋਏ ਸਨ। ਜਗਤਾਰ ਬਰਾੜ ਤੇ ਨੀਟਾ ਧਾਲੀਵਾਲ ਨੇ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ।




# ਰਾਗੀ ਜਥੇ ਦੀ ਲੋੜ ਹੈ

ਗੁਰਦੁਆਰਾ ਸਾਹਿਬ, ਸਾਊਥ ਵੈਸਟ ਹਿਊਸਟਨ (14811 Lindita dr Houston TX 77083) ਲਈ 3 ਮੈਂਬਰੀ ਰਾਗੀ ਜਥੇ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ ਅਤੇ ਹਰ ਤਰ੍ਹਾਂ ਦੀਆਂ ਧਾਰਮਿਕ ਸੇਵਾਵਾਂ ਨਿਭਾ ਸਕਦਾ ਹੋਵੇ।

**ਗੁਰਮਤਿ ਵਿਚਾਰ ਅੰਗਰੇਜ਼ੀ ਵਿਚ ਸਮਝਾਉਣ ਦੀ ਸਮਰੱਥਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।**

ਸਿਰਫ ਕੈਨੇਡਾ ਜਾਂ ਅਮਰੀਕਾ ਤੋਂ ਜੇ ਕੋਈ ਜਥਾ ਆਉਣਾ ਚਾਹੁੰਦਾ ਹੈ ਤਾਂ ਗੁਰਦੁਆਰਾ ਸਾਹਿਬ ਵਲੋਂ ਉਸ ਦੀ ਵੀਜ਼ਾ ਲੈਣ 'ਚ ਮਦਦ ਕੀਤੀ ਜਾਵੇਗੀ।

**ਗੁਰਦੁਆਰੇ ਵਲੋਂ ਤਨਖਾਹ, ਰਿਹਾਇਸ਼ ਤੇ ਆਉਣ-ਜਾਣ ਦੀ ਸਹੂਲਤ ਦਿੱਤੀ ਜਾਵੇਗੀ।**

**ਸੰਪਰਕ ਕਰੋ: ਭਜਨ ਸਿੰਘ ਦੁਲਈ 832-867-5467,**
**ਹਰਦੀਪਕ ਸਿੰਘ ਮੁੰਡੇ ਫੋਨ: 281-725-3880**
E-Mail- secretarygsswh@yahoo.com


# Matrimonials

## ਲੜਕੇ ਦੀ ਲੋੜ ਹੈ

Suitable match for B.sc. Nursing, good looking Grewal girl, 21, 5'8", belonged from district Ludhiana. Family well settled in USA. Michigan based boy should be preffered, Please Contact : 734-837-8799.

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or business-man. Email *csahi1949@gmail.com or call at (317) 670-7665.*

*49-52*

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

36 ਸਾਲਾ ਜੱਟ ਸਿੱਖ, 5'11", ਆਪਣਾ ਬਿਜ਼ਨਸ ਕਰਦੇ Green Card Holder ਅਣਵਿਆਹੇ ਲੜਕੇ ਲਈ ਘੱਟੋ-ਘੱਟ 5'5" ਸੋਹਣੀ, ਸੁਨੱਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਗਰੀਨ ਕਾਰਡ ਹੋਲਡਰ, ਵਿਜ਼ਟਰ ਵੀਜ਼ੇ ਜਾਂ ਸਟੂਡੈਂਟ ਵੀਜ਼ੇ 'ਤੇ ਅਮਰੀਕਾ ਆਈ ਲੜਕੀ ਨੂੰ ਪਹਿਲ। ਚਾਹਵਾਨ singhjeet6084@yahoo.com 'ਤੇ ਆਪਣਾ ਬਾਇਓਡਾਟਾ ਤੇ ਤਸਵੀਰਾਂ ਭੇਜ ਸਕਦੇ ਹਨ। ਮੈਰਿਜ ਬਿਊਰੋ ਮੁਆਫ਼ ਕਰਨ।

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Manage-ment from US university. Please contact us at 713-594-3233 and email us at Ranbir60@yahoo.com.

*DEC-MARCH*

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

# ਗੋਲੀਬਾਰੀ ਵਿਚ ਪੰਜ ਦੀ ਮੌਤ, ਹਮਲਾਵਰ ਵੀ ਹਲਾਕ

**ਸੈਕਰਾਮੈਂਟੋ:** ਡੈਨਵਰ ਖੇਤਰ ਵਿਚ ਇਕ ਵਿਅਕਤੀ ਵਲੋਂ ਵੱਖ ਵੱਖ ਥਾਵਾਂ 'ਤੇ ਕੀਤੀ ਗਈ ਗੋਲੀਬਾਰੀ ਵਿਚ 5 ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਤਿੰਨ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ, ਜਿਨ੍ਹਾਂ ਵਿਚ ਅਲੀਸੀਆ ਕਾਰਡਨਜ਼, ਡੈਨੀ ਸ਼ੋਫੀਲਡ (38) ਤੇ ਸਾਰਾਹ ਸਟੈਕ (28) ਸ਼ਾਮਲ ਹਨ। ਪੁਲਿਸ ਨੇ ਮਾਰੇ ਗਏ ਦੋ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ।

ਬਾਅਦ ਵਿਚ ਪੁਲਿਸ ਨਾਲ ਹੋਈ ਝੜਪ ਵਿਚ 47 ਸਾਲਾ ਹਮਲਾਵਰ ਲਿੰਡਨ ਜੇਮਜ਼ ਮੈਕਲੀਓਡ ਵੀ ਮਾਰਿਆ ਗਿਆ। ਗੋਲੀਬਾਰੀ ਵਿਚ ਇਕ ਪੁਲਿਸ ਅਧਿਕਾਰੀ ਸਮੇਤ ਦੋ ਵਿਅਕਤੀ ਜ਼ਖਮੀ ਹੋ ਗਏ ਹਨ। ਇਹ ਜਾਣਕਾਰੀ ਡੈਨਵਰ ਤੇ ਲੇਕਵੁੱਡ ਪੁਲਿਸ ਨੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਡੈਨਵਰ ਦੇ ਪੁਲਿਸ ਮੁਖੀ ਪਾਲ ਪੇਜ਼ਨ ਨੇ ਕਿਹਾ ਕਿ ਲੜੀਵਾਰ ਗੋਲੀਆਂ ਚੱਲਣ ਦੀਆਂ ਘਟਨਾਵਾਂ ਵਖ-ਵਖ ਥਾਵਾਂ 'ਤੇ ਵਾਪਰੀਆਂ ਤੇ ਆਖਿਰ ਲੇਕਵੁੱਡ ਨੇੜੇ ਸਮਾਪਤ ਹੋਈਆਂ, ਜਿੱਥੇ ਹਮਲਾਵਰ ਪੁਲਿਸ ਹੱਥੋਂ ਮਾਰਿਆ ਗਿਆ।


# ਟਰੱਕ ਵਾਸ਼ ਲੀਜ਼ 'ਤੇ ਉਪਲੱਬਧ ਹੈ

**ਇਲੀਨਾਏ ਸਟੇਟ ਵਿਚ 'ਟੂ ਵੇਅ' ਟਰੱਕ ਵਾਸ਼ ਲੀਜ਼ 'ਤੇ ਉਪਲੱਬਧ ਹੈ**

**ਚਾਹਵਾਨ ਸੰਪਰਕ ਕਰਨ**

**ਫੋਨ: 815-603-5877**

# ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ
ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350



## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ


ਫੋਨ: 515-291-1961



## Homeopathicvibes

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)

**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

*We sell and ship homeopathic remedies through out North America.*



## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ
'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

41-48



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



*Kamaljeet Kaur*

**For the Best advice for BUYING-SELLING-RENTING**

Ben Singh Bashal (Realtor/Broker) ☎: ੩੧੭-੮੦੯-੧੮੧੮ midlandrealtygroup@yahoo.com

Kamaljeet Kaur (Realtor/Broker) ☎: ੩੧੭-੯੦੯-੯੨੯੫ kahlonkamaljeet@gmail.com

*Mortgage rates available from 2.1% to 3%*

Midland Realty Group-Company You Trust



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ। | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |
|---|---|---|

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਹੁਪੱਖੀ ਸ਼ਖਸੀਅਤ ਐਡਵੋਕੇਟ ਗੁਰਦੀਸ਼ ਸਿੰਘ ਖੋਸਾ

ਬਹੁਤ ਘੱਟ ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਉਸ ਦੇ ਕੀਤੇ ਕੰਮ, ਸੁਭਾਅ ਤੇ ਚੰਗੇ ਗੁਣਾਂ ਕਰਕੇ ਰੁਖ਼ਸਤ ਹੋ ਜਾਣ ਤੋਂ ਬਾਅਦ ਵੀ ਯਾਦ ਕੀਤਾ ਜਾਂਦਾ ਹੈ। ਅਜਿਹੇ ਹੀ ਰੰਗਲੇ ਸੱਜਣ ਸਨ, ਮੋਗਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਐਡਵੋਕੇਟ ਗੁਰਦੀਸ਼ ਸਿੰਘ ਖੋਸਾ ਜੋ 28 ਦਸੰਬਰ ਦੀ ਰਾਤ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਗੁਰਦੀਸ਼ ਸਿੰਘ ਖੋਸਾ ਦਾ ਜਨਮ ਨਾਨਕੇ ਪਿੰਡ ਵਕੀਲਾਂ ਵਾਲਾ (ਫ਼ਿਰੋਜ਼ਪੁਰ) ਵਿਖੇ ਪਿਤਾ ਸ. ਦਲੀਪ ਸਿੰਘ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ। ਮੁਢਲੀ ਪੜ੍ਹਾਈ ਸ.ਪ.ਸ. ਜਗਰਾਵਾਂ, ਹਾਇਰ ਸੈਕੰਡਰੀ ਮਿਸ਼ਨ ਸਕੂਲ ਮੋਗਾ ਤੇ ਬੀ.ਏ. ਗੁਰੂ ਨਾਨਕ ਕਾਲਜ ਮੋਗਾ ਤੋਂ ਕੀਤੀ। ਵਕਾਲਤ ਕਰ ਕੇ ਮੋਗਾ ਕਚਹਿਰੀ ਵਿਖੇ ਆਪਣਾ ਕੰਮ ਸ਼ੁਰੂ ਕਰ ਦਿੱਤਾ।

ਧਾਰਮਿਕ ਬਿਰਤੀ ਦੇ ਹੋਣ ਕਰਕੇ ਕਾਲਜ ਸਮੇਂ ਆਪ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਵਰਕਰ ਰਹੇ। ਕਾਲਜ ਦੀ ਭੰਗੜਾ ਟੀਮ ਦੇ ਕਪਤਾਨ ਤੇ ਫ਼ੁਟਬਾਲ ਦੇ ਵਧੀਆ ਖਿਡਾਰੀ ਵੀ ਰਹੇ। ਪੰਜਾਬੀ ਸੱਭਿਆਚਾਰ ਨਾਲ ਅਥਾਹ ਪਿਆਰ ਹੋਣ ਕਰਕੇ ਬਾਬਾ ਪੋਖਰ ਜੀ ਕੋਲ਼ੋਂ ਪੰਜਾਬੀ ਲੋਕ-ਨਾਚ ਝੂਮਰ ਤੇ ਮਲਵਈ ਗਿੱਧੇ ਦੀਆਂ ਬਰੀਕੀਆਂ ਦੀ ਘੋਖ ਕਰ ਕੇ ਉਨ੍ਹਾਂ ਨੇ 'ਰੰਗਲਾ ਪੰਜਾਬ ਕਲਚਰਲ ਸੁਸਾਇਟੀ' ਮੋਗਾ ਦੇ ਕਲੱਬ ਦੀ ਮਲਵਈ ਗਿੱਧਾ ਤੇ ਝੂਮਰ ਦੀ ਟੀਮ ਤਿਆਰ ਕੀਤੀ ਤੇ ਹੁਣ ਤਕ ਇਸ ਕਲੱਬ ਦੇ ਡਾਇਰੈਕਟਰ ਵੀ



ਰਹੇ। ਇਸ ਤੋਂ ਇਲਾਵਾ ਉਸਤਾਦ ਮੇਜਰ ਢੋਲੀ ਧਰਮਕੋਟ ਤੋਂ ਢੋਲ ਦੇ ਡਗੇ 'ਤੇ ਭੰਗੜੇ ਦੇ ਗੁਰ ਸਿੱਖੇ। ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿਚ ਭੰਗੜੇ ਦੇ ਜੱਜ ਵਜੋਂ ਸੇਵਾਵਾਂ ਨਿਭਾਈਆਂ। ਪੰਜਾਬ ਦੀਆਂ ਵਿਰਾਸਤੀ ਵਸਤੂਆਂ ਨਾਲ ਵੀ ਅਥਾਹ ਪਿਆਰ ਸੀ, ਜਿੱਥੋਂ ਕਿਤੋਂ ਵੀ ਮਹਿੰਗਾ-ਸਸਤਾ ਕੁਝ ਮਿਲਦਾ, ਲੈ ਕੇ ਘਰ ਦਾ ਸ਼ਿੰਗਾਰ ਬਣਾ ਲੈਂਦੇ। ਗੁਰਦੀਸ਼ ਖੋਸਾ ਯਾਰਾਂ ਦੇ ਯਾਰ ਸੀ। ਮੂੰਹ 'ਤੇ ਗੱਲ ਕਹਿਣਾ ਉਨ੍ਹਾਂ ਦਾ ਸੁਭਾਅ ਸੀ ਅਤੇ ਉਹ ਕਦੇ ਵੀ ਆਪਣੇ ਕੀਤੇ ਫੈਸਲੇ ਤੋਂ ਝੁਕਦੇ ਨਹੀਂ ਸੀ।

ਉਨ੍ਹਾਂ ਦੇ ਭਰਾ ਸੁਰਿੰਦਰਪਾਲ ਸਿੰਘ ਸਰਕਾਰੀ ਕਾਲਜ ਜ਼ੀਰਾ ਵਿਖੇ ਸਰੀਰਕ ਸਿੱਖਿਆ ਦੇ ਪ੍ਰੋਫੈਸਰ ਹਨ ਤੇ ਛੋਟੇ ਭਰਾ ਰੁਪਿੰਦਰ ਸਿੰਘ ਉਰਫ ਰਾਜਾ ਫਾਰਮੇਸੀ ਅਫਸਰ ਹਨ। ਉਨ੍ਹਾਂ ਦਾ ਵਿਆਹ ਸ. ਮੁਖਤਿਆਰ ਸਿੰਘ ਸੇਖੋਂ (ਚੂਹੜਚੱਕ) ਦੀ ਧੀ ਕਰਮਜੀਤ ਕੌਰ ਨਾਲ 1995 ਵਿਚ ਹੋਇਆ ਅਤੇ ਇੱਕ ਲੜਕੀ ਸਿਮਰਨ ਕੌਰ ਤੇ ਲੜਕਾ ਕੰਵਰਪਾਲ ਸਿੰਘ ਖੋਸਾ ਹਨ, ਜੋ ਨਿਊਜ਼ੀਲੈਂਡ ਵਿਖੇ ਰਹਿ ਰਹੇ ਹਨ। ਸਵਰਗੀ ਖੋਸਾ ਨਮਿਤ ਸ੍ਰੀ ਸਹਿਜ ਪਾਠ ਦਾ ਭੋਗ 6 ਜਨਵਰੀ ਵੀਰਵਾਰ ਨੂੰ ਗੁਰਦੁਆਰਾ ਸ੍ਰੀ ਵਿਸ਼ਵਕਰਮਾ ਭਵਨ ਸਾਹਮਣੇ ਆਈ.ਟੀ.ਆਈ. ਮੋਗਾ ਵਿਖੇ 12.00 ਤੋਂ 1.00 ਵਜੇ ਤੱਕ ਪਵੇਗਾ। ਦੁਖ ਸਾਂਝਾ ਕਰਨ ਲਈ ਸੁਰਿੰਦਰਪਾਲ ਸਿੰਘ ਖੋਸਾ ਫੋਨ +91 98154 54527 ਅਤੇ ਰਾਜਾ ਖੋਸਾ ਫੋਨ+91 70090 54890 'ਤੇ ਸੰਪਰਕ ਕੀਤਾ ਜਾ ਸਕਦਾ ਹੈ। ***-ਬਲਜਿੰਦਰ ਸੇਖਾ ਕੈਨੇਡਾ***

## ਤਖਤ ਸ੍ਰੀ ਪਟਨਾ ਸਾਹਿਬ ਵਿਖੇ ਹੀਰਿਆਂ ਦਾ ਹਾਰ ਭੇਟ

**ਕਰਤਾਰਪੁਰ:** ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਹਸਪਤਾਲ ਕਰਤਾਰਪੁਰ ਦੇ ਸੰਚਾਲਕ ਡਾ. ਗੁਰਵਿੰਦਰ ਸਿੰਘ ਸਮਰਾ ਨੇ ਹੀਰਿਆਂ ਨਾਲ ਜੜਿਆ ਹਾਰ ਅਤੇ ਤਿੰਨ ਫੁੱਟ ਲੰਮੀ ਸੋਨੇ ਦੀ ਕਿਰਪਾਨ ਭੇਟ ਕੀਤੀ। ਇਸ ਤੋਂ ਪਹਿਲਾਂ ਉਹ ਸੁੱਖ ਆਸਣ ਲਈ ਸੋਨੇ ਦੀ ਕਢਾਈ ਵਾਲੀ ਰਜ਼ਾਈ ਅਤੇ ਰੁਮਾਲਾ ਵੀ ਭੇਟ ਕਰ ਚੁੱਕੇ ਹਨ। ਤਖਤ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਨੇ ਦੱਸਿਆ ਕਿ ਡਾ.ਸਮਰਾ ਵੱਲੋਂ ਭੇਟ ਵਸਤਾਂ 'ਚ 1300 ਨਗ (ਹੀਰੇ, ਨੀਲਮ, ਪੰਨਾ, ਪੁਖਰਾਜ) ਜੜੇ ਹਨ। ਉਹ ਕੁਝ ਦਿਨ ਪਹਿਲਾਂ ਸੋਨੇ ਦਾ ਪਲੰਘ ਅਤੇ ਸਵਾ ਕਰੋੜ ਰੁਪਏ ਨਾਲ ਤਿਆਰ ਹੀਰਿਆਂ ਜੜੀ ਸੋਨੇ ਦੀ ਕਲਗੀ ਭੇਟ ਕਰ ਚੁੱਕੇ ਹਨ।

# ਲਖੀਮਪੁਰ ਖੀਰੀ: ਆਸ਼ੀਸ਼ ਮਿਸ਼ਰਾ ਸਣੇ 14 ਖਿਲਾਫ ਚਾਰਜਸ਼ੀਟ

**ਲਖੀਮਪੁਰ ਖੀਰੀ:** ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਲਖੀਮਪੁਰ ਖੀਰੀ ਹਿੰਸਾ ਦੇ ਮਾਮਲੇ 'ਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਸਮੇਤ 14 ਮੁਲਜ਼ਮਾਂ ਖਿਲਾਫ ਤਕਰੀਬਨ ਪੰਜ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਚਾਰਜਸ਼ੀਟ 'ਚ ਆਸ਼ੀਸ਼ ਮਿਸ਼ਰਾ ਅਤੇ 13 ਹੋਰਾਂ ਖਿਲਾਫ ਹੱਤਿਆ ਅਤੇ ਹੱਤਿਆ ਦੀ ਕੋਸ਼ਿਸ਼ ਸਮੇਤ ਹੋਰ ਦੋਸ਼ ਲਾਏ ਗਏ ਹਨ।

ਪਿਛਲੇ ਸਾਲ 3 ਅਕਤੂਬਰ ਨੂੰ ਵਾਪਰੇ ਕਾਂਡ 'ਚ ਇਹ ਪਹਿਲੀ ਚਾਰਜਸ਼ੀਟ ਹੈ। ਆਸ਼ੀਸ਼ ਖਿਲਾਫ ਧਾਰਾ 302, 307, 149, 326, 34, 427, ਅਤੇ 120-ਬੀ ਤਹਿਤ ਦੋਸ਼ ਲਾਏ ਗਏ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾਅਵਾ ਕਰਦੇ ਆ ਰਹੇ ਹਨ ਕਿ ਉਨ੍ਹਾਂ ਦਾ ਪੁੱਤਰ ਬੇਕਸੂਰ ਹੈ ਅਤੇ ਉਹ ਘਟਨਾ ਵਾਲੇ ਦਿਨ ਆਪਣੇ ਜੱਦੀ ਪਿੰਡ ਬਨਵੀਰਪੁਰ ਦੇ ਦੰਗਲ 'ਚ ਹਾਜ਼ਰ ਸੀ। ਉਂਜ ਕਿਸਾਨਾਂ ਮੁਤਾਬਕ ਜਿਹੜੇ ਵਾਹਨ ਨੇ ਉਨ੍ਹਾਂ ਦੇ ਸਾਥੀਆਂ ਨੂੰ ਦਰੜਿਆ ਸੀ, ਉਨ੍ਹਾਂ 'ਚੋਂ ਇਕ 'ਚ ਆਸ਼ੀਸ਼ ਵੀ ਸਵਾਰ ਸੀ। ਜ਼ਿਕਰਯੋਗ ਹੈ ਕਿ ਸਿਟ ਨੇ ਸਥਾਨਕ ਅਦਾਲਤ 'ਚ ਦਾਖਲ ਕੀਤੀ ਰਿਪੋਰਟ 'ਚ ਕਿਹਾ ਹੈ ਕਿ ਇਹ ਗਿਣੀ-ਮਿਥੀ ਸਾਜ਼ਿਸ਼ ਸੀ। ਉਨ੍ਹਾਂ ਰਿਪੋਰਟ 'ਚ ਲਿਖਿਆ ਹੈ ਕਿ ਕਿਸਾਨਾਂ ਨੂੰ ਦਰੜਨ ਦਾ ਮਾਮਲਾ ਅਣਗਹਿਲੀ ਬਿਲਕੁਲ ਵੀ ਨਹੀਂ ਹੈ ਅਤੇ ਮੁਲਜ਼ਮਾਂ ਨੇ ਹੱਤਿਆ ਦੇ ਇਰਾਦੇ ਨਾਲ ਇਹ ਕਾਰਾ ਕੀਤਾ ਹੈ।

# ਹੁਣ ਪੰਥਕ ਸ਼ਰਨ ਲੈਣ 'ਚ ਜੁਟੇ ਬਾਦਲ

*(ਪਹਿਲੇ ਸਫੇ ਦੀ ਬਾਕੀ)*

ਅਕਾਲੀ ਦਲ ਨੇ ਅਜਿਹੇ ਮਸਲਿਆਂ ਉਤੇ ਖਾਮੋਸ਼ ਰਹਿਣ ਵਿਚ ਹੀ ਭਲਾ ਸਮਝਿਆ।

ਇਸ ਵਾਰ ਅਕਾਲੀ ਦਲ ਬਸਪਾ ਨਾਲ ਸਮਝੌਤੇ ਤਹਿਤ ਜਾਤੀ ਆਧਾਰ (ਦਲਿਤ) ਉਤੇ ਬਾਜ਼ੀ ਮਾਰਨ ਦੀ ਤਾਕ ਵਿਚ ਸੀ ਪਰ ਕਾਂਗਰਸ ਵੱਲੋਂ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਕੁਝ ਹੱਦ ਅਕਾਲੀ ਦਲ ਦੀ ਖੇਡ ਵਿਗਾੜ ਦਿੱਤੀ। ਹੁਣ ਕਿਸਾਨ ਜਥੇਬੰਦੀਆਂ ਵੱਲੋਂ ਸੰਯੁਕਤ ਸਮਾਜ ਮੋਰਚਾ ਬਣਾ ਕੇ ਸਿਆਸੀ ਮੈਦਾਨ ਵਿਚ ਕੁੱਦਣ ਦੇ ਐਲਾਨ ਪਿੱਛੋਂ ਅਕਾਲੀ ਦਲ ਨੂੰ ਆਪਣੀ ਪੁਰਾਣੀ ਰਣਨੀਤੀ ਵੱਲ ਹੀ ਪਰਤਣ ਲਈ ਮਜਬੂਰ ਹੋਣਾ ਪਿਆ ਹੈ।

ਬਾਦਲ ਦਲ ਉਤੇ ਹਮੇਸ਼ਾ ਦੋਸ਼ ਲੱਗਦੇ ਆਏ ਹਨ ਕਿ ਇਸ ਲਾਣੇ ਨੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕੀਤਾ ਹੋਇਆ ਹੈ ਤੇ ਹਮੇਸ਼ਾ ਆਪਣੇ ਹਿੱਤਾਂ ਲਈ ਵਰਤਿਆ ਹੈ। ਅਕਾਲੀ ਦਲ ਬਾਦਲ ਉਤੇ ਚੋਣਾਂ ਵੇਲੇ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਵੀ ਲੱਗਦੇ ਆਏ ਹਨ। ਹੁਣ ਚੋਣਾਂ ਸਿਰ ਉਤੇ ਹੋਣ ਪਿੱਛੋਂ ਅਕਾਲੀ ਦਲ ਦੀਆਂ ਸ਼੍ਰੋਮਣੀ ਕਮੇਟੀ ਦੁਆਲੇ ਸਰਗਰਮੀਆਂ ਪਿੱਛੋਂ ਉਹੀ ਸਵਾਲ ਉਠ ਖਲੋਤੇ ਹਨ।

ਅਕਾਲੀ ਦਲ ਵੱਲੋਂ ਕਰਵਾਏ ਰੋਸ ਦਿਵਸ ਸਮਾਗਮ ਤੋਂ ਪਹਿਲਾਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ ਸੀ। ਇਸ ਮੀਟਿੰਗ 'ਚ ਕੀ ਗੱਲਬਾਤ ਹੋਈ, ਇਸ ਸਬੰਧੀ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਪਰ ਚਰਚਾ ਹੈ ਕਿ ਜਥੇਦਾਰ ਵੱਲੋਂ ਸਮਾਗਮ ਵਿਚ ਅਕਾਲੀ ਦਲ ਨੂੰ ਤਕੜਾ ਕਰਨ ਅਤੇ ਮੌਜੂਦਾ ਪੰਥਕ ਹਾਲਾਤ ਦੌਰਾਨ ਨਾਰਾਜ਼ ਸਿੱਖ ਆਗੂਆਂ ਨੂੰ ਮੁੜ ਅਕਾਲੀ ਦਲ 'ਚ ਸ਼ਾਮਲ ਹੋਣ ਦੀ ਅਪੀਲ, ਇਸੇ ਮੁਲਾਕਾਤ ਦਾ ਸਿੱਟਾ ਸੀ।

ਕਿਸਾਨ ਅੰਦੋਲਨ ਮੁਲਤਵੀ ਹੋਣ ਪਿੱਛੋਂ ਅਕਾਲੀ ਦਲ ਦੀ ਪੁਰਾਣੀ ਭਾਈਵਾਲ ਨੇ ਪੰਜਾਬ ਵਿਚ ਸਿਆਸੀ ਸਰਗਰਮੀਆਂ ਵਧਾਈਆਂ ਹੋਈਆਂ ਹਨ। ਅਕਾਲੀ ਦਲ ਦੇ ਵੱਡੇ ਆਗੂ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਸਣੇ ਕਈ ਵੱਡੇ ਚਿਹਰੇ ਭਾਜਪਾ ਦਾ ਹਿੱਸਾ ਬਣ ਰਹੇ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਉਤੇ ਬਾਦਲਾਂ ਦੇ ਕਬਜ਼ੇ ਦਾ ਦੋਸ਼ ਲਾਉਂਦੇ ਹੋਏ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ, ਰਣਜੀਤ ਸਿੰਘ ਬ੍ਰਹਮਪਰਾ ਪਾਰਟੀ ਤੋਂ ਵੱਖ ਹੋ ਗਏ ਸਨ। ਬ੍ਰਹਮਪੁਰਾ ਨੇ ਅਕਾਲੀ ਦਲ ਵਿਚ ਵਾਪਸੀ ਕਰ ਲਈ ਹੈ ਪਰ ਹੋਰ ਕਈ ਆਗੂ ਭਾਜਪਾ ਦੇ ਸੰਪਰਕ ਵਿਚ ਦੱਸੇ ਜਾ ਰਹੇ ਹਨ। ਸਿਆਸੀ ਮਾਹਰਾਂ ਮੁਤਾਬਿਕ ਦਲ ਕੋਲ ਹੁਣ 'ਪੰਥਕ ਓਟ' ਤੋਂ ਬਿਨਾ ਕੋਈ ਚਾਰਾ ਨਹੀਂ ਬਚਿਆ ਹੈ।

## ਤਖਤ ਸ੍ਰੀ ਦਮਦਮਾ ਸਾਹਿਬ ਬਾਰੇ ਤਜਵੀਜ਼ ਪਾਸ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦਿੱਲੀ ਵਿਧਾਨ ਸਭਾ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਸੋਧ ਬਿੱਲ 2022 ਪਾਸ ਕਰ ਕੇ ਤਖਤ ਸ੍ਰੀ ਦਮਦਮਾ ਸਾਹਿਬ ਨੂੰ 5ਵੇਂ ਤਖਤ ਵਜੋਂ ਦਿੱਲੀ ਸਿੱਖ ਕਮੇਟੀ ਐਕਟ 'ਚ ਸ਼ਾਮਲ ਕਰਨ ਦੀ ਤਜਵੀਜ਼ ਪਾਸ ਕਰਨ ਦਾ ਸਵਾਗਤ ਕੀਤਾ ਹੈ।

ਸ. ਕਾਲਕਾ ਨੇ ਕਿਹਾ ਕਿ ਇਹ ਮੰਗ ਬਹੁਤ ਲੰਬੇ ਸਮੇਂ ਤੋਂ ਸੰਗਤਾਂ ਵਲੋਂ ਕੀਤੀ ਜਾ ਰਹੀ ਸੀ ਤੇ ਉਹ ਖੁਦ ਇਸ ਮਾਮਲੇ 'ਚ ਕੇਂਦਰੀ ਗ੍ਰਹਿ ਸਕੱਤਰ ਨੂੰ ਵੀ ਮਿਲੇ ਸਨ ਤੇ ਦਿੱਲੀ ਸਰਕਾਰ ਨੂੰ ਇਸ ਮਾਮਲੇ 'ਚ ਚਿੱਠੀ ਪਾਈ ਸੀ। ਸ. ਕਾਲਕਾ ਨੇ ਕਿਹਾ ਕਿ ਹੁਣ ਜਦੋਂ ਦਿੱਲੀ ਵਿਧਾਨ ਸਭਾ ਨੇ ਇਹ ਸੋਧ ਦੀ ਤਜਵੀਜ਼ ਪਾਸ ਕਰ ਦਿੱਤੀ ਹੈ ਤਾਂ ਇਹ ਤਜਵੀਜ਼ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਮਨਜ਼ੂਰੀ ਵਾਸਤੇ ਜਾਵੇਗੀ ਤੇ ਮਨਜ਼ੂਰੀ ਮਿਲਣ ਮਗਰੋਂ ਸਿੱਖਾਂ ਦੇ 5ਵੇਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਕਮੇਟੀ ਦੇ ਜਨਰਲ ਹਾਊਸ ਦਾ ਮੈਂਬਰ ਬਣ ਸਕਣਗੇ। ਦਿੱਲੀ ਕਮੇਟੀ 'ਚ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਦੀ ਗਿਣਤੀ 9 ਹੈ, ਜੋ ਹੁਣ 10 ਹੋ ਜਾਵੇਗੀ। ਹੁਣ ਤੱਕ ਸਿਰਫ ਚਾਰ ਤਖਤਾਂ ਦੇ ਜਥੇਦਾਰ ਹੀ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਨਾਮਜ਼ਦ ਹੁੰਦੇ ਸਨ।

# ਕਰੋਨਾ: ਪੰਜਾਬ ਵਿਚ ਮੁੜ ਸਖਤ ਪਾਬੰਦੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 15 ਜਨਵਰੀ ਤੱਕ ਪਾਬੰਦੀਆਂ ਵਧਾ ਦਿੱਤੀਆਂ ਹਨ। ਇਸ ਤਹਿਤ ਸੂਬੇ ਵਿਚ ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਰਾਤ ਦਾ ਕਰਫਿਊ ਲਾਗੂ ਕਰ ਦਿੱਤਾ ਹੈ। ਸਰਕਾਰੀ ਹੁਕਮਾਂ ਅਨੁਸਾਰ ਸੂਬੇ ਵਿਚ ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਸਿੱਖਿਆ ਅਦਾਰਿਆਂ ਨੂੰ ਬੰਦ ਕਰਕੇ ਆਨਲਾਈਨ ਪੜ੍ਹਾਈ ਕਰਵਾਉਣ ਦੇ ਹੁਕਮ ਦਿੱਤੇ ਹਨ, ਜਦੋਂ ਕਿ ਮੈਡੀਕਲ ਅਤੇ ਨਰਸਿੰਗ ਕਾਲਜਾਂ ਵਿਚ ਕੰਮਕਾਜ ਜਾਰੀ ਰਹੇਗਾ। ਸਾਰੇ ਬਾਰ, ਸਿਨੇਮਾ ਘਰ, ਮਲਟੀਪਲੈਕਸ ਮਾਲਜ਼, ਸਪਾ, ਮਿਊਜ਼ੀਅਮ ਵੀ 50 ਫੀਸਦ ਸਮਰੱਥਾ ਨਾਲ ਖੋਲ੍ਹਣਗੇ। ਸਪੋਰਟਸ ਕੰਪਲੈਕਸ, ਸਵੀਮਿੰਗ ਪੂਲ, ਜਿੰਮ ਵੀ ਆਮ ਲੋਕਾਂ ਲਈ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਸਰਕਾਰੀ ਅਤੇ ਨਿੱਜੀ ਦਫਤਰਾਂ ਵਿਚ ਵੀ ਮੁਕੰਮਲ ਟੀਕਾਕਰਨ ਵਾਲਾ ਸਟਾਫ ਹਾਜ਼ਰ ਹੋ ਸਕੇਗਾ।

## ਕਾਂਗਰਸ ਵਿਧਾਇਕ ਲਾਡੀ ਕਾਂਗਰਸ 'ਚ ਵਾਪਸ

**ਬਟਾਲਾ:** ਭਾਜਪਾ 'ਚ ਸ਼ਾਮਲ ਹੋਏ ਸ੍ਰੀਹਰਗੋਬਿੰਦਪੁਰ ਦੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਮੁੜ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਆਖਿਆ ਕਿ ਉਹ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲੇ ਸਨ ਜਿਨ੍ਹਾਂ ਸਾਰੇ ਗਿਲੇ-ਸ਼ਿਕਵੇ ਦੂਰ ਕਰਨ ਦਾ ਭਰੋਸਾ ਦਿੱਤਾ ਹੈ।

## ਦੂਲੋ ਨੇ ਵੀ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਪਾਰਟੀ ਪ੍ਰਧਾਨ ਨਵਜੋਤ ਸਿੱਧੂ ਦੀ ਪਿੱਠ 'ਤੇ ਆ ਗਏ ਹਨ। ਉਨ੍ਹਾਂ ਕਿਹਾ ਕਿ ਜੇ ਬਿਕਰਮ ਸਿੰਘ ਮਜੀਠੀਆ 'ਤੇ ਕੇਸ ਦਰਜ ਹੋ ਸਕਦਾ ਹੈ ਤਾਂ ਸੂਬੇ 'ਚ ਨਕਲੀ ਸਰਾਬ ਵੇਚਣ ਵਾਲੇ ਮਾਫੀਆ ਖਿਲਾਫ ਕਾਰਵਾਈ ਕਿਉਂ ਨਹੀਂ ਹੋ ਰਹੀ ਹੈ।

## ਸਿੱਧੂ ਵੱਲੋਂ ਮਹਿਲਾਵਾਂ ਲਈ ਵਾਅਦਿਆਂ ਦੀ ਝੜੀ

**ਸ਼ਹਿਣਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਵਾਅਦਾ ਕੀਤਾ ਕਿ ਜੇ ਪਾਰਟੀ ਸੱਤਾ 'ਚ ਆਈ ਤਾਂ ਸੁਆਣੀਆਂ ਨੂੰ ਦੋ-ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ, ਸਾਲ 'ਚ 8 ਗੈਸ ਸਿਲੰਡਰ ਮੁਫਤ ਦਿੱਤੇ ਜਾਣਗੇ। ਉਨ੍ਹਾਂ ਹਰ ਲੜਕੀ ਨੂੰ ਪ੍ਰਿਯੰਕਾ ਗਾਂਧੀ ਅਤੇ ਕਲਪਨਾ ਚਾਵਲਾ ਬਣਨ ਦਾ ਸੱਦਾ ਦਿੰਦਿਆਂ ਕਾਲਜਾਂ 'ਚ ਦਾਖਲੇ ਲੈਣ ਵਾਲੀਆਂ ਲੜਕੀਆਂ ਨੂੰ ਦੋਪਹੀਆ ਵਾਹਨ, 12ਵੀਂ ਜਮਾਤ ਪਾਸ ਕਰਨ 'ਤੇ 20 ਹਜ਼ਾਰ ਰੁਪਏ, 10ਵੀਂ ਪਾਸ ਕਰਨ 'ਤੇ 15 ਹਜ਼ਾਰ ਅਤੇ 5ਵੀਂ ਪਾਸ ਕਰਨ 'ਤੇ 5 ਹਜ਼ਾਰ ਦੇਣ ਦੇ ਵਾਅਦੇ ਕੀਤੇ। ਲੜਕੀਆਂ ਨੂੰ ਕਾਲਜ ਜਾਣ ਲਈ ਦੋਪਹੀਆ ਵਾਹਨ ਦਿੱਤੇ ਜਾਣਗੇ। ਉਨ੍ਹਾਂ ਇਹ ਵਾਅਦਾ ਵੀ ਕੀਤਾ ਕਿ ਸਰਕਾਰ ਬਣਨ 'ਤੇ ਮਹਿਲਾਵਾਂ ਲਈ 23 ਹੁਨਰ ਵਿਕਾਸ ਕੇਂਦਰ ਵੀ ਖੋਲ੍ਹੇ ਜਾਣਗੇ।

## ਸਿੱਧੂ ਦਾ ਪੰਜਾਬ ਦੀ ਤਰੱਕੀ ਵਾਲਾ ਮਾਡਲ ਰੱਦ

**ਚੰਡੀਗੜ੍ਹ:** ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਨੇ ਬਿਨਾ ਨਾਂ ਲਏ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਸ਼ਰਾਬ ਦੀ ਵਿਕਰੀ ਵਧਾ ਕੇ ਪੰਜਾਬ ਦੀ ਤਰੱਕੀ ਲਈ ਪੇਸ਼ ਕੀਤੇ ਮਾਡਲ ਨੂੰ ਆੜੇ ਹੱਥੀਂ ਲਿਆ ਹੈ। ਉਨ੍ਹਾਂ ਕਿਹਾ ਕਿ ਜੇ ਚਿੱਟਾ ਕਹਿਰ ਹੈ ਤਾਂ ਸਰਾਬ ਵੀ ਅੰਮ੍ਰਿਤ ਨਹੀਂ ਹੈ ਜਿਸ ਨੂੰ ਹੱਲਾਸ਼ੇਰੀ ਦੇ ਕੇ ਕੀਤਾ ਜਾਣ ਵਾਲਾ ਵਿਕਾਸ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ। ਚੇਤੇ ਰਹੇ ਕਿ ਨਵਜੋਤ ਸਿੱਧੂ ਨੇ ਕਿਹਾ ਸੀ ਕਿ ਤਾਮਿਲਨਾਡੂ ਦੀ ਤਰਜ਼ 'ਤੇ ਕਾਰਪੋਰੇਸ਼ਨ ਬਣਾ ਕੇ ਸ਼ਰਾਬ ਤੋਂ ਕਮਾਈ ਵਧਾਈ ਜਾਵੇਗੀ ਜਿਸ ਦਾ ਪੈਸਾ ਪੰਜਾਬ ਦੀ ਤਰੱਕੀ 'ਤੇ ਲੱਗੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

ੴ ਸਤਿਗੁਰ ਪ੍ਰਸਾਦਿ॥

ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ ਨਾ ਧੀਰ ਧਰੋਆ॥

# ਕਲਗੀਧਰ ਪਾਤਸ਼ਾਹ ਸਰਬੰਸ ਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ

# ਕੋਟਾਨਿ ਕੋਟਿ ਵਧਾਈ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਲੜਾਈਆਂ ਲੜੀਆਂ ਪਰ ਉਨ੍ਹਾਂ ਨੇ ਕੋਈ ਵੀ ਲੜਾਈ ਹੋਰਨਾਂ ਰਾਜਿਆਂ ਵਾਂਗ ਜ਼ਮੀਨ ਜਾਂ ਪੈਸੇ ਲਈ ਨਹੀਂ ਲੜੀ ਸਗੋਂ ਉਨ੍ਹਾਂ ਦੀ ਹਰੇਕ ਲੜਾਈ ਬੇਇਨਸਾਫੀ ਅਤੇ ਜ਼ੁਲਮ ਦੇ ਖਿਲਾਫ਼ ਸੀ।

# ਸਾਲ 2022 ਮੁਬਾਰਕ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

## Major Gurcharn Singh Jhaj
## Jaidev Singh Bhathal & Sukhraj Singh Takher

## Sewadars: Baba Iqbal Singh Ji
## The Kalgidhar Society, Baru Sahib

# ਸਿੱਖ ਗੁਰਦੁਆਰਾ ਸਾਹਿਬ, ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave., San Jose, CA 95148 (Ph: 408-274-9373)

## ਗੁਰੂ ਪਿਆਰੀ ਸਾਧ ਸੰਗਤ ਨੂੰ ਨਵੇਂ ਸਾਲ 2022 ਅਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

### ਪ੍ਰੋਗਰਾਮ

**31 ਦਸੰਬਰ 2021 (ਸ਼ੁਕਰਵਾਰ)**

31 ਦਸੰਬਰ ਨੂੰ ਕੀਰਤਨ ਰਾਤ ਦੇ 12 ਵਜੇ ਤਕ ਹੋਵੇਗਾ। ਗੁਰੂ ਕੇ ਲੰਗਰਾਂ ਦੀ ਸੇਵਾ ਸਮੂਹ ਸਾਧ ਵਲੋਂ ਅਤੇ ਛੋਲੇ ਭਟੂਰਿਆਂ ਦੀ ਸੇਵਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹੋਵੇਗੀ।

**ਪਹਿਲੀ ਜਨਵਰੀ 2022 (ਸ਼ਨਿਚਰਵਾਰ)**

ਗੁਰਬਾਣੀ ਕੀਰਤਨ ਸਵੇਰ ਤੋਂ ਰਾਤ ਦੇ 10 ਵਜੇ ਤਕ ਹੋਵੇਗਾ ਅਤੇ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ ਵਲੋਂ ਹਰ ਸਾਲ ਵਾਂਗ ਅਖੰਡ ਪਾਠ, ਛੋਲੇ ਭਟੂਰਿਆਂ ਅਤੇ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਹੋਵੇਗੀ।

ਗੁਰੂ ਘਰ ਦੇ ਪ੍ਰਸਿੱਧ ਕੀਰਤਨੀ ਜਥਿਆਂ ਤੋਂ ਇਲਾਵਾ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ 31 ਦਸੰਬਰ 2021 ਅਤੇ ਪਹਿਲੀ ਜਨਵਰੀ 2022 ਨੂੰ ਸੰਗਤ ਨੂੰ ਸ਼ਬਦ ਕੀਰਤਨ/ ਕਥਾ ਰਾਹੀਂ ਨਿਹਾਲ ਕਰਨਗੇ।




**ਪ੍ਰਭਾਤ ਫੇਰੀਆਂ**

30 ਦਸੰਬਰ 2021 ਤੋਂ 8 ਜਨਵਰੀ 2022 ਤਕ ਸਵੇਰੇ 4:30

### ਸਰਬੰਸਦਾਨੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਦਾ ਵੇਰਵਾ

**9 ਜਨਵਰੀ (ਐਤਵਾਰ)**

**ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 9 ਜਨਵਰੀ, 2022 ਐਤਵਾਰ ਨੂੰ ਮਨਾਇਆ ਜਾਵੇਗਾ। ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜੇਗਾ।**

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**ਸਮੂਹ ਸਾਧ ਸੰਗਤ ਨੂੰ ਬੇਨਤੀ**

(ੳ) ਸਾਲ 2022 ਆਮਦਨੀ ਟੈਕਸ ਲਾਭ ਲਈ 31 ਦਸੰਬਰ ਰਾਤ 12 ਵਜੇ ਤਕ ਆਪੋ ਆਪਣੇ ਵਿਤ ਅਨੁਸਾਰ ਗੁਰੂ ਘਰ ਨੂੰ ਵੱਧ ਤੋਂ ਵੱਧ ਡੋਨੇਸ਼ਨ ਦਿਓ ਜੀ।

(ਅ) 31 ਦਸੰਬਰ ਅਤੇ ਪਹਿਲੀ ਜਨਵਰੀ ਨੂੰ ਬਹੁਤ ਸੇਵਾਦਾਰਾਂ ਦੀ ਲੋੜ ਹੈ, ਕਿਰਪਾ ਕਰ ਕੇ ਆਪਣੇ ਨਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਓ ਜੀ।

Donation to Gurdwara Sahib: You can now donate online as well as using Credit/Debit card or Paypal.
Visit: www.sanjosegurdwara.org and touch ‘Donate‘tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

## ਸਫਰ ਜਾਰੀ ਹੈ...23ਵੇਂ ਸਾਲ 'ਚ (ਪਹਿਲੀ ਜਨਵਰੀ 2000-2022)

# ਅਦਾਰਾ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ, ਸਮੂਹ ਸਟਾਫ, ਕਾਲਮਨਵੀਸਾਂ ਤੇ ਸੁਭ ਚਿੰਤਕਾਂ ਵਲੋਂ

## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

**ਯੋਧਾ ਸੂਰਵੀਰ ਮਰਦ ਅਗੰਮੜਾ ਗੁਰੂ ਗੋਬਿੰਦ ਸਿੰਘ ਸ਼ਾਹੇ ਸ਼ਹਿਨਸ਼ਾਹ, ਧੰਨ ਕਲਗੀਧਰ ਸੰਤ ਸਿਪਾਹੀ, ਧੰਨ-ਧੰਨ ਬਾਜਾਂ ਵਾਲੇ ਮਾਹੀ, ਸਾਹਿਬ-ਏ-ਕਮਾਲ ਸਰਬੰਸ ਦਾਨੀ, ਆਪੇ ਗੁਰੂ ਚੇਲਾ ਪੰਥ ਖਾਲਸੇ ਦੇ ਬਾਨੀ, ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਕੋਟਨਿ-ਕੋਟ ਵਧਾਈ**

## ਸ਼ਾਲਾ! ਨਵਾਂ ਸਾਲ ਸਭ ਲਈ ਖੁਸ਼ੀਆਂ ਖੇੜਿਆਂ ਭਰਿਆ ਆਵੇ ਅਤੇ ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Ph: 847-359-0746

Published simultaneously from Chicago, California & New York.

*e-mail: punjabtimes1@sbcglobal.net, website: www.punjabtimesusa.com*

# ਕੋਲੋਰਾਡੋ ਦੇ ਜੰਗਲਾਂ ਵਿਚ ਅੱਗ ਲੱਗੀ; ਹਜ਼ਾਰ ਦੇ ਕਰੀਬ ਘਰ ਨਸ਼ਟ, ਤਿੰਨ ਵਿਅਕਤੀ ਲਾਪਤਾ

**ਸੈਕਰਾਮੈਂਟੋ:** ਡੈਨਵਰ (ਕੋਲੋਰਾਡੋ) ਦੇ ਉਤਰ ਵਿਚ 6000 ਏਕੜ ਖੇਤਰ ਵਿਚ ਫੈਲੀ ਅੱਗ ਨਾਲ ਸੈਂਕੜੇ ਘਰ ਤੇ ਕਾਰੋਬਾਰੀ ਇਮਾਰਤਾਂ ਨਸ਼ਟ ਹੋ ਗਈਆਂ ਜਦਕਿ 3 ਵਿਅਕਤੀ ਲਾਪਤਾ ਹੋ ਗਏ ਹਨ। 7 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਕੁਲ 991 ਘਰ ਨਸ਼ਟ ਹੋਏ ਹਨ ਜਦਕਿ 127 ਘਰਾਂ ਨੂੰ ਅੱਗ ਨੇ ਨੁਕਸਾਨ ਪਹੁੰਚਾਇਆ ਹੈ। ਅੱਗ ਲੱਗਣ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ। ਇਸ ਸਬੰਧੀ ਜਾਂਚ ਚੱਲ ਰਹੀ ਹੈ। ਕੋਲੋਰਾਡੋ ਦੇ ਗਵਰਨਰ ਜਾਰਡ ਪੋਲਿਸ ਨੇ ਕਿਹਾ ਹੈ ਕਿ ਇਹ ਤਬਾਹੀ ਬਹੁਤ ਤੇਜ਼ੀ ਨਾਲ ਅੱਧੇ ਦਿਨ ਵਿਚ ਹੋਈ ਹੈ। ਗਵਰਨਰ ਨੇ ਰਾਹਤ ਤੇ ਬਚਾਅ ਕਾਰਜਾਂ ਵਿਚ ਤੇਜ਼ੀ ਲਿਆਉਣ ਲਈ ਹੰਗਾਮੀ ਸਥਿਤੀ ਦਾ ਐਲਾਨ ਕੀਤਾ ਹੈ। ਉਧਰ ਰਾਸ਼ਟਰਪਤੀ ਜੋ ਬਾਇਡਨ ਨੇ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਉਣ ਦਾ ਆਦੇਸ਼ ਦਿੱਤਾ ਹੈ। ਰਾਤ ਭਰ ਹੋਈ ਬਰਫਬਾਰੀ ਕਾਰਨ ਰਾਹਤ ਕਾਰਜਾਂ ਵਿਚ ਮੁਸ਼ਕਿਲ ਆਈ ਹੈ। ਇਲਾਕੇ ਵਿਚ ਬਿਜਲੀ ਤੇ ਗੈਸ ਦੀ ਸਪਲਾਈ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਪ੍ਰਸ਼ਾਸਨ ਨੇ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਹੈ। 'ਨੈਸ਼ਨਲ ਵੈਦਰ ਸਰਵਿਸ' ਨੇ ਸਥਿਤੀ ਨੂੰ ਜਾਨਲੇਵਾ ਦੱਸਿਆ ਹੈ ਤੇ ਕਿਹਾ ਹੈ ਕਿ ਅੱਗ ਲੱਗਣ ਦਰਮਿਆਨ ਹੀ 110 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀਆਂ ਹਵਾਵਾਂ ਹਾਲਾਤ ਨੂੰ ਹੋਰ ਖਰਾਬ ਕਰ ਰਹੀਆਂ ਹਨ। 'ਬੋਲਡਰ ਆਫਿਸ ਆਫ ਐਮਰਜੈਂਸੀ ਮੈਨੇਜਮੈਂਟ' ਨੇ ਇਕ ਟਵੀਟ ਵਿਚ ਕਿਹਾ ਹੈ ਕਿ ਲੋਇਸਵਿਲੇ ਕਸਬੇ ਦੇ ਤਕਰੀਬਨ 20 ਹਜ਼ਾਰ ਵਾਸੀਆਂ ਨੂੰ ਵੀ ਫੌਰੀ ਸੁਰੱਖਿਅਤ ਥਾਵਾਂ 'ਤੇ ਭੇਜਣ ਲਈ ਕਿਹਾ ਗਿਆ ਹੈ। ਕੋਲੋਰਾਡੋ ਦੇ ਗਵਰਨਰ ਜਰਡ ਪੋਲਿਸ ਨੇ ਕਿਹਾ ਕਿ ਤੇਜ਼ ਹਵਾਵਾਂ ਕਾਰਨ ਅੱਗ ਤੇਜ਼ੀ ਨਾਲ ਫੈਲੀ ਹੈ ਤੇ ਇਸ ਖੇਤਰ ਵਿਚ ਹਵਾਈ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਹਨ। ਬੋਲਡਰ ਪੁਲਿਸ ਵਿਭਾਗ ਨੇ ਡਰਾਈਵਰਾਂ ਨੂੰ ਕਿਹਾ ਹੈ ਕਿ ਉਹ ਧੂੰਏਂ ਤੇ ਤੇਜ਼ ਹਵਾਵਾਂ ਕਾਰਨ ਆਪਣੇ ਵਾਹਨਾਂ ਨੂੰ ਸੜਕਾਂ ਉਪਰ ਨਾ ਲਿਆਉਣ।



*ਅੱਗ ਉਪਰ ਕਾਬੂ ਪਾਉਣ ਦਾ ਯਤਨ ਕਰਦੇ ਹੋਏ ਮੁਲਾਜ਼ਮ*

# 'ਆਪ' ਨੇ ਸ਼ਾਂਤੀ ਮਾਰਚ ਆਸਰੇ ਭਖਾਈ ਚੋਣ ਮੁਹਿੰਮ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਪੰਜਾਬ ਦੇ ਦੁਸ਼ਮਣ ਸੂਬੇ ਨੂੰ ਬਰਬਾਦ ਕਰਨ ਲਈ ਸਰਗਰਮ ਹੋਏ ਹਨ ਪਰ ਪੰਜਾਬ ਦੇ ਤਿੰਨ ਕਰੋੜ ਲੋਕ ਇਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਭਾਰਤ ਵਿਚ ਹਿੰਦੂ-ਮੁਸਲਮਾਨ ਤੇ ਮੰਦਰ-ਮਸਜਿਦ ਦੀ ਸਿਆਸਤ ਖੇਡਣ ਵਾਲੀਆਂ ਤਾਕਤਾਂ ਪੰਜਾਬ ਦਾ ਮਾਹੌਲ ਖਰਾਬ ਕਰਕੇ ਚੋਣਾਂ ਵਿਚ ਲਾਭ ਲੈਣਾ ਚਾਹੁੰਦੀਆਂ ਹਨ ਪਰ ਪੰਜਾਬ ਸੁਚੇਤ ਹੈ ਤੇ ਇਸ ਦਾ ਮੂੰਹ ਤੋੜ ਜਵਾਬ ਦੇਵੇਗਾ।



ਸ੍ਰੀ ਕੇਜਰੀਵਾਲ ਪਟਿਆਲਾ ਵਿਚ 'ਸ਼ਾਂਤੀ ਮਾਰਚ' ਕਰਨ ਲਈ ਪੁੱਜੇ ਸਨ। ਉਨ੍ਹਾਂ ਨਾਲ ਪੰਜਾਬ ਦੇ ਪਾਰਟੀ ਪ੍ਰਧਾਨ ਭਗਵੰਤ ਮਾਨ ਤੇ ਹਰਪਾਲ ਚੀਮਾ ਵੀ ਸਨ। ਉਨ੍ਹਾਂ ਪਹਿਲਾਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਅਤੇ ਕਾਲੀ ਮਾਤਾ ਦੇ ਮੰਦਰ ਵਿਚ ਮੱਥਾ ਟੇਕਿਆ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਹ ਕੋਈ ਰਾਜਨੀਤੀ ਕਰਨ ਲਈ ਨਹੀਂ ਆਏ। ਉਨ੍ਹਾਂ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ ਪੰਜਾਬ ਦੀਆਂ ਦੁਸ਼ਮਣ ਤਾਕਤਾਂ ਕਾਫੀ ਸਰਗਰਮ ਹਨ ਜੋ ਸੂਬੇ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ। ਜੋ ਲੋਕ ਭਾਰਤ ਵਿਚ ਹਿੰਦੂ-ਮੁਸਲਮਾਨ ਤੇ ਮੰਦਰ-ਮਸਜਿਦ ਦੀ ਸਿਆਸਤ ਖੇਡਦੇ ਹਨ, ਉਹ ਪੰਜਾਬੀਆਂ ਦੀਆਂ ਵੋਟਾਂ ਬਟੋਰਨ ਲਈ ਹਰ ਤਰ੍ਹਾਂ ਦੀ ਚਾਰਾਜੋਈ ਕਰ ਰਹੇ ਹਨ ਪਰ ਪੰਜਾਬੀ ਸਹੀ ਤੇ ਇਮਾਨਦਾਰ ਪਾਰਟੀ ਨੂੰ ਹੀ ਚੁਣਨਗੇ। ਉਨ੍ਹਾਂ ਸਟੇਜ ਤੋਂ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਇੰਨੀ ਕਮਜ਼ੋਰ ਸਰਕਾਰ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬੇਅਦਬੀ ਕਾਂਡ ਨੂੰ 15 ਦਿਨਾਂ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਵੀ ਬੇਅਦਬੀ ਦੇ ਮੁੱਖ ਦੋਸ਼ੀ ਦਾ ਪਤਾ ਨਹੀਂ ਲਗਾ ਸਕੀ।

ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੀ ਜਨਤਾ ਕਾਂਗਰਸ, ਕੈਪਟਨ, ਬਾਦਲਾਂ ਅਤੇ ਭਾਜਪਾ ਵਰਗੀਆਂ ਸਵਾਰਥੀ, ਮੌਕਾਪ੍ਰਸਤ ਤਾਕਤਾਂ ਨੂੰ ਚੰਗੀ ਤਰ੍ਹਾਂ ਪਛਾਣ ਚੁੱਕੀ ਹੈ। ਇਸ ਲਈ ਲੋਕਾਂ ਨੇ 2022 ਦੀਆਂ ਚੋਣਾਂ ਵਿਚ ਇਨ੍ਹਾਂ ਸਭ ਦਾ ਬਿਸਤਰਾ ਗੋਲ ਕਰਨ ਦਾ ਮਨ ਬਣਾ ਲਿਆ ਹੈ। ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਇਸ ਵਾਰ ਪੰਜਾਬੀਆਂ ਨੇ ਮਨ ਬਣਾ ਲਿਆ ਹੈ ਕਿ ਉਹ ਪੰਜਾਬ 'ਚ ਅਗਲੀ ਸਰਕਾਰ 'ਆਪ' ਦੀ ਹੀ ਬਣਾਉਣਗੇ।

# ਸਿਆਸੀ ਧਿਰਾਂ ਨੇ ਹੁਣ ਵੱਖ-ਵੱਖ ਡੇਰਿਆਂ ਉਤੇ ਸਰਗਰਮੀਆਂ ਵਧਾਈਆਂ

**ਜਲੰਧਰ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਡੇਰਿਆਂ ਵੱਲ ਸਰਗਰਮੀਆਂ ਵਧਾ ਦਿੱਤੀਆਂ ਹਨ। ਪਿਛਲੇ ਦਿਨੀਂ ਕਾਂਗਰਸ ਆਗੂਆਂ ਵੱਲੋਂ ਡੇਰਾ ਸਿਰਸਾ ਦੇ ਸਤਸੰਗ ਵਿਚ ਪਹੁੰਚਣ ਦੀ ਕਾਫੀ ਚਰਚਾ ਛਿੜੀ ਸੀ। ਇਸ ਤੋਂ ਬਾਅਦ ਬਾਕੀ ਧਿਰਾਂ ਵੀ ਅਜਿਹੇ ਹੀ ਰਾਹ ਤੁਰ ਪਈਆਂ। ਇਸ ਤੋਂ ਇਲਾਵਾ ਡੇਰਾ ਬਿਆਸ ਦਾ ਗੇੜਾ ਸਾਰੀਆਂ ਧਿਰਾਂ ਹੀ ਲਾ ਆਈਆਂ ਹਨ ਤੇ ਸਬੰਧੀ ਆਪਣੀਆਂ ਫੋਟੋਆਂ ਸੋਸ਼ਲ ਮੀਡੀਆ ਉਤੇ ਸਾਂਝੀਆਂ ਕੀਤੀਆਂ ਹਨ।

ਪੰਜਾਬ ਆਏ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਡੇਰਾ ਸੱਚਖੰਡ ਬੱਲਾਂ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਡੇਰਾ ਮੁਖੀ ਸੰਤ ਨਰੰਜਣ ਦਾਸ ਤੋਂ ਆਸ਼ੀਰਵਾਦ ਲਿਆ। ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਹੋਰ ਪ੍ਰਮੁੱਖ ਆਗੂ ਵੀ ਉਨ੍ਹਾਂ ਨਾਲ ਸਨ। ਕੇਜਰੀਵਾਲ ਨੇ ਕਿਹਾ ਕਿ ਅਧਿਆਤਮਕਤਾ ਦੇ ਨਾਲ ਭਾਈਚਾਰਕ ਸਾਂਝੀਵਾਲਤਾ ਅਤੇ ਸਮਾਨਤਾ ਦੀ ਸਥਾਪਤੀ ਲਈ ਡੇਰਾ ਸੱਚਖੰਡ ਬੱਲਾਂ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਲਈ ਉਹ ਆਪਣੇ ਪੰਜਾਬ ਦੌਰਿਆਂ ਦੌਰਾਨ ਇੱਥੇ ਨਤਮਸਤਕ ਹੋਣ ਲਈ ਜ਼ਰੂਰ ਆਉਂਦੇ ਹਨ।



ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਡੇਰਾ ਸੱਚਖੰਡ ਬੱਲਾਂ ਵਿਚ 50 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ 25 ਕਰੋੜ ਦਾ ਚੈੱਕ ਡੇਰਾ ਮੁਖੀ ਸੰਤ ਨਰੰਜਣ ਦਾਸ ਨੂੰ ਸੌਂਪਿਆ। ਡੇਰਾ ਬੱਲਾਂ ਵਿਚ ਨਤਮਸਤਕ ਹੋਣ ਮਗਰੋਂ ਸ੍ਰੀ ਚੰਨੀ ਨੇ ਕਿਹਾ ਕਿ ਗੁਰੂ ਰਵਿਦਾਸ ਬਾਣੀ ਅਧਿਐਨ ਖੋਜ ਕੇਂਦਰ ਪ੍ਰਬੰਧਕੀ ਕਮੇਟੀ ਦੇ ਮੁਖੀ ਸੰਤ ਨਰੰਜਣ ਦਾਸ ਹੋਣਗੇ ਤੇ ਉਨ੍ਹਾਂ ਦੇ ਨਾਲ ਸੈਲਾਨੀ ਵਿਭਾਗ ਦੇ ਸਕੱਤਰ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਰਕਾਰ ਦੀ ਪ੍ਰਤੀਨਿਧਤਾ ਕਰਨਗੇ। ਇਹ ਕਮੇਟੀ ਹੀ ਭਵਿੱਖ ਵਿਚ ਇਸ ਅਧਿਐਨ ਕੇਂਦਰ ਦੇ ਕੰਮਕਾਰ ਬਾਰੇ ਫੈਸਲਾ ਕਰੇਗੀ।

ਉਨ੍ਹਾਂ ਦੇ ਨਾਲ ਸਿੱਖਿਆ ਮੰਤਰੀ ਪਰਗਟ ਸਿੰਘ, ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਤੇ ਸਾਬਕਾ ਮੰਤਰੀ ਮਹਿੰਦਰ ਸਿੰਘ ਕੇਪੀ ਹਾਜ਼ਰ ਸਨ। ਇਸੇ ਦੌਰਾਨ ਮੁੱਖ ਮੰਤਰੀ ਨੇ ਜਲੰਧਰ ਸ਼ਹਿਰ ਦੇ ਬੂਟਾ ਮੰਡੀ ਇਲਾਕੇ ਵਿਚ ਸਤਿਗੁਰੂ ਰਵਿਦਾਸ ਧਾਮ ਲਈ ਇਕ ਕਰੋੜ ਦਾ ਚੈੱਕ ਪ੍ਰਬੰਧਕੀ ਕਮੇਟੀ ਨੂੰ ਭੇਟ ਕੀਤਾ।

ਸ਼੍ਰੋਮਣੀ ਅਕਾਲੀ ਦਲ ਦੀ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਣ ਲਈ ਪਹੁੰਚੇ, ਜਿੱਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਉਪਰੰਤ, ਹਰਸਿਮਰਤ ਬਾਦਲ ਵੱਲੋਂ ਸੰਤ ਸਰਵਣ ਦਾਸ ਦੀ ਪ੍ਰਤਿਮਾ ਅੱਗੇ ਨਤਮਸਤਕ ਹੁੰਦਿਆਂ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਕੋਲੋਂ ਅਸ਼ੀਰਵਾਦ ਪ੍ਰਾਪਤ ਕੀਤਾ।

# ਭਾਰਤ ਉਤੇ ਕਰੋਨਾ ਦਾ ਤੀਜਾ ਹੱਲਾ, ਕੇਂਦਰ ਵੱਲੋਂ ਚੌਕਸੀ ਦੇ ਹੁਕਮ

**ਨਵੀਂ ਦਿੱਲੀ:** ਕਰੋਨਾ ਵਾਇਰਸ ਨੇ ਨਵੇਂ ਰੂਪ ਓਮੀਕਰੋਨ ਨੇ ਇਕ ਵਾਰ ਫਿਰ ਦਹਿਸ਼ਤ ਮਚਾ ਦਿੱਤੀ ਹੈ। ਭਾਰਤ ਵਿਚ ਇਹ ਨਵਾਂ ਰੂਪ ਤੀਸਰੀ ਲਹਿਰ ਦਾ ਕਾਰਨ ਬਣ ਗਿਆ ਹੈ। ਪਿਛਲੇ ਇਕ ਹਫਤੇ ਵਿਚ ਕਰੋਨਾ ਦੇ ਨਵੇਂ ਕੇਸਾਂ ਦੀ ਗਿਣਤੀ 4 ਗੁਣਾ ਵਧ ਗਈ ਹੈ।

ਕੋਵਿਡ-19 ਦੇ ਕੇਸਾਂ ਵਿਚ ਵਾਧੇ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਆਰਜ਼ੀ ਹਸਪਤਾਲ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਤੇ ਘਰਾਂ 'ਚ ਇਕਾਂਤਵਾਸ ਮਰੀਜ਼ਾਂ ਦੀ ਨਿਗਰਾਨੀ ਲਈ ਵਿਸ਼ੇਸ਼ ਟੀਮਾਂ ਬਣਾਉਣ ਲਈ ਕਿਹਾ ਹੈ। ਸਾਰੇ ਮੁੱਖ ਸਕੱਤਰਾਂ ਨੂੰ ਲਿਖੇ ਪੱਤਰਾਂ ਵਿਚ ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨੇ ਕਿਹਾ ਕਿ ਸਾਰੇ ਸੂਬਿਆਂ ਤੇ ਯੂਟੀਜ ਵਿਚ ਸਿਹਤ ਢਾਂਚੇ ਨੂੰ ਸਮੇਂ ਸਿਰ ਅਤੇ ਤੇਜੀ ਨਾਲ ਅਪਗਰੇਡ ਕਰਨ 'ਤੇ ਮੁੜ ਜੋਰ ਦੇਣਾ ਜਰੂਰੀ ਹੈ।

ਕੇਂਦਰੀ ਮੰਤਰੀ ਭਾਰਤੀ ਪਵਾਰ ਨੇ ਕਿਹਾ ਕਿ ਕੇਂਦਰ ਨੇ ਸਿਹਤ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਦੇਸ਼ ਵਿਚ 157 ਨਵੇਂ ਮੈਡੀਕਲ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ, ਪਰ ਕੁਝ ਸੂਬਿਆਂ ਵਿਚ ਜਮੀਨ ਨਾ ਮਿਲਣ ਕਾਰਨ ਇਹ ਪ੍ਰੋਜੈਕਟ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਢਾਂਚੇ ਵਿਚ ਸੁਧਾਰ ਲਈ ਪੱਛੜੇ ਜਿਲ੍ਹਿਆਂ ਨੂੰ ਤਰਜੀਹ ਦਿੱਤੀ ਜਾਵੇਗੀ।

ਕੇਂਦਰ ਸਰਕਾਰ ਨੇ ਵਧ ਰਹੇ ਕੇਸਾਂ 'ਤੇ ਚਿੰਤਾ ਜ਼ਾਹਿਰ ਕਰਦਿਆਂ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਗੋਆ ਸਮੇਤ 19 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਟੈਸਟਿੰਗ ਵਧਾਉਣ 'ਤੇ ਜੋਰ ਦਿੱਤਾ ਹੈ। ਸਿਹਤ ਮੰਤਰਾਲੇ ਦੀ ਵਧੀਕ ਸਕੱਤਰ ਆਰਤੀ ਆਹੂਜਾ ਨੇ ਪੱਤਰ ਲਿਖ ਕੇ ਇਨ੍ਹਾਂ ਸੂਬਿਆਂ ਨੂੰ ਕਿਹਾ ਹੈ ਕਿ ਉਹ ਕਰੋਨਾ ਦੇ ਪਸਾਰ ਰੋਕਣ ਤੇ ਟੈਸਟਿੰਗ ਵਧਾਉਣ 'ਚ ਢਿੱਲ ਨਾ ਵਰਤਣ।

ਕੇਂਦਰ ਸਰਕਾਰ ਨੇ ਕਿਹਾ ਹੈ ਕਿ ਮਹਾਰਾਸ਼ਟਰ, ਪੱਛਮੀ ਬੰਗਾਲ, ਤਾਮਿਲ ਨਾਡੂ, ਦਿੱਲੀ, ਕਰਨਾਟਕ ਅਤੇ ਗੁਜਰਾਤ ਹਫਤਾਵਾਰੀ ਕੋਵਿਡ-19 ਦੇ ਮਾਮਲਿਆਂ ਅਤੇ ਪਾਜੇਟੀਵਿਟੀ ਦਰ ਦੇ ਆਧਾਰ 'ਤੇ ਚਿੰਤਾ ਵਧਾਉਣ ਵਾਲੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਵਜੋਂ ਉਭਰ ਰਹੇ ਹਨ। ਸਿਹਤ ਮੰਤਰਾਲੇ ਨੇ ਕਿਹਾ ਕਿ ਅੱਠ ਜਿਲ੍ਹਿਆਂ 'ਚ ਕਰੋਨਾ ਦੇ ਹਫਤਾਵਾਰੀ ਲਾਗ ਦੇ 10 ਫੀਸਦ ਤੋਂ ਜਿਆਦਾ ਮਾਮਲੇ ਸਾਹਮਣੇ ਆ ਰਹੇ ਹਨ ਜਦਕਿ 14 ਜਿਲ੍ਹਿਆਂ 'ਚ ਲਾਗ ਦੀ ਦਰ 5 ਤੋਂ 10 ਫੀਸਦ ਹੈ। ਸਰਕਾਰ ਨੇ ਕਿਹਾ ਕਿ ਕਰੋਨਾ ਦੇ ਫੈਲਾਅ ਦਾ ਸੰਕੇਤ ਦੇਣ ਵਾਲੀ ਆਰ ਨੌਟ ਵੈਲਿਊ (ਰੀਪ੍ਰੋਡਕਸ਼ਨ ਵੈਲਿਊ) 1.22 ਹੈ। ਇਸ ਲਈ ਮਾਮਲੇ ਵਧ ਰਹੇ ਹਨ ਨਾ ਕਿ ਘੱਟ ਰਹੇ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਅੱਠ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਰੋਨਾ ਵਾਇਰਸ ਦੇ ਨਵੇਂ ਸਰੂਪ ਓਮੀਕਰੋਨ ਦੇ ਵਧਦੇ ਖਤਰੇ ਨੂੰ ਦੇਖਦਿਆਂ ਇਹਤਿਆਤ ਵਰਤਣ ਲਈ ਚਿੱਠੀ ਲਿਖੀ ਹੈ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਨ ਨੇ ਦਿੱਲੀ, ਹਰਿਆਣਾ, ਤਾਮਿਲ ਨਾਡੂ, ਪੱਛਮੀ ਬੰਗਾਲ, ਮਹਾਰਾਸ਼ਟਰ, ਗੁਜਰਾਤ, ਕਰਨਾਟਕ ਅਤੇ ਝਾਰਖੰਡ ਨੂੰ ਕਿਹਾ ਹੈ ਕਿ ਉਹ ਟੈਸਟਿੰਗ ਵਧਾਉਣ, ਹਸਪਤਾਲਾਂ 'ਚ ਤਿਆਰੀਆਂ ਰੱਖਣ ਅਤੇ ਟੀਕਾਕਰਨ ਮੁਹਿੰਮ ਦੀ ਰਫਤਾਰ ਵਧਾਉਣ। ਇਸ ਤੋਂ ਇਲਾਵਾ ਲਾਗ ਨੂੰ ਫੈਲਣ ਤੋਂ ਰੋਕਣ ਲਈ ਸਖਤ ਪਾਬੰਦੀਆਂ ਯਕੀਨੀ ਬਣਾਉਣ।

ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਨੇ ਕਿਹਾ ਹੈ ਕਿ ਓਮੀਕਰੋਨ ਲੋਕਾਂ 'ਚ ਤੇਜੀ ਨਾਲ ਫੈਲ ਰਿਹਾ ਹੈ ਅਤੇ ਹੁਣ ਕਰਵਾਏ ਜਾ ਰਹੇ 46 ਫੀਸਦ ਟੈਸਟਾਂ 'ਚ ਓਮੀਕਰੋਨ ਦੇ ਲੱਛਣ ਮਿਲੇ ਹਨ। ਨੀਤੀ ਆਯੋਗ ਦੇ ਮੈਂਬਰ (ਸਿਹਤ) ਡਾਕਟਰ ਵੀ ਕੇ ਪੌਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਕਰੋਨਾ ਦੇ ਕੇਸਾਂ 'ਚ ਵਾਧਾ ਦਰਜ ਹੋਇਆ ਹੈ ਅਤੇ ਕੁਝ ਸੂਬਿਆਂ 'ਚ ਇਹ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਚੋਣ ਰੈਲੀਆਂ ਬਾਰੇ ਸ੍ਰੀ ਪੌਲ ਨੇ ਕਿਹਾ ਕਿ ਸਿਹਤ ਮੰਤਰਾਲੇ ਨੇ ਲਾਗ ਤੋਂ ਬਚਣ ਲਈ ਇਹਤਿਆਤੀ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ ਹਨ। ਕਰੋਨਾ ਤੋਂ ਬਚਾਅ ਦੇ ਨੇਮਾਂ ਦੀ ਪਾਲਣਾ ਨਾਲ ਲਾਗ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ।



## ਮੌਜੂਦਾ ਸਾਲ 'ਚ ਕਰੋਨਾ 'ਤੇ ਜਿੱਤ ਪਾ ਲਈ ਜਾਵੇਗੀ: ਗੈਬ੍ਰਿਸਸ

**ਜਨੇਵਾ:** ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਦੇ ਮੁਖੀ ਟੈਡਰੋਸ ਐਡਹਾਨਮ ਗੈਬ੍ਰਿਸਸ ਨੇ ਕਿਹਾ ਹੈ ਕਿ ਜੇ ਸਾਰੇ ਮੁਲਕ ਕੋਵਿਡ-19 ਦਾ ਫੈਲਾਅ ਰੋਕਣ ਲਈ ਇਕੱਠਿਆਂ ਕੰਮ ਕਰਨ ਤਾਂ ਇਸ ਮਹਾਮਾਰੀ 'ਤੇ 2022 ਵਿਚ ਜਿੱਤ ਹਾਸਲ ਕਰ ਲਈ ਜਾਵੇਗੀ। ਉਨ੍ਹਾਂ ਤੰਗ ਸੋਚ ਵਾਲੇ ਰਾਸ਼ਟਰਵਾਦ ਅਤੇ ਵੈਕਸੀਨ ਜਮ੍ਹਾਂ ਕਰਨ ਖਿਲਾਫ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਵੈਕਸੀਨ ਦੀ ਵੰਡ ਵਿਚ ਨਾ-ਬਰਾਬਰੀ ਨਾਲ ਵਾਇਰਸ ਵਧਣ ਦਾ ਜੋਖਮ ਵੀ ਵਧ ਰਿਹਾ ਹੈ।

## 15 ਤੋਂ 18 ਸਾਲ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ

**ਨਵੀਂ ਦਿੱਲੀ:** ਭਾਰਤ ਵਿਚ 15 ਤੋਂ 18 ਸਾਲ ਉਮਰ ਵਰਗ ਦੇ ਬੱਚਿਆਂ ਨੂੰ ਕੋਵਿਡ-19 ਵਿਰੋਧੀ ਟੀਕੇ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਕਰੋਨਾ ਵਾਇਰਸ ਲਾਗ ਦੇ ਨਵੇਂ ਸਰੂਪ ਓਮੀਕਰੋਨ ਦੇ ਮੱਦੇਨਜ਼ਰ ਇਹ ਟੀਕਾਕਰਨ ਸ਼ੁਰੂ ਕੀਤਾ ਗਿਆ ਹੈ। ਡਾਕਟਰਾਂ ਨੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਜਲਦੀ ਟੀਕੇ ਲੁਆਉਣ ਦੀ ਅਪੀਲ ਕੀਤੀ ਹੈ ਤਾਂ ਜੋ ਤੀਜੀ ਲਹਿਰ ਦੌਰਾਨ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕੀਤੀ ਜਾ ਸਕੇ।

## ਕੋਵਿਡ-19 ਵਿਕਾਸ 'ਚ ਰੁਕਾਵਟ ਨਹੀਂ ਪਾ ਸਕਦਾ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਨੂੰ ਨਵੇਂ ਸਾਲ ਵਿਚ ਆਪਣੇ ਵਿਕਾਸ ਦੀ ਗਤੀ ਤੇਜ਼ ਕਰਨ ਦੀ ਲੋੜ ਹੈ ਤੇ ਇਹ ਕੋਵਿਡ- 19 ਮਹਾਮਾਰੀ ਕਾਰਨ ਪੈਦਾ ਚੁਣੌਤੀਆਂ ਕਾਰਨ ਵਿਕਾਸ ਨੂੰ ਪ੍ਰਭਾਵਿਤ ਨਹੀਂ ਹੋਣ ਦੇਵੇਗਾ। ਭਾਰਤ ਕਰੋਨਾ ਮਹਾਮਾਰੀ ਖਿਲਾਫ ਆਪਣੀ ਜੰਗ ਪੂਰੇ ਧਿਆਨ ਅਤੇ ਸਾਵਧਾਨੀ ਨਾਲ ਜਾਰੀ ਰੱਖਣ ਦੇ ਨਾਲ-ਨਾਲ ਕੌਮੀ ਹਿੱਤਾਂ ਦਾ ਵੀ ਪੂਰਾ ਖਿਆਲ ਰੱਖੇਗਾ।

# ਕਿਸਾਨਾਂ ਦੇ ਸਿਆਸੀ ਮੋਰਚੇ ਨੂੰ ਮਿਲੇ ਹੁੰਗਾਰੇ ਨੇ ਦਿੱਤੇ ਨਵੇਂ ਸਮੀਕਰਨਾਂ ਦੇ ਸੰਕੇਤ

**ਜਲੰਧਰ:** ਕਿਸਾਨ ਜਥੇਬੰਦੀਆਂ ਵੱਲੋਂ ਚੋਣਾਂ ਲੜਨ ਲਈ ਬਣਾਏ ਗਏ ਸੰਯੁਕਤ ਸਮਾਜ ਮੋਰਚੇ ਦੇ ਸਮਰਥਨ ਵਿਚ 45 ਹੋਰ ਜਥੇਬੰਦੀਆਂ ਨੇ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਵੱਡੀ ਗਿਣਤੀ ਹੋਰ ਛੋਟੇ-ਵੱਡੇ ਧੜਿਆਂ ਦੀ ਕਿਸਾਨਾਂ ਨਾਲ ਗੱਲਬਾਤ ਚੱਲ ਰਹੀ ਹੈ। ਮੋਰਚੇ ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਇਥੋਂ ਤੱਕ ਦਾਅਵਾ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਨਾਲ ਗੱਲਬਾਤ ਚੱਲ ਰਹੀ ਹੈ। ਇਸ ਤੋਂ ਇਲਾਵਾ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੀ ਸੰਯੁਕਤ ਸਮਾਜ ਮੋਰਚਾ ਵਿਚ ਸ਼ਾਮਲ ਹੋਣਗੇ। ਇਸ ਗੱਠਜੋੜ ਨੇ ਪੰਜਾਬ ਦੀਆਂ ਰਵਾਇਤੀ ਧਿਰਾਂ ਦੀ ਨੀਂਦ ਉਡਾ ਦਿੱਤੀ ਹੈ।



ਦੇਸ਼ ਭਗਤ ਯਾਦਗਾਰ ਹਾਲ ਵਿਚ ਕੀਤੇ ਗਏ ਇਕੱਠ ਮਗਰੋਂ ਮੋਰਚੇ ਦੇ ਪ੍ਰਮੁੱਖ ਆਗੂਆਂ ਨੇ ਇਕਜੁੱਟ ਹੁੰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਚਿਰੋਕਣੀ ਮੰਗ 'ਤੇ ਬਦਲਵੀਂ ਅਤੇ ਲੋਕ ਪੱਖੀ ਨੀਤੀਆਂ ਵਾਲੀ ਰਾਜਸੀ ਧਿਰ ਖੜ੍ਹੀ ਕਰਕੇ ਚੋਣਾਂ ਲੜੀਆਂ ਜਾਣਗੀਆਂ। ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੀ ਸੰਯੁਕਤ ਸਮਾਜ ਮੋਰਚਾ ਵਿਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਐਮ.ਐਸ.ਪੀ. ਕਮੇਟੀ ਵਿਚ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਾਲੇ ਆਗੂਆਂ ਦੇ ਨਾਵਾਂ ਵਿਚ ਫੇਰ ਬਦਲ ਕੀਤਾ ਜਾ ਸਕਦਾ ਹੈ। ਸੰਯੁਕਤ ਸਮਾਜ ਮੋਰਚੇ ਵੱਲੋਂ ਜਿਹੜੇ ਆਗੂ ਚੋਣਾਂ ਲੜਨਗੇ, ਉਨ੍ਹਾਂ ਨੂੰ ਕਮੇਟੀ ਤੋਂ ਬਾਹਰ ਰਹਿਣ ਲਈ ਕਿਹਾ ਜਾਵੇਗਾ। ਸ੍ਰੀ ਸੰਧੂ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਦੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਸੰਯੁਕਤ ਸਮਾਜ ਮੋਰਚੇ ਦੇ ਸਮਰਥਨ ਵਿਚ ਆਉਣਗੀਆਂ। ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਰਵਾਇਤੀ ਰਾਜਨੀਤਕ ਪਾਰਟੀਆਂ ਤੋਂ ਖਹਿੜਾ ਛੁਡਵਾਇਆ ਜਾ ਸਕੇ।

ਇਸ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਜਲੰਧਰ ਦੇ ਵਿਸ਼ਨੂੰ ਗਣੇਸ਼ ਪਿੰਗਲੇ ਆਡੀਟੋਰੀਅਮ ਵਿਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਮੋਰਚੇ ਦੀ ਮਜ਼ਬੂਤੀ ਅਤੇ ਵਿਸਥਾਰ ਦੇ ਉਦੇਸ਼ ਨਾਲ ਇਕ ਸੂਬਾ ਪੱਧਰੀ ਨੁਮਾਇੰਦਾ ਇਕੱਤਰਤਾ ਸੱਦੀ ਗਈ ਸੀ।

ਡਾ. ਸਵੈਮਾਨ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਮੋਰਚੇ ਦਾ ਉਦੇਸ਼ ਸਪੱਸ਼ਟ ਕਰਦਿਆਂ ਕਿਹਾ ਕਿ ਮੋਰਚਾ ਧਰਮ ਨਿਰਪੱਖਤਾ, ਲੋਕ ਰਾਜ ਅਤੇ ਫੈਡਰਲਿਜ਼ਮ ਨੂੰ ਖਤਮ ਕਰਨ ਦੀਆਂ ਮੋਦੀ ਸਰਕਾਰ ਵੱਲੋਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਖਿਲਾਫ ਡਟਵੀਂ ਲੋਕ ਰਾਇ ਕਾਇਮ ਕਰੇਗਾ।

## ਮੋਰਚਾ ਆਪਣੇ ਬਲਬੂਤੇ ਚੋਣਾਂ ਲੜੇਗਾ: ਰੁਲਦੂ ਸਿੰਘ

**ਮਾਨਸਾ:** ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਨੇ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਨੇ ਆਪਣੇ ਬਲਬੂਤੇ ਵਿਧਾਨ ਸਭਾ ਚੋਣਾਂ ਲੜਨ ਲਈ ਹਰ ਤਰ੍ਹਾਂ ਦੀ ਤਿਆਰੀ ਖਿੱਚ ਲਈ ਗਈ ਹੈ, ਜਿਸ ਵਿਚ ਹੋਰ ਭਰਾਤਰੀ ਜਥੇਬੰਦੀਆਂ ਨੇ ਸ਼ਾਮਲ ਹੋ ਕੇ ਸੂਬੇ ਵਿਚਲੀਆਂ ਵੱਡੀਆਂ ਸਿਆਸੀ ਧਿਰਾਂ ਨੂੰ ਮਾਤ ਦੇਣ ਲਈ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਦੇ ਕਿਸਾਨ ਅੰਦੋਲਨ ਨੂੰ ਜਿੱਤਣ ਤੋਂ ਬਾਅਦ ਪੰਜਾਬ ਦੇ ਲੋਕ ਨਵੇਂ ਬਦਲਾਅ ਦੀ ਉਡੀਕ ਕਰ ਰਹੇ ਸਨ।

## ਲੱਖੋਵਾਲ ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਚੋਣਾਂ ਤੋਂ ਕਿਨਾਰਾ

**ਲੁਧਿਆਣਾ:** ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਸੰਯੁਕਤ ਕਿਸਾਨ ਮੋਰਚੇ ਦੇ ਕੌਮੀ ਆਗੂ ਰਾਕੇਸ਼ ਟਿਕੈਤ ਦੇ ਆਦੇਸ਼ਾਂ ਮੁਤਾਬਕ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਗ ਨਾ ਲੈਣ ਦਾ ਫੈਸਲਾ ਕੀਤਾ ਹੈ। ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਵਿਚਾਰਧਾਰਾ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਅਤੇ ਪੰਜਾਬ ਦੇ ਅਹੁਦੇਦਾਰਾਂ ਦੀ ਰਾਇ ਮੁਤਾਬਕ ਯੂਨੀਅਨ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਦਾ ਹਿੱਸਾ ਨਹੀਂ ਬਣੇਗੀ ਸਗੋਂ ਨਿਰਪੱਖ ਰਹਿੰਦਿਆਂ ਕਿਸਾਨੀ ਅੰਦੋਲਨ ਦੌਰਾਨ ਮਿਥੇ ਨਿਸ਼ਾਨਿਆਂ ਅਤੇ ਮੰਗਾਂ ਦੀ ਪੂਰਤੀ ਲਈ ਜੱਦੋ-ਜਹਿਦ ਕਰੇਗੀ। ਇਸੇ ਤਰ੍ਹਾਂ ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਚੋਣਾਂ ਸਬੰਧੀ ਐਲਾਨ ਕੀਤਾ ਹੈ ਕਿ ਜਥੇਬੰਦੀ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਹਮਾਇਤ ਨਹੀਂ ਦੇਵੇਗੀ ਅਤੇ ਸੰਯੁਕਤ ਸਮਾਜ ਮੋਰਚਾ ਦਾ ਹਿੱਸਾ ਵੀ ਨਹੀਂ ਬਣੇਗੀ।

# ਕਿਸਾਨਾਂ ਨਾਲ ਕੀਤੇ ਸਮਝੌਤੇ 'ਤੇ ਇਮਾਨਦਾਰੀ ਨਾਲ ਕੰਮ ਕਰੇ ਸਰਕਾਰ: ਮਲਿਕ



**ਚੰਡੀਗੜ੍ਹ:** ਮੇਘਾਲਿਆ ਦੇ ਰਾਜਪਾਲ ਸਤਿਆਪਾਲ ਮਲਿਕ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਪ੍ਰਦਰਸ਼ਨ ਦੌਰਾਨ ਕਿਸਾਨਾਂ ਖਿਲਾਫ ਦਰਜ ਕੇਸਾਂ ਨੂੰ ਵਾਪਸ ਲੈਣ ਅਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਜਾਮਾ ਪਹਿਨਾਉਣ ਲਈ ਇਮਾਨਦਾਰੀ ਨਾਲ ਕੰਮ ਕਰਨਾ ਹੋਵੇਗਾ। ਸ੍ਰੀ ਮਲਿਕ ਫੋਗਾਟ ਖਾਪ ਵੱਲੋਂ ਹਰਿਆਣਾ ਦੇ ਚਰਖੀ ਦਾਦਰੀ ਵਿਚ ਉਨ੍ਹਾਂ ਦੇ ਸਨਮਾਨ ਲਈ ਕਰਵਾਏ ਪ੍ਰੋਗਰਾਮ ਤੋਂ ਵੱਖਰੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਮੇਘਾਲਿਆ ਦੇ ਰਾਜਪਾਲ ਨੇ ਕਿਹਾ ਕਿ ਕਿਸਾਨਾਂ ਨੇ ਅੰਦੋਲਨ ਸਿਰਫ ਮੁਲਤਵੀ ਕੀਤਾ ਹੈ, ਜੇ ਇਨਸਾਫ ਨਾ ਹੋਇਆ ਤਾਂ ਉਹ ਮੁੜ ਉੱਠ ਖੜ੍ਹੇ ਹੋਣਗੇ। ਉਨ੍ਹਾਂ ਕਿਹਾ, "ਸਰਕਾਰ ਨੂੰ ਕਿਸਾਨਾਂ ਖਿਲਾਫ ਕੇਸ ਵਾਪਸ ਲੈਣ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ 'ਤੇ ਇਮਾਨਦਾਰੀ ਨਾਲ ਕੰਮ ਕਰਨਾ ਹੋਵੇਗਾ। ਇਹ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ।" ਉਨ੍ਹਾਂ ਅੱਗੇ ਕਿਹਾ, "ਪਰ ਜੇ ਸਰਕਾਰ ਨੂੰ ਲੱਗਦਾ ਹੈ ਕਿ ਅੰਦੋਲਨ ਖਤਮ ਹੋ ਗਿਆ ਤਾਂ ਅਜਿਹਾ ਨਹੀਂ ਹੈ। ਇਹ ਸਿਰਫ ਮੁਲਤਵੀ ਹੋਇਆ ਹੈ। ਜੇ ਕੋਈ ਅਨਿਆਂ ਹੋਇਆ ਜਾਂ ਕਿਸਾਨਾਂ ਨਾਲ ਕੋਈ ਵਧੀਕੀ ਹੋਈ ਤਾਂ ਅੰਦੋਲਨ ਮੁੜ ਸ਼ੁਰੂ ਹੋ ਜਾਵੇਗਾ।"

# ਚੰਨੀ ਦੀ ਟਾਲ-ਮਟੋਲ ਵਾਲੀ ਨੀਤੀ ਖਿਲਾਫ ਕਿਸਾਨਾਂ ਦਾ ਰੋਹ ਭਖਿਆ



**ਚੰਡੀਗੜ੍ਹ:** ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੀ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੀਟਿੰਗ ਇਕ ਵਾਰ ਫਿਰ ਮੁਲਤਵੀ ਹੋ ਗਈ। ਹੁਣ ਮੀਟਿੰਗ ਦੀ ਅਗਲੀ ਤਰੀਕ 7 ਜਨਵਰੀ ਤੈਅ ਕੀਤੀ ਗਈ ਹੈ। ਇਸ ਤੋਂ ਪਹਿਲਾਂ ਦੋ ਵਾਰ ਮੀਟਿੰਗ ਮੁਲਤਵੀ ਹੋ ਚੁੱਕੀ ਹੈ। ਕਿਸਾਨ ਜਥੇਬੰਦੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੀਟਿੰਗ ਲਈ ਕੀਤੀ ਜਾ ਰਹੀ ਟਾਲ-ਮਟੋਲ ਦੀ ਨਿਖੇਧੀ ਕੀਤੀ ਹੈ।

ਦੂਜੇ ਪਾਸੇ ਕਿਸਾਨਾਂ ਵੱਲੋਂ 15 ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਦਫਤਰਾਂ ਅਤੇ ਐਸ.ਡੀ.ਐਮ. ਦਫਤਰਾਂ ਦਾ ਘਿਰਾਓ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਫੇਰੀ ਵਿਰੁੱਧ ਵੱਖ-ਵੱਖ ਜ਼ਿਲ੍ਹਿਆਂ ਦੇ 239 ਪਿੰਡਾਂ ਵਿਚ ਅਰਥੀ ਫੂਕ ਮੁਜ਼ਾਹਰੇ ਵੀ ਕੀਤੇ ਗਏ।

ਕਿਸਾਨ ਆਗੂਆਂ ਨੇ ਸਰਕਾਰੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਸਾਨਾਂ ਨੂੰ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਵਾਉਣ ਲਈ ਵੱਡੀ ਗਿਣਤੀ 'ਚ ਸੰਘਰਸ਼ ਦੇ ਮੈਦਾਨਾਂ ਵਿਚ ਆਉਣ ਦੀ ਅਪੀਲ ਕੀਤੀ।

ਉਨ੍ਹਾਂ ਚੰਨੀ ਸਰਕਾਰ ਵੱਲੋਂ 100 ਦਿਨਾਂ 'ਚ 100 ਵਾਅਦੇ ਲਾਗੂ ਕਰਨ ਦੇ ਪ੍ਰਚਾਰ ਨੂੰ ਝੂਠਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਨਰਮੇ ਦੇ ਖਰਾਬੇ ਦੇ ਮੁਆਵਜ਼ੇ ਦੀਆਂ ਲਿਸਟਾਂ ਹਾਲੇ ਤੱਕ ਜਾਰੀ ਨਹੀਂ ਕੀਤੀਆਂ ਅਤੇ ਖਰਾਬੇ ਦਾ ਮੁਆਵਜ਼ਾ ਪੰਜ ਏਕੜ ਤੱਕ ਸੀਮਤ ਕਰ ਦਿੱਤਾ ਹੈ। ਉਨ੍ਹਾਂ 36 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵੇ ਨੂੰ ਵੀ ਖੋਖਲਾ ਦੱਸਿਆ ਅਤੇ ਪੰਜਾਬ ਵਿਚ ਰੇਤਾ, ਬੱਜਰੀ ਸਸਤਾ ਨਾ ਹੋਣ ਦੀ ਗੱਲ ਕਹੀ।

# ਮੋਦੀ ਸਰਕਾਰ ਵੱਲੋਂ ਖੇਤੀ ਕਰਜ਼ੇ ਦਾ ਟੀਚਾ ਵਧਾਉਣ ਦੀ ਤਿਆਰੀ

**ਨਵੀਂ ਦਿੱਲੀ:** ਖੇਤੀਬਾੜੀ ਸੈਕਟਰ ਨੂੰ ਹੁਲਾਰਾ ਦੇਣ ਦੇ ਮੰਤਵ ਨਾਲ ਕੇਂਦਰ ਸਰਕਾਰ 2022-23 ਦੇ ਬਜਟ ਵਿਚ ਖੇਤੀ ਕਰਜ਼ੇ ਦਾ ਟੀਚਾ ਵਧਾ ਕੇ 18 ਲੱਖ ਕਰੋੜ ਰੁਪਏ ਕਰ ਸਕਦੀ ਹੈ। ਬਜਟ ਪਹਿਲੀ ਫਰਵਰੀ ਨੂੰ ਪੇਸ਼ ਕੀਤਾ ਜਾਵੇਗਾ। ਮੌਜੂਦਾ ਵਿੱਤੀ ਵਰ੍ਹੇ ਲਈ ਸਰਕਾਰ ਨੇ 16.5 ਲੱਖ ਕਰੋੜ ਰੁਪਏ ਕਰਜ਼ੇ ਦਾ ਟੀਚਾ ਮਿਥਿਆ ਸੀ।

ਸੂਤਰਾਂ ਮੁਤਾਬਕ ਸਰਕਾਰ ਸਾਲ-ਦਰ-ਸਾਲ ਇਸ ਨੂੰ ਵਧਾ ਰਹੀ ਹੈ ਤੇ ਅਗਲੇ ਵਿੱਤੀ ਵਰ੍ਹੇ ਵਿਚ ਵੀ ਇਹ 18-18.5 ਲੱਖ ਕਰੋੜ ਰੁਪਏ ਦੇ ਵਿਚਾਲੇ ਹੋ ਸਕਦਾ ਹੈ। ਇਸ ਮਹੀਨੇ ਦੇ ਅੰਤ ਵਿਚ ਜਦ ਬਜਟ ਨੂੰ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ ਤਾਂ ਰਾਸ਼ੀ ਬਾਰੇ ਆਖਰੀ ਫੈਸਲਾ ਲਿਆ ਜਾਵੇਗਾ। ਸਰਕਾਰ ਸਾਲਾਨਾ ਖੇਤੀਬਾੜੀ ਕਰਜ਼ੇ ਦਾ ਟੀਚਾ ਮਿਥਦੀ ਹੈ ਜਿਸ ਵਿਚ ਬੈਂਕਿੰਗ ਸੈਕਟਰ ਲਈ ਫਸਲੀ ਕਰਜ਼ਾ ਟੀਚੇ ਹੁੰਦੇ ਹਨ। ਖੇਤੀਬਾੜੀ ਕਰਜ਼ੇ ਦਾ ਟੀਚਾ 2017-18 ਵਿਚ 11.68 ਲੱਖ ਕਰੋੜ ਰੁਪਏ ਸੀ ਤੇ ਉਸ ਤੋਂ ਬਾਅਦ ਇਹ ਵਧਦਾ ਹੀ ਰਿਹਾ ਹੈ। ਵਿੱਤੀ ਵਰ੍ਹੇ 2016-17 ਵਿਚ 10.66 ਲੱਖ ਕਰੋੜ ਰੁਪਏ ਫਸਲੀ ਕਰਜ਼ਾ ਦਿੱਤਾ ਗਿਆ ਸੀ ਜੋ ਕਿ ਨੌਂ ਲੱਖ ਕਰੋੜ ਰੁਪਏ ਦੇ ਟੀਚੇ ਨਾਲੋਂ ਵੱਧ ਸੀ। ਉੱਚਾ ਖੇਤੀ ਉਤਪਾਦਨ ਹਾਸਲ ਕਰਨ ਵਿਚ ਕਰਜ਼ ਦੀ ਅਹਿਮ ਭੂਮਿਕਾ ਰਹਿੰਦੀ ਹੈ।

ਸੰਸਥਾਗਤ ਕਰਜ਼ੇ ਕਿਸਾਨਾਂ ਨੂੰ ਗੈਰ-ਸੰਸਥਾਗਤ ਸੂਤਰਾਂ ਤੋਂ ਤੋੜਦੇ ਹਨ ਜਿਨ੍ਹਾਂ ਤੋਂ ਉਹ ਉੱਚੀਆਂ ਵਿਆਜ ਦਰਾਂ ਉਤੇ ਕਰਜ਼ਾ ਲੈਣ ਲਈ ਮਜਬੂਰ ਹੁੰਦੇ ਹਨ। ਆਮ ਤੌਰ 'ਤੇ ਖੇਤੀ ਕਰਜ਼ੇ ਉਤੇ ਨੌਂ ਪ੍ਰਤੀਸ਼ਤ ਵਿਆਜ ਦਰ ਲਾਗੂ ਹੁੰਦੀ ਹੈ। ਜਦਕਿ ਸਰਕਾਰ ਵਿਆਜ ਦਰ ਉਤੇ ਛੋਟ ਦਿੰਦੀ ਹੈ ਤਾਂ ਕਿ ਥੋੜ੍ਹੇ ਸਮੇਂ ਦੇ ਫਸਲੀ ਕਰਜ਼ੇ ਕਿਫਾਇਤੀ ਦਰ ਉਤੇ ਦਿੱਤੇ ਜਾ ਸਕਣ ਤੇ ਖੇਤੀ ਉਤਪਾਦਨ ਵਧੇ। ਸਰਕਾਰ ਦੋ ਪ੍ਰਤੀਸ਼ਤ ਤੱਕ ਵਿਆਜ ਸਬਸਿਡੀ ਦੇ ਰਹੀ ਹੈ ਤਾਂ ਇਕ ਕਿਸਾਨਾਂ ਨੂੰ ਘੱਟ ਸਮੇਂ ਦਾ ਤਿੰਨ ਲੱਖ ਰੁਪਏ ਤੱਕ ਦਾ ਫਸਲੀ ਕਰਜ਼ਾ ਸੱਤ ਪ੍ਰਤੀਸ਼ਤ ਦੀ ਕਿਫਾਇਤੀ ਵਿਆਜ ਦਰ ਉਤੇ ਮਿਲ ਸਕੇ। ਤੈਅ ਸਮੇਂ ਅੰਦਰ ਕਰਜ਼ਾ ਮੋੜਨ ਉਤੇ ਵਾਧੂ ਤਿੰਨ ਪ੍ਰਤੀਸ਼ਤ ਦੀ ਛੋਟ ਵੀ ਮਿਲਦੀ ਹੈ।



ਇਸ ਤਰ੍ਹਾਂ ਵਿਆਜ ਦਰ ਚਾਰ ਪ੍ਰਤੀਸ਼ਤ ਰਹਿ ਜਾਂਦੀ ਹੈ। ਰਸਮੀ ਕਰੈਡਿਟ ਢਾਂਚੇ ਅੰਦਰ ਵੱਧ ਤੋਂ ਵੱਧ ਛੋਟੇ ਦੇ ਦਰਮਿਆਨੇ ਕਿਸਾਨਾਂ ਨੂੰ ਲਿਆਉਣ ਲਈ ਆਰ.ਬੀ.ਆਈ. ਨੇ ਬਿਨਾਂ ਗਾਰੰਟੀ ਕਰਜ਼ਾ ਦੇਣ ਦੀ ਹੱਦ ਵੀ ਵਧਾਈ ਹੈ ਜਿਸ ਨੂੰ ਇਕ ਲੱਖ ਰੁਪਏ ਤੋਂ ਵਧਾ ਕੇ 1.6 ਲੱਖ ਰੁਪਏ ਕੀਤਾ ਗਿਆ ਹੈ। ਵਿਆਜ ਸਬੰਧੀ ਸਹਾਇਤਾ ਸਰਕਾਰ ਵੱਲੋਂ ਸਰਕਾਰੀ ਤੇ ਪ੍ਰਾਈਵੇਟ ਬੈਂਕਾਂ, ਸਹਿਕਾਰੀ ਬੈਂਕਾਂ, ਖੇਤਰੀ ਦਿਹਾਤੀ ਬੈਂਕਾਂ (ਆਰ.ਆਰ.ਬੀ.) ਅਤੇ ਨਾਬਾਰਡ ਨੂੰ ਦਿੱਤੀ ਜਾਂਦੀ ਹੈ।

# ਬਿਜਲੀ ਸਮਝੌਤੇ ਰੱਦ ਹੋਣ ਦੀ ਸੰਭਾਵਨਾ ਮੱਧਮ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਨੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਵਾਲੇ ਦੋ ਵਿਧਾਨਿਕ ਬਿੱਲਾਂ 'ਤੇ ਮੋਹਰ ਲਾ ਦਿੱਤੀ ਹੈ। ਰਾਜਪਾਲ ਨੇ ਹੁਣ ਇਹ ਦੋਵੇਂ ਬਿੱਲ ਰਾਸ਼ਟਰਪਤੀ ਨੂੰ ਪ੍ਰਵਾਨਗੀ ਲਈ ਭੇਜ ਦਿੱਤੇ ਹਨ। ਬੇਸ਼ੱਕ ਇਹ ਬਿੱਲ ਪਾਸ ਹੋਣ ਮਗਰੋਂ ਪ੍ਰਕਿਰਿਆ ਅਧੀਨ ਹਨ ਪਰ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਬਿਜਲੀ ਖਰੀਦ ਸਮਝੌਤੇ ਰੱਦ ਹੋਣ ਦੀ ਸੰਭਾਵਨਾ ਘੱਟ ਜਾਪਦੀ ਹੈ। ਕੁਝ ਬਿੱਲ ਹਾਲੇ ਰਾਜਪਾਲ ਕੋਲ ਪੈਂਡਿੰਗ ਪਏ ਹਨ, ਜਿਨ੍ਹਾਂ ਸਬੰਧੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਹੈ।

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿਚ 11 ਨਵੰਬਰ ਨੂੰ ਬਿਜਲੀ ਖਰੀਦ ਦਰਾਂ ਨੂੰ ਰੱਦ ਕਰਨ ਵਾਲੇ 'ਦਿ ਪੰਜਾਬ ਐਨਰਜੀ ਸਕਿਉਰਿਟੀ ਰਿਫੌਮ ਟਰਮੀਨੇਸ਼ਨ ਐਂਡ ਡੀਟਰਮੀਨੇਸ਼ਨ ਆਫ ਪਾਵਰ ਟੈਰਿਫ ਬਿੱਲ-2021' ਤੇ 'ਦਿ ਪੰਜਾਬ ਰੀਨਿਊਏਬਲ ਐਨਰਜੀ, ਸਕਿਉਰਿਟੀ, ਟਰਮੀਨੇਸ਼ਨ ਐਂਡ ਰੀ-ਡੀਟਰਮੀਨੇਸ਼ਨ ਆਫ ਪਾਵਰ ਟੈਰਿਫ ਬਿੱਲ-2021' ਪਾਸ ਕੀਤੇ ਗਏ ਸਨ। ਵਿਸ਼ੇਸ਼ ਇਜਲਾਸ ਦੇ ਦੋ ਦਿਨਾਂ ਦੌਰਾਨ ਕੁੱਲ 16 ਬਿੱਲ ਪਾਸ ਕੀਤੇ ਗਏ ਸਨ ਜਿਨ੍ਹਾਂ 'ਚੋਂ ਬਹੁਤੇ ਬਿੱਲਾਂ 'ਤੇ ਰਾਜਪਾਲ ਪੰਜਾਬ ਨੇ ਆਪਣੀ ਮੋਹਰ ਲਗਾ ਦਿੱਤੀ ਹੈ।

ਜਾਣਕਾਰੀ ਅਨੁਸਾਰ ਬਿਜਲੀ ਸਮਝੌਤੇ ਰੱਦ ਕਰਨ ਵਾਲੇ ਬਿੱਲਾਂ ਨੂੰ ਰਾਜਪਾਲ ਤਰਫੋਂ ਅੱਗੇ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ, ਜੋ ਤਕਨੀਕੀ ਲਿਹਾਜ਼ ਨਾਲ ਜ਼ਰੂਰੀ ਦੱਸਿਆ ਜਾ ਰਿਹਾ ਹੈ। ਕੇਂਦਰੀ ਬਿਜਲੀ ਐਕਟ-2003 ਨਾਲ ਇਹ ਬਿੱਲ ਤੁਅੱਲਕ ਰੱਖਦੇ ਹੋਣ ਕਰਕੇ ਰਾਸ਼ਟਰਪਤੀ ਕੋਲ ਜਾਣੇ ਸਨ। ਸਿਆਸੀ ਹਲਕੇ ਇਸ 'ਤੇ ਸੁਆਲ ਖੜ੍ਹੇ ਕਰ ਰਹੇ ਹਨ ਕਿ ਇਹ ਦੋਵੇਂ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜੇ ਜਾਣੇ ਜ਼ਰੂਰੀ ਨਹੀਂ ਸਨ। ਬਿਜਲੀ ਖਰੀਦ ਸਮਝੌਤੇ ਰੱਦ ਹੋਣ ਦਾ ਬਿੱਲ ਪਾਸ ਹੋਣ ਤੱਕ ਪਾਵਰਕੌਮ ਨੂੰ ਪ੍ਰਾਈਵੇਟ ਤਾਪ ਬਿਜਲੀ ਘਰਾਂ ਤੋਂ ਪੁਰਾਣੀਆਂ ਦਰਾਂ ਦੇ ਹਿਸਾਬ ਨਾਲ ਬਿਜਲੀ ਖਰੀਦਣੀ ਪਵੇਗੀ।

# ਸੂਬਿਆਂ ਵੱਲੋਂ ਜੀ.ਐਸ.ਟੀ. ਮੁਆਵਜ਼ੇ ਨੂੰ 5 ਹੋਰ ਸਾਲਾਂ ਲਈ ਜਾਰੀ ਰੱਖਣ ਦੀ ਮੰਗ

**ਨਵੀਂ ਦਿੱਲੀ:** ਛੱਤੀਸਗੜ੍ਹ, ਕੇਰਲਾ, ਦਿੱਲੀ ਤੇ ਪੱਛਮੀ ਬੰਗਾਲ ਸਮੇਤ ਕਈ ਸੂਬਿਆਂ ਦੀਆਂ ਸਰਕਾਰਾਂ ਨੇ ਕੋਵਿਡ ਮਹਾਂਮਾਰੀ ਵਧਣ ਦੀ ਸੰਭਾਵਨਾ ਦੇ ਮੱਦੇਨਜ਼ਰ ਆਰਥਿਕ ਬੋਝ ਨੂੰ ਧਿਆਨ 'ਚ ਰੱਖਦਿਆਂ ਹੋਇਆਂ 5 ਸਾਲਾਂ ਲਈ ਹੋਰ ਜੀ.ਐਸ.ਟੀ. ਮੁਆਵਜ਼ਾ ਜਾਰੀ ਰੱਖਣ ਦੀ ਮੰਗ ਉਤੇ ਜ਼ੋਰ ਦਿੱਤਾ ਹੈ।

ਕਈ ਰਾਜਾਂ ਦੇ ਵਿੱਤ ਮੰਤਰੀਆਂ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਇਥੇ ਬਜਟ ਤੋਂ ਪਹਿਲਾਂ ਸਲਾਹ ਮਸ਼ਵਰੇ ਲਈ ਬੁਲਾਈ ਮੀਟਿੰਗ 'ਚ ਜੀ.ਐਸ.ਟੀ. ਸੈੱਸ ਪ੍ਰਣਾਲੀ 'ਚ ਵਿਸਥਾਰ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਕਈ ਸੂਬਿਆਂ ਨੇ ਕੇਂਦਰ ਵੱਲੋਂ ਸਪਾਂਸਰ ਯੋਜਨਾਵਾਂ (ਸੀ.ਐਸ.ਐਸ.) 'ਚ ਕੇਂਦਰ ਸਰਕਾਰ ਦੀ ਹਿੱਸੇਦਾਰੀ ਨੂੰ ਵਧਾਉਣ ਦੀ ਵੀ ਮੰਗ ਕੀਤੀ। ਮੌਜੂਦਾ ਸਮੇਂ ਕੁਝ (ਸੀ.ਐਸ.ਐਸ.) 'ਚ ਕੇਂਦਰ ਤੇ ਸੂਬਾ ਸਰਕਾਰ ਦੀ ਹਿੱਸੇਦਾਰੀ 60:40 ਹੈ ਜਦਕਿ ਕੁਝ 'ਚ 75:25 ਹਿੱਸੇਦਾਰੀ ਹੈ। ਜੀ.ਐਸ.ਟੀ. ਮੁਆਵਜ਼ਾ ਅਗਲੇ ਸਾਲ ਜੂਨ 'ਚ ਖਤਮ ਹੋ ਜਾਵੇਗਾ। ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ ਕਿ ਜੂਨ 2022 ਤੋਂ ਬਾਅਦ ਵੀ ਅਗਲੇ ਪੰਜ ਸਾਲਾਂ ਲਈ ਜੀ.ਐਸ.ਟੀ. ਮੁਆਵਜ਼ਾ ਗ੍ਰਾਂਟ ਜਾਰੀ ਰੱਖਣੀ ਚਾਹੀਦੀ ਹੈ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਕਈ ਸੂਬਿਆਂ ਨੇ ਉਕਤ ਮੰਗ ਉਠਾਈ ਹੈ ਅਤੇ ਅਸੀਂ ਵੀ ਇਹ ਮੰਗ ਕਰਦੇ ਹਾਂ।

## ਮੁਆਵਜ਼ਾ ਬੰਦ ਹੋਣ ਨਾਲ ਵਿੱਤੀ ਘਾਟਾ ਵਧੇਗਾ: ਸਿੱਧੂ

**ਪਟਿਆਲਾ:** ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਜੂਨ ਤੋਂ ਜੀ.ਐਸ.ਟੀ. ਮੁਆਵਜ਼ਾ ਗ੍ਰਾਂਟ ਬੰਦ ਹੋਣ ਨਾਲ ਪੰਜਾਬ ਦੇ ਵਿੱਤੀ ਘਾਟੇ ਵਿਚ 18,000 ਕਰੋੜ ਦਾ ਵਾਧਾ ਹੋ ਸਕਦਾ ਹੈ। ਟੈਕਸ ਉਗਰਾਹੀ ਤੇ ਕੇਂਦਰ ਦੀਆਂ ਸਕੀਮਾਂ ਦੀ ਗ੍ਰਾਂਟ ਤੋਂ ਹੋਣ ਵਾਲੀ ਆਮਦਨ 75000 ਕਰੋੜ ਹੈ। ਤਨਖਾਹਾਂ, ਪੈਨਸ਼ਨਾਂ, ਪਿਛਲੇ ਕਰਜ਼ਿਆਂ 'ਤੇ ਵਿਆਜ ਦਾ ਖਰਚਾ ਅਤੇ ਕਰਜ਼ੇ ਦੀ ਮੂਲ ਰਕਮ ਦੀ ਮੁੜ ਅਦਾਇਗੀ ਇਕ ਲੱਖ ਕਰੋੜ ਹੈ। ਇਸੇ ਕਾਰਨ ਸੂਬਾ ਲਗਾਤਾਰ ਕਰਜ਼ੇ ਵਿਚ ਡੁੱਬਿਆ ਹੋਇਆ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਜਨਵਰੀ 2022*

# ਚੋਣਾਂ ਦੀ ਸਿਆਸਤ

ਪੰਜਾਬ ਇਸ ਵਕਤ ਪੂਰੀ ਤਰ੍ਹਾਂ ਚੋਣਾਂ ਦੀ ਗ੍ਰਿਫਤ ਵਿਚ ਹੈ। ਚੋਣਾਂ ਦੀਆਂ ਤਰੀਕਾਂ ਦਾ ਐਲਾਨ ਅਜੇ ਹੋਇਆ ਨਹੀਂ ਹੈ ਪਰ ਸਾਰੀਆਂ ਮੁੱਖ ਧਿਰਾਂ ਨਿੱਤ ਦਿਨ ਐਲਾਨ ਕਰ ਰਹੀਆਂ ਹਨ ਅਤੇ ਵੋਟਰਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਇਹ ਤੱਥ ਚਿਰਾਂ ਦਾ ਚਰਚਾ ਅਧੀਨ ਹੈ ਕਿ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਪਹਿਲੀਆਂ ਸਾਰੀਆਂ ਵਿਧਾਨ ਸਭਾ ਤੋਂ ਵੱਖਰੀਆਂ ਹੋਣਗੀਆਂ ਪਰ ਅੱਜ ਦੀ ਨਿੱਘਰੀ ਹੋਈ ਸਿਆਸਤ, ਚੋਣਾਂ ਦਾ ਪਿੜ ਇੰਨਾ ਹੌਲਾ ਕਰ ਦੇਵੇਗੀ, ਸ਼ਾਇਦ ਕਿਸੇ ਨੇ ਕਿਆਸ ਵੀ ਨਾ ਕੀਤਾ ਹੋਵੇ। ਇਕ ਪਾਰਟੀ ਜੇ ਕੋਈ ਐਲਾਨ ਕਰਦੀ ਹੈ ਤਾਂ ਦੂਜੀ ਪਾਰਟੀ ਉਸ ਤੋਂ ਕਿਤੇ ਵਧ-ਚੜ੍ਹ ਕੇ ਆਪਣਾ ਐਲਾਨ ਦਾਗ ਦਿੰਦੀ ਹੈ। ਕਈ ਵਾਰ ਤਾਂ ਇਉਂ ਵੀ ਲਗਦਾ ਹੈ ਕਿ ਸਿਆਸੀ ਪਾਰਟੀ ਅਤੇ ਆਗੂਆਂ ਨੇ ਵੋਟਰਾਂ ਨੂੰ ਮਜ਼ਾਕ ਦਾ ਪਾਤਰ ਹੀ ਬਣਾ ਦਿੱਤਾ ਹੈ। ਆਮ ਆਦਮੀ ਪਾਰਟੀ ਅਤੇ ਇਸ ਦੇ ਲੀਡਰ ਅਰਵਿੰਦ ਕੇਜਰੀਵਾਲ ਦੇ ਮੁਫਤ ਐਲਾਨਾਂ ਤੋਂ ਬਾਅਦ ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਵਾਲੀ ਕੁਰਸੀ ਉਤੇ ਬੈਠਣ ਲਈ ਛਟਪਟਾ ਰਹੇ ਨਵਜੋਤ ਸਿੰਘ ਸਿੱਧੂ ਨੇ ਕਹਿ ਸੁਣਾਇਆ ਸੀ ਕਿ ਪੰਜਾਬੀ ਕੋਈ ਮੰਗਤੇ ਨਹੀਂ ਕਿ ਉਨ੍ਹਾਂ ਨੂੰ ਇਉਂ ਖਰੀਦਣ ਦੀ ਕੋਸ਼ਿਸ਼ ਕੀਤੀ ਜਾਵੇ; ਪਰ ਹੁਣ ਉਨ੍ਹਾਂ ਆਪਣੀ ਪਾਰਟੀ ਵੱਲੋਂ ਆਮ ਆਦਮੀ ਪਾਰਟੀ ਤੋਂ ਵੀ ਵਧ ਕੇ ਮੁਫਤ ਸਹੂਲਤਾਂ ਵਾਲੇ ਵਾਅਦਿਆਂ ਦੀ ਝੜੀ ਲਾ ਦਿੱਤੀ ਹੈ। ਤਕਰੀਬਨ ਹਰ ਆਗੂ ਦੇ ਅਜਿਹੇ ਬਿਆਨ ਹੁਣ ਆਮ ਹੀ ਮਿਲ ਜਾਂਦੇ ਹਨ ਜਿਨ੍ਹਾਂ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਇਨ੍ਹਾਂ ਦਾ ਮੁੱਖ ਨਿਸ਼ਾਨਾ ਵੋਟਾਂ ਹਾਸਲ ਕਰਨਾ ਹੀ ਹੈ। ਪੰਜਾਬ ਅਤੇ ਇਸ ਦੀ ਸਿਆਸਤ ਨੂੰ ਕਿੱਧਰ ਅਤੇ ਕਿਸ ਤਰ੍ਹਾਂ ਲੈ ਕੇ ਜਾਣਾ ਹੈ, ਕਿਸੇ ਦੇ ਫਿਕਰ ਵਿਚ ਸ਼ਾਮਿਲ ਨਹੀਂ।

ਪੰਜਾਬ ਇਸ ਵਕਤ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿਚ ਬੁਰੀ ਤਰ੍ਹਾਂ ਪਛੜ ਰਿਹਾ ਹੈ। ਬੇਰੁਜ਼ਗਾਰੀ ਦੀ ਮਾਰ ਪਹਿਲਾਂ ਨਾਲੋਂ ਕਿਤੇ ਵਧੇਰੇ ਹੈ। ਨਸ਼ਾ ਤਸਕਰੀ ਸੂਬੇ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਸ਼ਾਸਨ ਤੇ ਪ੍ਰਸ਼ਾਸਨ ਦਾ ਬੁਰਾ ਹਾਲ ਹੈ; ਇਸੇ ਕਰਕੇ ਨੌਜਵਾਨ ਵਿਦੇਸ਼ ਜਾਣ ਲਈ ਹਰ ਹਰਬਾ ਵਰਤ ਰਹੇ ਹਨ। ਇਨ੍ਹਾਂ ਵਿਚੋਂ ਇਕ ਵੀ ਮਸਲੇ ਬਾਰੇ ਕਿਸੇ ਵੀ ਸਿਆਸੀ ਧਿਰ ਨੇ ਕੋਈ ਬਿਆਨ ਨਹੀਂ ਦਿੱਤਾ ਹੈ। ਸਾਰਿਆਂ ਦਾ ਜ਼ੋਰ ਸਿਰਫ ਮੁਫਤ ਸਹੂਲਤਾਂ ਐਲਾਨਣ ਅਤੇ ਖੁਦ ਨੂੰ ਲੋਕਾਂ ਦਾ ਵੱਡਾ ਹਿਤੈਸ਼ੀ ਸਾਬਤ ਕਰਨ 'ਤੇ ਲੱਗਿਆ ਹੋਇਆ ਹੈ। ਇਸ ਸੂਰਤ ਵਿਚ ਜਾਪ ਇਹ ਰਿਹਾ ਹੈ ਕਿ ਲੋਕਾਂ ਦਾ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁੱਟਣਾ ਮੁਸ਼ਕਿਲ ਹੈ। ਇਕ ਦੂਜੇ ਦੇ ਲੀਡਰਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਦੀ ਦੌੜ ਵਿਚ ਵੀ ਕੋਈ ਸਿਆਸੀ ਧਿਰ ਪਿੱਛੇ ਰਹਿਣ ਲਈ ਤਿਆਰ ਨਹੀਂ। ਜਦੋਂ ਕਿਸਾਨਾਂ ਦਾ ਅੰਦੋਲਨ ਸਿਖਰਾਂ ਛੋਹ ਰਿਹਾ ਸੀ ਤਾਂ ਸਿਆਸੀ ਵਿਸ਼ਲੇਸ਼ਕਾਂ ਨੇ ਸਿੱਟਾ ਕੱਢਿਆ ਸੀ ਕਿ ਇਸ ਅੰਦੋਲਨ ਦਾ ਸਿੱਧਾ ਅਸਰ ਵਿਧਾਨ ਸਭਾ ਚੋਣਾਂ ਉਤੇ ਜ਼ਰੂਰ ਪਵੇਗਾ ਪਰ ਜਾਪਦਾ ਹੈ ਕਿ ਤਿੰਨ ਖੇਤੀ ਕਾਨੂੰਨ ਵਾਪਸ ਹੋਣ ਤੋਂ ਬਾਅਦ ਜਿਸ ਤਰ੍ਹਾਂ ਨੀਤੀ ਅਤੇ ਰਣਨੀਤੀ ਅਪਣਾਉਣ ਦੀ ਲੋੜ ਸੀ, ਉਸ ਤੋਂ ਕਿਸਾਨ ਮੋਰਚਾ ਖੁੰਝ ਗਿਆ ਹੈ।

ਅਸਲ ਵਿਚ, ਮੋਰਚੇ ਵਿਚ ਸ਼ਾਮਿਲ ਕੁਝ ਧਿਰਾਂ ਨੇ ਅੰਦਰੋ-ਅੰਦਰ ਆਪਣੇ ਤੌਰ 'ਤੇ ਹੀ ਮਨ ਬਣਾ ਲਿਆ ਕਿ ਚੋਣਾਂ ਵਿਚ ਹਿੱਸਾ ਲੈਣਾ ਹੈ। ਇਸ ਮਸਲੇ 'ਤੇ ਫਿਰ ਕਿਸਾਨ ਧਿਰਾਂ ਦੋ ਖਾਨਿਆਂ ਵਿਚ ਵੰਡੀਆਂ ਗਈਆਂ। ਇਨ੍ਹਾਂ ਵਿਚੋਂ ਕੁਝ ਆਗੂਆਂ ਦੇ ਆਮ ਆਦਮੀ ਪਾਰਟੀ ਨਾਲ ਤਾਲਮੇਲ ਦੀਆਂ ਅਫਵਾਹਾਂ ਵੀ ਉਡਣ ਲੱਗ ਪਈਆਂ। ਇਸ ਨਾਲ ਕਿਸਾਨ ਮੋਰਚੇ ਦੀ ਇਕਜੁਟਤਾ ਪ੍ਰਭਾਵਿਤ ਹੋਈ। ਵੱਖ-ਵੱਖ ਮਸਲਿਆਂ ਬਾਰੇ ਵੱਖ-ਵੱਖ ਪਹੁੰਚ, ਕਿਸਾਨ ਮੋਰਚੇ ਵਿਚ ਪਹਿਲਾਂ ਵੀ ਆਉਂਦੀ ਰਹੀ ਸੀ ਅਤੇ ਸਾਰੇ ਕਿਸਾਨ ਆਗੂ ਆਪਸੀ ਸਹਿਮਤੀ ਨਾਲ ਇਹ ਮਸਲੇ ਨਜਿੱਠਦੇ ਵੀ ਰਹੇ ਹਨ ਪਰ ਚੋਣਾਂ ਦੇ ਮਾਮਲੇ ਵਿਚ ਅਜਿਹੀ ਸਹਿਮਤੀ ਬਣ ਨਹੀਂ ਸਕੀ। ਕੁਝ ਕੁ ਕਾਹਲ ਨੇ ਵੀ ਦੂਰੀਆਂ ਵਧਾ ਦਿੱਤੀਆਂ। ਹੁਣ ਜਿਹੜੀਆਂ ਕਿਸਾਨ ਧਿਰਾਂ ਚੋਣਾਂ ਲੜਨ ਦਾ ਐਲਾਨ ਕਰ ਚੁੱਕੀਆਂ ਹਨ, ਉਨ੍ਹਾਂ ਦਾ ਕਿਸੇ ਵੀ ਸਿਆਸੀ ਧਿਰ ਨਾਲ ਕੋਈ ਤਾਲਮੇਲ ਨਹੀਂ ਬੈਠਿਆ ਹੈ ਅਤੇ ਨਾ ਹੀ ਉਹ ਅਜਿਹਾ ਕੋਈ ਮੰਚ ਉਸਾਰ ਸਕੀਆਂ ਹਨ ਜਿਹੜਾ ਰਵਾਇਤੀ ਪਾਰਟੀਆਂ ਨੂੰ ਚੋਣ ਪਿੜ ਅੰਦਰ ਆਪਣੇ ਬਲ 'ਤੇ ਵੰਗਾਰ ਸਕਦਾ। ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਚੋਣਾਂ ਵਿਚ ਨਿੱਤਰੀ ਕਿਸਾਨ ਧਿਰ, ਰਵਾਇਤੀ ਧਿਰਾਂ ਨੂੰ ਕਿੰਨੀ ਕੁ ਵੱਡੀ ਵੰਗਾਰ ਦੇ ਸਕੇਗੀ। ਉਂਜ ਇਕ ਗੱਲ ਤਾਂ ਹੁਣੇ ਸਪਸ਼ਟ ਹੋ ਗਈ ਹੈ ਕਿ ਕਿਸਾਨ ਅੰਦੋਲਨ ਦੇ ਜਿਸ ਤਰ੍ਹਾਂ ਦੇ ਅਸਰ ਦੀ ਭਵਿੱਖਬਾਣੀ ਪਹਿਲਾਂ ਕੀਤੀ ਗਈ ਸੀ, ਹਾਲਾਤ ਹੁਣ ਅਜਿਹੀ ਕੋਈ ਕਨਸੋਅ ਨਹੀਂ ਦੇ ਰਹੇ ਸਗੋਂ ਹੁਣ ਤਾਂ ਹਾਲਾਤ ਉਕਾ ਹੀ ਬਦਲ ਗਏ ਪ੍ਰਤੀਤ ਹੋ ਰਹੇ ਹਨ। ਉਂਜ ਵੀ ਪਿਛਲੇ ਕੁਝ ਦਹਾਕਿਆਂ ਦੌਰਾਨ ਚੋਣ ਸਿਆਸਤ ਬਿਲਕੁਲ ਵੱਖਰੀ ਤਰ੍ਹਾਂ ਦਾ ਪ੍ਰਬੰਧ ਬਣ ਗਈ ਹੈ। ਇਹ ਹੁਣ ਆਮ ਬੰਦੇ ਦੇ ਵੱਸ ਦਾ ਰੋਗ ਦਾ ਉਕਾ ਹੀ ਨਹੀਂ ਹੈ। ਅਜਿਹੀ ਸੂਰਤ ਵਿਚ ਕਿਸਾਨ ਧਿਰਾਂ ਦਾ ਬਣਾਇਆ ਸੰਯੁਕਤ ਸਮਾਜ ਮੋਰਚਾ ਚੋਣ ਮੈਦਾਨ ਵਿਚ ਕਿੰਨੀ ਕੁ ਉਚੀ ਉਡਾਣ ਭਰ ਸਕਦਾ ਹੈ, ਸਭ ਦੇ ਸਾਹਮਣੇ ਹੀ ਹੈ। ਕੁਝ ਸੰਜੀਦਾ ਸ਼ਖਸੀਅਤਾਂ ਅਤੇ ਧਿਰਾਂ ਅਜੇ ਵੀ ਕਿਸਾਨ ਧਿਰਾਂ ਦੇ ਏਕੇ ਲਈ ਜ਼ੋਰ ਲਾ ਰਹੀਆਂ ਹਨ। ਇਸ ਵਕਤ ਵੱਡਾ ਕਾਰਜ ਪੰਜਾਬ ਦੇ ਮਸਲੇ ਨਜਿੱਠਣ ਦਾ ਹੈ ਅਤੇ ਇਨ੍ਹਾਂ ਮਸਲਿਆਂ ਦਾ ਹੱਲ ਕਿਸੇ ਮਨਸੂਬਾਬੰਦੀ ਤੋਂ ਬਗੈਰ ਸੰਭਵ ਹੀ ਨਹੀਂ ਹੈ। ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਅਤੇ ਕਿਸਾਨ ਆਗੂਆਂ ਨੇ ਜਿਸ ਤਰਾਂ ਦਾ ਹਠ ਦਿਖਾਇਆ, ਉਸੇ ਤਰ੍ਹਾਂ ਦੇ ਹਠ ਨਾਲ ਹੀ ਸੂਬੇ ਦੀ ਸਿਆਸਤ ਨੂੰ ਲੀਹ 'ਤੇ ਲਿਆਂਦਾ ਜਾ ਸਕਦਾ ਹੈ; ਨਹੀਂ ਤਾਂ ਇਹ ਚੋਣਾਂ ਵੀ ਪਿਛਲੀਆਂ ਚੋਣਾਂ ਵਰਗੀਆਂ ਹੀ ਹੋ ਨਿੱਬੜਨਗੀਆਂ। ਪਹਿਲਾਂ ਵਾਂਗ ਹੀ ਸਿਆਸੀ ਲੀਡਰ ਜਿੱਤ ਜਾਣਗੇ ਅਤੇ ਆਮ ਲੋਕ ਹਾਰ ਜਾਣਗੇ। ਪੰਜਾਬ ਦੇ ਮਸਲੇ ਜਿਉਂ ਦੀ ਤਿਉਂ ਰਹਿ ਜਾਣਗੇ। ਇਸ ਹਕੀਕਤ ਨੂੰ ਸਮਝਣਾ ਸਮੇਂ ਦੀ ਵੱਡੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਈ ਸਿਆਂ ਸੁਣੀ ਬੇਨਤੀ*

ਆਉਣ ਨਾ ਕਿਤੋਂ ਵੀ ਮਨਹੂਸ ਖ਼ਬਰਾਂ, ਸੁਣ ਕੇ ਜਿਨ੍ਹਾਂ ਨੂੰ ਸਾਡਾ ਮੱਥਾ ਠਣਕੇ।
ਵੰਡੀਆਂ ਨਾ ਪਾਉਣ ਸੌੜੀਆਂ ਸਿਆਸਤਾਂ, ਰਹਿਣ ਸਾਰੇ ਬਣ ਕੇ ਮਾਲ਼ਾ ਦੇ ਮਣਕੇ।
ਫਤਹਿ ਪਾਈਏ ਝੂਠ ਦੇ ਤੂਫਾਨਾਂ ਉੱਤੇ ਵੀ, ਸੱਚ ਦੀ 'ਅਲਖ' ਟੱਲੀ ਵਾਂਗੂ ਟਣਕੇ।
ਮੁੱਕੇ ਧੱਭ ਓਮੀਕਰੋਨ ਤੇ ਕਰੋਨੇ ਦਾ, ਮਾਸਕ ਤਿਆਗ ਰਹੀਏ ਬਣ-ਠਣ ਕੇ।
ਚਾਅਵਾਂ ਨਾਲ਼ ਕਰੀਏ ਵਿਆਹ ਸ਼ਾਦੀਆਂ, ਝਾਂਜਰ ਖੁਸ਼ੀ ਦੀ ਵਿਹੜਿਆਂ 'ਚ ਛਣਕੇ।
ਉਨੀਂ ਅਤੇ ਇੱਕੀ ਵਾਂਗ ਬਾਈ ਬਣੇ ਨਾ, ਸੁੱਖ ਦੀ ਲਿਆਵੇ ਘੜੀ 'ਬਾਈ' ਬਣ ਕੇ!

# ਕਿਸਾਨ ਅੰਦੋਲਨ ਅਤੇ ਪੰਜਾਬ ਦੀ ਸਿਆਸਤ

***ਮੋਦੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨ ਵਾਪਸ ਹੋਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਰਗਰਮੀ ਭਾਵੇਂ ਨਿੱਤ ਦਿਨ ਵਧ ਰਹੀ ਹੈ ਪਰ ਪੰਜਾਬ ਹੀ ਨਹੀਂ, ਸਮੁੱਚੇ ਮੁਲਕ ਵਿਚ ਖੇਤੀ ਸੰਕਟ ਦਾ ਖਤਰਾ ਅਜੇ ਜਿਉਂ ਦਾ ਤਿਉਂ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਟਿੱਪਣੀ ਪ੍ਰੋ. ਪ੍ਰੀਤਮ ਸਿੰਘ (ਇੰਗਲੈਂਡ) ਨੇ ਇਸ ਲੇਖ ਵਿਚ ਕੀਤੀ ਹੈ ਅਤੇ ਕਿਸਾਨ ਅੰਦੋਲਨ ਨਾਲ ਜੋੜ ਕੇ ਸਿਆਸਤ ਦੀ ਗੱਲ ਤੋਰੀ ਹੈ।***

ਭਾਰਤ ਦੇ ਕਿਸਾਨ ਅੰਦੋਲਨ ਨੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਪਿਛਲੇ ਸਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕਰ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ ਅਤੇ ਹੁਣ ਪੰਜਾਬ ਵਿਚ ਕਿਸਾਨ ਅੰਦੋਲਨ ਦੇ ਸੰਭਾਵੀ ਕਾਰਜਾਂ ਦੇ ਤਿੰਨ ਪੱਖ ਬਹੁਤ ਅਹਿਮ ਹਨ ਜੋ ਕੌਮਾਂਤਰੀ, ਕੌਮੀ ਅਤੇ ਪੰਜਾਬ ਨਾਲ ਅੰਦਰੂਨੀ ਤੌਰ ਤੇ ਜੁੜੇ ਹੋਏ ਹਨ। ਕੌਮਾਂਤਰੀ ਪੱਧਰ ਤੇ ਇਸ ਦਾ ਮੁੱਖ ਕਾਰਜ ਆਲਮੀ ਪੂੰਜੀਵਾਦ ਨੂੰ ਡੱਕਣਾ, ਕੌਮੀ ਪੱਧਰ ਤੇ ਆਰਥਿਕ ਤੇ ਸਿਆਸੀ ਸੱਤਾ ਦੇ ਕੇਂਦਰੀਕਰਨ ਦਾ ਵਿਰੋਧ ਅਤੇ ਪੰਜਾਬ ਅੰਦਰ ਕੁਦਰਤੀ ਤੇ ਸਮਾਜਿਕ ਸਮਤਾ ਦੀ ਜੱਦੋ-ਜਹਿਦ ਕਰਨ ਨਾਲ ਜੁੜੇ ਹੋਏ ਹਨ।

ਆਲਮੀ ਪੱਧਰ ਤੇ ਖੇਤੀਬਾੜੀ ਉਪਰ ਖੇਤੀ ਕਾਰੋਬਾਰੀ ਕਾਰਪੋਰੇਸ਼ਨਾਂ ਦਾ ਹਮਲਾ (ਜੋ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਰੂਪ ਵਿਚ ਵੀ ਪ੍ਰਤੱਖ ਹੋਇਆ



ਸੀ) ਹਰ ਕਿਸਮ ਦੀ ਮਨੁੱਖੀ ਕਿਰਤ ਅਤੇ ਕੁਦਰਤੀ ਸਰੋਤਾਂ ਨੂੰ ਪੂੰਜੀਵਾਦ ਦੇ ਦਾਇਰੇ ਵਿਚ ਸਮੋਣ ਦੇ ਆਮ ਵਰਤਾਰੇ ਦਾ ਸੂਚਕ ਹੈ। ਤਿੰਨ ਖੇਤੀ ਕਾਨੂੰਨ ਰੱਦ ਹੋਣ ਕਰ ਕੇ ਇਸ ਵਰਤਾਰੇ ਨੂੰ ਝਟਕਾ

**ਪ੍ਰੋ. ਪ੍ਰੀਤਮ ਸਿੰਘ**
ਫੋਨ: +44-7922-657957

ਵੱਜਿਆ ਹੈ ਪਰ ਅਜੇ ਇਸ ਨੇ ਹਾਰ ਨਹੀਂ ਮੰਨੀ ਸਗੋਂ ਆਲਮੀ ਪੂੰਜੀਵਾਦ ਏਜੰਡਾ ਅਤੇ ਇਸ ਦਾ ਭਾਰਤੀ ਕਿਰਦਾਰ ਅਜੇ ਵੀ ਕਾਇਮ ਹੈ। ਆਲਮੀ ਅਤੇ ਭਾਰਤੀ ਖੇਤੀ ਕਾਰੋਬਾਰੀ ਕਾਰਪੋਰੇਸ਼ਨਾਂ ਦੇ ਏਜੰਡੇ ਨੂੰ ਭਾਵੇਂ ਵਕਤੀ ਝਟਕਾ ਵੱਜਿਆ ਹੈ ਪਰ ਹੁਣ ਉਹ ਆਪਣੀ ਤਾਕਤ ਅਤੇ ਕੰਟਰੋਲ ਨੂੰ ਮੁੜ ਦ੍ਰਿੜਾਉਣ ਵਾਸਤੇ ਜਵਾਬੀ ਰਣਨੀਤੀਆਂ ਦੀ ਵਿਉਂਤਬੰਦੀ ਕਰਨਗੀਆਂ। ਭਾਰਤੀ ਕਿਸਾਨ ਅੰਦੋਲਨ ਨੂੰ ਇਹ ਹਕੀਕਤ ਸਮਝਣੀ ਜ਼ਰੂਰੀ ਹੈ ਕਿ ਇਸ ਵੇਲੇ ਸੱਤਾ ਦਾ ਆਲਮੀ ਤਵਾਜ਼ਨ ਅਜਿਹਾ ਨਹੀਂ ਹੈ ਕਿ ਪੂੰਜੀਵਾਦ ਨੂੰ ਹੂੰਝ ਕੇ ਸੁੱਟ ਦੇਣ ਦੇ ਕੋਈ ਇਨਕਲਾਬੀ ਹਾਲਾਤ ਮੌਜੂਦ ਹਨ ਸਗੋਂ ਆਲਮੀ ਪੂੰਜੀਵਾਦੀ ਏਜੰਡੇ ਦੀ ਲਗਾਤਾਰ ਪੈਰਵੀ ਕਰਨ ਅਤੇ ਦੁਨੀਆ ਦੇ ਵੱਖੋ ਵੱਖਰੇ ਖਿੱਤਿਆਂ ਅੰਦਰ ਕਿਸਾਨਾਂ, ਮਜ਼ਦੂਰਾਂ, ਵਾਤਾਵਰਨਵਾਦੀਆਂ ਅਤੇ ਕਬਾਇਲੀ ਤੇ ਮੂਲਵਾਸੀ ਭਾਈਚਾਰਿਆਂ ਨਾਲ ਸਾਂਝ ਭਿਆਲੀ ਪਾ ਕੇ ਲੰਮੇ ਤੇ ਸਿਦਕੀ ਅੰਦੋਲਨ ਵਿੱਢ ਕੇ ਆਲਮੀ ਤੇ ਭਾਰਤੀ ਪੂੰਜੀਵਾਦ ਦੀ ਪਹੁੰਚ ਨੂੰ ਡੱਕਣ ਦੀ ਲੋੜ ਹੈ।

ਕੌਮੀ ਪੱਧਰ ਤੇ ਕਿਸਾਨ ਅੰਦੋਲਨ ਦੀਆਂ ਰਹਿੰਦੀਆਂ ਮੰਗਾਂ ਜਿਨ੍ਹਾਂ ਵਿਚ ਇਕ ਮੰਗ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਸ਼ਾਮਲ ਹੈ, ਨੂੰ ਮਨਵਾਉਣ ਲਈ ਬੱਝਵੇਂ ਰੂਪ ਵਿਚ ਦਬਾਅ ਲਾਮਬੰਦ ਕਰਨ ਦੇ ਨਾਲ ਨਾਲ ਬਹੁਤ ਹੀ ਅਹਿਮ ਕਾਰਜ ਭਾਰਤ ਵਿਚ ਆਰਥਿਕ ਅਤੇ ਸਿਆਸੀ ਸ਼ਕਤੀ ਦੇ ਕੇਂਦਰੀਕਰਨ ਖਿਲਾਫ ਜੱਦੋ-ਜਹਿਦ ਕਰਨਾ ਅਤੇ ਸ਼ਕਤੀਆਂ ਤੇ ਫੈਸਲੇ ਕਰਨ ਦੇ ਅਮਲ ਦੇ ਵਿਕੇਂਦਰੀਕਰਨ ਦੇ ਹੱਕ ਵਿਚ ਭੁਗਤਾਉਣਾ ਹੈ। ਫੈਡਰਲ ਵਿਕੇਂਦਰੀਕਰਨ ਦੇ ਸੰਘਰਸ਼ ਦੇ ਕਾਰਜ ਨਾਲ ਮੌਜੂਦਾ 'ਫਸਟ ਪਾਸਟ ਦਿ ਪੋਸਟ' (ਸਭ ਤੋਂ ਵੱਧ ਵੋਟਾਂ ਲੈਣ ਵਾਲੇ ਉਮੀਦਵਾਰ ਨੂੰ ਜੇਤੂ ਕਰਾਰ ਦੇਣਾ) ਚੋਣ ਪ੍ਰਬੰਧ ਨੂੰ ਬਦਲਣ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਬਣਾਉਣ ਦਾ ਦਰਮਿਆਨੇ ਕਾਲ ਦਾ ਕਾਰਜ ਜੁੜਿਆ ਹੋਇਆ ਹੈ। ਇਸ ਚੋਣ ਪ੍ਰਬੰਧ ਦੇ ਵਿਗਾੜ ਕਰ ਕੇ ਹੀ ਭਾਜਪਾ ਸਮੁੱਚੇ ਭਾਰਤ ਵਿਚੋਂ 30 ਕੁ ਫੀਸਦ ਵੋਟਾਂ ਹਾਸਲ ਕਰ ਕੇ ਪਾਰਲੀਮੈਂਟ ਦੀਆਂ ਕੁੱਲ 543 ਸੀਟਾਂ ਵਿਚੋਂ 300 ਤੋਂ ਵੱਧ ਸੀਟਾਂ ਜਿੱਤ ਰਹੀ ਹੈ। ਮਜ਼ਬੂਤ ਫੈਡਰਲ ਪ੍ਰਣਾਲੀ ਅਤੇ ਅਨੁਪਾਤਕ ਪ੍ਰਤੀਨਿਧਤਾ ਚੋਣ ਪ੍ਰਣਾਲੀ ਵਿਚ ਤਬਦੀਲੀ ਦੇ ਸੰਘਰਸ਼ ਲਈ ਖੇਤਰੀ ਪਾਰਟੀਆਂ ਖਾਸਕਰ ਉਨ੍ਹਾਂ ਪਾਰਟੀਆਂ ਨਾਲ ਰਲ਼ ਕੇ ਸਾਂਝੇ ਐਕਸ਼ਨ ਕਰਨ ਦੀ ਲੋੜ ਹੈ ਜੋ ਨਾ ਕੇਵਲ ਮੁੱਢੋਂ ਭਾਜਪਾ ਦਾ ਵਿਰੋਧ ਕਰਦੀਆਂ ਹੋਣ ਸਗੋਂ ਕੇਂਦਰੀਕਰਨ



ਦੇ ਵੀ ਖਿਲਾਫ ਹੋਣ ਅਤੇ ਚੋਣ ਸੁਧਾਰਾਂ ਦੀਆਂ ਵੀ ਹਮਾਇਤੀ ਹੋਣ ਅਤੇ ਕਾਂਗਰਸ ਪਾਰਟੀ ਨੂੰ ਵੀ ਇਸੇ ਮਾਪਦੰਡ ਤੇ ਪਰਖਣ।

ਕਿਸਾਨ ਅੰਦੋਲਨ ਦੇ ਕੌਮੀ ਪਹਿਲੂ ਦੇ ਪ੍ਰਸੰਗ ਵਿਚ ਘੱਟੋ-ਘੱਟ ਸਮਰਥਨ ਮੁੱਲ ਦੀ ਟਕਰਾਵੀਂ ਭੂਮਿਕਾ ਨੂੰ ਸਮਝਣਾ ਵੀ ਜ਼ਰੂਰੀ ਹੈ। ਕਿਸਾਨ ਅੰਦੋਲਨ ਦੀ ਮੁੱਖ ਮੰਗ ਬਾਵੇਂ ਇਹੀ ਰਹੀ ਹੈ ਕਿ ਕਿਸਾਨਾਂ ਨੂੰ ਵਾਜਬ ਆਮਦਨ ਮੁਹੱਈਆ ਕਰਾਉਣ ਲਈ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ ਪਰ ਇਸ ਗੱਲ ਬਾਰੇ ਵੀ ਖਬਰਦਾਰ ਰਹਿਣਾ ਚਾਹੀਦਾ ਹੈ ਕਿ ਸਾਰੀਆਂ ਫਸਲਾਂ ਲਈ ਐਮ.ਐਸ.ਪੀ. ਤੈਅ ਕਰਨ ਦੀ ਤਾਕਤ ਕੇਂਦਰ ਦੇ ਹੱਥਾਂ ਵਿਚ ਦੇਣ ਨਾਲ ਕੇਂਦਰੀਕਰਨ ਦਾ ਅਮਲ ਹੋਰ ਤੇਜ਼ ਹੋ ਜਾਵੇਗਾ। ਇਸ ਨੂੰ ਦੀਰਘਕਾਲੀ ਮੰਗ ਦੀ ਬਜਾਇ ਫੌਰੀ ਲੋੜ ਦੀ ਮੰਗ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ ਅਤੇ ਇਹ ਮੰਗ ਹੋਣੀ ਚਾਹੀਦੀ ਹੈ ਕਿ ਐਮ.ਐਸ.ਪੀ. ਤੈਅ ਕਰਨ ਦਾ ਅਖਤਿਆਰ ਸੂਬਿਆਂ ਨੂੰ ਦਿੱਤਾ ਜਾਵੇ, ਕਿਉਂਕਿ ਹਰ ਸੂਬਾ ਸਰਕਾਰ ਜਾਣਦੀ ਹੈ ਕਿ ਕਿਹੜੀਆਂ ਫਸਲਾਂ ਉਸ ਦੇ ਲੋਕਾਂ ਦੇ ਹਿੱਤ ਵਿਚ ਹਨ। ਖੇਤੀਬਾੜੀ ਨੂੰ ਸੂਬਾਈ ਵਿਸ਼ੇ ਦੇ ਤੌਰ ਤੇ ਕਾਇਮ ਰੱਖਣਾ ਚਾਹੀਦਾ ਹੈ ਅਤੇ ਖੇਤੀਬਾੜੀ ਵਿਚ ਕੇਂਦਰ ਦੀ ਬੇਲੋੜੀ ਦਖਲਅੰਦਾਜ਼ੀ ਨੂੰ ਡੱਕਣਾ ਚਾਹੀਦਾ ਹੈ।

ਪੰਜਾਬ ਅੰਦਰ ਮੁੱਖ ਕਾਰਜ ਅਜਿਹੇ ਆਰਥਿਕ ਮਾਡਲ ਲਈ ਜੱਦੋ-ਜਹਿਦ ਕਰਨ ਦਾ ਹੈ ਜੋ ਕੁਦਰਤੀ/ਵਾਤਾਵਰਨਕ ਅਤੇ ਸਮਾਜਿਕ ਸਮਤਾ ਨੂੰ ਹੱਲਾਸ਼ੇਰੀ ਦਿੰਦਾ ਹੋਵੇ। 1960 ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਖੇਤੀਬਾੜੀ ਵਿਚ ਹੋਏ ਪੂੰਜੀਵਾਦੀ ਪਾਸਾਰ ਨੇ ਵਾਤਾਵਰਨੀ ਅਤੇ ਸਮਾਜਿਕ ਸਮਤਾ ਨੂੰ ਪ੍ਰਭਾਵਿਤ ਕੀਤਾ ਹੈ। ਖੁਰਾਕ ਆਤਮ-ਨਿਰਭਰਤਾ ਦੇ ਕੇਂਦਰ ਸਰਕਾਰ ਦੇ ਸਿਆਸੀ ਤੇ ਆਰਥਿਕ ਹਿੱਤ ਸਾਧਣ ਲਈ ਭਾਰਤੀ ਸਟੇਟ/ਰਿਆਸਤ ਪੰਜਾਬ ਦੀ ਖੇਤੀਬਾੜੀ ਵਿਚ ਦਖਲ ਦਿੰਦਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੂੰ ਸ਼ੁਰੂਆਤ ਦੇ ਕੁਝ ਸਾਲਾਂ ਵਿਚ ਵਕਤੀ ਲਾਭ ਮਿਲੇ ਪਰ ਪੰਜਾਬ ਉਪਰ ਹਰੇ ਇਨਕਲਾਬ ਦੇ ਨਾਂਹ-ਮੁਖੀ ਅਸਰ ਲੰਮੇ ਸਮੇਂ ਤੱਕ ਜਾਰੀ ਰਹਿਣਗੇ।

ਕੁਦਰਤ ਦੇ ਜ਼ਾਵੀਏ ਤੋਂ ਪੰਜਾਬ ਦੀ ਖੇਤੀਬਾੜੀ ਵਿਚ ਪੂੰਜੀਵਾਦ ਦੀ ਘੁਸਪੈਠ ਨਾਲ ਮਨੁੱਖੀ ਕਿਰਤ ਅਤੇ ਕੁਦਰਤ ਦੇ ਹਰ ਸਰੋਤ- ਜ਼ਮੀਨ, ਪਾਣੀ, ਖਾਣਾਂ, ਜੰਗਲਾਤ, ਪਸ਼ੂ, ਪੰਛੀਆਂ ਆਦਿ ਨੂੰ ਮੁਨਾਫਾ ਕਮਾਉਣ ਦਾ ਜ਼ਰੀਆ ਮਿੱਥ ਲਿਆ ਗਿਆ। ਇਉਂ ਕੁਦਰਤ ਨਾਲੋਂ ਵੱਡਾ ਪਾੜ ਪੈ ਗਿਆ, ਸਿੱਟੇ ਵਜੋਂ ਕੁਦਰਤ ਅਤੇ ਮਾਨਵਤਾ ਖਿਲਾਫ ਵਿਆਪਕ ਹਿੰਸਾ ਸਾਹਮਣੇ ਆ ਰਹੀ ਹੈ। ਕੁਦਰਤ ਖਿਲਾਫ ਹਿੰਸਾ ਜੰਗਲਾਂ ਦੀ ਕਟਾਈ, ਪਾਣੀ ਦੀ ਅਤਿ ਦੀ ਕੁਵਰਤੋਂ, ਜ਼ਮੀਨ ਦੇ ਨਿਘਾਰ ਤੇ ਹਵਾ ਦੇ ਗੰਧਲੇਪਣ ਦੇ ਰੂਪ ਵਿਚ ਪ੍ਰਤੱਖ ਹੈ। ਇਸ ਨਾਲ ਬਿਮਾਰੀਆਂ ਵਿਕਰਾਲ ਰੂਪ ਧਾਰ ਰਹੀਆਂ ਹਨ ਅਤੇ ਜ਼ਿੰਦਗੀ ਦਾ ਮਿਆਰ ਵਿਗੜ ਰਿਹਾ ਹੈ। ਇਸ ਹਿੰਸਾ ਦੇ ਖਾਤਮੇ ਵਾਸਤੇ ਕੁਦਰਤ ਦਾ ਸਤਿਕਾਰ ਬਹਾਲ ਕਰਨ ਦੀ ਲੋੜ ਹੈ ਤਾਂ ਕਿ ਹੰਢਣਸਾਰ ਅਰਥਚਾਰੇ ਅਤੇ ਸਿਹਤਮੰਦ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ।

ਸਮਾਜਿਕ ਤੌਰ ਤੇ ਪੰਜਾਬ ਵਿਚ ਪੂੰਜੀਵਾਦ ਦੀਆਂ ਜੜ੍ਹਾਂ ਡੂੰਘੀਆਂ ਹੋਣ ਨਾਲ ਨਾ-ਬਰਾਬਰੀ ਅਜਿਹੇ ਪੱਧਰ ਤੇ ਪਹੁੰਚ ਗਈ ਹੈ ਜਿਸ ਬਾਰੇ ਪਹਿਲਾਂ ਕਦੇ ਦੇਖਿਆ ਸੁਣਿਆ ਨਹੀਂ ਸੀ। ਇਕ ਪਾਸੇ, ਮੁੱਠੀ ਭਰ ਕੁਲੀਨ ਕਰੋੜਾਂ-ਅਰਬਾਂਪਤੀ ਬਣ ਗਏ; ਦੂਜੇ ਪਾਸੇ ਵੱਡਾ ਜਨ ਸਮੂਹ ਕਰਜ਼, ਲਾਚਾਰੀ ਤੇ ਖੁਦਕੁਸ਼ੀਆਂ ਦੇ ਕੁਚੱਕਰ ਵਿਚ ਫਸਿਆ ਹੈ। ਲਿੰਗਕ ਤੇ ਜਾਤੀ ਨਾ-ਬਰਾਬਰੀ ਵਿਚ ਕਈ ਗੁਣਾ ਵਾਧਾ ਹੋਇਆ ਹੈ। ਬਾਬੇ ਨਾਨਕ ਦੇ 'ਵੰਡ ਛਕਣ' ਅਤੇ ਮਾਇਆਧਾਰੀਆਂ ਨੂੰ ਦੁਰਕਾਰਨ ਦੇ ਸਿਧਾਂਤ ਤੇ ਧਾਰਨਾ ਮੁਤਾਬਕ ਦੌਲਤ, ਸੰਪਤੀ ਅਤੇ ਆਮਦਨ ਦੀ ਮੁੜ ਵੰਡ ਕਰਨ ਦਾ ਏਜੰਡਾ ਅਪਣਾਉਣਾ, ਸ਼ਾਂਤੀਪੂਰਨ ਤੇ ਨਿਆਂਪੂਰਨ ਪੰਜਾਬੀ ਸਮਾਜ ਦੇ ਨਿਰਮਾਣ ਦੀ ਫੌਰੀ ਲੋੜ ਹੈ। ਕਿਸਾਨ ਅੰਦੋਲਨ ਦੌਰਾਨ ਉੱਘੜ ਕੇ ਸਾਹਮਣੇ ਆਏ ਸਾਂਝੀਵਾਲਤਾ ਦੇ ਸਭਿਆਚਾਰ ਨੇ ਜੇ ਪੂੰਜੀਵਾਦ ਦੇ ਨਾਂਹਮੁਖੀ ਪਹਿਲੂਆਂ ਨੂੰ ਪੂਰੀ ਤਰ੍ਹਾਂ ਖਤਮ ਨਾ ਵੀ ਸਹੀ, ਤਾਂ ਵੀ ਇਨ੍ਹਾਂ ਨੂੰ ਨਕਾਰਨ ਦੀਆਂ ਸੰਭਾਵਨਾਵਾਂ ਜ਼ਰੂਰ ਦਰਸਾਈਆਂ ਹਨ। ਇਸ ਅੰਦੋਲਨ ਦੌਰਾਨ ਉਭਰਿਆ ਇਹ ਸਭਿਆਚਾਰ ਅਤੇ ਰਵਾਇਤਾਂ ਨੂੰ ਮਜ਼ਬੂਤੀ ਨਾਲ ਪੰਜਾਬ ਸਮਾਜ ਦੇ ਨਿੱਤਕਰਮ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਹੰਢਣਸਾਰ ਬਣਾਇਆ ਜਾ ਸਕੇ।

ਪੰਜਾਬ ਵਾਸਤੇ ਨਿਸ਼ਾਨਦੇਹੀ ਵਾਲੇ ਕਾਰਜਾਂ ਦੀ ਪੂਰਤੀ ਲਈ ਸਭ ਤੋਂ ਅਹਿਮ ਗੱਲ ਇਹ ਹੋਵੇਗੀ ਕਿ 2022 ਵਿਚ ਕਿਹੋ ਜਿਹੀ ਸਰਕਾਰ ਬਣਦੀ ਹੈ। ਇਸ ਮੰਤਵ ਲਈ ਸੁਚੱਜੀ ਚੋਣ ਪ੍ਰਚਾਰ ਰਣਨੀਤੀ ਜ਼ਰੂਰੀ ਹੈ। ਇਸ ਵੇਲੇ ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਦਾ ਮਾਣ ਤਾਣ ਸਿਖਰ ਤੇ ਹੈ। ਇਨ੍ਹਾਂ ਦਾ ਇਹ ਮਾਣ ਤਾਣ ਚੋਣ ਨਤੀਜਿਆਂ ਵਿਚੋਂ ਝਲਕਣਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਅੰਦਰ ਇਹ ਸਹਿਮਤੀ ਇਸ ਆਧਾਰ ਤੇ ਬਣਨੀ ਚਾਹੀਦੀ ਹੈ ਕਿ ਜਿਹੜੀਆਂ ਧਿਰਾਂ ਚੋਣਾਂ ਲੜਨ ਦੀਆਂ ਚਾਹਵਾਨ ਹਨ, ਉਨਾਂ ਦੇ ਵਾਜਬ ਕਾਰਨ ਕੀ ਹਨ; ਜਿਹੜੀਆਂ ਚੋਣਾਂ ਲੜਨ ਦੇ ਖਿਲਾਫ ਹਨ, ਉਨ੍ਹਾਂ ਦੇ ਫੈਸਲੇ ਦਾ ਤਰਕ ਕੀ ਹੈ।

ਇਨ੍ਹਾਂ ਮੱਤਭੇਦਾਂ ਦੇ ਬਾਵਜੂਦ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਸੋਚ ਵਿਚਾਰ ਕਰ ਕੇ ਕਿਸਾਨ ਮਜ਼ਦੂਰਾਂ ਦੀ 117 ਚੰਗੇ ਉਮੀਦਵਾਰਾਂ ਦੀ ਸਾਂਝੀ ਸੂਚੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਜੇ ਕਿਸਾਨ ਮਜ਼ਦੂਰ ਸੂਚੀ ਵਾਲੇ ਬਹੁਗਿਣਤੀ ਉਮੀਦਵਾਰ ਜਿੱਤ ਜਾਂਦੇ ਹਨ ਤਾਂ ਉਹ ਸਰਕਾਰ ਬਣਾ ਸਕਦੇ ਹਨ। ਜੇ ਉਹ ਬਹੁਮਤ ਹਾਸਲ ਨਹੀਂ ਕਰਦੇ ਤਾਂ ਉਹ ਕਿਸੇ ਮਿਲੀ-ਜੁਲੀ ਸਰਕਾਰ ਵਿਚ ਸ਼ਾਮਲ ਹੋ ਸਕਦੇ ਹਨ ਜਾਂ ਮਜ਼ਬੂਤ ਵਿਰੋਧੀ ਦਾ ਦਰਜਾ ਹਾਸਲ ਕਰ ਸਕਦੇ ਹਨ। ਕੁਝ ਵੀ ਹੋਵੇ, ਕਿਸਾਨ ਜਥੇਬੰਦੀਆਂ ਦਾ ਮਨੋਰਥ ਪੰਜਾਬ ਦੀ ਖੇਤੀਬਾੜੀ ਦਾ ਖੇਤੀ-ਕਾਰੋਬਾਰੀ ਪੂੰਜੀਵਾਦੀ ਕੰਪਨੀਆਂ ਤੋਂ ਬਚਾਓ ਕਰ ਕੇ ਇਸ ਦੇ ਹਿੱਤ ਨੂੰ ਅਗਾਂਹ ਵਧਾਉਣਾ ਹੀ ਰਹਿਣਾ ਚਾਹੀਦਾ ਹੈ। ਭਾਰਤੀ ਜਨਤਾ ਪਾਰਟੀ ਕਿਸਾਨ ਅੰਦੋਲਨ ਨੂੰ ਢਾਹ ਲਾਉਣ ਦੀ ਰਣਨੀਤੀ ਉਲੀਕ ਕੇ ਉਸੇ ਤਰ੍ਹਾਂ ਕੁਝ ਸਿੱਖ ਚਿਹਰੇ ਵਰਤ ਕੇ ਪੰਜਾਬ ਦੀ ਸੱਤਾ ਤੇ ਕਾਬਜ਼ੇ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਜਿਵੇਂ ਕਾਂਗਰਸ ਨੇ ਬੇਅੰਤ ਸਿੰਘ-ਕੇ.ਪੀ.ਐਸ. ਗਿੱਲ ਦੀ ਜੋੜੀ ਦੇ ਜ਼ਰੀਏ ਕੀਤਾ ਸੀ। ਭਾਜਪਾ ਨੂੰ ਭਰੋਸਾ ਹੈ ਕਿ ਇਕ ਵਾਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਪਾਟੋਧਾੜ ਕਰਕੇ ਨਿਖੇੜ ਦਿੱਤਾ ਜਾਵੇ ਤਾਂ ਭਾਰਤ ਦੀ ਕਿਸਾਨ ਲਹਿਰ ਦਾ ਲੱਕ ਟੁੱਟ ਜਾਵੇਗਾ। ਸੰਭਵ ਹੈ ਕਿ ਭਾਜਪਾ ਦੀ ਇਹ ਮੋੜਵੀਂ ਰਣਨੀਤੀ ਸਫਲ ਨਾ ਹੋ ਸਕੇ ਪਰ ਇਸ ਨਾਲ ਉੱਭਰ ਰਹੇ ਖਤਰਿਆਂ ਨੂੰ ਸਾਵਧਾਨੀ ਨਾਲ ਸਮਝ ਕੇ ਇਨ੍ਹਾਂ ਨੂੰ ਭਾਂਜ ਦੇਣਾ ਜ਼ਰੂਰੀ ਹੈ।

ਆਲਮੀ ਪੂੰਜੀਵਾਦ ਤੋਂ ਖੇਤੀਬਾੜੀ ਦੀ ਰਾਖੀ ਕਰਨ ਦਾ ਮਤਲਬ ਹੈ ਕਿ ਆਉਣ ਵਾਲੇ ਸਮੇਂ ਵਿਚ ਮਨੁੱਖਤਾ ਦੀ ਹੋਣ ਵਾਲੀ ਵਾਤਾਵਰਨ ਦੀ ਤਬਾਹੀ ਤੋਂ ਰਾਖੀ ਕਰਨੀ। ਪੰਜਾਬ ਨੂੰ ਖੇਤੀਬਾੜੀ, ਕੁਦਰਤ ਅਤੇ ਮਾਨਵਤਾ ਦੀ ਰਾਖੀ ਵਾਲੇ ਮਕਸਦ ਨੂੰ ਸਾਕਾਰ ਕਰਨ ਲਈ ਆਰਥਿਕ, ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਰਣਨੀਤੀਆਂ ਘੜਨ ਵਿਚ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ।

# ਪ੍ਰੈਸ ਦੀ ਆਜ਼ਾਦੀ ਅਤੇ ਦਰਪੇਸ਼ ਚੁਣੌਤੀਆਂ

ਹਾਲ ਹੀ ਵਿਚ ਆਈ.ਪੀ.ਆਈ. (ਇੰਟਰਨੈਸ਼ਨਲ ਪ੍ਰੈਸ ਇੰਸਟੀਚਿਊਟ) ਨੇ ਆਪਣੀ ਸਾਲਾਨਾ ਸਮੀਖਿਆ 'ਡੈੱਥ ਵਾਚ' ਜਾਰੀ ਕੀਤੀ ਹੈ ਜਿਸ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸਾਲ 2021 ਵਿਚ ਦੁਨੀਆ ਭਰ 'ਚ 45 ਪੱਤਰਕਾਰਾਂ ਨੂੰ ਆਪਣੇ ਕੰਮ ਦਾ ਮੁੱਲ ਜਾਨ ਦੇ ਕੇ ਚੁਕਾਉਣਾ ਪਿਆ। 28 ਪੱਤਰਕਾਰਾਂ ਨੂੰ ਉਨ੍ਹਾਂ ਦੇ ਕੰਮ ਦੇ ਕਰਕੇ ਨਿਸ਼ਾਨਾ ਬਣਾਇਆ ਗਿਆ, ਤਿੰਨ ਪੱਤਰਕਾਰ ਲੜਾਈ ਦੀ ਰਿਪੋਰਟਿੰਗ ਕਰਦਿਆਂ ਮਾਰੇ ਗਏ, ਦੋ ਪੱਤਰਕਾਰ ਸਿਵਲ ਅਸੰਤੋਖ ਦੀ ਰਿਪੋਰਟਿੰਗ ਕਰਦਿਆਂ ਮਾਰੇ ਗਏ ਜਦਕਿ ਇਕ ਪੱਤਰਕਾਰ ਸੌਂਪਿਆ ਗਿਆ ਕੰਮ ਕਰਦਿਆਂ ਮੌਤ ਦੇ ਮੂੰਹ 'ਚ ਜਾ ਗਿਆ। ਆਈ.ਪੀ.ਆਈ. ਦੇ ਅੰਕੜੇ ਸੰਸਥਾ ਵੱਲੋਂ ਪੱਤਰਕਾਰਾਂ ਉੱਪਰ ਹਮਲਿਆਂ ਦੀ ਨਿਰੰਤਰ ਨਜ਼ਰਸਾਨੀ 'ਤੇ ਆਧਾਰਿਤ ਹੁੰਦੇ ਹਨ। ਆਈ.ਪੀ.ਆਈ. ਆਪਣੇ ਨੈੱਟਵਰਕ


**ਬੂਟਾ ਸਿੰਘ**

ਫੋਨ: +91-94634-74342


ਦੇ ਮੈਂਬਰਾਂ ਅਤੇ ਸਥਾਨਕ ਪੱਤਰਕਾਰ ਸੰਸਥਾਵਾਂ ਦੀ ਮਦਦ ਨਾਲ ਇਹ ਜਾਇਜ਼ਾ ਲੈਂਦੀ ਹੈ ਕਿ ਪੱਤਰਕਾਰ ਦੀ ਹੱਤਿਆ ਪੱਤਰਕਾਰੀ ਕਾਰਨ ਹੋਈ ਜਾਂ ਨਹੀਂ। 'ਡੈੱਥ ਵਾਚ' ਸੂਚੀ ਵਿਚ ਉਨ੍ਹਾਂ ਪੱਤਰਕਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਪੱਤਰਕਾਰ ਹੋਣ ਕਾਰਨ ਗਿਣ-ਮਿਥ ਕੇ ਮਾਰਿਆ ਗਿਆ ਅਤੇ ਨਾਲ ਹੀ ਜੋ ਲੜਾਈ ਦੀ ਰਿਪੋਰਟਿੰਗ ਕਰਦਿਆਂ ਜਾਂ ਸੌਂਪਿਆ ਕੰਮ ਕਰਦਿਆਂ ਮਾਰੇ ਗਏ। ਇਸ ਸੂਚੀ ਵਿਚ ਜਰਨਲਿਸਟ, ਸੰਪਾਦਕ ਅਤੇ ਰਿਪੋਰਟਰ ਅਤੇ ਉਹ ਮੀਡੀਆ ਕਾਮੇ ਲਏ ਜਾਂਦੇ ਹਨ ਜੋ ਖਬਰਾਂ ਤਿਆਰ ਕਰਨ 'ਚ ਹਿੱਸਾ ਪਾਉਂਦੇ ਹਨ ਜਿਵੇਂ ਕੈਮਰਾਮੈਨ।

ਰਿਪੋਰਟ ਦਾ ਕਹਿਣਾ ਹੈ ਕਿ ਮੈਕਸੀਕੋ, ਅਫਗਾਨਿਸਤਾਨ ਅਤੇ ਭਾਰਤ ਇਸ ਵਕਤ ਪੱਤਰਕਾਰਾਂ ਦੇ ਕੰਮ ਕਰਨ ਲਈ ਸਭ ਤੋਂ ਜਾਨਲੇਵਾ ਮੁਲਕ ਹਨ। ਸਭ ਤੋਂ ਵੱਧ ਪੱਤਰਕਾਰ ਮੈਕਸੀਕੋ 'ਚ ਮਾਰੇ ਗਏ ਅਤੇ ਇਹ ਸੱਤੇ ਹੱਤਿਆਵਾਂ ਮਿਥ ਕੇ ਕੀਤੀਆਂ ਹੱਤਿਆਵਾਂ ਸਨ। ਪੱਤਰਕਾਰੀ ਲਈ ਇਸ ਤੋਂ ਅਗਲੇ ਖਤਰਨਾਕ ਮੁਲਕ ਅਫਗਾਨਿਸਤਾਨ ਅਤੇ ਭਾਰਤ ਹਨ। ਉਨ੍ਹਾਂ ਮੁਲਕਾਂ 'ਚ ਵੀ ਪੱਤਰਕਾਰਾਂ ਦੀਆਂ ਹੱਤਿਆਵਾਂ ਹੋਈਆਂ ਜਿੱਥੇ ਪ੍ਰੈਸ ਦੀ ਆਜ਼ਾਦੀ ਦਾ ਪੱਧਰ ਮੁਕਾਬਲਤਨ ਉੱਚਾ ਹੈ, ਮਿਸਾਲ ਵਜੋਂ ਨੀਦਰਲੈਂਡ। ਹਕੀਕਤ ਇਹ ਹੈ ਕਿ ਪੱਤਰਕਾਰਾਂ ਦੀ ਸੁਰੱਖਿਆ ਆਲਮੀ ਮਸਲਾ ਹੈ ਅਤੇ ਪੱਤਰਕਾਰਾਂ ਦੀਆਂ ਹੱਤਿਆਵਾਂ ਦੁਨੀਆ ਦੇ ਲੱਗਭੱਗ ਹਰ ਹਿੱਸੇ 'ਚ ਹੋ ਰਹੀਆਂ ਹਨ। ਵਿਸ਼ਲੇਸ਼ਣ ਅਨੁਸਾਰ ਸਥਾਨਕ ਸਿਆਸਤ ਅਤੇ ਨਸ਼ਾ ਤਸਕਰੀ ਸਮੇਤ ਜਥੇਬੰਦ ਜੁਰਮਾਂ ਦੀ ਖੋਜ ਖਬਰ 'ਚ ਜੁਟੇ ਪੱਤਰਕਾਰਾਂ ਦੀ ਜਾਨ ਖਾਸ ਤੌਰ 'ਤੇ ਖਤਰੇ 'ਚ ਹੁੰਦੀ ਹੈ। ਹੱਤਿਆਵਾਂ ਕਰਨ 'ਚ ਸਰਕਾਰੀ ਅਤੇ ਗੈਰ-ਸਰਕਾਰੀ ਦੋਵੇਂ ਤਾਕਤਾਂ ਸ਼ਾਮਿਲ ਹੁੰਦੀਆਂ ਹਨ। ਹੱਤਿਆਵਾਂ ਕਰਨ ਅਤੇ ਕਰਵਾਉਣ ਵਾਲਿਆਂ ਨੂੰ ਸਜ਼ਾ ਦਾ ਖੌਫ ਨਹੀਂ ਹੁੰਦਾ ਕਿਉਂਕਿ ਮਾਮਲਾ ਅਕਸਰ ਹੀ ਮੁਕੱਦਮਾ ਦਰਜ ਕਰਨ ਤੋਂ ਅੱਗੇ ਨਹੀਂ ਵਧਦਾ, ਸਜ਼ਾ ਹੋਣੀ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਬਾਰੇ ਗਲੋਬਲ ਇੰਪਿਊਨਿਟੀ ਇੰਡੈਕਸ ਨਾਂ ਦਾ ਅੰਕੜਾ ਅੱਖਾਂ ਖੋਲ੍ਹਣ ਵਾਲੀ ਤਸਵੀਰ ਪੇਸ਼ ਕਰਦਾ ਹੈ ਜੋ 'ਪੱਤਰਕਾਰਾਂ ਦਾ ਕਤਲ ਕਰਕੇ ਵੀ ਸਾਫ ਬਚ ਜਾਂਦੇ ਨੇ ਹਤਿਆਰੇ' ਨਾਂ ਦੀ ਰਿਪੋਰਟ ਦਾ ਹਿੱਸਾ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ (ਸੀ.ਪੀ.ਜੇ.) ਵੱਲੋਂ ਇਹ ਸੂਚਕ ਅੰਕ ਪਹਿਲੀ ਵਾਰ 2008 'ਚ ਤਿਆਰ ਕੀਤਾ ਗਿਆ ਸੀ। ਇਹ ਸੂਚਕ ਅੰਕ ਇਹ ਹਿਸਾਬ-ਕਿਤਾਬ ਲਗਾ ਕੇ ਤਿਆਰ ਕੀਤਾ ਜਾਂਦਾ ਹੈ ਕਿ ਹੱਲ ਨਾ ਹੋਏ ਪੱਤਰਕਾਰਾਂ ਦੇ ਕਤਲਾਂ ਦੇ ਮਾਮਲਿਆਂ ਦੀ ਗਿਣਤੀ ਮੁਲਕ ਦੀ ਕੁਲ ਵਸੋਂ ਦਾ ਕਿੰਨੀ ਫੀ ਸਦੀ ਬਣਦੀ ਹੈ। ਐਸੇ ਸਿਰਫ ਪੰਜ ਜਾਂ ਵੱਧ ਕਤਲਾਂ ਨੂੰ ਮੁੱਖ ਰੱਖ ਕੇ ਹੀ ਕਿਸੇ ਮੁਲਕ ਨੂੰ ਇਸ ਸੂਚਕ ਅੰਕ ਦੀ ਸੂਚੀ ਵਿਚ ਦਰਜ ਕੀਤਾ ਜਾਂਦਾ ਹੈ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਪ੍ਰੈਸ ਦੀ ਆਜ਼ਾਦੀ ਦੇ ਮਾਮਲੇ 'ਚ ਇਸ ਦਾ ਰਿਕਾਰਡ ਹਮੇਸ਼ਾ ਹੀ ਖਰਾਬ ਰਿਹਾ ਹੈ। ਉਪਰਕੋਤ ਦੋਵਾਂ ਰਿਪੋਰਟਾਂ 'ਚ ਇਸ ਦੀ ਕਾਰਗੁਜ਼ਾਰੀ ਬਦਤਰ ਹੁੰਦੇ ਜਾਣ ਦੇ ਸਾਫ ਸਬੂਤ ਹਨ। ਆਈ.ਪੀ.ਆਈ. ਦੀ 'ਡੈਥ ਵਾਚ' ਸੂਚੀ 'ਚ ਇਹ ਮੈਕਸੀਕੋ ਅਤੇ ਅਫਗਾਨਿਸਤਾਨ ਤੋਂ ਬਾਅਦ ਤੀਜੇ ਨੰਬਰ 'ਤੇ ਹੈ ਅਤੇ ਅਤੇ ਸੀ.ਪੀ.ਜੇ. ਦੀ ਗਲੋਬਲ ਇੰਡੈਕਸ ਵਿਚ ਇਹ 12ਵੇਂ ਨੰਬਰ 'ਤੇ ਹੈ। 2021 'ਚ ਇਸ ਨੇ ਆਪਣੀ 2020 ਵਾਲੀ ਇਹ 12ਵੀਂ ਪੁਜੀਸ਼ਨ ਬਣਾਈ ਰੱਖੀ ਹੈ। ਪੱਤਰਕਾਰਾਂ ਦੀਆਂ ਹੱਤਿਆਵਾਂ ਇੱਥੇ ਆਮ ਗੱਲ ਬਣ ਚੁੱਕੀ ਹੈ ਕਿਉਂਕਿ ਹਰ ਸਾਲ ਐਸੇ ਪੱਤਰਕਾਰਾਂ ਦੀ ਸੂਚੀ ਵਿਚ ਮਾਰੇ ਗਏ ਪੱਤਰਕਾਰਾਂ ਦੇ ਨਵੇਂ ਨਾਮ ਜੁੜ ਜਾਂਦੇ ਹਨ। 1 ਸਤੰਬਰ 2011 ਤੋਂ ਲੈ ਕੇ 31 ਅਗਸਤ 2021 ਤੱਕ ਇਕ ਦਹਾਕੇ ਦਾ ਸੂਚਕ ਅੰਕ ਦੱਸਦਾ ਹੈ ਕਿ ਭਾਰਤ ਵਿਚ ਭ੍ਰਿਸ਼ਟਾਚਾਰ ਦੀ ਰਿਪੋਰਟਿੰਗ ਕਰਨ ਵਾਲੇ, ਖਾਸ ਕਰਕੇ ਸਥਾਨਕ ਪੱਧਰ 'ਤੇ ਕੰਮ ਕਰ ਰਹੇ ਪੱਤਰਕਾਰ ਸਭ ਤੋਂ ਜ਼ਿਆਦਾ ਖਤਰੇ 'ਚ ਕੰਮ ਕਰਦੇ ਹਨ। ਭ੍ਰਿਸ਼ਟਾਚਾਰੀ ਚਾਹੇ ਰੇਤ ਮਾਫੀਆ ਦੇ ਹੋਣ ਜਾਂ ਕੋਈ ਹੋਰ, ਹਮੇਸ਼ਾ ਧਨਾਢ ਅਤੇ ਤਾਕਤਵਰ ਹੋਣ ਕਾਰਨ ਉਨ੍ਹਾਂ ਦੇ ਹਕੂਮਤ ਨਾਲ ਗੂੜ੍ਹੇ ਸੰਬੰਧ ਹੁੰਦੇ ਹਨ। ਸਥਾਨਕ ਪੁਲਿਸ ਅਤੇ ਜਾਂਚ ਏਜੰਸੀਆਂ ਸੁਤੰਤਰ ਨਾ ਹੋਣ ਕਾਰਨ ਮਾਫੀਆ ਆਪਣਾ ਰਸੂਖ ਵਰਤ ਕੇ ਪੁਲਿਸ ਕਾਰਵਾਈ ਨੂੰ ਆਪਣੇ ਹਿਤ 'ਚ ਰੋਕ ਦਿੰਦੇ ਹਨ। ਇਸੇ ਮੂਲ ਵਜ੍ਹਾ ਕਰਕੇ ਪੱਤਰਕਾਰਾਂ ਦੇ ਕਤਲਾਂ ਦੇ ਮਾਮਲੇ ਸਜ਼ਾ ਦੇ ਅੰਜਾਮ 'ਤੇ ਨਹੀਂ ਪਹੁੰਚਦੇ।

ਸਜ਼ਾ ਤੋਂ ਛੋਟ ਦਾ ਵਰਤਾਰਾ ਸਿਰਫ ਭ੍ਰਿਸ਼ਟਾਚਾਰ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੇ ਕਤਲਾਂ ਤੱਕ ਸੀਮਤ ਨਹੀਂ ਹੈ। ਹਕੂਮਤ ਵਿਰੁੱਧ ਹਥਿਆਰਬੰਦ ਸੰਘਰਸ਼ਾਂ ਦੇ ਖੇਤਰਾਂ ਦੀ ਰਿਪੋਰਟਿੰਗ ਵੀ ਇਸੇ ਤਰ੍ਹਾਂ ਜੋਖਮ ਭਰੀ ਹੈ। ਛੱਤੀਸਗੜ੍ਹ, ਝਾਰਖੰਡ, ਕਸ਼ਮੀਰ ਅਤੇ ਉੱਤਰ-ਪੂਰਬੀ ਰਿਆਸਤਾਂ 'ਚ ਕੰਮ ਕਰਨ ਵਾਲੇ ਪੱਤਰਕਾਰ ਆਮ ਹੀ ਧਮਕੀਆਂ, ਝੂਠੇ ਕੇਸਾਂ, ਗ੍ਰਿਫਤਾਰੀਆਂ ਅਤੇ ਜੇਲ੍ਹਬੰਦੀ ਦੇ ਸਾਏ ਹੇਠ ਕੰਮ ਕਰਦੇ ਹਨ। 2014 'ਚ ਆਰ.ਐਸ.ਐਸ.-ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਅਦ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਖਾਸ ਤੌਰ 'ਤੇ ਨਿਸ਼ਾਨੇ 'ਤੇ ਹੈ ਅਤੇ ਇਸੇ ਦੇ ਹਿੱਸੇ ਵਜੋਂ ਪ੍ਰੈਸ ਦੀ ਆਜ਼ਾਦੀ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਿਆਂ 'ਚ ਤੇਜ਼ੀ ਨਾਲ ਇਜ਼ਾਫਾ ਹੋਇਆ ਹੈ। ਹਿੰਦੂਤਵੀ ਦਹਿਸ਼ਤੀ ਗਰੋਹਾਂ ਵੱਲੋਂ ਨਰਿੰਦਰ ਡਭੋਲਕਰ, ਗੋਬਿੰਦ ਪਾਨਸਰੇ, ਡਾ. ਕਲਬੁਰਗੀ ਅਤੇ ਗੌਰੀ ਲੰਕੇਸ਼ ਦੇ ਸ਼ਰੇਆਮ ਕਤਲ ਕੀਤੇ ਗਏ। ਉੱਘੇ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਦੀਆਂ ਸਾਜ਼ਿਸ਼ ਕੇਸ 'ਚ ਗ੍ਰਿਫਤਾਰੀਆਂ ਅਤੇ ਪੱਤਰਕਾਰ ਸਿਦੀਕ ਕੱਪਨ ਅਤੇ ਕਸ਼ਮੀਰੀ ਪੱਤਰਕਾਰਾਂ ਦੀ ਜੇਲ੍ਹਬੰਦੀ ਇਸੇ ਦਾ ਹਿੱਸਾ ਹੈ। 2010 'ਚ ਭਾਰਤ ਵਰਲਡ ਪ੍ਰੈਸ ਫਰੀਡਮ ਇੰਡੈਕਸ ਵਿਚ 122ਵੇਂ ਸਥਾਨ 'ਤੇ ਸੀ ਜੋ 2014 'ਚ ਆਰ.ਐਸ.ਐਸ.-ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਅਦ 140ਵੇਂ ਸਥਾਨ ਤੱਕ ਹੇਠਾਂ ਚਲਾ ਗਿਆ।

ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਕੇ ਇਸ ਨੂੰ ਟੁਕੜਿਆਂ 'ਚ ਵੰਡਣ ਤੋਂ ਬਾਅਦ ਪ੍ਰੈਸ ਦੀ ਆਲੋਚਕ ਸੁਰ ਨੂੰ ਦਬਾਉਣਾ ਹੁਕਮਰਾਨ ਧਿਰ ਦਾ ਵਿਸ਼ੇਸ਼ ਏਜੰਡਾ ਹੈ। ਮਾਰਚ 2020 'ਚ ਰਿਪੋਰਟਰਜ਼ ਵਿਦਾਊਟ ਬਾਰਡਰਜ਼ (ਆਰ.ਐਸ.ਐਫ.) ਨੇ ਜੋ ਰਿਪੋਰਟ ਜਾਰੀ ਕੀਤੀ ਉਸ ਵਿਚ 2019 ਤੋਂ ਲੈ ਕੇ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਉਨ੍ਹਾਂ ਨੂੰ ਆਪਣੀਆਂ ਰਿਪੋਰਟਾਂ ਦੇ ਸਰੋਤ ਦੱਸਣ ਲਈ ਮਜਬੂਰ ਕਰਨ ਲਈ ਦੀਆਂ 14 ਮਿਸਾਲਾਂ ਦਿੱਤੀਆਂ ਗਈਆਂ ਸਨ। ਇਹ ਦਮਨ ਐਨਾ ਕੁੱਵਰ ਹੈ ਕਿ ਐਡੀਟਰਜ਼ ਗਿਲਡ ਆਫ ਇੰਡੀਆ ਨੂੰ ਵੀ ਇਸ ਦਾ ਵਿਰੋਧ ਕਰਨਾ ਪੈ ਗਿਆ। ਗਿਲਡ ਨੇ ਇਸ ਦਾ ਗੰਭੀਰ ਨੋਟਿਸ ਲਿਆ ਕਿ ਸਿਰਫ ਰਿਪੋਰਟਿੰਗ ਕਰਨ ਜਾਂ ਅਖਬਾਰਾਂ ਦੀਆਂ ਆਲੋਚਕ ਸੰਪਾਦਕੀਆਂ ਲਈ ਹੀ ਸੁਰੱਖਿਆ ਦਸਤੇ ਕਸ਼ਮੀਰ ਆਧਾਰਿਤ ਪ੍ਰਕਾਸ਼ਨਾਵਾਂ ਦੇ ਸੰਪਾਦਕਾਂ ਨੂੰ ਆਮ ਹੀ ਤੰਗ-ਪ੍ਰੇਸ਼ਾਨ ਕਰਦੇ ਹਨ। ਪੁਲਿਸ ਅਤੇ ਫੌਜ ਵੱਲੋਂ ਕੀਤੇ ਜਾ ਰਹੇ ਜਬਰ ਅਤੇ ਕਸ਼ਮੀਰੀ ਲੋਕਾਂ ਨਾਲ ਦੀਆਂ ਵਧੀਕੀਆਂ ਬਾਰੇ ਰਿਪੋਰਟਾਂ ਕਰਨ ਵਾਲੇ ਪੱਤਰਕਾਰਾਂ ਦੀ ਕੁੱਟਮਾਰ, ਥਾਣਿਆਂ/ਕੈਂਪਾਂ 'ਚ ਸੱਦ ਕੇ ਤੰਗ-ਪ੍ਰੇਸ਼ਾਨ ਕਰਨਾ ਅਤੇ ਸੰਗੀਨ ਦੋਸ਼ਾਂ ਤਹਿਤ ਝੂਠੇ ਕੇਸਾਂ ਵਿਚ ਗ੍ਰਿਫਤਾਰੀ ਆਮ ਗੱਲ ਹੈ। ਸਿਰਫ ਅਕਤੂਬਰ 2021 ਵਿਚ ਹੀ ਅੱਧੀ ਦਰਜਨ ਪੱਤਰਕਾਰਾਂ ਨੂੰ ਥਾਣਿਆਂ 'ਚ ਸੱਦ ਕੇ ਪ੍ਰੇਸ਼ਾਨ ਕੀਤਾ ਗਿਆ ਜਾਂ ਉਨ੍ਹਾਂ ਦੇ ਘਰਾਂ 'ਚ ਛਾਪੇ ਮਾਰ ਕੇ ਉਨ੍ਹਾਂ ਦੇ ਕੈਮਰੇ/ਮੋਬਾਈਲ ਵਗੈਰਾ ਕਬਜ਼ੇ 'ਚ ਲਏ ਗਏ ਅਤੇ ਫਿਰ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ। ਨਿਡਰ ਪੱਤਰਕਾਰਾਂ ਨੂੰ ਆਪਣੇ ਕੰਮ ਦਾ ਮੁੱਲ ਗੈਰ-ਕਾਨੂੰਨੀ ਹਿਰਾਸਤ ਅਤੇ ਦਹਿਸ਼ਤਵਾਦ ਬਾਰੇ ਵਿਸ਼ੇਸ਼ ਕਾਨੂੰਨਾਂ ਤਹਿਤ ਅਣਮਿੱਥੇ ਸਮੇਂ ਲਈ ਜੇਲ੍ਹਬੰਦੀ ਦੇ ਰੂਪ 'ਚ ਵੀ ਚੁਕਾਉਣਾ ਪੈਂਦਾ ਹੈ। ਸਨਮਾਨਿਤ ਪੱਤਰਕਾਰ ਆਸਿਫ ਸੁਲਤਾਨ ਯੂ.ਏ.ਪੀ.ਏ. ਤਹਿਤ ਅਗਸਤ 2018 ਤੋਂ ਜੇਲ੍ਹ ਵਿਚ ਹੈ। ਉੱਘੇ ਕਸ਼ਮੀਰੀ ਪੱਤਰਕਾਰ ਸ਼ੁਜਾਤ ਬੁਖਾਰੀ ਨੂੰ ਉਸ ਦੇ ਦਫਤਰ ਦੇ ਬਾਹਰ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ ਸੀ।



ਜੰਮੂ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਦਰਪੇਸ਼ ਔਕੜਾਂ ਦੀ ਮੂੰਹ ਬੋਲਦੀ ਤਸਵੀਰ।

2021 ਦੀ ਸ਼ੁਰੂਆਤ ਦੇ ਮੀਡੀਆ ਸੰਸਥਾਵਾਂ 'ਦਿ ਕਸ਼ਮੀਰ ਵਾਲਾ' ਅਤੇ 'ਦਿ ਕਸ਼ਮੀਰੀਅਤ' ਨੂੰ ਭਾਰਤੀ ਫੌਜ ਬਾਰੇ 'ਝੂਠੀਆਂ ਖਬਰਾਂ' ਛਾਪਣ ਦੇ ਦੋਸ਼ਾਂ 'ਚ ਤੰਗ-ਪ੍ਰੇਸ਼ਾਨ ਕੀਤੇ ਜਾਣ ਨਾਲ ਹੋਈ। ਸਟੇਟ ਦੇ ਇਨ੍ਹਾਂ ਬਾਂਹ ਮਰੋੜ ਤਰੀਕਿਆਂ ਦਾ ਨਤੀਜਾ ਵਾਪਰ ਰਹੇ ਦੀ 'ਅੰਡਰ ਰਿਪੋਰਟਿੰਗ' ਅਤੇ 'ਸੈਲਫ-ਸੈਂਸਰਸ਼ਿਪ' ਵਿਚ ਨਿਕਲਦਾ ਹੈ। ਅਜੋੜ ਪੱਤਰਕਾਰ ਸੱਤਾ ਦੇ ਜਬਰ ਦਾ ਸ਼ਿਕਾਰ ਹੁੰਦੇ ਹਨ। ਬਾਂਦੀਪੋਰਾ ਤੋਂ ਫਰੀਲਾਂਸ ਪੱਤਰਕਾਰ ਸਜਾਦ ਗੁਲ ਇਸ ਦਾ ਸਬੂਤ ਹੈ। ਉਸ ਨੂੰ ਦੰਗੇਬਾਜ਼ੀ, ਅਣਅਧਿਕਾਰਤ ਦਖਲ ਅਤੇ ਹਮਲੇ 'ਚ ਹਿੱਸਾ ਲੈਣ ਦੇ ਕੇਸ ਵਿਚ ਫਸਾ ਲਿਆ ਗਿਆ। ਪੱਤਰਕਾਰੀ ਦਾ ਵਿਦਿਆਰਥੀ ਗੁਲ ਦੱਸਦਾ ਹੈ, "ਹੁਣ ਜਦੋਂ ਮੈਂ ਕੋਈ ਸਟੋਰੀ ਲਿਖਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮੇਰੇ ਹੱਥ ਕੰਬਣ ਲੱਗ ਜਾਂਦੇ ਹਨ। ਇਸ ਦਾ ਮੇਰੀ ਮਾਨਸਿਕ ਸਿਹਤ ਉੱਪਰ ਮਾੜਾ ਅਸਰ ਪਿਆ ਹੈ ਅਤੇ ਮੈਂ ਸਹੀ ਤਰੀਕੇ ਨਾਲ ਕੰਮ ਕਰਨ ਦੀ ਹਾਲਤ 'ਚ ਨਹੀਂ ਹਾਂ।" ਉਸ ਦਾ ਪਰਿਵਾਰ ਉਸ ਨੂੰ ਪੱਤਰਕਾਰੀ ਛੱਡ ਕੇ ਕੋਈ ਸਰਕਾਰੀ ਨੌਕਰੀ ਲੱਭਣ ਲਈ ਦਬਾਉ ਪਾ ਰਿਹਾ ਹੈ। ਇਸ ਤਰ੍ਹਾਂ ਦੀਆਂ ਕਹਾਣੀ ਕਸ਼ਮੀਰ ਵਿਚ ਅਕਸਰ ਸੁਣਨ ਨੂੰ ਮਿਲਦੀਆਂ ਹਨ।

ਸਰਕਾਰੀ ਇਸ਼ਤਿਹਾਰ ਰੋਕ ਕੇ ਅਖਬਾਰਾਂ ਦੀ ਆਰਥਿਕਤਾ ਨੂੰ ਸੱਟ ਮਾਰਨਾ ਅਤੇ ਉਨ੍ਹਾਂ ਨੂੰ 'ਸੈਲਫ-ਸੈਂਸਰਸ਼ਿਪ' ਲਈ ਮਜਬੂਰ ਕਰਨਾ ਸੱਤਾ ਵੱਲੋਂ ਵਰਤਿਆ ਜਾਂਦਾ ਵੱਡਾ ਹਥਿਆਰ ਹੈ। ਜਨਵਰੀ 2021 'ਚ ਜੰਮੂ ਕਸ਼ਮੀਰ ਸਰਕਾਰ ਨੇ 34 ਅਖਬਾਰਾਂ ਨੂੰ ਇਸ਼ਤਿਹਾਰਾਂ ਲਈ ਮਨਜ਼ੂਰਸ਼ੁਦਾ ਸੂਚੀ 'ਚੋਂ ਬਾਹਰ ਕਰ ਦਿੱਤਾ। 13 ਪ੍ਰਕਾਸ਼ਨਾਵਾਂ ਦੇ ਇਸ਼ਤਿਹਾਰ 'ਸਰਕੂਲੇਸ਼ਨ ਨਿਯਮਾਂ ਦੀ ਉਲੰਘਣਾ' ਦਾ ਇਲਜ਼ਾਮ ਲਗਾ ਕੇ ਰੋਕ ਦਿੱਤੇ ਅਤੇ 17 ਨਵੀਆਂ ਪ੍ਰਕਾਸ਼ਨਾਵਾਂ ਨੂੰ ਕਥਿਤ ਸਾਹਿਤਿਕ ਚੋਰੀ ਅਤੇ 'ਮਾੜੀ ਸਮੱਗਰੀ' ਛਾਪਣ ਲਈ ਨੋਟਿਸ ਜਾਰੀ ਕਰ ਦਿੱਤੇ।

ਜੂਨ 2020 'ਚ ਕਸ਼ਮੀਰ ਪ੍ਰਸ਼ਾਸਨ ਵੱਲੋਂ ਲਿਆਂਦੀ ਨਵੀਂ ਮੀਡੀਆ ਨੀਤੀ ਰਾਹੀਂ ਡਾਇਰੈਕਟੋਰੇਟ ਆਫ ਇਨਫਰਮੇਸ਼ਨ ਅਤੇ ਪਬਲੀਕੇਸ਼ਨ ਰਿਲੇਸ਼ਨਜ਼ ਨੂੰ 'ਝੂਠੀਆਂ ਖਬਰਾਂ, ਸਾਹਿਤਕ ਚੋਰੀ ਅਤੇ ਅਨੈਤਿਕ ਜਾਂ ਰਾਸ਼ਟਰ ਵਿਰੋਧੀ ਸਰਗਰਮੀਆਂ' ਲਈ ਪ੍ਰਿੰਟ, ਇਲੈਕਟ੍ਰਾਨਿਕ ਅਤੇ ਹੋਰ ਮੀਡੀਆ ਦੀ ਸਮੱਗਰੀ ਦੀ ਛਾਣਬੀਣ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ। ਇਸ ਨਾਲ ਕਸ਼ਮੀਰ ਵਿਚ ਪੱਤਰਕਾਰੀ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਹੁਣ ਸਟੇਟ ਦੀਆਂ ਏਜੰਸੀਆਂ ਇਹ ਤੈਅ ਕਰਨੀਆਂ ਕਿ ਖਬਰ ਝੂਠੀ ਹੈ ਜਾਂ ਨਹੀਂ।

ਕਸ਼ਮੀਰੀ ਪੱਤਰਕਾਰਾਂ ਦਾ ਮੰਨਣਾ ਹੈ ਕਿ ਇਹ ਉਨ੍ਹਾਂ ਲਈ ਸਭ ਤੋਂ ਮੁਸ਼ਕਿਲ ਦੌਰ ਹੈ, ਕੁਝ ਵੀ ਲਿਖਣ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਹੈ। ਜਿੰਨੀਆਂ ਸਟੋਰੀ ਛਪਦੀਆਂ ਹਨ, ਉਨ੍ਹਾਂ ਦੀ ਤੁਲਨਾ 'ਚ ਜ਼ਿਆਦਾ ਸਟੋਰੀ ਅਣਛਪੀਆਂ ਰਹਿ ਕੇ ਦਮ ਤੋੜ ਜਾਂਦੀਆਂ ਹਨ। ਅਜਿਹੇ ਹਾਲਾਤ 'ਚ ਇਸ ਦਾਅਵੇ ਦੇ ਕੀ ਮਾਇਨੇ ਰਹਿ ਜਾਂਦੇ ਹਨ ਕਿ ਪ੍ਰੈਸ ਜਮਹੂਰੀਅਤ ਦਾ 'ਚੌਥਾ ਥੰਮ੍ਹ' ਹੈ।

# ਲੋਕਤੰਤਰ ਦੀ ਹੋਂਦ ਦੇ ਮਸਲੇ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਪਹਿਲਕਦਮੀ 'ਤੇ ਕਰਵਾਏ ਲੋਕਤੰਤਰ ਦੇ ਸਿਖਰ ਸੰਮੇਲਨ ਨੂੰ ਕਈ ਕੋਣਾਂ ਤੋਂ ਦੇਖਿਆ ਜਾ ਸਕਦਾ ਹੈ। ਫਿਰ ਵੀ ਇਸ ਤੋਂ ਮੁਨਕਰ ਹੋਣਾ ਮੁਸ਼ਕਿਲ ਹੈ ਕਿ ਇਸ ਕਿਸਮ ਦਾ ਸਿਖਰ ਸੰਮੇਲਨ ਇਸ ਕੌੜੀ ਹਕੀਕਤ ਨੂੰ ਪ੍ਰਵਾਨ ਕਰਨ ਦੇ ਤੁੱਲ ਹੈ ਕਿ ਦੁਨੀਆ ਦੇ ਵੱਖੋ- ਵੱਖਰੇ ਖਿੱਤਿਆਂ ਅੰਦਰ ਵਧ ਰਹੇ ਸੱਤਾਵਾਦ ਅਤੇ ਹਰ ਕਿਸਮ ਦੀ ਤਾਨਾਸ਼ਾਹੀ


**ਅਵਿਜੀਤ ਪਾਠਕ**


ਦੇ ਮੱਦੇਨਜ਼ਰ ਲੋਕਤੰਤਰ ਦਾ ਹਾਲ ਬਹੁਤਾ ਵਧੀਆ ਨਹੀਂ ਰਿਹਾ। ਬਾਇਡਨ ਨੇ ਆਖਿਆ- "ਲੋਕਤੰਤਰ ਕੋਈ ਸਬਬੀ ਵਰਤਿਆ ਭਾਣਾ ਨਹੀਂ ਹੁੰਦਾ ਸਗੋਂ ਹਰ ਪੀੜ੍ਹੀ ਨੂੰ ਇਸ ਨੂੰ ਨਵਿਆਉਣਾ ਪੈਂਦਾ ਹੈ।" ਬਾਇਡਨ ਦੀ ਇਹ ਟਿੱਪਣੀ ਸਹੀ ਹੈ ਪਰ ਸਵਾਲ ਹੈ: ਅਸੀਂ ਇਹ ਕੰਮ ਕਿੰਝ ਕਰੀਏ?

ਚਾਰ ਕੁ ਨੁਕਤੇ ਹਨ ਜੋ ਖਾਸ ਧਿਆਨ ਮੰਗਦੇ ਹਨ। ਪਹਿਲਾ, ਸੁਤੰਤਰਤਾ ਦੀ ਲੋਕਰਾਜੀ ਭਾਵਨਾ ਜਾਂ ਆਪਣੀ ਜ਼ਿੰਦਗੀ ਭਰ ਦੇ ਕਾਜ ਦੀ ਚੋਣ ਕਰਨ ਦੀ ਕਾਬਲੀਅਤ ਵਾਸਤੇ ਵਾਜਬ ਸਮਾਜਿਕ-ਆਰਥਿਕ ਚੇਤਨਾ ਦੀ ਗੁਲਾਮੀ ਤੋਂ ਮੁਕਤੀ ਦੀ ਲੋੜ ਹੁੰਦੀ ਹੈ। ਜਦੋਂ ਅਸੀਂ ਬਸਤੀਵਾਦ ਦੇ ਘਿਨਾਉਣੇ ਇਤਿਹਾਸ, ਸਭਿਆਚਾਰਕ ਹੱਲੇ ਅਤੇ ਆਰਥਿਕ ਲੁੱਟ ਦੀਆਂ ਇਸ ਦੀਆਂ ਨੀਤੀਆਂ ਨੂੰ ਯਾਦ ਕਰਦੇ ਹਾਂ ਤੇ ਦੇਖਦੇ ਹਾਂ ਕਿ ਕਿਵੇਂ ਲੋਕਤੰਤਰੀ ਤੇ ਜਾਗ੍ਰਿਤ ਪੱਛਮ ਦੇ ਆਕਾਵਾਂ ਨੇ ਆਪਣੀਆਂ ਬਸਤੀਆਂ ਨੂੰ 'ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ' ਦੇ ਸਿਧਾਂਤਾਂ ਤੋਂ ਵਿਰਵੇ ਕਰੀ ਰੱਖਿਆ ਤਾਂ ਸਾਨੂੰ ਪੱਛਮੀ ਲੋਕਤੰਤਰ ਦੇ ਦੰਭ ਦਾ ਅਹਿਸਾਸ ਹੁੰਦਾ ਹੈ। ਇਸ ਤੋਂ ਕੌਣ ਮੁਨਕਰ ਹੋ ਸਕਦਾ ਹੈ ਕਿ ਬਹੁ-ਪ੍ਰਚਾਰਤ ਅਮਰੀਕੀ ਲੋਕਤੰਤਰ ਦਾ ਨਾਤਾ ਨਵ-ਉਦਾਰਵਾਦ ਅਤੇ ਆਧੁਨਿਕ ਸਮਿਆਂ ਅੰਦਰ ਜੰਗ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਜਦੋਂ ਤੱਕ ਬਸਤੀਵਾਦ ਤੋਂ ਖਹਿੜਾ ਨਹੀਂ ਛੁੱਟਦਾ, ਤਦ ਤੀਕ ਕੋਈ ਲੋਕਤੰਤਰ ਵੀ ਨਹੀਂ ਹੁੰਦਾ।

ਦੂਜਾ, ਜਮਾਤੀ ਨਾ-ਬਰਾਬਰੀ ਅਤੇ ਪਿਤਰਸੱਤਾ, ਜਾਤੀਵਾਦ ਅਤੇ ਧਾਰਮਿਕ ਕੱਟੜਤਾ ਜਿਹੀਆਂ ਦਮਨਕਾਰੀ ਰਹੁ-ਰੀਤਾਂ ਨਾਲ ਗ੍ਰਸਿਆ ਸਾਡੇ ਵਰਗਾ ਕੋਈ ਸਮਾਜ ਮੁੱਢੋਂ-ਸੁੱਢੋਂ ਹੀ ਲੋਕਤੰਤਰ ਵਿਰੋਧੀ ਹੁੰਦਾ ਹੈ ਕਿਉਂਕਿ ਇਹ ਇਸ ਗੱਲ ਦੀ ਹਰਗਿਜ਼ ਇਜਾਜ਼ਤ ਨਹੀਂ ਦਿੰਦਾ ਕਿ ਆਬਾਦੀ ਦਾ ਵੱਡਾ ਤਬਕਾ ਆਪਣੀਆਂ ਉਸਾਰੂ ਸੰਭਾਵਨਾਵਾਂ ਦਾ ਮੁਜ਼ਾਹਰਾ ਕਰ ਸਕੇ ਅਤੇ ਮਾਣਮੱਤੇ ਕੰਮ ਤੇ ਮੁਕਤੀਦਾਤੀ ਸਿੱਖਿਆ ਦੀ ਲੋਅ ਵਿਚ ਸਨਮਾਨ ਨਾਲ ਜ਼ਿੰਦਗੀ ਬਿਤਾ ਸਕੇ। ਤੱਥ ਇਹ ਹੈ ਕਿ ਸਮੇਂ ਸਮੇਂ ਤੇ ਹੁੰਦੀਆਂ ਚੋਣਾਂ ਅਤੇ ਵਿਧਾਨਕ ਸੰਸਥਾਵਾਂ ਦੇ ਬਹਿਸ ਮੁਬਾਹਸੇ ਦੇ ਆਡੰਬਰ ਵਿਚੋਂ ਅਸੀਂ ਮਹਿਜ਼ ਲੋਕਤੰਤਰ ਦਾ ਨਕਾਬ ਹੀ ਦੇਖ ਸਕਦੇ ਹਾਂ ਪਰ ਲੋਕਤੰਤਰ ਦਾ ਮਤਲਬ ਮਹਿਜ਼ ਇੰਨਾ ਨਹੀਂ ਹੁੰਦਾ ਕਿ ਆਪਣੇ ਹਾਕਮਾਂ ਦੀ ਚੋਣ ਕਰ ਲਈ ਜਾਵੇ ਅਤੇ ਫਿਰ ਉਨ੍ਹਾਂ ਵਲੋਂ ਕੀਤੇ ਗਏ 'ਲੋਕ ਪੱਖੀ ਵਾਅਦਿਆਂ' ਉੱਤੇ ਅਮਲ ਤੇ ਟਿਕਟਿਕੀ ਲਾ ਕੇ ਬੈਠ ਜਾਓ। ਯਕੀਨ ਜਾਣਿਓ, ਲੋਕਰਾਜੀ ਢੰਗ ਨਾਲ ਚੁਣੀ ਗਈ ਅਜਿਹੀ ਕੋਈ 'ਲੋਕ ਦੋਖੀ ਸਰਕਾਰ' ਬਣਨੀ ਬਿਲਕੁੱਲ ਨਾਮੁਮਕਿਨ ਗੱਲ ਵੀ ਨਹੀਂ ਹੈ ਜੋ ਮੁੱਖ ਤੌਰ ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਜਮਾਤਾਂ ਦੇ ਹਿੱਤਾਂ ਦੀ ਸੇਵਾ ਕਰਦੀ ਹੋਵੇ।

ਤੀਜਾ, ਸਾਨੂੰ ਕਹਿਣੀ ਤੇ ਕਰਨੀ ਵਿਚ ਵਧ ਰਹੇ ਪਾੜੇ ਬਾਰੇ ਸੋਚਣ ਦੀ ਲੋੜ ਹੈ। ਲੋਕਤੰਤਰ ਦੇ ਸਿਖਰ ਸੰਮੇਲਨ ਮੌਕੇ ਆਪਣੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਸੀ ਕਿ ਲੋਕਰਾਜੀ ਜਜ਼ਬਾ ਜਾਂ ਬਹੁਵਾਦ ਦੇ ਅਸੂਲ ਭਾਰਤੀਆਂ ਦੇ ਮਨਾਂ ਵਿਚ ਸਮਾਏ ਹੋਏ ਹਨ। ਜੇ ਅਸੀਂ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣ ਅਤੇ ਇਸ ਪਿਤਰਸੱਤਾਵਾਦ/ਜਾਤੀਵਾਦ ਕਰ ਕੇ ਵੰਡੇ ਹੋਏ ਸਮਾਜ ਦੇ ਸਭਿਆਚਾਰਕ ਜਨ ਮਾਨਸ ਅੰਦਰ ਝਾਤੀ ਮਾਰਨ ਦੀ ਹਿੰਮਤ ਦਿਖਾ ਸਕੀਏ ਤਾਂ ਅਸੀਂ ਮਹਿਸੂਸ ਕਰਾਂਗੇ ਕਿ ਇਸ ਬਿਆਨ ਵਿਚ ਕੋਈ ਖਾਸ ਸਚਾਈ ਨਹੀਂ ਹੈ। ਇਸ ਦੀ ਬਜਾਏ ਅਸੀਂ ਹੋਰ ਵੀ ਜ਼ਿਆਦਾ ਲੋਕਤੰਤਰ ਵਿਰੋਧੀ ਬਣਦੇ ਜਾ ਰਹੇ ਹਾਂ। ਜ਼ਰਾ ਸੋਚੋ ਕਿ ਬਹੁਗਿਣਤੀਵਾਦ ਦਾ ਉਭਾਰ, ਘੱਟਗਿਣਤੀਆਂ ਦੀ ਨਿਰੰਤਰ ਹੋ ਰਹੀ ਜ਼ਲਾਲਤ, ਦੇਸ਼ ਧ੍ਰੋਹ ਦੀਆਂ ਐਫ.ਆਈ.ਆਰ. ਦੀ ਵਬਾ, ਅਸਹਿਮਤੀ ਦੇ ਸੁਰਾਂ ਨੂੰ ਅਪਰਾਧ ਕਰਾਰ ਦੇਣ ਦਾ ਸਿਲਸਿਲਾ, ਰੋਸ ਤੇ ਸੰਘਰਸ਼ ਦੇ ਸਭਿਆਚਾਰ ਤੇ ਵਧ ਰਹੇ ਹਮਲੇ, ਬੌਧਿਕਤਾ ਤੋਂ ਊਣੇ ਤੇ ਜ਼ਹਿਰੀਲਾ ਪ੍ਰਚਾਰ ਕਰਨ ਵਾਲੇ ਟੈਲੀਵਿਜ਼ਨ ਚੈਨਲਾਂ ਨੂੰ ਹੱਲਾਸ਼ੇਰੀ, ਸਰੋਤਾਂ ਉਪਰ ਕਰਵਾਏ ਜਾ ਰਹੇ ਅਮੀਰਾਂ ਦੇ ਕਬਜ਼ੇ, ਧੜਵੈਲ ਰਾਸ਼ਟਰਵਾਦ ਦਾ ਪ੍ਰਚਾਰ ਅਤੇ ਔਰਤਾਂ, ਦਲਿਤਾਂ ਤੇ ਕਬਾਇਲੀ ਭਾਈਚਾਰਿਆਂ ਅੰਦਰ ਵਧ ਰਹੀ ਅਸੁਰੱਖਿਆ ਦੀ ਭਾਵਨਾ- ਇਹ ਸਭ ਕਿਉਂ ਵਧ ਰਹੇ ਹਨ? ਇਸ ਲਈ, ਕੀ ਇਹ ਕੋਈ ਹੈਰਾਨੀ ਦੀ ਗੱਲ ਹੈ ਕਿ ਅੱਜ ਕੱਲ੍ਹ ਭਾਰਤ ਨੂੰ ਅਕਸਰ 'ਚੁਣਾਵੀ ਨਿਰੰਕੁਸ਼ਸ਼ਾਹੀ' ਵਾਲੇ ਦੇਸ਼ ਦੀ ਨਜ਼ਰ ਤੋਂ ਦੇਖਿਆ ਜਾਂਦਾ ਹੈ।

ਚੌਥਾ, ਬੰਦਖਲਾਸੀ ਕਰਾਉਣ ਵਾਲੀ ਸਿੱਖਿਆ ਜਾਂ ਆਲੋਚਨਾਤਮਕ ਸਿੱਖਿਆ ਦੀ ਚੇਟਕ ਤੋਂ ਬਿਨਾ ਲੋਕਤੰਤਰ ਦੇ ਜਜ਼ਬੇ ਨੂੰ ਨਵਿਆਇਆ ਨਹੀਂ ਜਾ ਸਕਦਾ। ਸਾਡੇ ਸਮਿਆਂ ਵਿਚ ਇਸੇ ਸ਼ੈਅ ਨੂੰ ਸਭ ਤੋਂ ਵੱਡਾ ਖਤਰਾ ਦਰਪੇਸ਼ ਹੈ। ਹਰ ਵਿਹਾਰਕ ਪੱਖ ਤੋਂ ਸਿੱਖਿਆ ਨੂੰ ਪ੍ਰੀਖਿਆ ਦੀ ਰਸਮ, ਅਧਿਕਾਰਤ ਪਾਠਕ੍ਰਮ ਅਤੇ ਸਕੂਲੀ ਚੇਤਨਾ ਜਾਂ ਕਿਸੇ ਕਿਸਮ ਦਾ ਹੁਨਰ ਸਿੱਖਣ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ ਤੇ ਇੰਝ ਮਨੁੱਖੀ ਵਿਸ਼ਿਆਂ ਨੂੰ ਟੈਕਨੋ ਪੂੰਜੀਵਾਦ ਦੇ ਸਰੋਤ ਬਣਾ ਕੇ ਧਰ ਦਿੱਤਾ ਗਿਆ ਹੈ। ਇਸ ਕਿਸਮ ਦੀ ਸਿੱਖਿਆ ਕਿਸੇ ਦੀ ਚੇਤਨਾ ਦੇ ਕਿਵਾੜ ਨਹੀਂ ਖੋਲ੍ਹ ਸਕਦੀ ਜਾਂ ਕਿਸੇ ਨੂੰ ਬਹਿਸ, ਸੰਵਾਦ, ਰਚਨਾਤਮਕ ਚੇਤਨਾ ਅਤੇ ਆਲੋਚਨਾਤਮਕ ਸੋਚ ਦੀ ਧਾਰ ਤਿੱਖੀ ਨਹੀਂ ਕਰ ਸਕਦੀ।

ਲੋਕਤੰਤਰ ਨੂੰ ਮਹਿਜ਼ ਸਮੇਂ ਸਮੇਂ ਤੇ ਚੋਣਾਂ ਕਰਵਾਉਣ ਦੀ ਰਸਮ ਰਾਹੀਂ ਨਹੀਂ ਬਚਾਇਆ ਜਾ ਸਕਦਾ ਤੇ ਨਾ ਹੀ ਕਦੇ ਕਦਾਈਂ ਗਰੀਬ ਜਨਤਾ ਨੂੰ 'ਰਾਹਤ ਪੈਕੇਜ' ਵੰਡ ਕੇ ਬਚਾਇਆ ਜਾ ਸਕਦਾ ਹੈ। ਲੋਕਤੰਤਰ ਲਈ ਸਾਡੀ ਮੁਸ਼ਤੈਦੀ ਅਤੇ ਹੌਸਲਾ ਦਰਕਾਰ ਹੈ ਅਤੇ ਇਹ ਕਦਰਾਂ ਕੀਮਤਾਂ ਉਦੋਂ ਹੀ ਪ੍ਰਵਾਨ ਚੜ੍ਹਦੀਆਂ ਹਨ ਜਦੋਂ ਅਸੀਂ ਆਲੋਚਨਾਤਮਕ ਸਿੱਖਿਆ ਦੀ ਲੋਅ ਵਿਚ ਦੇਖਣ ਦੀ ਆਦਤ ਪਾਉਂਦੇ ਹਾਂ।

# ਜਦੋਂ ਹਿਮਾਚਲ ਦਾ ਸੁਬਾਥੂ ਸ਼ਿਮਲਾ ਦਾ ਪਾਪਾ ਸੀ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਚਾਰ ਸਾਲ ਪਹਿਲਾਂ ਜਦੋਂ ਮੈਂ ਧਰਮਪੁਰ ਸੁਬਾਥੂ ਮਾਰਗ ਉੱਤੇ ਪੈਂਦੇ ਪਈਨ ਲੈਂਡ ਫੈਮਿਲੀ ਰਿਜ਼ਾਰਟ ਦੇ ਮੁਖ ਦਰਵਾਜ਼ੇ ਉਤੇ ਗਰਮੀ ਰੁੱਤ ਦਾ ਟਿਕਾਣਾ ਬਣਾਉਣ ਦਾ ਫੈਸਲਾ ਕੀਤਾ, ਉਦੋਂ ਮੈਨੂੰ ਸੁਬਾਥੂ ਨਾਂ ਦੇ ਕਸਬੇ ਦਾ ਮਹੱਤਵ ਨਹੀਂ ਸੀ ਪਤਾ। ਮੈਂ ਸਿਰਫ ਆਪਣੇ ਮਿੱਤਰ ਗੋਪਾਲ ਸਿੰਘ ਚੌਹਾਨ ਨੂੰ ਜਾਣਦਾ ਸਾਂ। ਜਿਹੜਾ ਨਵੇਂ ਸਥਾਪਤ ਹੋਏ ਰਿਜ਼ਾਰਟ ਦਾ ਮਾਲਕ ਸੀ। ਸਮਾਂ ਪਾ ਕੇ ਮੇਰੀ ਇਸ ਖੇਤਰ ਦੀ ਮਹੱਤਤਾ ਵਿਚ ਦਿਲਚਸਪੀ ਵਧ ਗਈ। ਏਸ ਲਈ ਵੀ ਕਿ ਮੇਰੇ ਗੁਆਂਢ ਵਿਚ ਆਪਣੇ ਟਿਕਾਣੇ ਉਸਾਰਨ ਵਾਲੇ ਮਿੱਤਰ ਤੇ ਸੰਗੀ ਸਾਥੀ ਇਸ ਹਰੇ-ਭਰੇ ਪਹਾੜੀ ਖੇਤਰ ਵਿਚ ਵਧੇਰੇ ਦਿਲਚਸਪੀ ਲੈਣ ਲੱਗ ਪਏ ਸਨ। ਤਾਜ਼ਾ ਜਾਣਕਾਰੀ ਅਨੁਸਾਰ ਕਸੌਲੀ ਦੀਆਂ ਜੜ੍ਹਾਂ ਵਿਚ ਪੈਂਦੇ ਸੁਬਾਥੂ ਨਾਂ ਦੇ ਇਸ ਸ਼ਹਿਰ ਵਿਚ ਹਿਮਾਚਲ ਪ੍ਰਦੇਸ਼ ਦਾ ਪਹਿਲਾ ਤੇ ਪ੍ਰਾਚੀਨ ਡਾਕਖਾਨਾ ਹੀ ਸਥਾਪਤ ਨਹੀਂ ਹੋਇਆ, ਸਭ ਤੋਂ ਪਹਿਲਾ ਥਾਣਾ ਵੀ ਇੱਥੇ ਹੀ ਸੀ। ਇਨ੍ਹਾਂ ਦੀ ਨੀਂਹ 1882 ਵਿਚ ਸਥਾਪਤ ਹੋਏ ਸ਼ਿਮਲਾ ਵਾਲੇ ਵੱਡੇ ਡਾਕਖਾਨੇ ਤੋਂ ਬਹੁਤ ਪਹਿਲਾਂ ਵਾਰਨ ਹੇਸਟਿੰਗਜ਼ ਤੇ ਲਾਰਡ ਡਲਹੌਜ਼ੀ ਦੇ ਰਾਜਕਾਲ ਵਿਚ ਰੱਖੀ ਗਈ ਸੀ। ਅਸਲ ਵਿਚ ਉਹ ਇਸ ਖੇਤਰ ਦੇ ਗੋਰਖਾ ਯੋਧਿਆਂ ਦੀਆਂ ਗਤੀਵਿਧੀਆਂ ਉੱਤੇ ਨਿਗਾਹ ਰੱਖਣ ਲਈ ਏਥੇ ਨਵੀਂ ਛਾਉਣੀ ਸਥਾਪਤ ਕਰਨਾ ਚਾਹੁੰਦੇ ਸਨ। ਇਸ ਛਾਉਣੀ ਦੀ ਨੀਂਹ ਅੱਜ ਤੋਂ 105 ਸਾਲ ਪਹਿਲਾਂ 1815 ਵਿਚ ਰੱਖੀ ਗਈ ਸੀ।

ਹੁਣ ਉੱਜੜੀ-ਪੁੱਜੜੀ ਛਾਉਣੀ ਉਦੋਂ ਗੋਰਖਾ ਟਰੇਨਿੰਗ ਸੈਂਟਰ ਵਜੋਂ ਜਾਣੀ ਜਾਂਦੀ ਸੀ। ਉਦੋਂ ਇਸ ਸਥਾਨ ਦੀ ਦੇਖ-ਰੇਖ ਕਰਨ ਵਾਲੇ ਅਫ਼ਸਰ ਨੂੰ ਸਿਆਸੀ ਨਿਗਰਾਨ ਕਿਹਾ ਜਾਂਦਾ ਸੀ। ਸਭ ਤੋਂ ਪਹਿਲਾਂ ਇਹ ਚਾਰਜ ਲੈਫਟੀਨੈਂਟ ਰੌਸ ਕੋਲ ਰਿਹਾ ਤੇ ਫੇਰ ਕੈਪਟਨ ਪ੍ਰਾਫਟ ਕੈਨੇਡੀ ਕੋਲ, ਜਿਸ ਨੇ ਇੱਥੇ ਦਰਬਾਰ ਹਾਲ ਦੀ ਸਥਾਪਨਾ ਕੀਤੀ, ਜਿਹੜਾ ਕੈਨੇਡੀ ਹਾਊਸ ਵਜੋਂ ਜਾਣਿਆ ਜਾਣ ਲੱਗਿਆ। ਇਹ ਉਹ ਸਮਾਂ ਸੀ ਜਦੋਂ ਕਾਲਕਾ ਤੋਂ ਸ਼ਿਮਲਾ ਜਾਣ ਦਾ ਇਕੋ-ਇਕ ਸਾਧਨ ਖੱਚਰਾਂ ਤੇ ਘੋੜੇ ਸਨ ਜਿਹੜੇ ਕਸੌਲੀ, ਸੁਬਾਥੂ, ਹਰੀਪੁਰ ਤੇ ਸਾਇਰੀ ਰਾਹੀਂ ਸ਼ਿਮਲਾ ਪਹੁੰਚਦੇ ਸਨ। ਸ਼ਿਮਲਾ ਨੂੰ ਕਾਰੋਬਾਰੀ ਸ਼ਹਿਰ ਵਜੋਂ ਸਥਾਪਤ ਕਰਨ ਦਾ ਸਿਹਰਾ ਵੀ ਕੈਪਟਨ ਕੈਨੇਡੀ ਦੇ ਸਿਰ ਬੱਝਦਾ ਹੈ, ਜਿਹੜਾ ਸਮਾਂ ਪਾ ਕੇ ਬਰਤਾਨਵੀ ਹਾਕਮਾਂ ਦੀ ਗਰਮੀਆਂ ਦੀ ਰਾਜਧਾਨੀ ਦਾ ਰੂਪ ਧਾਰ ਗਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ 1829 ਵਿਚ ਸਮੁੱਚੇ ਹਿਮਾਚਲ ਖੇਤਰ ਵਿਚ ਲਾਰਡ ਵਿਲੀਅਮ ਬੈਂਟਿੰਕ ਦੇ ਸਵਾਗਤ ਲਈ ਸਿਰਫ ਸੁਬਾਥੂ ਵਿਖੇ ਹੀ ਵਾਇਸਰਾਇ ਦੀ ਰਿਹਾਇਸ਼ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਉਦੋਂ ਸ਼ਿਮਲਾ ਦਾ ਕੋਈ ਮਹੱਤਵ ਨਹੀਂ ਸੀ ਹੁੰਦਾ।



ਜਿਥੋਂ ਤਕ ਡਾਕ ਦਾ ਸਬੰਧ ਹੈ, ਗੋਰੀ ਸਰਕਾਰ ਦੇ ਪਾਰਸਲ ਪਹਿਲਾਂ ਕਲਕੱਤਾ ਤੋਂ ਦਿੱਲੀ ਪਹੁੰਚਦੇ ਸਨ ਤੇ ਫੇਰ ਅੰਬਾਲਾ ਰਾਹੀਂ ਕਾਲਕਾ। ਕਿਹੜਾ ਪਾਰਸਲ ਕਿੱਥੇ ਉਤਰਨਾ ਹੈ, ਇਸ ਦਾ ਫੈਸਲਾ ਕਰਨ ਲਈ ਰੇਲਵੇ ਮੇਲ ਸਰਵਿਸ ਦਾ ਉਚੇਚਾ ਅਮਲਾ ਹੁੰਦਾ ਸੀ, ਜਿਹੜਾ ਚਲਦੀ ਗੱਡੀ ਵਿਚ ਇਹ ਕੰਮ ਕਰਦਾ ਸੀ।

ਕਾਲਕਾ ਤੋਂ ਸ਼ਿਮਲਾ ਜਾਣ ਵਾਲੀ ਡਾਕ ਲਈ ਖੱਚਰਾਂ ਤੇ ਘੋੜੇ ਵੀ ਸਨ ਤੇ ਗੱਡੇ ਵੀ। ਕੁਝ ਕੁ ਬਿਖੜੇ ਪੈਂਡਿਆਂ ਵਿਚ ਡਾਕ ਦਾ ਕੰਮ ਕਰਨ ਵਾਲੇ ਹਰਕਾਰੇ ਆਪਣੇ ਉੱਤੇ ਰੱਖੀ ਡਾਂਗ ਦੇ ਸਿਰੇ ਉੱਤੇ ਪੋਟਲੀ ਬੰਨ੍ਹ ਕੇ ਔਖਾ ਪੈਂਡਾ ਪਾਰ ਕਰ ਕੇ ਉਸ ਅਮਲੇ ਨੂੰ ਸੌਂਪ ਦਿੰਦੇ ਸਨ, ਜਿਹੜਾ ਦੂਜੇ ਸਿਰੇ ਉੱਤੇ ਖੱਚਰ ਘੋੜੇ ਲੈ ਕੇ ਉਡੀਕ ਰਿਹਾ ਹੁੰਦਾ ਸੀ।

ਜੇ ਪੁਰਾਤਨ ਡਾਕ ਪ੍ਰਣਾਲੀ ਤੇ ਕਲਕੱਤਾ ਦੀ ਗੱਲ ਤੁਰੀ ਹੈ ਤਾਂ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਸਥਾਪਤ ਕਰ ਕੇ ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਲੰਮਾ ਸਮਾਂ ਹਿੰਦੁਸਤਾਨੀਆਂ ਉੱਤੇ ਰਾਜ ਕੀਤਾ। ਉਹ ਦਿਲ ਦੇ ਸਾਫ ਨਹੀਂ ਸਨ। ਹੇਰਾ-ਫੇਰੀਆਂ ਦੇ ਮਾਹਿਰ ਸਨ। ਉਨ੍ਹਾਂ ਦੀਆਂ ਕਰਤੂਤਾਂ ਉਜਾਗਰ ਕਰਨ ਲਈ ਔਗਸਤਸ ਹਿੱਕੀ ਨਾਂ ਦੇ ਗੋਰੇ ਨੇ ਕਲਕੱਤਾ ਤੋਂ 'ਬੰਗਾਲ ਗਜ਼ਟ' ਨਾਂ ਦਾ ਪਰਚਾ ਵੀ ਕੱਢਿਆ ਸੀ, ਜਿਹੜਾ ਉਸ ਸਮੇਂ ਬੜਾ ਪ੍ਰਸਿੱਧ ਹੋਇਆ ਪਰ ਦੱਸਣ ਵਾਲੀ ਗੱਲ ਇਹ ਹੈ ਕਿ ਇਸ ਪਰਚੇ ਵਿਚ ਗੋਰੀ ਸਰਕਾਰ ਦੇ ਜਿਹੜੇ ਕਿੱਸੇ ਉਜਾਗਰ ਹੁੰਦੇ ਸਨ, ਉਹ ਛਪਣ ਤੋਂ ਤਿੰਨ ਹਫਤੇ ਪਿੱਛੋਂ ਲੰਡਨ ਪਹੁੰਚਦੇ ਸਨ, ਜਿਨ੍ਹਾਂ ਨੂੰ ਗੋਰੀ ਸਰਕਾਰ ਬੇਸਬਰੀ ਨਾਲ ਉਡੀਕਦੀ ਹੁੰਦੀ ਸੀ। ਇਹ ਪਰਚਾ ਸ਼ਿਮਲਾ ਤੇ ਸੁਬਾਥੂ ਦੇ ਸਥਾਪਤ ਹੋਣ ਤੋਂ ਬਹੁਤ ਪਹਿਲਾਂ 1780 ਵਿਚ ਕੱਢਿਆ ਗਿਆ ਸੀ।

ਇਸ ਘਟਨਾ ਦਾ ਜ਼ਿਕਰ ਕਰਨ ਤੋਂ ਮੇਰਾ ਭਾਵ ਕਲਕੱਤਾ, ਨਵੀਂ ਦਿੱਲੀ ਜਾਂ ਸ਼ਿਮਲਾ ਦੀ ਉੱਤਮਤਾ ਨੂੰ ਛੁਟਿਆਉਣਾ ਨਹੀਂ ਸਗੋਂ ਚੇਤਿਆਂ ਵਿਚੋਂ ਅਲੋਪ ਹੋ ਰਹੇ ਸੁਬਾਥੂ ਵਰਗੇ ਸਥਾਨ ਦਾ ਮਹੱਤਵ ਦੱਸਣਾ ਵੀ ਹੈ ਤੇ ਅਖੰਡ ਹਿੰਦੁਸਤਾਨ ਵਿਚ ਡਾਕ ਪ੍ਰਣਾਲੀ ਦੇ ਪੁਰਾਤਨ ਸਾਧਨਾਂ ਦੀ ਚਰਚਾ ਕਰਨਾ ਵੀ ਹੈ। ਇਹ ਵੀ ਦੱਸ ਦਿਆਂ ਕਿ ਜਦੋਂ ਬਰਤਾਨਵੀ ਸਰਕਾਰ ਨੇ ਕਾਲਕਾ ਤੋਂ ਸ਼ਿਮਲਾ ਲਈ ਰੇਲਵੇ ਲਾਈਨ ਵਿਉਂਤੀ ਸੀ ਤਾਂ ਇਸ ਨੇ ਸੁਬਾਥੂ ਰਾਹੀਂ ਜਾਣਾ ਸੀ ਪਰ ਕੈਪਟਨ ਕੈਨੇਡੀ ਨੇ ਇਸ ਨੂੰ ਸੁਬਾਥੂ ਦੀ ਥਾਂ ਕੁਮਾਰਹੱਟੀ ਰਾਹੀਂ ਕਢਵਾ ਦਿੱਤਾ।

**ਕਰਨੈਲ ਸਿੰਘ ਥਿੰਦ ਦਾ ਤੁਰ ਜਾਣਾ**

ਇਨ੍ਹੀਂ ਦਿਨੀਂ ਮੋਹਨ ਭੰਡਾਰੀ ਤੇ ਗੁਰਦੇਵ ਰੁਪਾਣਾ ਦੇ ਤੁਰ ਜਾਣ ਦੀਆਂ ਖਬਰਾਂ ਆਈਆਂ ਤਾਂ ਮੈਨੂੰ ਜਾਪਿਆ ਕਿ ਉਪਰ ਵਾਲੇ ਦਾ ਚੇਤਾ ਖਰਾਬ ਹੋ ਗਿਆ, ਜਿਸ ਨੂੰ ਅੰਗਰੇਜ਼ੀ ਵਿਚ ਐਲਜ਼ਾਈਮਰ ਰੋਗ ਕਿਹਾ ਜਾਂਦਾ ਹੈ, ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਮੇਰੇ ਵਰਗੇ ਬੁੱਢਿਆਂ ਨੂੰ ਭੁੱਲ-ਭੁਲਾ ਕੇ ਭੰਡਾਰੀ ਤੇ ਰੁਪਾਣਾ ਵਰਗਿਆਂ ਨੂੰ ਚੁੱਕਦਾ। ਦੋ-ਚਾਰ ਦਿਨ ਪਹਿਲਾਂ ਮੇਰੇ ਨਾਲੋਂ ਪੰਜ ਸਾਲ ਵੱਡੇ ਕਰਨੈਲ ਸਿੰਘ ਦੀ ਖਬਰ ਮਿਲੀ ਤਾਂ ਤਸੱਲੀ ਹੋਈ ਕਿ ਹਾਲੀ ਉਪਰ ਵਾਲੇ ਦਾ ਚੇਤਾ ਏਨਾ ਗਿਆ ਗੁਜ਼ਰਿਆ ਨਹੀਂ। ਲੰਮਾ ਸਮਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਧਿਆਪਕ ਰਹਿਣ ਮਗਰੋਂ ਗੁਰੂ ਨਾਨਕ ਦੇਵ ਯੂਨੀਵਰਸਟੀ ਵਿਚ ਤਾਇਨਾਤ (1973-90) ਰਹਿਣ ਤੋਂ ਪਿੱਛੋਂ ਥਿੰਦ ਪੂਰਾ ਇਕ ਦਹਾਕਾ ਪੰਜਾਬ ਯੂਨੀਵਰਸਟੀ ਟੈਕਸਟ ਬੁੱਕ ਬੋਰਡ ਦਾ ਡਾਇਰੈਕਟਰ ਰਿਹਾ ਤੇ ਉਸ ਨੇ ਲੋਕ-ਧਾਰਾ ਤੇ ਲੋਕਯਾਨ ਦੇ ਵਿਸ਼ੇ ਉਤੇ ਵਧੀਆ ਕੰਮ ਕੀਤਾ। ਹੁਣ ਉਹ ਲੰਮੇ ਸਮੇਂ ਤੋਂ ਬਰੈਂਪਟਨ (ਕੈਨੇਡਾ) ਵਿਖੇ ਆਪਣੇ ਬੱਚਿਆਂ ਕੋਲ ਰਹਿ ਰਿਹਾ ਸੀ, ਜਿੱਥੋਂ ਉਸ ਦੇ ਅਕਾਲ ਚਲਾਣੇ ਦੀ ਖਬਰ ਆਈ ਹੈ। ਏਨੀ ਲੰਮੀ ਤੇ ਉਪਯੋਗੀ ਉਮਰ ਭੋਗ ਕੇ ਤੁਰ ਜਾਣ ਵਾਲੇ ਦੀ ਖਬਰ ਸੁਣ ਕੇ ਧੱਕਾ ਤਾਂ ਲੱਗਦਾ ਹੈ ਪਰ ਇਸ ਗੱਲ ਦੀ ਖ਼ੁਸ਼ੀ ਵੀ ਹੈ ਕਿ ਉਸ ਨੇ ਆਖਰੀ ਉਮਰੇ ਬਹੁਤਾ ਦੁੱਖ ਨਹੀਂ ਭੋਗਿਆ ਤੇ ਆਪਣੇ ਬਾਲ ਪਰਿਵਾਰ ਦੇ ਹੱਥੀਂ ਤੁਰਿਆ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਉੱਪਰ ਵਾਲਾ ਸਾਡੇ ਵਰਗਿਆਂ ਨੂੰ ਭੁੱਲਿਆ ਨਹੀਂ, ਕੇਵਲ ਅਣਗਹਿਲੀ ਦਾ ਸ਼ਿਕਾਰ ਹੈ।

**ਅੰਤਿਕਾ**

ਅਮਾਨਤ ਅਲੀ ਮੁਸਾਫਰ ਲਾਹੌਰ
ਕਰੀਏ ਕਿਸੇ ਦੇ ਨਾਲ ਨਾਂ ਠੱਗ ਬਾਜ਼ੀ,
ਕਿਸੇ ਲਈ ਨਾ ਬੁਰਾ ਖਿਆਲ ਕਰੀਏ।
ਕੀਤੀ ਆਪਣੇ ਅਸਰ ਵਿਖਾ ਦੇਂਦੀ,
ਭਾਵੇਂ ਜਾ ਕੇ ਵਿਚ ਪਤਾਲ ਕਰੀਏ।
ਜੇਕਰ ਦੁਖੀ ਦਾ ਦਰਦ ਵੰਡਾਉਣਾ ਨਹੀਂ,
ਉਹਦੇ ਕੋਲ ਨਾ ਕਦੇ ਤਤਾਲ ਕਰੀਏ।
ਹੋ ਜਾਣ ਮੁਸਾਫਰਾ ਲੇਖ ਭੈੜੇ,
**ਧੋਖਾ ਜਦੋਂ ਵੀ ਕਿਸੇ ਦੇ ਨਾਲ ਕਰੀਏ।**

# ਦੇਸ਼ ਭਗਤੀ ਤੇ ਇਨਸਾਨੀਅਤ ਦੇ ਪੁੰਜ ਸਨ ਡਾਕਟਰ ਕੇਹਰ ਸਿੰਘ

**ਗੁਰਸੇਵਕ ਸਿੰਘ ਪ੍ਰੀਤ**
**ਫੋਨ: 88472-98293**

ਉਘੇ ਆਜ਼ਾਦੀ ਘੁਲਾਟੀਏ ਡਾਕਟਰ ਕੇਹਰ ਸਿੰਘ ਨੇ ਬਰਤਾਨਵੀ ਪੁਲੀਸ ਦਾ ਤਸ਼ੱਦਦ ਝੱਲਿਆ, ਜੇਲ੍ਹ ਕੱਟੀ, ਸੈਂਕੜੇ ਕਿਸਾਨਾਂ ਦੀਆਂ ਜ਼ਮੀਨਾਂ ਬਚਾਈਆਂ, ਪਲੇਗ ਦੀ ਬਿਮਾਰੀ ਵੇਲੇ ਘਰ-ਘਰ ਜਾ ਕੇ ਇਲਾਜ ਕੀਤਾ ਅਤੇ ਸਿੱਖਿਆ ਦੇ ਪਾਸਾਰ ਲਈ ਸੂਕਲਾਂ-ਕਾਲਜਾਂ ਦਾ ਨਿਰਮਾਣ ਕਰਵਾਇਆ। ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਤਾਮਰ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਮੁਕਤਸਰ ਦੇ ਸਿਵਲ ਹਸਪਤਾਲ 'ਚ ਸਰਜੀਕਲ ਵਾਰਡ ਅਤੇ ਅਪਰੇਸ਼ਨ ਥੀਏਟਰ, ਲੜਕੀਆਂ ਦਾ ਸਕੂਲ, ਕਾਲਜ ਤੇ ਹੋਸਟਲ ਬਣਾਇਆ। ਪੰਜਾਬ ਸਰਕਾਰ ਵਲੋਂ ਮੁਕਤਸਰ-ਬਠਿੰਡਾ ਬਾਈਪਾਸ ਦਾ ਨਾਮ ਡਾਕਟਰ ਕੇਹਰ ਸਿੰਘ ਮਾਰਗ ਰੱਖਿਆ ਗਿਆ।

ਡਾਕਟਰ ਕੇਹਰ ਸਿੰਘ ਦਾ ਜਨਮ 2 ਨਵੰਬਰ, 1895 ਨੂੰ ਫੌਜਾ ਸਿੰਘ ਤੇ ਮਹਾਂ ਕੌਰ ਦੇ ਘਰ ਸਿੱਧਵਾਂ ਬੇਟ (ਲੁਧਿਆਣਾ) ਵਿਖੇ ਹੋਇਆ। ਉਨ੍ਹਾਂ ਉਦਾਸੀ ਸਾਧੂਆਂ ਅਤੇ ਜਗਰਾਓਂ ਤੇ ਲੁਧਿਆਣਾ ਦੇ ਸਕੂਲਾਂ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਦੌਰਾਨ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ਦਿੱਤੀ ਫਾਂਸੀ ਦੀ ਸਜ਼ਾ ਨੇ ਉਨ੍ਹਾਂ ਦੇ ਬਾਲ ਮਨ ਵਿਚ ਅੰਗਰੇਜ਼ਾਂ ਖਿਲਾਫ ਨਫ਼ਰਤ ਅਤੇ ਦੇਸ਼ ਪਿਆਰ ਦਾ ਜਜ਼ਬਾ ਭਰ ਦਿੱਤਾ। ਉਹ 'ਗਦਰ ਗੂੰਜ' ਵਰਗੇ ਅਖ਼ਬਾਰ ਨਾਲ ਜੁੜ ਗਏ। ਗਦਰ ਪਾਰਟੀ ਨੇ ਉਨ੍ਹਾਂ ਨੂੰ ਕਲਕੱਤਾ ਦੇ ਆਜ਼ਾਦੀ ਘੁਲਾਟੀਏ ਰਾਮ ਬਿਹਾਰੀ ਬੋਸ ਪਾਸੋਂ ਦੇਸੀ ਬੰਬ ਬਣਾਉਣਾ ਵੀ ਸਿਖਾਇਆ। ਲੁਧਿਆਣਾ ਵਿਚ ਇਕ ਬੰਬ ਅਚਾਨਕ ਫਟ ਗਿਆ। ਕੋਈ ਜਾਨੀ ਨੁਕਸਾਨ ਤਾਂ ਨਾ ਹੋਇਆ ਪਰ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਨਾਬਾਲਗ ਹੋਣ ਕਰਕੇ ਕੇਸ ਤਾਂ ਦਰਜ ਨਹੀਂ ਕੀਤਾ ਪਰ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮ ਕਿ 'ਕੇਹਰ ਸਿੰਘ ਖਤਰਨਾਕ ਹੈ ਅਤੇ ਹਿਜ਼ ਮੈਜਿਸਟੀ ਦੇ ਖਿਲਾਫ ਬਾਗੀ ਕਾਰਵਾਈਆਂ ਵਿਚ ਸ਼ਾਮਲ ਹੈ', ਕਾਰਨ ਉਨ੍ਹਾਂ ਨੂੰ ਲੁਧਿਆਣਾ ਦੇ ਖਾਲਸਾ ਹਾਈ ਸਕੂਲ ਵਿਚੋਂ ਕੱਢ ਦਿੱਤਾ ਗਿਆ। ਫਿਰ ਉਨ੍ਹਾਂ ਦਸਵੀਂ ਆਰੀਆ ਹਾਈ ਸਕੂਲ ਜਗਰਾਓਂ ਦੇ ਹੈੱਡ ਮਾਸਟਰ ਜਸਪਤ ਰਾਏ ਜੋ ਲਾਲਾ ਲਾਜਪਤ ਰਾਏ ਦੇ ਵੱਡੇ ਭਰਾ ਸਨ, ਦੀ ਮਦਦ ਨਾਲ ਪ੍ਰਾਈਵੇਟ ਤੌਰ 'ਤੇ ਪਾਸ ਕੀਤੀ।

ਪਹਿਲਾ ਵਿਸ਼ਵ ਯੁੱਧ ਹੋਣ ਕਰਕੇ ਡਾਕਟਰਾਂ ਦੀ ਭਾਰੀ ਲੋੜ ਸੀ, ਇਸ ਲਈ ਉਨ੍ਹਾਂ ਨੂੰ ਆਗਰਾ ਦੇ ਮੈਡੀਕਲ ਸਕੂਲ ਵਿਚ ਦਾਖਲਾ ਮਿਲ ਗਿਆ। ਇੱਥੋਂ ਉਨ੍ਹਾਂ ਨੇ ਡਾਕਟਰੀ ਦਾ ਡਿਪਲੋਮਾ ਅਤੇ ਮੈਡੀਕਲ ਪ੍ਰੈਕਟੀਸ਼ਨਰ ਦਾ ਲਾਇਸੈਂਸ ਲਿਆ। ਉਹ ਪਹਿਲਾਂ ਕੋਇਟਾ ਅਤੇ ਫਿਰ ਪੈਲੇਸਟੀਨ ਵਿਚ ਫੌਜੀ ਡਾਕਟਰ ਵਜੋਂ ਤਾਇਨਾਤ ਹੋਏ। ਫਿਰ ਉਹ 14 ਸਿੱਖ ਰੈਜੀਮੈਂਟ ਫਿਰੋਜ਼ਪੁਰ ਵਿਚ ਆ ਗਏ ਪਰ ਕਾਲੀਆਂ ਪੱਗਾਂ ਬੰਨ੍ਹ ਕੇ ਗੁਰੂ ਕੇ ਬਾਗ ਅਤੇ ਗੁਰਦੁਆਰਾ ਸੁਧਾਰ ਲਹਿਰ ਮੋਰਚੇ ਵਿਚ ਸ਼ਾਮਲ ਹੋਣ ਕਾਰਨ ਉਨ੍ਹਾਂ ਨੂੰ ਪਲੇਸਟੀਨ ਦੀ ਬਹਾਦਰੀ ਦਾ ਇਨਾਮ ਦੇਣ ਤੋਂ ਪਹਿਲਾਂ ਹੀ ਸ਼ਿਮਲੇ ਵਿਚ ਉਨ੍ਹਾਂ ਦਾ ਕੋਰਟ ਮਾਰਸ਼ਲ ਹੋ ਗਿਆ। ਉਨ੍ਹਾਂ ਨੂੰ ਫੌਜ ਵਿਚੋਂ ਕੱਢ ਦਿੱਤਾ ਗਿਆ ਅਤੇ ਡਾਕਟਰੀ ਦਾ ਲਾਇਸੈਂਸ ਬਚਾਉਣ ਲਈ 7000 ਰੁਪਏ ਜੁਰਮਾਨਾ ਭਰਨ ਦਾ ਹੁਕਮ ਦਿੱਤਾ ਗਿਆ। ਉਨ੍ਹਾਂ ਆਪਣੇ ਰਿਸ਼ਤੇਦਾਰਾਂ ਪਾਸੋਂ ਪੈਸੇ ਇਕੱਠੇ ਕਰ ਕੇ ਜੁਰਮਾਨਾ ਭਰਿਆ। ਇਹ ਜੁਰਮਾਨਾ ਗੁਰਦੁਆਰਾ ਲਹਿਰ ਵੇਲੇ ਲਾਏ ਗਏ ਵੱਡੇ ਜੁਰਮਾਨਿਆਂ ਵਿਚੋਂ ਇਕ ਸੀ। ਕੋਰਟ ਮਾਰਸ਼ਲ ਜੱਜ ਨੇ ਕਿਹਾ ਸੀ ਕਿ ਡਾਕਟਰੀ ਦਾ ਲਾਇਸੈਂਸ ਰੱਦ ਕਰ ਕੇ ਡਾਕਟਰ ਕੇਹਰ ਸਿੰਘ ਦੇ ਦਿਮਾਗ ਵਿਚੋਂ ਡਾਕਟਰੀ ਤਾਂ ਨਹੀਂ ਕੱਢੀ ਜਾ ਸਕਦੀ। ਇਸ ਲਈ ਜੁਰਮਾਨਾ ਲੈ ਕੇ ਲਾਇਸੈਂਸ ਦੇ ਦਿੱਤਾ ਜਾਵੇ।



*ਸਾਬਕਾ ਰਾਸ਼ਟਰਤੀ ਗਿਆਨੀ ਜ਼ੈਲ ਸਿੰਘ ਤੇ ਸਿੱਖ ਵਿਦਵਾਨ ਗਿਆਨੀ ਗੁਰਚਰਨ ਸਿੰਘ ਦੇ ਵਿਚਕਾਰ ਡਾਕਟਰ ਕੇਹਰ ਸਿੰਘ ਦੀ ਯਾਦਗਾਰੀ ਤਸਵੀਰ।*

ਜੈਤੋ ਦਾ ਮੋਰਚਾ ਚੱਲ ਰਿਹਾ ਸੀ ਅਤੇ ਮੋਰਚੇ ਦਾ ਡਾਕਟਰ ਅੰਗਰੇਜ਼ੀ ਤਸ਼ੱਦਦ ਦੇ ਡਰੋਂ ਭੱਜ ਗਿਆ ਸੀ। ਜਥੇਦਾਰ ਤੇਜਾ ਸਿੰਘ ਸਮੁੰਦਰੀ ਦੀ ਪ੍ਰੇਰਨਾ ਨਾਲ ਡਾਕਟਰ ਕੇਹਰ ਸਿੰਘ ਮੋਰਚੇ 'ਚ ਸ਼ਾਮਲ ਹੋ ਗਏ। ਜੈਤੋਂ, ਗੰਗਸਰ ਗੁਰਦੁਆਰੇ ਲਾਗੇ ਪੁਲੀਸ ਨੇ ਗੋਲੀ ਚਲਾ ਦਿੱਤੀ। ਲਾਸ਼ਾਂ ਦੇ ਢੇਰ ਲੱਗ ਗਏ। ਡਾਕਟਰ ਸਾਹਿਬ ਨੇ ਬਹੁਤ ਲੋਕਾਂ ਦੀ ਜਾਨ ਬਚਾਈ। ਇਸ ਮੋਰਚੇ ਵਿਚ ਮਲੇਸ਼ੀਆਂ ਤੋਂ ਆਏ ਨੌਜਵਾਨ ਸੰਜੀਲਾ ਸਿੰਘ ਨੇ ਘੋੜੇ ਨਾਲ ਹੀ ਗੋਰਖਾ ਫੌਜੀ ਦੀ ਮਸ਼ੀਨ ਗੰਨ ਦੇ ਉਤੋਂ ਦੀ ਛਾਲ ਮਾਰ ਦਿੱਤੀ, ਜਿਸ ਕਰਕੇ ਮਸ਼ੀਨਗੰਨ ਪੱਟੀ ਗਈ ਤੇ ਬਹੁਤ ਸਾਰੇ ਸਿੰਘ ਜਾਨੋਂ ਬਚ ਗਏ। ਇਨ੍ਹਾਂ ਵਿਚ ਜਥੇਦਾਰ ਸੋਹਨ ਸਿੰਘ ਜਲਾਲ ਉਸਮਾਂ ਵੀ ਸਨ, ਜੋ ਬਾਅਦ ਵਿਚ ਪੰਜਾਬ ਦੇ ਵਜ਼ੀਰ ਵੀ ਬਣੇ। ਖ਼ਫਾ ਹੋਈ ਅੰਗਰੇਜ਼ ਹਕੂਮਤ ਨੇ ਉਨ੍ਹਾਂ ਨੂੰ 6 ਮਹੀਨੇ ਨਾਭਾ ਜੇਲ੍ਹ ਵਿਚ ਕੈਦ ਕਰ ਦਿੱਤਾ। ਉਸ ਵੇਲੇ ਉਥੇ ਪੰਡਤ ਜਵਾਹਰ ਲਾਲ ਨਹਿਰੂ ਵੀ ਕੈਦ ਸਨ।

ਇਸ ਤੋਂ ਬਾਅਦ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਮੁਕਤਸਰ ਦੇ ਗੁਰਦੁਆਰਿਆਂ ਦੀ ਸੰਭਾਲ ਲਈ ਭੇਜ ਦਿੱਤਾ। ਉਨ੍ਹਾਂ ਨੇ ਪ੍ਰਬੰਧ ਦੇ ਨਾਲ ਡਿਸਪੈਂਸਰੀ ਚਲਾ ਕੇ ਅਤੇ ਪਲੇਗ ਦੀ ਬਿਮਾਰੀ ਦੌਰਾਨ ਪਿੰਡ-ਪਿੰਡ ਜਾ ਕੇ ਲੋਕਾਂ ਦਾ ਇਲਾਜ ਕੀਤਾ। ਇਸੇ ਦੌਰਾਨ ਕਾਮਰੇਡ ਆਤਮਾ ਸਿੰਘ, ਆਪਣੇ ਹੀ ਪਿਸਤੌਲ ਨਾਲ ਕੋਟਕਪੂਰਾ ਲਾਗਲੇ ਪਿੰਡ ਵਾੜਾ ਦਰਾਕਾ ਵਿਖੇ ਜ਼ਖਮੀ ਹੋ ਗਏ। ਇਸ ਲਈ ਗੱਡੇ ਨੂੰ ਇਕ ਪਾਸੇ ਬਲਦ ਤੇ ਦੂਜੇ ਪਾਸੇ ਜਥੇਦਾਰ ਜੋਗਾ ਸਿੰਘ ਅਤੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਜੋ ਉਸ ਸਮੇਂ 15 ਸਾਲ ਦੇ ਸਨ, ਨੇ ਜੁੜਕੇ ਗੱਡਾ ਪਿੰਡ ਵਾੜਾ ਦਰਾਕਾ ਲਿਆਂਦਾ। ਉਥੋਂ ਇਕ ਹੋਰ ਬਲਦ ਲਿਆ, ਫਿਰ ਮੁਕਤਸਰ ਡਾਕਟਰ ਕੇਹਰ ਸਿੰਘ ਕੋਲ ਪੁੱਜੇ। ਡਾਕਟਰ ਕੇਹਰ ਸਿੰਘ ਨੇ ਬੜੀ ਸਫਾਈ ਨਾਲ ਆਤਮਾ ਸਿੰਘ ਦੇ ਸਰੀਰ 'ਚ ਲੱਗੀ ਗੋਲੀ ਕੱਢ ਦਿੱਤੀ। ਕਈ ਦਿਨ ਆਪਣੇ ਕੋਲ ਹੀ ਰੱਖਿਆ। ਬਾਅਦ ਵਿਚ ਆਤਮਾ ਸਿੰਘ ਚੀਨ ਵੀ ਗਏ ਸਨ।

ਉਨ੍ਹਾਂ ਨੇ ਆਪਣੀ ਪਤਨੀ ਚੰਦ ਕੌਰ ਦੀ ਯਾਦ 'ਚ 1954 ਵਿਚ ਮੁਕਤਸਰ ਦੇ ਸਿਵਲ ਹਸਪਤਾਲ ਵਿਚ ਸਰਜੀਕਲ ਵਾਰਡ ਤੇ ਅਪ੍ਰੇਸ਼ਨ ਥਿਏਟਰ ਵੀ ਬਣਾਇਆ। ਗੁਰਦੁਆਰਾ ਟਿੱਬੀ ਸਾਹਿਬ ਲਾਗੇ ਪੂਰਨ ਸਿੰਘ ਮਧੀਰ, ਨਿਧਾਨ ਸਿੰਘ ਬਾਮ ਹੋਰਾਂ ਦੀ ਮਦਦ ਨਾਲ ਕਾਲਜ ਅਤੇ ਹੋਸਟਲ ਬਣਾਇਆ।

ਇਸ ਦੌਰਾਨ ਡਾਕਟਰ ਕੇਹਰ ਸਿੰਘ ਨੇ 10ਵੀਂ ਸਦੀ ਦੇ ਅਖੀਰ ਵਿਚ ਕਾਲ ਪੈਣ ਕਰਕੇ ਮਾਮਲਾ ਤਾਰਨ ਤੋਂ ਅਵਾਜ਼ਾਰ ਜ਼ਿਮੀਂਦਾਰਾਂ ਵਲੋਂ ਗੁਰਦੁਆਰਿਆਂ ਦੇ ਨਾਮ ਲਵਾਈਆਂ ਜ਼ਮੀਨਾਂ ਮਾਸਟਰ ਤਾਰਾ ਸਿੰਘ ਨੂੰ ਕਹਿ ਕੇ ਵਾਪਸ ਦੁਆਈਆਂ। ਇਸੇ ਤਰ੍ਹਾਂ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਸਾਂਝੇ ਫਾਰਮ ਬਣਾਉਣ ਕਰਕੇ ਕਿਸਾਨਾਂ ਦੀਆਂ ਜ਼ਮੀਨਾਂ ਖੁੱਸਣ ਤੋਂ ਬਚਾਉਣ ਲਈ ਉਨ੍ਹਾਂ ਪੰਜਾਬ ਵਿਚ 'ਦਿਹਾਤੀ ਜਨਤਾ ਪਾਰਟੀ' ਬਣਾਈ। ਰਾਜ ਗੋਪਾਲ ਅਚਾਰੀਆ ਜੋ ਭਾਰਤ ਦੇ ਪਹਿਲੇ ਗਵਰਨਲ ਜਨਰਲ ਸਨ, ਦਰਸ਼ਨ ਸਿੰਘ ਫੇਰੂਮਾਨ, ਊਧਮ ਸਿੰਘ ਨਾਗੋਕੇ, ਬਸੰਤ ਸਿੰਘ ਪਟਿਆਲਾ, ਰਾਜਾ ਮਹੇਸ਼ ਇੰਦਰ ਸਿੰਘ ਹੋਰਾਂ ਨਾਲ ਮਿਲ ਕੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਨੂੰ ਸਰਕਾਰੀ ਮਾਲਕੀ ਤੋਂ ਬਚਾਇਆ। ਉਨ੍ਹਾਂ ਨੇ ਡਾਕਟਰੀ ਦੇ ਨਾਲ ਆਧੁਨਿਕ ਖੇਤੀ, ਬਾਗਬਾਨੀ ਅਤੇ ਘੋੜੇ ਪਾਲਣ ਦਾ ਕੰਮ ਵੀ ਕੀਤਾ।

ਡਾਕਟਰ ਕੇਹਰ ਸਿੰਘ ਦੀ ਪਹਿਲੀ ਸ਼ਾਦੀ ਬੀਬੀ ਚੰਦ ਕੌਰ ਅਤੇ ਦੂਜੀ ਭਗਵਾਨ ਕੌਰ ਨਾਲ ਹੋਈ। ਉਨ੍ਹਾਂ ਦੇ ਚਾਰ ਪੁੱਤਰ ਅਤੇ ਤਿੰਨ ਧੀਆਂ ਸਨ। ਉਨ੍ਹਾਂ ਦੇ ਪੁੱਤਰ, ਪੋਤਰੇ ਤੇ ਦੋਹਤੇ ਸਮਾਜ ਦੇ ਵੱਖ-ਵੱਖ ਖੇਤਰਾਂ 'ਚ ਵੱਡੀਆਂ ਮੱਲਾਂ ਮਾਰ ਰਹੇ ਹਨ। ਆਪਣੀ ਆਖਰੀ ਉਮਰੇ ਉਹ ਘਰ-ਬਾਰ ਦਾ ਮੋਹ ਤੇ ਕੰਮ ਤਿਆਗ ਕੇ ਕੁੱਲ ਵਕਤੀ ਤੌਰ 'ਤੇ ਸਮਾਜ ਸੇਵਾ ਵਿਚ ਜੁਟੇ ਰਹਿੰਦੇ ਸਨ। ਅਖੀਰ 5 ਜਨਵਰੀ 1986 ਨੂੰ ਉਨ੍ਹਾਂ ਲੋਕਾਂ ਲਈ ਕੰਮ ਕਰਦਿਆਂ ਹੀ ਆਪਣਾ ਅੰਤਮ ਸਵਾਸ ਲਿਆ। ਅੱਜ ਵੀ ਲੋਕ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਯਾਦ ਕਰਦੇ ਹਨ ਤੇ ਉਹ ਲੋਕ ਮਨਾਂ 'ਚ ਸਦੀਆਂ ਤਕ ਜਿਉਂਦੇ ਰਹਿਣਗੇ।

# ਕਰਤਾਰਪੁਰ ਲਾਂਘਾ, ਵਾਹਗਾ ਅਤੇ ਵਪਾਰਕ ਗਲਵੱਕੜੀ

***ਜਿਵੇਂ ਅਕਸਰ ਆਖਿਆ ਜਾਂਦਾ ਹੈ ਕਿ 1947 ਵਿਚ ਅੰਗਰੇਜ਼ਾਂ ਤੋਂ ਆਜ਼ਾਦੀ ਮੌਕੇ ਭਾਰਤ ਦੀ ਨਹੀਂ ਸਗੋਂ ਪੰਜਾਬ ਅਤੇ ਬੰਗਾਲ ਦੀ ਵੰਡ ਹੋਈ। ਉਸ ਵਕਤ ਦੋਹਾਂ ਪਾਸਿਆਂ ਦਾ ਬਹੁਤ ਜਾਨੀ-ਮਾਲੀ ਨੁਕਸਾਨ ਹੋਇਆ ਜਿਸ ਦੀ ਅੱਜ ਤੱਕ ਭਰਪਾਈ ਨਹੀਂ ਹੋ ਸਕੀ। ਉਂਜ, ਭਾਰਤ ਅਤੇ ਪਾਕਿਸਤਾਨ ਵਿਚਕਾਰ ਪਿਛਲੇ ਸੱਤ ਦਹਾਕਿਆਂ ਦੌਰਾਨ ਜਿਸ ਤਰ੍ਹਾਂ ਦੀ ਸਿਆਸਤ ਹੁੰਦੀ ਰਹੀ ਹੈ, ਦੋਹਾਂ ਪੰਜਾਬਾਂ ਦੇ ਲੋਕ ਚਾਹ ਕੇ ਵੀ ਨੇੜੇ ਨਹੀਂ ਆ ਸਕੇ। ਹਰਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੁਝ ਅਜਿਹੇ ਹੀ ਵਲਵਲੇ ਸਾਂਝੇ ਕੀਤੇ ਹਨ ਅਤੇ ਤੱਥਾਂ ਸਹਿਤ ਦੱਸਿਆ ਹੈ ਕਿ ਜੇ ਦੋਹਾਂ ਪੰਜਾਬਾਂ ਵਿਚਕਾਰ ਵਪਾਰਕ ਰਿਸ਼ਤੇ ਰਵਾਂ ਹੋ ਜਾਣ ਤਾਂ ਕਿੱਡੀ ਵੱਡੀ ਛਾਲ ਵੱਜ ਸਕਦੀ ਹੈ।***




ਇਸ ਸਾਲ ਕਰਤਾਪੁਰ ਲਾਂਘੇ ਦਾ ਖੋਲ੍ਹਿਆ ਜਾਣਾ ਸ਼ਲਾਘਾਯੋਗ ਕਦਮ ਹੈ ਅਤੇ ਇਸ ਨੂੰ ਖੁੱਲ੍ਹਵਾਉਣ ਲਈ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਧਿਰਾਂ ਪ੍ਰਸੰਸਾ ਦੀਆਂ ਹੱਕਦਾਰ ਹਨ। ਇਸ ਨਾਲ ਦੇਸ਼, ਖਾਸ ਕਰਕੇ ਪੰਜਾਬ ਦੇ ਲੋਕਾਂ ਦੀ ਲੰਮੇ ਸਮੇਂ ਦੀ ਖਾਹਿਸ਼ ਪੂਰੀ ਹੋਈ ਹੈ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚ ਇਸ ਨਾਲ ਭਾਈਚਾਰਕ ਸਾਂਝ ਵਧੇਗਾ। ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਨਾਲ ਦੇਸ਼-ਵਿਸ਼ੇਸ਼ ਕਰਕੇ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਅਤੇ ਰੂਹਾਨੀ ਭਾਵਨਾਵਾਂ ਦੀ ਤ੍ਰਿਪਤੀ ਹੋਣ ਦੀਆਂ ਸੰਭਾਵਨਾਵਾਂ ਨੂੰ ਬੂਰ ਪਿਆ ਹੈ। ਇਸੇ ਤਰਜ਼ 'ਤੇ ਵਾਹਗਾ ਸਰਹੱਦ ਖੋਲ੍ਹਣ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਅਥਾਹ ਆਰਥਕ ਫਾਇਦਾ ਹੋ ਸਕਦਾ ਹੈ ਅਤੇ ਇਹ ਮੰਗ ਜ਼ੋਰਦਾਰ ਤਰੀਕੇ ਨਾਲ



**ਹਰਵਿੰਦਰ ਸਿੰਘ**
**ਫੋਨ: +91-97790-89450**

ਉਠਾਉਣ ਦੀ ਲੋੜ ਹੈ। ਇਸ ਵਿਚ ਵੀ ਪੰਜਾਬ ਹਿਤੈਸ਼ੀ ਧਿਰਾਂ ਹੀ ਸਿਰਕੱਢ ਰੋਲ ਅਦਾ ਕਰ ਸਕਦੀਆਂ ਹਨ ਕਿਉਂਕਿ ਇਸ ਦਾ ਸਭ ਤੋਂ ਜ਼ਿਆਦਾ ਫਾਇਦਾ ਵੀ ਦੋਵਾਂ ਪੰਜਾਬਾਂ ਨੂੰ ਹੀ ਹੋਣਾ ਹੈ ਅਤੇ ਗੱਲ ਅਗਾਂਹ ਤੁਰਨੀ ਹੈ।

ਪਿਛਲੇ ਸੱਤ ਦਹਾਕਿਆਂ ਵਿਚ ਪੰਜਾਬ ਦੀ ਹੱਦਬੰਦੀ ਵਿਚ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਇਸ ਦੇ ਸਮਾਜਕ ਤੇ ਸਭਿਆਚਾਰਕ ਜੀਵਨ ਅਤੇ ਅਰਥਚਾਰੇ 'ਤੇ ਗਹਿਰਾ ਨਕਾਰਾਤਮਿਕ ਪ੍ਰਭਾਵ ਪਿਆ। ਪਹਿਲੀ ਤਬਦੀਲੀ 1947 ਦੀ ਦੇਸ਼ ਦੀ ਵੰਡ ਸਮੇਂ ਵਾਪਰੀ। ਜਦੋਂ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ ਤਾਂ ਪੰਜਾਬ ਉਸ ਸਮੇਂ ਬਰਬਾਦੀ ਦੇ ਆਲਮ ਵਿਚ ਡੁੱਬਿਆ ਹੋਇਆ ਸੀ। ਅਸਲ ਵਿਚ ਇਹ ਵੰਡ ਦੇਸ਼ ਦੀ ਨਹੀਂ ਬਲਕਿ ਪੰਜਾਬ ਅਤੇ ਬੰਗਾਲ ਦੀ ਸੀ। ਇਸ ਵੰਡ ਨਾਲ ਪੰਜਾਬ ਦਾ ਕਾਫੀ ਬਿਹਤਰੀਨ ਅਤੇ ਜ਼ਰਖੇਜ਼ ਰਕਬਾ ਪਾਕਿਸਤਾਨ ਕੋਲ ਚਲਾ ਗਿਆ।

ਦੂਜੀ ਤਬਦੀਲੀ 1966 ਨੂੰ ਪੰਜਾਬ ਦੇ ਪੁਨਰਗਠਨ ਸਮੇਂ ਵਾਪਰੀ ਜਦੋਂ ਇਸ ਦੀ ਵੰਡ ਕਰ ਕੇ ਹਰਿਆਣਾ ਬਣਾ ਦਿੱਤਾ ਗਿਆ ਅਤੇ ਕੁਝ ਇਲਾਕੇ ਹਿਮਾਚਲ ਵਿਚ ਸ਼ਾਮਿਲ ਕਰ ਦਿੱਤੇ ਗਏ। ਪੰਜ ਦਰਿਆਵਾਂ ਵਾਲਾ ਪੰਜਾਬ ਢਾਈ ਦਰਿਆਵਾਂ ਵਾਲੀ ਸਿਰਫ ਸੂਬੀ ਜਿਹੀ ਬਣ ਕੇ ਰਹਿ ਗਿਆ। ਵੰਡ ਉਪਰੰਤ ਪੰਜਾਬ ਇਕ ਸੰਵੇਦਨਸ਼ੀਲ ਸਰਹੱਦੀ ਖਿੱਤਾ ਵੀ ਬਣ ਗਿਆ, ਜਿੱਥੇ ਨਿਵੇਸ਼ਕਾਰ ਸਰਮਾਇਆ ਲਾਉਣ ਤੋਂ ਝਿਜਕਣ ਲੱਗੇ ਅਤੇ ਜਿਸ ਦਾ ਵੰਡ ਨਾਲ ਪਹਿਲਾਂ ਹੀ ਝੰਬੀ ਆਰਥਕਤਾ 'ਤੇ ਹੋਰ ਵੀ ਮਾੜਾ ਪ੍ਰਭਾਵ ਪਿਆ। ਸਮੇਂ-ਸਮੇਂ ਹੋਈਆਂ ਭਾਰਤ ਪਾਕਿ ਜੰਗਾਂ, ਖਾੜਕੂਵਾਦ ਅਤੇ ਭ੍ਰਿਸ਼ਟ ਰਾਜਨੀਤਕ ਮਾਹੌਲ ਕਾਰਨ ਨਿਵੇਸ਼ਕਾਰਾਂ ਦਾ ਰਵੱਈਆ ਹੋਰ ਵੀ ਉਦਾਸੀਨਤਾ ਵਾਲਾ ਹੁੰਦਾ ਗਿਆ। ਇਸ ਸਾਰੇ ਘਟਨਾਕ੍ਰਮ ਦਾ ਸੂਬੇ ਦੀ ਆਰਥਕਤਾ 'ਤੇ ਬੇਹੱਦ ਮਾੜਾ ਅਸਰ ਪਿਆ।

21ਵੀਂ ਸਦੀ ਵਿਚ ਵਿਸ਼ਵੀਕਰਨ ਕਾਰਨ ਵਾਪਰ ਰਹੀਆਂ ਤਬਦੀਲੀਆਂ ਅਤੇ ਦੋਵਾਂ ਦੇਸ਼ਾਂ ਦੇ ਬਦਤਰ ਆਰਥਕ ਹਾਲਾਤ ਅਨੁਸਾਰ ਇਨ੍ਹਾਂ ਸਾਰੇ ਮਸਲਿਆਂ ਅਤੇ ਵਰਤਾਰਿਆਂ 'ਤੇ ਪੁਨਰ ਵਿਚਾਰ ਕਰਨ ਦੀ ਲੋੜ ਹੈ। ਵਿਸ਼ਵ ਇਕ ਪਿੰਡ ਬਣ ਚੁੱਕਾ ਹੈ। ਵੰਡੇ ਹੋਏ ਮੁਲਕ ਮੁੜ ਜੁੜ ਰਹੇ ਹਨ। ਯੂਰਪ ਦੇ 26 ਦੇਸ਼ਾਂ ਨੇ ਹੱਦਾਂ ਨੂੰ ਲਚਕੀਲਾ ਬਣਾ ਕੇ ਸਾਂਝਾ ਆਰਥਕ/ਮੰਡੀ ਖੇਤਰ ਬਣਾ ਕੇ ਸਾਂਝੀ ਸ਼ੇਂਗੈਨ ਵੀਜ਼ਾ ਪਾਲਿਸੀ ਦਾ ਉਤਮ ਤਜਰਬੇ ਵਾਲਾ ਮਾਡਲ ਪੇਸ਼ ਕੀਤਾ ਹੈ ਜਿਸ ਤੋਂ ਦੋਵਾਂ ਦੇਸ਼ਾਂ ਨੂੰ ਸਿੱਖਣ ਦੀ ਲੋੜ ਹੈ। ਭਾਰਤ ਅਤੇ ਪਾਕਿਸਤਾਨ ਜੋ ਗ਼ੁਰਬਤ, ਬੇਰੁਜ਼ਗਾਰੀ ਅਤੇ ਭੁੱਖਮਰੀ ਦੀ ਡਾਢੀ ਮਾਰ ਸਹਿ ਰਹੇ ਹਨ, ਉਨ੍ਹਾਂ ਨੂੰ ਵੀ ਆਪਣੀਆਂ ਸਰਹੱਦਾਂ ਨੂੰ ਲਚਕੀਲਾ ਬਣਾ ਕੇ ਦੁਵੱਲੇ ਵਪਾਰ ਨੂੰ ਹੁਲਾਰਾ ਦੇਣ ਦੀ ਲੋੜ ਹੈ ਜਿਸ ਦੀਆਂ ਬੇਅੰਤ ਸੰਭਾਵਨਾਵਾਂ ਹਨ। ਇੰਜ ਕਰਨ ਨਾਲ ਸਿਰਫ ਵਪਾਰ ਹੀ ਨਹੀਂ ਵਧੇਗਾ ਬਲਕਿ ਰੱਖਿਆ ਤੇ ਜ਼ਾਇਆ ਕੀਤੇ ਜਾ ਰਹੇ ਬੇਤਹਾਸ਼ਾ ਸਰਮਾਏ ਦੀ ਵੀ ਵੱਡੀ ਬੱਚਤ ਹੋਣ ਦੀ ਸੰਭਾਵਨਾ ਹੈ ਜੋ ਲੋਕਾਈ ਦੀ ਭਲਾਈ, ਜਿਵੇਂ ਸਿੱਖਿਆ, ਸਿਹਤ, ਗ਼ੁਰਬਤ ਅਤੇ ਭੁੱਖਮਰੀ ਦਾ ਹੱਲ ਕਰਨ 'ਤੇ ਲਗਾਈ ਜਾ ਸਕਦੀ ਹੈ। ਸੰਯੁਕਤ ਰਾਸ਼ਟਰ ਦੇ ਕੌਮਾਂਤਰੀ ਅਦਾਰੇ ਯੂ.ਐਨ.ਡੀ.ਪੀ. ਵਲੋਂ ਪ੍ਰਕਾਸ਼ਿਤ 189 ਦੇਸ਼ਾਂ ਦੀ ਆਲਮੀ 'ਮਨੁੱਖੀ ਵਿਕਾਸ ਰਿਪੋਰਟ-2020' ਜੋ ਵਿਸ਼ਵ ਦੇ ਦੇਸ਼ਾਂ ਦਾ ਮਾਨਵੀ ਵਿਕਾਸ ਦਾ ਪੱਧਰ ਦਰਸਾਉਂਦੀ ਹੈ, ਅਨੁਸਾਰ ਭਾਰਤ ਦਾ ਵਿਸ਼ਵ ਦੇ ਕੁੱਲ ਦੇਸ਼ਾਂ ਵਿਚ ਮਨੁੱਖੀ ਵਿਕਾਸ ਅਨੁਸਾਰ 131ਵਾਂ ਦਰਜਾ ਸੀ ਜਦ ਕਿ ਪਾਕਿਸਤਾਨ ਦਾ ਦਰਜਾ 154 ਸੀ ਜੋ ਇਸ ਤੋਂ ਵੀ ਘੱਟ ਸੀ; ਭਾਵ ਮਨੁੱਖੀ ਵਿਕਾਸ ਪੱਖੋਂ ਭਾਰਤ ਅਤੇ ਪਾਕਿਸਤਾਨ ਦੋਵੇਂ ਮੁਲਕ ਵਿਸ਼ਵ ਵਿਚ ਬਹੁਤ ਨਿਮਨ ਪੱਧਰ 'ਤੇ ਵਿਚਰ ਰਹੇ ਹਨ ਅਤੇ ਇਨ੍ਹਾਂ ਨੂੰ ਆਪਣੇ ਆਰਥਕ ਵਸੀਲੇ ਲੋਕਾਂ ਦੀ ਭਲਾਈ ਨਾਲ ਸੰਬੰਧਿਤ ਕਾਰਜਾਂ 'ਤੇ ਲਾਉਣ ਦੀ ਬਹੁਤ ਜ਼ਿਆਦਾ ਲੋੜ ਹੈ ਅਤੇ ਇਹ ਦੇਸ਼ ਆਪਣੇ ਦੁਵੱਲੇ ਵਪਾਰ ਰਾਹੀਂ ਆਰਥਕ ਮਜ਼ਬੂਤੀ ਵਧਣ ਅਤੇ ਰੱਖਿਆ ਖਰਚ ਘਟਣ ਨਾਲ ਇਨ੍ਹਾਂ ਕਾਰਜਾਂ ਲਈ ਕਾਫੀ ਵਸੀਲੇ ਜੁਟਾ ਸਕਦੇ ਹਨ। ਦੋਵੇਂ ਮੁਲਕ ਅਜੇ ਸ਼ਰੀਕੇਬਾਜ਼ੀ ਅਤੇ ਖਹਿਬਾਜ਼ੀ ਕਾਰਨ ਦੁਵੱਲੇ ਵਪਾਰ ਦੇ ਹੋਣ ਵਾਲੇ ਫਾਇਦਿਆਂ ਤੋਂ ਵਾਂਝੇ ਹਨ।

ਵਿਸ਼ਵ ਬੈਂਕ ਦੀ ਇਕ ਰਿਪੋਰਟ-2018 ਅਨੁਸਾਰ ਜੇਕਰ ਦੋਵੇਂ ਦੇਸ਼ ਦੁਵੱਲੇ ਵਪਾਰ ਸਬੰਧੀ ਟੈਰਿਫ ਅਤੇ ਨਾਨ ਟੈਰਿਫ ਨੀਤੀ ਵਿਚ ਸੋਧ ਕਰਕੇ ਨਰਮਾਈ ਵਾਲਾਂ ਵਤੀਰਾ ਆਪਣਾ ਲੈਣ ਤਾਂ ਇਨ੍ਹਾਂ ਦਾ ਮੌਜੂਦਾ ਵਪਾਰ ਜੋ ਇਸ ਸਮੇਂ 2 ਬਿਲੀਅਨ ਅਮਰੀਕੀ ਡਾਲਰ ਦਾ ਹੈ, ਉਹ 37 ਬਿਲੀਅਨ ਡਾਲਰ ਤੱਕ ਪੁੱਜ ਸਕਦਾ ਹੈ; ਭਾਵ 16 ਗੁਣਾਂ ਤੋਂ ਵੀ ਜ਼ਿਆਦਾ ਵਧ ਸਕਦਾ ਹੈ। ਵਪਾਰ ਵਾਧੇ ਦੇ ਇਹ ਅੰਕੜੇ ਮੌਜੂਦਾ ਵਪਾਰ ਪ੍ਰਬੰਧ (ਮੁੰਬਈ-ਕਰਾਚੀ) ਅਨੁਸਾਰ ਹਨ ਅਤੇ ਜੇਕਰ ਇਹ ਵਪਾਰ ਵਾਹਗਾ ਸਰਹੱਦ ਖੋਲ੍ਹ ਕੇ ਕੀਤਾ ਜਾਂਦਾ ਹੈ ਤਾਂ ਇਹ ਹੋਰ ਵੀ ਕਈ ਗੁਣਾ ਵਧ ਸਕਦਾ ਹੈ ਅਤੇ ਲਾਗਤ ਪੱਖੋਂ ਬਹੁਤ ਹੀ ਲਾਹੇਵੰਦਾ ਹੋ ਸਕਦਾ ਹੈ। ਟੈਰਿਫ ਨੀਤੀ ਤੋਂ ਭਾਵ ਹੈ ਕੌਮਾਂਤਰੀ ਵਪਾਰ ਵਾਲੀਆਂ ਵਸਤਾਂ 'ਤੇ ਟੈਕਸ ਨੂੰ ਨਰਮ ਕਰਨਾ ਅਤੇ ਨਾਨ-ਟੈਰਿਫ ਨੀਤੀ ਤੋਂ ਭਾਵ ਹੈ, ਵੀਜ਼ਾ ਨੀਤੀ ਦੀਆਂ ਸ਼ਰਤਾਂ ਨੂੰ ਨਰਮ ਕਰਨਾ, ਵਪਾਰਯੋਗ ਸਹੀ ਵਸਤਾਂ ਦੀ ਸੂਚੀ ਨੂੰ ਖੁੱਲ੍ਹਾ ਕਰਨਾ, ਗੁੰਝਲਦਾਰ ਵਪਾਰ ਪ੍ਰਕਿਰਿਆ ਨੂੰ ਸੌਖਾ ਕਰਨਾ ਤੇ ਵਪਾਰ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਮੁਹੱਈਆ ਕਰਵਾਉਣਾ ਆਦਿ।

ਭਾਰਤ ਪਾਕਿਸਤਾਨ ਵਪਾਰ ਵਿਚ ਸਭ ਤੋਂ ਵੱਡੀ ਅੜਚਣ ਸਰਹੱਦੀ ਤਣਾਅ ਜਾਂ ਕਸ਼ਮੀਰ ਮੁੱਦੇ 'ਤੇ ਖਹਿਬਾਜ਼ੀ ਹੈ। ਮਿਸਾਲ ਵਜੋਂ 5 ਫਰਵਰੀ, 2019 ਵਿਚ ਪੁਲਵਾਮਾ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਨੂੰ 'ਵਪਾਰ ਲਈ ਤਰਜੀਹੀ ਦੇਸ਼' ਵਾਲੀ ਲਿਸਟ ਵਿਚੋਂ ਕੱਢ ਦਿੱਤਾ ਸੀ (ਜਿਸ ਵਿਚ ਪਾਕਿਸਤਾਨ ਨੂੰ 1996 ਵਿਚ ਦਰਜ ਕੀਤਾ ਗਿਆ ਸੀ) ਅਤੇ ਪਾਕਿਸਤਾਨੀ ਵਸਤਾਂ ਦੀ ਆਯਾਤ 'ਤੇ 200 ਪ੍ਰਤੀਸ਼ਤ ਦਾ ਟੈਰਿਫ (ਆਯਾਤ ਟੈਕਸ) ਲਗਾ ਦਿੱਤਾ ਗਿਆ ਸੀ ਜਿਸ ਨਾਲ ਭਾਰਤ ਵਿਚ ਹੋਣ ਵਾਲੇ ਪਾਕਿਸਤਾਨ ਦੇ ਆਯਾਤ ਨੂੰ ਕਾਫੀ ਧੱਕਾ ਲੱਗਾ ਸੀ। ਇਸੇ ਤਰ੍ਹਾਂ ਅਗਸਤ 2019 ਵਿਚ ਭਾਰਤ ਵਲੋਂ ਜੰਮੂ ਕਸ਼ਮੀਰ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਐਲਾਨਣ ਦੇ ਵਿਰੋਧ ਵਿਚ ਪਾਕਿਸਤਾਨ ਨੇ ਭਾਰਤ ਨਾਲ ਆਪਣਾ ਵਪਾਰਕ ਨਾਤਾ ਖਤਮ ਕਰ ਦਿੱਤਾ ਸੀ ਜਿਸ ਨਾਲ ਕੇਵਲ ਅੰਮ੍ਰਿਤਸਰ ਦੇ ਸਰਹੱਦੀ ਜ਼ਿਲ੍ਹੇ ਦੇ ਹੀ 50 ਹਜ਼ਾਰ ਲੋਕਾਂ ਨੂੰ 4.2 ਮਿਲੀਅਨ ਡਾਲਰ ਨੁਕਸਾਨ ਹੋਣ ਦਾ ਅਨੁਮਾਨ ਹੈ। ਇਸ ਕਾਰਨ ਇਸ ਸਮੇਂ ਦੌਰਾਨ ਪਾਕਿਸਤਾਨ ਦਾ ਭਾਰਤ ਵਿਚ ਹੋਣ ਵਾਲਾ ਨਿਰਯਾਤ 213 ਮਿਲੀਅਨ ਡਾਲਰ ਤੋਂ ਘਟ ਕੇ ਸਿਰਫ 16.8 ਮਿਲੀਅਨ ਡਾਲਰ ਰਹਿ ਗਿਆ ਅਤੇ ਇਸੇ ਤਰ੍ਹਾਂ ਭਾਰਤ ਤੋਂ ਪਾਕਿਸਤਾਨ ਨੂੰ ਹੋਣ ਵਾਲਾ ਵਪਾਰ 865 ਮਿਲੀਅਨ ਡਾਲਰ ਤੋਂ ਘਟ ਕੇ 286 ਮਿਲੀਅਨ ਡਾਲਰ ਰਹਿ ਗਿਆ। ਦੋਵਾਂ ਦੇਸ਼ਾਂ ਦਾ ਹਿਤ ਇਸ ਤਰ੍ਹਾਂ ਦੀ ਕੁੜੱਤਣ ਵਿਚੋਂ ਬਾਹਰ ਨਿਕਲਣ ਵਿਚ ਹੀ ਹੈ।

ਇਸ ਤਰ੍ਹਾਂ ਦੀਆਂ ਸਖਤ ਪਾਬੰਦੀਆਂ ਕਾਰਨ ਸਰਹੱਦ ਰਾਹੀਂ ਸਮਗਲਿੰਗ ਅਤੇ ਹੋਰ ਗ਼ੈਰ-ਕਾਨੂੰਨੀ ਤਰੀਕੇ ਨਾਲ ਹੋਰਨਾਂ ਮੁਲਕਾਂ ਜਿਵੇਂ ਥਾਈਲੈਂਡ, ਸਿੰਗਾਪੁਰ ਅਤੇ ਸੰਯੁਕਤ ਰਾਜ ਅਮੀਰਾਤ ਆਦਿ ਦੇਸ਼ਾਂ ਰਾਹੀਂ ਵਪਾਰ ਵਿਚ ਵਾਧਾ ਹੁੰਦਾ ਹੈ ਜਿਸ 'ਤੇ ਕੋਈ ਟੈਰਿਫ (ਟੈਕਸ) ਨਾ ਲੱਗਣ ਕਰਕੇ ਦੋਵਾਂ ਦੇਸ਼ਾਂ ਦੇ ਸਰਕਾਰੀ ਖਜ਼ਾਨੇ ਨੂੰ ਬਹੁਤ ਵੱਡਾ ਘਾਟਾ ਪੈਂਦਾ ਹੈ। ਦੋਵਾਂ ਦੇਸ਼ਾਂ ਤੋਂ ਅਜਿਹਾ ਗ਼ੈਰ-ਰਸਮੀ ਵਪਾਰ 3.9 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ ਜੋ ਕਾਨੂੰਨੀ ਵਪਾਰ (2 ਬਿਲੀਅਨ ਡਾਲਰ) ਨਾਲੋਂ ਕਰੀਬ ਦੁੱਗਣਾ ਬਣਦਾ ਹੈ।

ਰਸਮੀ ਪੱਖੋਂ ਦੋਵਾਂ ਦੇਸ਼ਾਂ ਵਿਚਕਾਰ ਵਾਜਬ ਵਪਾਰ ਬਾਕੀਆਂ ਦੇ ਮੁਕਾਬਲੇ ਸਭ ਤੋਂ ਵੱਧ ਲਾਹੇਵੰਦਾ ਹੋ ਸਕਦਾ ਹੈ, ਕਿਉਂਕਿ ਇਹ ਦੇਸ਼ ਬਿਲਕੁਲ ਨਜ਼ਦੀਕੀ ਹਨ ਅਤੇ ਵਸਤਾਂ ਦੀ ਆਵਾਜਾਈ ਅਤੇ ਢੋਆ-ਢੁਆਈ ਦੀ ਲਾਗਤ ਬਹੁਤ ਘੱਟ ਆਉਂਦੀ ਹੈ ਪਰ ਮੰਦਭਾਗੀ ਗੱਲ ਇਹ ਹੈ ਕਿ ਦੋਵਾਂ ਦੇਸ਼ਾਂ ਦੇ ਅੰਕੜੇ ਬਹੁਤ ਨਿਗੂਣੀ ਮਾਤਰਾ (ਕੁੱਲ ਵਪਾਰ ਦਾ ਕੇਵਲ ਇਕ ਪ੍ਰਤੀਸ਼ਤ ਤੋਂ ਵੀ ਘੱਟ) ਦਾ ਆਪਸੀ ਵਪਾਰ ਹੋਣ ਦੀ ਦਰ ਦਰਸਾਉਂਦੇ ਹਨ ਅਤੇ ਸਮੇਂ-ਸਮੇਂ ਆਪਸੀ ਤਣਾਓ ਬਣਨ ਕਾਰਨ ਇਹ ਦਰ ਹੋਰ ਵੀ ਘਟਦੀ ਜਾ ਰਹੀ ਹੈ। ਇਹ ਦੋਵਾਂ ਮੁਲਕਾਂ ਦੇ ਲੋਕਾਂ ਅਤੇ ਲੋਕ ਹਿਤੈਸ਼ੀ ਧਿਰਾਂ ਲਈ ਸੰਜੀਦਗੀ ਨਾਲ ਸੋਚਣ ਵਾਲਾ ਮੁੱਦਾ ਹੈ। ਲੋਕ ਹਿਤੈਸ਼ੀ ਧਿਰਾਂ ਨੂੰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਵਪਾਰ ਸੰਬੰਧ ਸੁਖਾਵੇਂ ਬਣਾਉਣ ਅਤੇ ਸਰਹੱਦੀ ਕੁੜੱਤਣ ਘਟਾਉਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਇਸ ਵਿਚ ਪੰਜਾਬੀਆਂ ਅਤੇ ਪੰਜਾਬ ਦਾ ਭਲਾ ਚਾਹੁਣ ਵਾਲੀਆਂ ਧਿਰਾਂ ਨੂੰ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ, ਕਿਉਂਕਿ ਵੰਡ ਦੌਰਾਨ ਇਨ੍ਹਾਂ ਦਾ ਸਭ ਤੋਂ ਵੱਧ ਨੁਕਾਸਨ ਹੋਇਆ ਸੀ ਅਤੇ ਦੋਵਾਂ ਦੇਸ਼ਾਂ ਦਾ ਵਪਾਰ ਖੁੱਲ੍ਹਣ ਨਾਲ, ਖਾਸ ਕਰਕੇ ਵਾਹਗਾ ਸਰਹੱਦ ਖੁੱਲ੍ਹਣ ਨਾਲ, ਸਭ ਤੋਂ ਵੱਧ ਫਾਇਦਾ ਵੀ ਇਨ੍ਹਾਂ ਨੂੰ ਹੀ ਹੋਣ ਦੀ ਸੰਭਾਵਨਾ ਹੈ। ਦੋਵੇਂ ਪੰਜਾਬ ਸਾਂਝੀ ਪੰਜਾਬੀ ਬੋਲੀ ਬੋਲਣ ਵਾਲੇ ਅਤੇ ਸੱਭਿਆਚਾਰਕ ਸਾਂਝ ਵਾਲੇ ਖਿੱਤੇ ਹਨ ਅਤੇ ਇਨ੍ਹਾਂ ਵਿਚ ਆਰਥਕ ਹੀ ਨਹੀਂ ਸੱਭਿਆਚਾਰਕ ਆਦਾਨ ਪ੍ਰਦਾਨ ਅਤੇ ਸੈਰ ਸਪਾਟਾ ਵਧਾਉਣ ਦੀਆਂ ਵੀ ਬਹੁਤ ਸੰਭਾਵਨਾਵਾਂ ਹਨ। ਜਿਵੇਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਬਾਅਦ 60 ਹਜ਼ਾਰ ਤੋਂ ਵੱਧ ਭਾਰਤੀ ਲੋਕ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਗਏ ਸਨ ਇਸੇ ਤਰ੍ਹਾਂ ਜੇ ਵਾਹਗਾ ਸਰਹੱਦ ਖੋਲ੍ਹ ਦਿੱਤੀ ਜਾਵੇ ਤਾਂ ਸਿਰਫ ਵਪਾਰ ਹੀ ਨਹੀਂ ਬਲਕਿ ਪਾਕਿਸਤਾਨ ਦੇ ਲੋਕ ਵੀ ਭਾਰਤ ਸਥਿਤ ਅਜਮੇਰ ਸ਼ਰੀਫ (ਰਾਜਸਥਾਨ), ਨਿਜ਼ਾਮੂਦੀਨ ਔਲਿਆ (ਦਿੱਲੀ), ਰੋਜ਼ਾ ਸ਼ਰੀਫ (ਸਰਹਿੰਦ) ਆਦਿ ਵਿਰਾਸਤੀ ਥਾਂਵਾਂ ਦੇ ਦਰਸ਼ਨ ਲਈ ਵੱਡੀ ਤਾਦਾਦ ਵਿਚ ਆਉਣ ਨਾਲ ਦੋਵੇਂ ਦੇਸ਼ਾਂ ਦੇ ਸੈਰ ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ, ਜਿਸ ਨਾਲ ਇਕ ਪਾਸੇ ਲੋਕਾਂ ਦੀਆਂ ਧਾਰਮਿਕ ਅਤੇ ਰੂਹਾਨੀ ਭਾਵਨਾਵਾਂ ਦੀ ਤ੍ਰਿਪਤੀ ਹੋਵੇਗੀ, ਦੂਜੇ ਪਾਸੇ ਆਰਥਕ ਤਰੱਕੀ ਅਤੇ ਰੁਜ਼ਗਾਰ ਵਿਚ ਵੀ ਵਾਧਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਦੋਵਾਂ ਦੇਸ਼ਾਂ ਦੀ ਹਿੰਦੂ, ਸਿੱਖ ਅਤੇ ਮੁਸਲਿਮ ਵਸੋਂ ਦੀਆਂ ਵਿਰਾਸਤੀ ਥਾਵਾਂ ਦੋਵੇਂ ਪਾਸੇ ਸਥਿਤ ਹਨ।

ਇਕ ਅਧਿਐਨ ਅਨੁਸਾਰ ਆਜ਼ਾਦੀ ਤੋਂ ਬਾਅਦ ਦੋਵਾਂ ਦੇਸ਼ਾਂ ਦਾ ਵਪਾਰ ਵਾਹਗਾ ਸਰਹੱਦ ਦੀ ਬਜਾਇ ਮੁੰਬਈ-ਕਰਾਚੀ ਬੰਦਰਗਾਹਾਂ ਰਾਹੀਂ ਹੋਣ ਕਰਕੇ 20 ਹਜ਼ਾਰ ਕਰੋੜ ਤੋਂ ਵੀ ਵੱਧ ਮਾਲੀ ਨੁਕਸਾਨ ਹੋਇਆ ਹੈ ਅਤੇ ਇਹ ਜ਼ਾਇਆ ਹੋਇਆ ਸਰਮਾਇਆ ਲੋਕ ਭਲਾਈ ਦੇ ਕਾਰਜਾਂ 'ਤੇ ਲਾਇਆ ਜਾ ਸਕਦਾ ਸੀ। ਸਾਲ 1948-49 ਵਿਚ ਦੋਵਾਂ ਦੇਸ਼ਾਂ ਦਰਮਿਆਨ ਵਪਾਰ ਦਾ 70 ਪ੍ਰਤੀਸ਼ਤ ਹਿੱਸਾ ਵਾਹਗਾ ਸਰਹੱਦ ਰਾਹੀਂ ਹੁੰਦਾ ਸੀ। ਜੇ ਅਜੇ ਵੀ ਵਪਾਰ ਵਾਹਗਾ ਸਰਹੱਦ ਵਪਾਰ ਲਈ ਖੋਲ੍ਹ ਦਿੱਤੀ ਜਾਂਦੀ ਹੈ ਤਾਂ ਭਵਿੱਖ ਵਿਚ ਇਸ ਨੁਕਸਾਨ ਵਿਚ ਹੋਰ ਵਾਧਾ ਹੋਣੋ ਰੋਕਿਆ ਜਾ ਸਕਦਾ ਹੈ, ਨਹੀਂ ਤਾਂ ਦੋਵੇਂ ਦੇਸ਼ ਅਤੇ ਇਨ੍ਹਾਂ ਦੇ ਹੁਕਮਰਾਨ ਇਸ ਮੂੜ੍ਹਮੱਤ ਲਈ ਆਉਣ ਵਾਲੀਆਂ ਨਸਲਾਂ ਦੀਆਂ ਨਜ਼ਰਾਂ ਵਿਚ ਮਜ਼ਾਕ ਦਾ ਪਾਤਰ ਬਣਨਗੇ।

ਇਸ ਸੰਦਰਭ ਵਿਚ ਜੋ ਕਾਰਜ ਯੋਜਨਾ ਉਲੀਕੇ ਅਤੇ ਅਮਲ ਵਿਚ ਲਿਆਂਦੇ ਜਾਣ ਦੀ ਲੋੜ ਹੈ, ਉਸ ਵਿਚ ਜੋ ਕਦਮ ਫੌਰੀ ਤੌਰ 'ਤੇ ਚੁੱਕੇ ਜਾਣ ਦੀ ਲੋੜ ਹੈ ਉਹ ਹਨ ਵਾਹਗਾ ਸਰਹੱਦ ਨੂੰ ਵਪਾਰ ਲਈ ਖੋਲਣਾ, ਦੋਵੇਂ ਦੇਸ਼ਾਂ ਵਲੋਂ ਆਪਣੀਆਂ ਵੀਜ਼ਾ ਨੀਤੀਆਂ ਨੂੰ ਨਰਮ ਕਰਨ ਲਈ ਉਪਰਾਲੇ ਕਰਨਾ, ਦੋਵਾਂ ਨੂੰ ਇਕ ਦੂਜੇ ਦੇਸ਼ ਨੂੰ ਵਪਾਰ ਲਈ 'ਤਰਜੀਹੀ ਦੇਸ਼ ਦਾ ਦਰਜਾ' ਦੇਣਾ ਅਤੇ ਬਰਕਰਾਰ ਰੱਖੇ ਜਾਣ ਦਾ ਕਰਾਰ ਕਰਨਾ, ਵਪਾਰ ਲਈ ਲੋੜੀਂਦਾ ਬੁਨਿਆਦੀ ਢਾਂਚਾ ਵਿਕਸਿਤ ਕਰਨਾ ਆਦਿ। ਇਸ ਕਾਰਜ ਯੋਜਨਾ ਨੂੰ ਦੋਵਾਂ ਦੇਸ਼ਾਂ ਦੀਆਂ ਸੰਵਿਧਾਨਕ ਮੱਦਾਂ ਅਤੇ ਆਰਥਕ ਵਿਹਾਰਿਕਤਾ ਅਨੁਸਾਰ ਘੋਖ ਪੜਚੋਲ ਅਤੇ ਅਧਿਐਨ ਕਰਕੇ ਉਲੀਕਣ ਅਤੇ ਲਾਗੂ ਕਰਨ ਲਈ ਦੋਵਾਂ ਦੇਸ਼ਾਂ ਦੀ ਆਰਥਕ ਮਾਮਲਿਆਂ ਸੰਬੰਧੀ ਇਕ ਸਾਂਝੀ ਅਥਾਰਟੀ ਕਾਇਮ ਕਰਨੀ ਚਾਹੀਦੀ ਹੈ। ਇਸ ਉਪਰਾਲੇ ਨਾਲ ਸਰਹੱਦ ਰਾਹੀਂ ਹੋਣ ਵਾਲੀ ਤਸਕਰੀ ਅਤੇ ਹੋਰ ਮੁਲਕਾਂ ਰਾਹੀਂ ਇਨ੍ਹਾਂ ਦੇਸ਼ਾਂ ਦਾ ਹੋਣ ਵਾਲਾ ਗ਼ੈਰ-ਰਸਮੀ ਅਤੇ ਗੁਪਤ ਵਪਾਰ ਰਸਮੀ ਵਪਾਰ ਵਿਚ ਤਬਦੀਲ ਹੋਵੇਗਾ, ਜਿਸ ਨਾਲ ਦੋਵੇਂ ਮੁਲਕਾਂ ਦੇ ਖਜ਼ਾਨਿਆਂ ਨੂੰ ਵਪਾਰ ਤੋਂ ਹੋਣ ਵਾਲੇ ਟੈਕਸ ਰਾਹੀਂ ਵੱਡੀ ਤਾਦਾਦ ਵਿਚ ਮਾਲੀ ਪ੍ਰਾਪਤੀਆਂ ਹੋਣਗੀਆਂ ਅਤੇ ਇਹ ਰਾਸ਼ੀ ਦੋਵੇਂ ਮੁਲਕ ਬਿਹਤਰ ਸਿੱਖਿਆ, ਸਿਹਤ ਸਹੂਲਤਾਂ ਅਤੇ ਗ਼ਰੀਬੀ ਨਿਵਾਰਨ 'ਤੇ ਖਰਚ ਕਰਕੇ ਲੋਕ ਭਲਾਈ ਦੇ ਵੱਡੇ ਕਾਰਜ ਕਰ ਸਕਦੇ ਹਨ। ਵਪਾਰ ਕਾਰਨ ਦੋਵੇਂ ਦੇਸ਼ਾਂ ਦੇ ਸੰਬੰਧ ਬਿਹਤਰ ਹੋਣ ਨਾਲ ਇਸ ਖਿੱਤੇ ਵਿਚ ਅਮਨ ਸ਼ਾਂਤੀ ਵਾਲਾਂ ਮਾਹੌਲ ਵੀ ਬਣੇਗਾ ਜਿਸ ਨਾਲ ਰੱਖਿਆ ਤੇ ਜਾਇਆ ਹੋ ਰਹੇ ਬਜਟ ਵਿਚ ਵੀ ਬਚਤ ਵਧਣ ਦੀ ਸੰਭਾਵਨਾ ਹੈ ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਦੋਵੇਂ ਦੇਸ਼ ਇਕ-ਦੂਜੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ, ਅਤਿਵਾਦ ਨੂੰ ਉਤਸ਼ਾਹਿਤ ਨਾ ਕਰਨ ਤੇ ਸਹਿਯੋਗ ਦਾ ਰਸਤਾ ਅਖਤਿਆਰ ਕਰਨ।

***ਰਸਮੀ ਪੱਖੋਂ ਦੋਵਾਂ ਦੇਸ਼ਾਂ ਵਿਚਕਾਰ ਵਾਜਬ ਵਪਾਰ ਬਾਕੀਆਂ ਦੇ ਮੁਕਾਬਲੇ ਸਭ ਤੋਂ ਵੱਧ ਲਾਹੇਵੰਦਾ ਹੋ ਸਕਦਾ ਹੈ, ਕਿਉਂਕਿ ਇਹ ਦੇਸ਼ ਬਿਲਕੁਲ ਨਜ਼ਦੀਕੀ ਹਨ ਅਤੇ ਵਸਤਾਂ ਦੀ ਆਵਾਜਾਈ ਅਤੇ ਢੋਆ-ਢੁਆਈ ਦੀ ਲਾਗਤ ਬਹੁਤ ਘੱਟ ਆਉਂਦੀ ਹੈ ਪਰ ਮੰਦਭਾਗੀ ਗੱਲ ਇਹ ਹੈ ਕਿ ਦੋਵਾਂ ਦੇਸ਼ਾਂ ਦੇ ਅੰਕੜੇ ਬਹੁਤ ਨਿਗੂਣੀ ਮਾਤਰਾ (ਕੁੱਲ ਵਪਾਰ ਦਾ ਕੇਵਲ ਇਕ ਪ੍ਰਤੀਸ਼ਤ ਤੋਂ ਵੀ ਘੱਟ) ਦਾ ਆਪਸੀ ਵਪਾਰ ਹੋਣ ਦੀ ਦਰ ਦਰਸਾਉਂਦੇ ਹਨ ਅਤੇ ਸਮੇਂ-ਸਮੇਂ ਆਪਸੀ ਤਣਾਓ ਬਣਨ ਕਾਰਨ ਇਹ ਦਰ ਹੋਰ ਵੀ ਘਟਦੀ ਜਾ ਰਹੀ ਹੈ। ਇਹ ਦੋਵਾਂ ਮੁਲਕਾਂ ਦੇ ਲੋਕਾਂ ਅਤੇ ਲੋਕ ਹਿਤੈਸ਼ੀ ਧਿਰਾਂ ਲਈ ਸੰਜੀਦਗੀ ਨਾਲ ਸੋਚਣ ਵਾਲਾ ਮੁੱਦਾ ਹੈ। ਲੋਕ ਹਿਤੈਸ਼ੀ ਧਿਰਾਂ ਨੂੰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਵਪਾਰ ਸੰਬੰਧ ਸੁਖਾਵੇਂ ਬਣਾਉਣ ਅਤੇ ਸਰਹੱਦੀ ਕੁੜੱਤਣ ਘਟਾਉਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ।***

## ਯਾਦ ਝਰੋਖਾ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਟਰਮੀਨੇਸ਼ਨ ਦਾ ਸ਼ਗਨ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਰਾਹੀਂ ਉਨ੍ਹਾਂ ਨੇ ਆਪਣੀਆਂ ਕੁਝ ਕੌੜੀਆਂ-ਮਿੱਠੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਦੱਸਿਆ ਹੈ ਕਿ ਮਿਹਨਤੀ ਹੋਣ ਦੇ ਬਾਵਜੂਦ ਨੌਕਰੀ ਤੋਂ ਕੱਢੇ ਜਾਣ ਦਾ ਦੁਖ ਕਿੰਨੀ ਪੀੜਾ ਦਿੰਦਾ ਹੈ ਪਰ ਟੀਚੇ ਪ੍ਰਤੀ ਨਿਸ਼ਠਾ ਤੇ ਆਪਣੇ-ਆਪ ’ਤੇ ਯਕੀਨ ਰੱਖੋ ਤਾਂ ਮੰਜ਼ਲ ਮਿਲ ਹੀ ਜਾਂਦੀ ਹੈ।***

ਸ਼ਗਨ, ਕਿਸੇ ਪ੍ਰਾਪਤੀ ਦਾ ਜਸ਼ਨ, ਕਿਸੇ ਸ਼ੁੱਭ ਕਾਰਜ ਲਈ ਸ਼ਾਬਾਸ਼ੀ, ਕਿਸੇ ਚੰਗੇਰੇ ਉਦਮ ਲਈ ਹੱਲਾਸ਼ੇਰੀ ਜਾਂ ਪਰਿਵਾਰਕ ਖੁਸ਼ੀਆਂ ਵਿਚ ਵਾਧੇ ਉਤੇ ਵਡੇਰਿਆਂ ਵਲੋਂ ਦਿੱਤੀ ਹੋਈ ਅਸੀਸ।

ਸ਼ਗਨ, ਸੱਚੀਆਂ-ਸੁੱਚੀਆਂ ਭਾਵਨਾਵਾਂ ਦਾ ਪ੍ਰਤੀਕ, ਕਿਸੇ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਅਤੇ ਇਨ੍ਹਾਂ ਨੂੰ ਦੂਣ-ਸਵਾਈਆਂ ਕਰਨ ਦਾ ਉਦਮ। ਪਿਆਰਿਆਂ ਵਲੋਂ ਉਚੇਰੀ ਮੰਜ਼ਲ ਪ੍ਰਾਪਤੀ ਲਈ ਨਵੇਂ ਦਿਸਹੱਦਿਆਂ ਨੂੰ ਛੂਹਣ ਅਤੇ ਉਨ੍ਹਾਂ ‘ਤੇ ਆਪਣਾ ਸਿਰਨਾਵਾਂ ਉਕਰਨ ਦਾ ਕਰਮ। ਸ਼ਗਨ ਅਕਸਰ ਹੀ ਮਨੁੱਖ ਦਾ ਉਤਸ਼ਾਹ ਵਧਾਉਂਦਾ, ਸੁਪਨਿਆਂ ਲਈ ਉਚੇਰੀ ਪ੍ਰਵਾਜ਼ ਦਾ ਨਾਮ ਅਤੇ ਉਸ ਦੀ ਸ਼ੁੱਭ-ਇੱਛਾਵਾਂ ਦੀ ਪੂਰਤੀ ਲਈ ਅਰਦਾਸ।


ਸ਼ਗਨ ਕਿਸੇ ਨੂੰ ਵਿਆਹ ਦੇ ਮੌਕੇ, ਬੱਚੇ ਦੇ ਜਨਮ ‘ਤੇ, ਕਿਸੇ ਦੀ ਤਰੱਕੀ ਜਾਂ ਉੱਚੇ ਅਹੁਦੇ ਦੀ ਪ੍ਰਾਪਤੀ ਲਈ ਮਿਲਦਾ। ਮਨ ਬਹੁਤ ਖੁਸ਼ ਤੇ ਉਤਸ਼ਾਹਿਤ ਹੁੰਦਾ। ਉੱਚੇ ਅੰਬਰਾਂ ਵਿਚ ਉਡਾਰੀਆਂ ਲਾਉਂਦਾ। ਅਸਗਾਹ ਸਾਗਰਾਂ ਦੀ ਵਿਸ਼ਾਲਤਾ ਕਿਆਸਦਾ ਅਤੇ ਅੰਬਰ ਨੂੰ ਕਲਾਵੇ ਵਿਚ ਲੈਣ ਦਾ ਅਹਿਦ ਕਰਦਾ ਪਰ ਜਦ ਟਰਮੀਨੇਸ਼ਨ ਦਾ ਸ਼ਗਨ ਕਿਸੇ ਨਵ-ਵਿਆਹੇ ਦੀ ਝੋਲੀ ਵਿਚ ਪਾ ਦਿੱਤਾ ਜਾਵੇ ਤਾਂ ਉਸ ਦੇ ਰਾਂਗਲੇ ਦਿਨਾਂ ਦੀ ਤਾਸੀਰ ਵਿਚ ਕਿਵੇਂ ਪੀਲੱਤਣਾਂ ਉੱਗਦੀਆਂ, ਕਿੰਝ ਉਸ ਦੀਆਂ ਸੋਚਾਂ ਦੇ ਜੁਗਨੂੰ ਅਣਿਆਈ ਮੌਤੇ ਮਰਦੇ ਅਤੇ ਕਿਵੇਂ ਸੱਤਵੇਂ ਅਸਮਾਨ ‘ਚ ਉਡਦਾ, ਉਹ ਧਰਤ ’ਤੇ ਡਿੱਗ ਕੇ ਆਪਣੀ ਹੋਣੀ ਕਿਆਸਦਾ, ਇਸ ਦਾ ਅੰਦਾਜ਼ਾ ਸਿਰਫ਼ ਉਹੀ ਲਾ ਸਕਦਾ ਹੈ, ਜਿਸ ਦੀ ਤਲੀ ’ਤੇ ਅਜਿਹੇ ਸ਼ਗਨ ਦੀਆਂ ਛਿੱਲਤਰਾਂ ਨੇ ਜ਼ਖ਼ਮ ਕੀਤੇ ਹੋਣ ਅਤੇ ਇਨ੍ਹਾਂ ਦੀ ਚੀਸ ਉਸ ਦੀ ਜ਼ਿੰਦਗੀ ਦੇ ਮੱਥੇ ’ਤੇ ਖੁਣੀ ਜਾਵੇ। ਸਮੇਂ ਨਾਲ ਜ਼ਖ਼ਮ ਤਾਂ ਮਿਟ ਜਾਂਦੇ ਨੇ ਪਰ ਇਹ ਦਾਗ਼ ਤਾਅ ਉਮਰ ਚਸਕਦੇ ਰਹਿੰਦੇ ਨੇ। ਤੁਹਾਡੀ ਜਵਾਨੀ ਦੇ ਧੁਆਂਖੇ ਦਿਨਾਂ ਦੀ ਯਾਦ ਸਾਹਵੇਂ ਲਿਆ ਖ਼ਲਿਆਰਦੇ ਭਾਵੇਂ ਕਿ ਬਾਅਦ ਵਿਚ ਜ਼ਿੰਦਗੀ ਨੇ ਤੁਹਾਨੂੰ ਉਸ ਸਭ ਕੁਝ ਨਾਲ ਨਿਵਾਜਿਆ ਹੋਵੇ ਜਿਸ ਦੀ ਕਦੇ ਤਵੱਕੋਂ ਵੀ ਨਾ ਕੀਤੀ ਹੋਵੇ।

ਸਾਧਾਰਨ ਕਿਸਾਨ ਦੇ ਪੁੱਤ ਲਈ ਨੌਕਰੀ ਪ੍ਰਾਪਤ ਕਰਨਾ ਸੌਖਾ ਨਹੀਂ ਹੁੰਦਾ ਭਾਵੇਂ ਕਿ ਅਕਾਦਮਿਕ ਪੱਧਰ ‘ਤੇ ਉਹ ਸਭ ਤੋਂ ਅੱਗੇ ਹੋਵੇ। ਬੱਚੇ ਨੂੰ ਨੌਕਰੀ ਦਾ ਮਿਲਣਾ, ਥੁੜ੍ਹੇ ਪਰਿਵਾਰ ਦੀ ਆਸ ਬਣ ਜਾਂਦਾ ਹੈ, ਜਿਸ ਵਿਚੋਂ ਨਵੀਆਂ ਸੋਚਾਂ ਤੇ ਸੁਪਨਿਆਂ ਨੇ ਉਚੇਰੀ ਪਰਵਾਜ਼ ਭਰਨੀ ਹੁੰਦੀ ਹੈ।

1978 ਵਿਚ ਖਾਲਸਾ ਕਾਲਜ ਸੁਧਾਰ ਵਿਚ ਮੇਰੀ ਰੈਗੂਲਰ ਨਿਯੁਕਤੀ ਹੋ ਗਈ ਤਾਂ ਪਰਿਵਾਰ ਨੂੰ ਹੌਸਲਾ ਹੋ ਗਿਆ ਕਿ ਘਰ ਦੀ ਆਰਥਿਕ ਦਸ਼ਾ ਹੁਣ ਸੁਧਰ ਜਾਵੇਗੀ। ਪੱਕੀ ਨੌਕਰੀ ਮਿਲਦੇ ਸਾਰ ਘਰਦਿਆਂ ਨੂੰ ਜਲਦੀ-ਜਲਦੀ ਵਿਆਹ ਕਰਨ ਦੀ ਪੈ ਗਈ ਅਤੇ ਵਿਆਹ ਹੋ ਗਿਆ। ਜਵਾਨੀ ਦੇ ਰਾਂਗਲੇ ਦਿਨਾਂ ਵਿਚ ਜ਼ਿੰਦਗੀ ਦੇ ਸੁਰਖ਼ ਰੰਗਾਂ ਵਿਚ ਸਮੇਂ ਦੇ ਬੀਤਣ ਦਾ ਪਤਾ ਵੀ ਨਹੀਂ ਲੱਗਦਾ। ਸੁਧਾਰ ਵਿਚ ਕਿਰਾਏ ਦਾ ਮਕਾਨ ਲੈ ਕੇ ਮੈਂ ਤੇ ਬੀਵੀ ਉਥੇ ਹੀ ਰਹਿਣ ਲੱਗ ਪਏ ਅਤੇ ਜ਼ਿੰਦਗੀ ਦੇ ਸੁਖ਼ਨਮਈ ਪਲਾਂ ਨੂੰ ਜਿਊਣ ਲੱਗ ਪਏ ਪਰ ਕਾਲਜ ਵਾਲਿਆਂ ਨੇ ਸਾਲ ਬਾਅਦ ਪੱਕਾ ਕਰਨ ਦੀ ਥਾਂ ਇਕ ਸਾਲ ਦੀ ਹੋਰ ਪ੍ਰੋਬੇਸ਼ਨ ਵਧਾ ਦਿੱਤੀ। ਮੈਂ ਪੇਂਡੂ ਭੋਲਾ ਭਾਲਾ ਅਤੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੀਆਂ ਚਾਲਾਂ ਅਤੇ ਤੌਰ-ਤਰੀਕਿਆਂ ਤੋਂ ਅਣਜਾਣ ਸਾਂ। ਵੈਸੇ ਕਈ ਪ੍ਰੋਫ਼ੈਸਰ ਕਹਿੰਦੇ ਸਨ ਕਿ ਪ੍ਰਧਾਨ ਬਖਤਾਵਰ ਸਿੰਘ ਗਿੱਲ ਕਿਸੇ ਨੂੰ ਪੱਕਾ ਨਹੀਂ ਕਰਦਾ, ਦੋ ਸਾਲਾਂ ਬਾਅਦ ਘਰ ਤੋਰ ਦਿੰਦਾ ਏ।

ਮੇਰੀ ਪੜ੍ਹਾਉਣ ਪ੍ਰਤੀ ਪ੍ਰਤੀਬੱਧਤਾ, ਲਗਨ ਅਤੇ ਮਿਹਨਤੀ ਹੁੰਦਿਆਂ, ਮਨ ਨੂੰ ਧਰਵਾਸ ਸੀ ਕਿ ਸ਼ਾਇਦ ਅਜਿਹਾ ਕੁਝ ਮੇਰੇ ਨਾਲ ਨਾ ਵਾਪਰੇ ਪਰ ਸੱਚੀਂ ਦੋ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਅਜਿਹਾ ਕੁਝ ਵਾਪਰ ਗਿਆ, ਜਿਸ ਦਾ ਧੁੜਕੂ ਹਮੇਸ਼ਾ ਮਨ ਵਿਚ ਰਹਿੰਦਾ ਸੀ ਅਤੇ ਮੇਰੇ ਸਮੇਤ ਪ੍ਰੋਬੇਸ਼ਨ ‘ਤੇ ਤਿੰਨ ਪ੍ਰੋਫੈਸਰਾਂ ਨੂੰ ਟਰਮੀਨੇਟ ਕਰ ਦਿੱਤਾ ਗਿਆ। ਜਦੋਂ ਤੁਹਾਡੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਹੋਵੇ ਅਤੇ ਇਕ ਬੱਚੀ ਵੀ ਹੋਵੇ ਤਾਂ ਬੇਰੁਜ਼ਗਾਰ ਹੋ ਜਾਣਾ ਤੁਹਾਡੇ ਤੇ ਤੁਹਾਡੀ ਜੀਵਨ ਸਾਥਣ ਦੋਵਾਂ ਲਈ ਸਦਮਾ ਹੁੰਦਾ ਹੈ। ਤੁਹਾਡੀ ਜ਼ਿੰਦਗੀ ਵਿਚ ਆਉਣ ਵਾਲੀਆਂ ਦੁਸ਼ਵਾਰੀਆਂ ਦਾ ਉਗਮਣਾ ਵੀ ਜ਼ਰੂਰੀ ਹੁੰਦਾ ਹੈ। ਸੁਪਨਈ ਉਡਾਣ ਦੌਰਾਨ ਧੜੱਮ ਕਰ ਕੇ ਡਿੱਗ ਪੈਣਾ ਅਤੇ ਸੰਭਲਣ ਦਾ ਕੋਈ ਮੌਕਾ ਵੀ ਨਾ ਮਿਲਣਾ। ਬਹੁਤ ਪੀੜਤ ਕਰਦਾ ਏ ਅਜਿਹਾ ਵਕਤ। ਖ਼ੁਦ ਦੇ ਰੂਬਰੂ ਹੋਣਾ ਅਤੇ ਖ਼ੁਦ ਨੂੰ ਉਨ੍ਹਾਂ ਪ੍ਰਸਥਿਤੀਆਂ ਵਿਚੋਂ ਉਭਾਰਨਾ, ਪਰਿਵਾਰ ਨੂੰ ਸੰਭਾਲਣਾ, ਧਰਵਾਸ ਦੇਣਾ ਅਤੇ ਥਿੜਕਦੇ ਕਦਮਾਂ ਤੋਂ ਸਾਬਤ ਕਰਮਾਂ ਨਾਲ ਜਟਿਲ-ਸਫ਼ਰ ਨੂੰ ਪੂਰਾ ਕਰਨ ਦਾ ਅਹਿਦ ਕਰਨਾ।

ਦਰਅਸਲ ਉਸ ਸਾਲ ਪ੍ਰੋਫ਼ੈਸਰ ਹਰਭਜਨ ਸਿੰਘ ਦਿਓਲ ਜਿਹੜੇ ਸੁਧਾਰ ਕਾਲਜ ਵਿਚ ਪੜ੍ਹਾਉਂਦੇ ਸਨ, ਨੂੰ ਅਕਾਲੀ ਦਲ ਨੇ ਐਮ.ਪੀ. ਦੀ ਚੋਣ ਲਈ ਟਿਕਟ ਦੇਣ ਦਾ ਵਾਅਦਾ ਕੀਤਾ ਸੀ ਅਤੇ ਉਨ੍ਹਾਂ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਪੰਜਾਬ ਤੇ ਚੰਡੀਗੜ੍ਹ ਪ੍ਰਾਈਵੇਟ ਕਾਲਜ ਟੀਚਰਜ਼ ਯੂਨੀਅਨ ਦੇ ਪ੍ਰਧਾਨ ਸਨ ਅਤੇ ਉਨ੍ਹਾਂ ਦੇ ਦਬਦਬੇ ਕਾਰਨ ਹੀ ਮੈਨੇਜਮੈਂਟ ਪ੍ਰੋਫ਼ੈਸਰਾਂ ਨੂੰ ਨੌਕਰੀ ਤੋਂ ਕੱਢਣ ਤੋਂ ਪ੍ਰਹੇਜ਼ ਕਰਦੀ ਸੀ ਪਰ ਉਨ੍ਹਾਂ ਦੇ ਜਾਣ ਨਾਲ ਪ੍ਰਧਾਨ ਬਖਤਾਵਰ ਸਿੰਘ ਜੋ ਕਮੇਟੀ ਦੇ ਕਰਤਾ-ਧਰਤਾ ਸਨ, ਲਈ ਕਿਸੇ ਦੀਆਂ ਭਾਵਨਾਵਾਂ, ਕਿਸੇ ਦੇ ਕੰਮ, ਲਗਨ ਜਾਂ ਪ੍ਰਤੀਬੱਧਤਾ ਲਈ ਕੋਈ ਕਦਰ ਨਹੀਂ ਸੀ। ਉਹ ਤਾਂ ਸਿਰਫ਼ ਜੀਅ-ਹਜ਼ੂਰੀ ਚਾਹੁੰਦੇ ਸਨ। ਉਨ੍ਹਾਂ ਦੇ ਅਬਦਾਲੀ ਹੁਕਮ ਨੂੰ ਟਾਲਣ ਦੀ ਕੋਈ ਵੀ ਪ੍ਰਬੰਧਕ ਜਾਂ ਪ੍ਰਿੰਸੀਪਲ ਹਿੰਮਤ ਨਹੀਂ ਸੀ ਕਰ ਸਕਦਾ।




ਨੌਕਰੀ ਤੋਂ ਕੱਢਣ ਦਾ ਮਤਲਬ ਸੀ ਤਿੰਨਾਂ ਨਵ-ਵਿਆਹੇ ਪ੍ਰੋਫ਼ੈਸਰਾਂ ਦੀ ਝੋਲੀ ਵਿਚ ਟਰਮੀਨੇਸ਼ਨ ਦਾ ਸ਼ਗਨ ਪਾਉਣਾ, ਅਜਿਹਾ ਸ਼ਗਨ ਜਿਸ ਨਾਲ ਮਨੁੱਖ ਟੁੱਟ ਜਾਂਦਾ ਏ ਪਰ ਇਹੀ ਸ਼ਗਨ ਮਨੁੱਖ ਨੂੰ ਪਰਖ਼ਦਾ ਵੀ ਏ ਅਤੇ ਉਸ ਦੀ ਕਮਜ਼ੋਰੀ ਨੂੰ ਉਸ ਦੀ ਤਾਕਤ ਵੀ ਬਣਾਉਂਦਾ ਹੈ। ਯੂਨੀਅਨ ਵਲੋਂ ਕੁਝ ਸਮਾਂ ਤਿੰਨਾਂ ਦੀ ਬਹਾਲੀ ਲਈ ਅੰਦੋਲਨ ਵੀ ਚਲਾਇਆ ਗਿਆ ਪਰ ਪ੍ਰਧਾਨ ਦੇ ਅੜਬ ਵਤੀਰੇ ਅਤੇ ਹਿੰਡ ਸਾਹਵੇਂ ਕਿਸੇ ਦੀ ਵੀ ਪੇਸ਼ ਨਾ ਗਈ ਅਤੇ ਤਿੰਨੇ ਹੀ ਜ਼ਿੰਦਗੀ ਦੇ ਨਵੇਂ ਰਾਹਾਂ ਦੀ ਪਛਾਣ ਲਈ ਨਵੀਆਂ ਪਹਿਲਾਂ ਅਤੇ ਪ੍ਰਮੁੱਖਤਾਵਾਂ ਨੂੰ ਸਿਰਜਣ ਵੱਲ ਹੋ ਗਏ।

ਹੁਣ ਜਦੋਂ ਬੀਤੇ ਨੂੰ ਪਰਤਦਾ ਹਾਂ ਤਾਂ ਬੇਰੁਜ਼ਗਾਰੀ ਦੇ ਆਲਮ ਦੌਰਾਨ ਪਟਿਆਲੇ ਵਿਚ ਡਾ. ਦਿਓਲ ਸਾਹਿਬ ਨੂੰ ਮਿਲਣਾ ਯਾਦ ਆਉਂਦਾ ਏ, ਜਦ ਉਹ ਪੀਪੀਐੱਸਸੀ ਦੇ ਮੈਂਬਰ ਬਣ ਗਏ ਸਨ। ਉਨ੍ਹਾਂ ਦੀ ਬੰਨ੍ਹਾਈ ਹੋਈ ਧੀਰਜ ਕਿ ‘ਗੁਰਬਖ਼ਸ਼ ਫ਼ਿਕਰ ਨਾ ਕਰ, ਜੋ ਤੇਰੇ ਨਾਲ ਹੋਇਆ ਹੈ, ਇਸ ਵਿਚ ਵੀ ਭਲਾਈ ਹੈ, ਤੂੰ ਸਾਰੀ ਉਮਰ ਇਸ ਕਾਲਜ ਵਿਚ ਨੌਕਰੀ ਸਹਿਮ ਦੇ ਸਾਏ ਹੇਠ ਕਰਨੀ ਸੀ। ਜੇ ਬਖਤਾਵਰ ਸਿੰਘ ਤੈਨੂੰ ਕਾਲਜ ਵਿਚੋਂ ਕੱਢ ਸਕਦਾ ਏ ਤਾਂ ਸਰਕਾਰੀ ਨੌਕਰੀ ਪ੍ਰਾਪਤ ਕਰਨ ਵਿਚ ਮੈਂ ਤੇਰੀ ਮਦਦ ਵੀ ਕਰ ਸਕਦਾ ਹਾਂ ਅਤੇ ਆਸ ਹੈ ਕਿ ਤੂੰ ਇਕ ਦਿਨ ਸਰਕਾਰੀ ਕਾਲਜ ਵਿਚ ਪੜ੍ਹਾਵੇਂਗਾ।‘

ਉਨ੍ਹੀਂ ਦਿਨੀਂ ਮੇਰੀ ਪਤਨੀ ਮੁੱਲਾਂਪੁਰ ਦੇ ਗੁਰੂ ਨਾਨਕ ਪਬਲਿਕ ਸਕੂਲ ਵਿਚ ਪੜ੍ਹਾਉਂਦੀ ਅਤੇ ਅਸੀਂ 300 ਰੁਪਏ ਵਿਚ ਗੁਜ਼ਾਰਾ ਕਰਦੇ ਸਾਂ। ਉਹ ਸਵੇਰੇ ਅਤੇ ਸ਼ਾਮ ਛੋਟੇ ਬੱਚਿਆਂ ਨੂੰ ਟਿਊਸ਼ਨ ਵੀ ਪੜ੍ਹਾਉਂਦੀ। ਮੇਰੀ ਵੱਡੀ ਬੇਟੀ ਗੁਆਂਢੀਆਂ ਦੇ ਘਰ ਵਿਚ ਪਲੀ, ਜੋ ਉਸ ਨੂੰ ਆਪਣੇ ਬੱਚਿਆਂ ਤੋਂ ਵੀ ਵੱਧ ਸਮਝਦੇ ਸਨ। ਕਿੰਨੀ ਤੰਗੀ ਦੇ ਦਿਨ ਸਨ ਉਹ ਜਦ ਲੱਕੜੀਆਂ ਦੀ ਅੰਗੀਠੀ ਰੋਟੀ ਬਣਾਉਣ ਲਈ ਵਰਤਦੇ ਸਾਂ। ਅਜਿਹੀਆਂ ਤੰਗੀਆਂ-ਤੁਰਸ਼ੀਆਂ ਦੇ ਦਿਨਾਂ ਦੀ ਯਾਦ ਬੰਦੇ ਨੂੰ ਹਮੇਸ਼ਾ ਆਪਣੇ ਬੀਤੇ ਨਾਲ ਜੁੜੇ ਰਹਿਣ ਲਈ ਪ੍ਰੇਰਦੀ ਹੈ ਅਤੇ ਬੰਦਾ ਕਦੇ ਵੀ ਹਉਮੈ ਦਾ ਸ਼ਿਕਾਰ ਨਹੀਂ ਹੁੰਦਾ। ਆਪਣੇ ਬੀਤੇ ਨੂੰ ਯਾਦ ਰੱਖਣਾ, ਆਪਣੇ ਆਪ ਦੇ ਰੂਬਰੂ ਹੋਣਾ ਹੁੰਦਾ ਹੈ। ਨਿਰੰਤਰ ਖ਼ੁਦ ਦੀ ਪੁਣਛਾਣ ਕਰਦਾ ਰਹੇ ਤਾਂ ਬੰਦਾ ਨਿਮਰ ਰਹਿੰਦਾ ਹੈ ਅਤੇ ਪ੍ਰਾਪਤੀਆਂ ‘ਤੇ ਮਾਣ ਨਹੀਂ ਕਰਦਾ, ਸਗੋਂ ਉਸ ਦੀ ਰੂਹ ਵਿਚ ਸ਼ੁਕਰਗੁਜ਼ਾਰੀ ਦਾ ਨਾਦ ਹੀ ਹਮੇਸ਼ਾ ਗੂੰਜਦਾ ਏ।

ਉਹ ਵੀ ਕੇਹੇ ਦਿਨ ਸਨ ਕਿ ਬੱਚੀ ਨੂੰ ਟੀਕੇ ਲਗਵਾਉਣ ਲਈ ਮੁੱਲਾਂਪੁਰ ਤੋਂ ਸੀ.ਐਮ.ਸੀ. ਹਸਪਤਾਲ ਲੁਧਿਆਣਾ ਸਾਈਕਲ ‘ਤੇ ਜਾਈਦਾ ਸੀ ਤਾਂ ਕਿ ਬੱਸ ਦੇ ਕਿਰਾਏ ਦੀ ਬੱਚਤ ਹੋ ਸਕੇ। ਜ਼ਿੰਦਗੀ ਨੂੰ ਸੀਮਤ ਸਾਧਨਾਂ, ਸੰਕੋਚ ਅਤੇ ਸਮਝ ਨਾਲ ਜਿਊਣ ਦੀ ਆਦਤ ਤਾਂ ਪਹਿਲਾਂ ਸੀ ਪਰ ਵਿਆਹੁਤਾ ਜੀਵਨ ਦੇ ਸ਼ੁਰੂਆਤੀ ਦੌਰ ਵਿਚ ਆਏ ਔਖੇ ਦਿਨਾਂ ਨੇ ਸਧਾਰਨਤਾ, ਸੰਖ਼ੇਪਤਾ ਅਤੇ ਸਾਦਗੀ ਨੂੰ ਜ਼ਿੰਦਗੀ ਦੇ ਪਰਮ ਗੁਣ ਬਣਾਉਣ ਵਿਚ ਮਦਦ ਕੀਤੀ। ਇਨ੍ਹਾਂ ਗੁਣਾਂ ਰਾਹੀਂ ਇਨਸਾਨ ਨੂੰ ਹੈਸੀਅਤ ਤੇ ਹੋਂਦ ਨੂੰ ਨਾਜ਼ਲ ਹੋਣ ਦਾ ਵਲ ਆ ਜਾਵੇ ਤਾਂ ਜ਼ਿੰਦਗੀ ਹਰ ਹਾਲਤ ਵਿਚ ਸੁਖ਼ਨ ਅਤੇ ਸ਼ੁਕਰਸਬੂਰੀ ਨਾਲ ਨਿਵਾਜ਼ਦੀ ਏ।

ਕਦੇ ਕਦੇ ਮਨ ਵਿਚ ਉਨ੍ਹਾਂ ਦਿਨਾਂ ਦੀ ਪੀੜਾ ਬਹੁਤ ਤਾਰੀ ਹੋ ਜਾਂਦੀ ਏ ਤਾਂ ਮਨ ਨੂੰ ਸਮਝਾਉਂਦਾ ਹਾਂ ਕਿ ਅਜਿਹਾ ਸਿਰਫ਼ ਤੇਰੇ ਨਾਲ ਹੀ ਨਹੀਂ ਹਰੇਕ ਉਸ ਸ਼ਖ਼ਸ ਨਾਲ ਵਾਪਰਦਾ ਹੈ, ਜੋ ਸਮਾਜ ਵਿਚ ਵਿਚਰਦਿਆਂ ਕਰੂਰ ਰੰਗੇ ਅਤੇ ਮੁਖੌਟਿਆਂ ਹੇਠ ਵਿਚਰਦੇ ਚਿਹਰਿਆਂ ਤੋਂ ਅਣਜਾਣ ਹੁੰਦਾ ਹੈ। ਉਨ੍ਹਾਂ ਦੀਆਂ ਚਾਲਾਂ ਪੜ੍ਹਨ ਤੋਂ ਕੋਰਾ ਅਤੇ ਉਨ੍ਹਾਂ ਦੀ ਕਮੀਨਗੀਆਂ ਨੂੰ ਸਮਝਣ ਤੋਂ ਅਣਭੋਲ ਹੁੰਦਾ ਹੈ ਪਰ ਅਜਿਹਾ ਵਕਤ ਤੁਹਾਨੂੰ ਅਜਿਹੀਆਂ ਨਿਆਮਤਾਂ ਨਾਲ ਨਿਵਾਜਦਾ ਹੈ ਕਿ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਜੋ ਕੁਝ ਵੀ ਵਰਤਿਆ ਏ ਇਸ ਵਿਚ ਕੁਝ ਚੰਗੇਰਾ ਹੀ ਸੀ ਕਿਉਂਕਿ ਕੁਦਰਤ ਦਾ ਵਰਤਾਰਾ ਵਿਲੱਖਣ ਹੁੰਦਾ ਹੈ ਅਤੇ ਇਸ ਵਰਤਾਰੇ ਵਿਚ ਕੁਝ ਨਿਵੇਕਲਾ ਅਤੇ ਵਿਕਲੋਤਰਾ ਤੁਹਾਡੀ ਝੋਲੀ ਵਿਚ ਪੈਂਦਾ ਏ ਤੇ ਤੁਹਾਡੇ ਹੱਥ ਸ਼ੁਕਰਗੁਜ਼ਾਰੀ ਵਿਚ ਖ਼ੁਦ-ਬ-ਖ਼ੁਦ ਜੁੜ ਜਾਂਦੇ ਹਨ।

ਅਜਿਹੇ ਵਕਤ ਹੀ ਸਬੰਧਾਂ ਦੀ ਪਰਖ਼ ਹੁੰਦੇ ਹਨ ਕਿ ਮੀਆਂ-ਬੀਵੀ ਕਿਵੇਂ ਔਖ਼ੇ ਸਮਿਆਂ ਵਿਚੋਂ ਸੁਰਖ਼ਰੂ ਹੋ ਕੇ ਨਿਕਲਦੇ ਜਨ। ਕਿਵੇਂ ਉਨ੍ਹਾਂ ਦੇ ਰਿਸ਼ਤਿਆਂ ਦੀ ਤੰਦ ਹੋਰ ਪੀਢੀ ਹੁੰਦੀ ਹੈ। ਉਹ ਮੁਸ਼ਕਲ ਘੜੀ ਨੂੰ ਵੀ ਹੱਸਦਿਆਂ ਜਿਊਂਦੇ, ਸਰਘੀ ਦੀ ਆਸ ਵਿਚ ਰਾਤ ਦੇ ਕਾਲੇ ਪਹਿਰ ਨੂੰ ਟਰਕਾਉਂਦੇ ਰਹਿੰਦੇ ਹਨ। ਮੱਸਿਆ ਸਦਾ ਨਹੀਂ ਰਹਿੰਦੀ ਅਤੇ ਨਾ ਹੀ ਬੱਦਲ ਸੂਰਜ ਨੂੰ ਹਮੇਸ਼ਾ ਲੁਕੋ ਸਕਦੇ ਨੇ। ਆਖ਼ਰ ਬੱਦਲਾਂ ਨੇ ਪਾਟਣਾ ਹੀ ਹੁੰਦਾ ਹੈ। ਰਾਤ ਦੀ ਕੁੱਖ ਵਿਚ ਲੋਅ ਨੇ ਉਗਮਣਾ ਹੁੰਦਾ ਅਤੇ ਨਵੇਂ ਸਵੇਰੇ ਨੇ ਦਸਤਕ ਦੇਣੀ ਹੁੰਦੀ ਹੈ। ਰੌਸ਼ਨੀ ਨੇ ਕਰਮ-ਰੇਖ਼ਾਵਾਂ ਦੀ ਕਲਾ-ਨਕਾਸ਼ੀ ਕਰਨੀ ਹੁੰਦੀ ਹੈ। ਤਦਬੀਰਾਂ ਨੇ ਤਕਦੀਰ ਦੀ ਸਿਰਜਣਾ ਕਰਨੀ ਹੁੰਦੀ ਹੈ। ਤੁਹਾਡੀਆਂ ਤਰਜੀਹਾਂ ਵਿਚ ਤਮੰਨਾਵਾਂ ਅਤੇ ਤਾਂਘਾਂ ਨੇ ਅੰਗੜਾਈ ਵੀ ਭਰਨੀ ਹੁੰਦੀ ਹੈ।

ਇਸ ਵਕਤ ਦੌਰਾਨ ਹੀ ਡਾ. ਹਰਭਜਨ ਸਿੰਘ ਦਿਓਲ ਵਰਗੀ ਨਾਯਾਬ, ਪਿਆਰੀ ਅਤੇ ਉਚ-ਦੁਮੇਲੜੀ ਸ਼ਖ਼ਸੀਅਤ ਨਾਲ ਅਜਿਹੀ ਸਾਂਝ ਬਣੀ, ਜਿਹੜੀ ਉਨ੍ਹਾਂ ਦੇ ਆਖ਼ਰੀ ਵਕਤ ਤਕ ਨਿਭੀ। ਉਨ੍ਹਾਂ ਨਾਲ ਬਿਤਾਇਆ ਪੂਰ-ਖਲੂਸ ਵਕਤ ਅਤੇ ਹਰਦਿਲ-ਅਜ਼ੀਜ਼ੀ ਦੀਆਂ ਯਾਦਾਂ ਮੇਰੀ ਜ਼ਿੰਦਗੀ ਦਾ ਸੁਖ਼ਨ ਅਤੇ ਸਕੂਨ ਹਨ। ਅਜਿਹੀਆਂ ਦੋਸਤੀਆਂ ਸਿਰਫ਼ ਵਿਰਲਿਆਂ ਦੇ ਨਸੀਬ ‘ਚ ਹੁੰਦੀਆਂ ਹਨ, ਜਿਨ੍ਹਾਂ ’ਤੇ ਤੁਸੀਂ ਨਾਜ਼ ਕਰ ਸਕਦੇ ਹੋ।

ਇਨ੍ਹਾਂ ਵੇਲਿਆਂ ਵਿਚ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਤੁਹਾਡੇ ਆਲ਼ੇ-ਦੁਆਲ਼ੇ ਵਸਦੇ ਲੋਕ ਕਿਹੋ ਜਿਹੇ ਹਨ? ਉਨ੍ਹਾਂ ਦੇ ਮਨਾਂ ਵਿਚ ਕਿੰਨੀ ਕੁ ਹਮਦਰਦੀ ਹੈ ਅਤੇ ਉਹ ਤੁਹਾਡੀ ਮਦਦ ਲਈ ਕਿੰਨਾ ਕੁ ਤਤਪਰ ਹੁੰਦੇ ਹਨ। ਮੁੱਲਾਂਪੁਰ ਰਹਿੰਦਿਆਂ ਸਾਡੇ ਗੁਆਂਢ ਵਿਚ ਤਰਖਾਣਾਂ ਦਾ ਘਰ ਸੀ। ਮੇਰੀ ਵੱਡੀ ਬੇਟੀ ਬਹੁਤ ਛੋਟੀ ਸੀ। ਪਤਨੀ ਸਕੂਲ ਵਿਚ ਨੌਕਰੀ ਕਰਦੀ ਅਤੇ ਮੈਂ ਬੇਰੁਜ਼ਗਾਰੀ ਦੇ ਆਲਮ ਵਿਚ ਦਰ-ਬ-ਦਰ ਦੀਆਂ ਠੋਕਰਾਂ ਖਾ ਰਿਹਾ ਸਾਂ। ਘਰ ਘੱਟ ਹੀ ਟਿਕਦਾ ਸਾਂ। ਉਸ ਪਰਿਵਾਰ ਨੇ ਮੇਰੀ ਬੱਚੀ ਨੂੰ ਆਪਣੇ ਬੱਚਿਆਂ ਤੋਂ ਵੀ ਵੱਧ ਪਿਆਰ ਅਤੇ ਅਪਣੱਤ ਨਾਲ ਪਾਲਿਆ। ਉਨ੍ਹਾਂ ਦਾ ਇਹ ਅਹਿਸਾਨ ਹੀ ਇੰਨਾ ਵੱਡਾ ਸੀ ਕਿ ਅਸੀਂ ਉਸ ਅਹਿਸਾਨ ਨੂੰ ਕਦੇ ਮਨੋਂ ਨਹੀਂ ਭੁਲਾਇਆ। ਹੁਣ ਵੀ ਅਕਸਰ ਬੀਤੇ ਦੀਆਂ ਪਰਤਾਂ ਫਰੋਲਦੇ ਹਾਂ ਤਾਂ ਮੁੱਲਾਂਪੁਰ ਵਿਚ ਬੱਚੀ ਦੇ ਬਚਪਨੇ ਦੇ ਦਿਨਾਂ ਵਿਚ ਉਸ ਪਰਿਵਾਰ ਵਲੋਂ ਦਿਖਾਏ ਮੋਹ ਨੂੰ ਯਾਦ ਕਰ ਕੇ ਅੱਖਾਂ ਤਰ ਹੋ ਜਾਦੀਆਂ ਨੇ। ਕੋਸ਼ਿਸ਼ ਹੁੰਦੀ ਹੈ ਕਿ ਜਦ ਵੀ ਮੁੱਲਾਂਪੁਰ ਜਾਈਏ ਤਾਂ ਉਸ ਪਰਿਵਾਰ ਨੂੰ ਜ਼ਰੂਰ ਮਿਲ ਕੇ ਆਈਏ।

ਇਸ ਅਣਸੁਖਾਵੀਂ ਘਟਨਾ ਨੇ ਇਹ ਵੀ ਸਿਖਾਇਆ ਕਿ ਤੁਹਾਨੂੰ ਬਹੁਤ ਸਾਰੇ ਲੋਕ ਸਲਾਹਾਂ ਤੇ ਮੱਤਾਂ ਦੇਣਗੇ ਪਰ ਤੁਹਾਡੀ ਹੱਲਾਸ਼ੇਰੀ ਲਈ ਕੋਈ ਅੱਗੇ ਨਹੀਂ ਆਉਂਦਾ। ਨਾ ਹੀ ਕੋਈ ਆਪਣਾ ਮੋਢਾ ਅੱਗੇ ਕਰਦਾ ਹੈ, ਜਿਸ ‘ਤੇ ਸਿਰ ਰੱਖ ਕੇ ਮਨ ਦਾ ਭਾਰ ਹਲਕਾ ਕੀਤਾ ਜਾਵੇ। ਸਿਰਫ਼ ਕੁਝ ਕੁ ਹੁੰਦੇ ਹਨ, ਜਿਨ੍ਹਾਂ ਨਾਲ ਮਨ ਦਾ ਗੁਬਾਰ ਫ਼ਰੋਲਿਆ ਜਾ ਸਕਦਾ ਹੈ। ਉਹ ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰਦੇ ਅਤੇ ਕਈ ਵਾਰ ਤੁਹਾਡੀ ਜਾਣਕਾਰੀ ਤੋਂ ਬਗੈਰ ਕੁਝ ਅਜਿਹਾ ਕਰ ਜਾਂਦੇ ਕਿ ਬੰਦੇ ਨੂੰ ਨਾਜ਼ ਹੁੰਦਾ ਕਿ ਅਜਿਹਾ ਕੁਝ ਵੀ ਹੋ ਸਕਦਾ ਹੈ। ਅਜਿਹਾ ਕੁਝ ਹੀ ਮੇਰੇ ਨਾਲ ਹੋਇਆ ਕਿ ਜਦ ਮੇਰੀ ਖਾਲਸਾ ਕਾਲਜ ਸੁਧਾਰ ਵਿਚ ਬਹਾਲੀ ਨਾ ਹੋਈ ਤਾਂ ਡੀਏਵੀ ਕਾਲਜ ਜਲੰਧਰ ਦੇ ਪ੍ਰਿੰਸੀਪਲ ਸੁਭਾਸ਼ ਕੁਮਾਰ ਦਾ ਸੁਨੇਹਾ ਆਇਆ ਕਿ ਡੀਏਵੀ ਕਾਲਜ ਹੁਸ਼ਿਆਰਪੁਰ ਵਿਚ ਐਡਹਾਕ ਦੇ ਤੌਰ ‘ਤੇ ਪੜ੍ਹਾਉਣਾ ਸ਼ੁਰੂ ਕਰ ਦੇ। ਇਕ ਰਾਹਤ ਮਿਲਦੀ ਹੈ ਜਦ ਕੋਈ ਤੁਹਾਡੀ ਬਿਹਤਰੀ ਲਈ ਅਚੇਤ ਰੂਪ ਵਿਚ ਸ਼ੁੱਭ ਕਰਦਾ ਅਤੇ ਅਹਿਸਾਨ ਵੀ ਨਹੀਂ ਜਤਾਉਂਦਾ। ਵਰਨਾ ਕਈਆਂ ਦੀ ਇਹ ਵੀ ਸਲਾਹ ਸੀ ਕਿ ਪ੍ਰੋਫ਼ੈਸਰੀ ਛੱਡ ਤੇ ਬੀ.ਐਡ. ਕਰ ਤੇ ਕਿਸੇ ਸਕੂਲ ਵਿਚ ਅਧਿਆਪਕ ਲੱਗ ਜਾ। ਸਿਰਫ਼ ਮਨ ਦੀ ਤਕੜਾਈ, ਟੀਚੇ ਪ੍ਰਤੀ ਨਿਸ਼ਠਾ ਅਤੇ ਆਪਣੇ ਆਪ ‘ਤੇ ਵਿਸ਼ਵਾਸ ਹੀ ਹੁੰਦਾ ਹੈ, ਜਿਸ ਨਾਲ ਤੁਸੀਂ ਆਪਣੀਆਂ ਰਾਹਾਂ ਦੇ ਖ਼ੁਦ ਹੀ ਸਿਰਜਣਹਾਰੇ ਬਣਦੇ ਹੋ। ਵਿਸਾਖ਼ੀਆਂ ਸਹਾਰੇ ਮੰਜ਼ਲਾਂ ਸਰ ਨਹੀਂ ਹੁੰਦੀਆਂ। ਪੈਰਾਂ ਹੇਠ ਧਰਤੀ ਹੋਵੇ ਅਤੇ ਨੈਣਾਂ ਵਿਚ ਅੰਬਰ ਦਾ ਸਿਰਨਾਵਾਂ ਹੋਵੇ ਤਾਂ ਸਫ਼ਲਤਾਵਾਂ ਦੇ ਸ਼ਿਲਾਲੇਖਾਂ ‘ਤੇ ਤੁਹਾਡੇ ਨਾਮ ਦੇ ਅੱਖਰ ਜਗਣਗੇ।

ਟਰਮੀਨੇਸ਼ਨ ਦੇ ਸ਼ਗਨ ਤੋਂ ਸਰਕਾਰੀ ਨੌਕਰੀ ਤੀਕ ਦਾ ਸਫ਼ਰ ਸ਼ਾਇਦ ਇਕ ਪਰਖ਼ ਦਾ ਸਮਾਂ ਸੀ। ਉਸ ਪਰਖ਼ ਵਿਚੋਂ ਪੂਰਨ ਤਨਦੇਹੀ ਨਾਲ ਖ਼ੁਦ ਨੂੰ ਸਾਬਤ ਕਰਨਾ ਅਤੇ ਸਾਬਤ ਕਦਮੀਂ ਸਿਰ ਉੱਚਾ ਕਰ ਕੇ ਅੱਗੇ ਵਧਣ ਦਾ ਤਹੱਈਆ ਕਰਨ ਨਾਲ ਹੀ ਕੁਝ ਪ੍ਰਾਪਤ ਹੋ ਸਕਦਾ। ਹਿੰਮਤਾਂ ਅੱਗੇ ਹੀ ਸੁਪਨਿਆਂ ਦਾ ਸੱਚ ਨਸਮਕਾਰਦਾ ਹੈ। ਬੇਹਿੰਮਤਿਆਂ ਨੂੰ ਜਾਂ ਤਾਂ ਸੁਪਨੇ ਹੀ ਨਹੀਂ ਆਉਂਦੇ ਜਾਂ ਉਹ ਸਿਰਫ਼ ਸੁਪਨੇ ਲੈਣ ਜੋਗੇ ਹੀ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਸੁਪਨਿਆਂ ਵਿਚ ਪ੍ਰਾਪਤੀਆਂ ਦਾ ਜੋਸ਼, ਜਨੂੰਨ, ਜ਼ਜ਼ਬ ਅਤੇ ਜਗਿਆਸਾ ਹੀ ਨਹੀਂ ਹੁੰਦੀ।

ਅਸਫ਼ਲਤਾਵਾਂ ਜ਼ਿੰਦਗੀ ਦਾ ਹਿੱਸਾ ਹਨ। ਕਈ ਵਾਰ ਇਹ ਤੁਹਾਡੀ ਕੋਈ ਕਮੀ ਜਾਂ ਘਾਟ ਨਹੀਂ ਹੁੰਦੀਆਂ, ਸਗੋਂ ਦੂਸਰਿਆਂ ਵਲੋਂ ਤੁਹਾਡੇ ‘ਤੇ ਕੀਤੀ ਕਰੂਰਤਾ ਦਾ ਰੂਪ ਹੁੰਦਾ ਹੈ, ਜਿਹੜਾ ਤੁਹਾਨੂੰ ਹੀ ਹੰਢਾਉਣਾ ਪੈਣਾ ਹੈ। ਇਹ ਤਾਂ ਇਕ ਪੜਾਅ ਹੁੰਦਾ ਏ ਸਫ਼ਲਤਾਵਾਂ ਨੂੰ ਪਾਉਣ ਦਾ। ਇਸ ਮੋੜ ‘ਤੇ ਥਿੜਕਣਾ ਤੁਹਾਨੂੰ ਰਸਾਤਲ ਵੰਨੀਂ ਧਕੇਲ ਸਕਦਾ ਹੈ, ਜਦਕਿ ਮਜ਼ਬੂਤ ਕਦਮਾਂ ਦੀ ਆਹਟ ਨਾਲ ਸਫ਼ਲਤਾਵਾਂ ਤੁਹਾਡੀ ਝੋਲੀ ਵਿਚ ਪੈਣ ਲਈ ਅਹੁਲਦੀਆਂ ਹਨ।

ਸਭ ਤੋਂ ਜ਼ਰੂਰੀ ਹੁੰਦਾ ਏ ਜ਼ਿੰਦਗੀ ਦੇ ਕਿਸੇ ਵੀ ਮੁਕਾਮ ‘ਤੇ ਆਪਣੇ ਆਪ ਨੂੰ ਉਹੀ ਸਮਝੋ, ਜੋ ਤੁਸੀਂ ਅੰਦਰੋਂ ਹੋ ਪਰ ਕਦੇ ਵੀ ਉਹ ਨਾ ਸਮਝੋ ਜੋ ਤੁਸੀਂ ਨਹੀਂ ਸੀ ਅਤੇ ਨਾ ਹੀ ਹੋ। ਆਪਣੇ ਬੀਤੇ ਨੂੰ ਕਦੇ ਵੀ ਨਾ ਭੁਲਾਵੋ ਸਗੋਂ ਵਕਤ-ਬ-ਵਕਤ ਇਸ ਦੇ ਸਨਮੁੱਖ ਹੋ ਕੇ ਇਸ ਨੂੰ ਨਿਹਾਰਦੇ ਰਹੋ ਤਾਂ ਤੁਸੀਂ ਖ਼ੁਦ ਨਾਲ ਜੁੜੇ ਰਹੋਗੇ। ਆਪਣੇ ਅਤੀਤ ਨਾਲ ਮੋਹ ਕਰੋਗੇ ਕਿਉਂਕਿ ਇਹ ਅਤੀਤ ਸਦਕਾ ਹੀ ਹੁੰਦਾ ਹੈ, ਜਿਸ ਕਾਰਨ ਤੁਸੀਂ ਮੌਜੂਦਾ ਮੁਕਾਮ ‘ਤੇ ਹੋ।

# ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ ਜੋਗਿੰਦਰ ਸਿੰਘ ਪੁਆਰ

**ਪੰਜਾਬ ਦੇ ਸਾਹਿਤਕ ਅਤੇ ਬੌਧਿਕ ਹਲਕਿਆਂ ਅੰਦਰ ਡਾ. ਜੋਗਿੰਦਰ ਸਿੰਘ ਪੁਆਰ ਦਾ ਆਪਣਾ ਸਥਾਨ ਹੈ। ਮੁੱਖ ਰੂਪ ਵਿਚ ਭਾਸ਼ਾ ਉਨ੍ਹਾਂ ਦਾ ਕਾਰਜ ਖੇਤਰ ਸੀ। ਕੋਈ ਉਨ੍ਹਾਂ ਦੀ ਰਾਇ ਨਾਲ ਸਹਿਮਤ ਹੁੰਦਾ ਜਾਂ ਨਾ ਪਰ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਵੱਲ ਸੀ ਅਤੇ ਇਸ ਵੱਲ ਵਿਚ ਉਨ੍ਹਾਂ ਨੇ ਜ਼ਿੱਦ ਵੀ ਜੋੜੀ ਹੋਈ ਸੀ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ ਲਿਖੀ ਲੰਮੀ ਰਚਨਾ 'ਪੰਜਾਬ ਟਾਈਮਜ਼' ਲਈ ਭੇਜੀ ਹੈ। ਇਸ ਵਿਚ ਡਾ. ਪੁਆਰ ਦੇ ਸੱਭੇ ਰੰਗ ਨਸ਼ਰ ਹੋਏ ਹਨ। ਇਸ ਲੰਮੇ, ਬੇਲਿਹਾਜ਼ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ।**

ਜੋਗਿੰਦਰ ਸਿੰਘ ਪੁਆਰ 'ਨਰ' ਆਦਮੀ ਸੀ। ਯਾਰਾਂ ਦਾ ਯਾਰ। ਤੋੜ ਨਿਭਣ ਵਾਲਾ। ਆਪਣੀ ਧੁਨ ਤੇ ਵਿਚਾਰਾਂ ਦਾ ਪੱਕਾ। ਲੜਾਕਾ ਤੇ ਜੁਝਾਰੂ। ਬੇਲਚਕ ਤੇ ਬੇਲਿਹਾਜ਼। ਖਰ੍ਹਵਾ ਅਤੇ ਖੋਰੀ। ਸੱਚੀ ਗੱਲ ਮੂੰਹ 'ਤੇ ਕਹਿਣ ਵਾਲਾ। ਬਾਹਰੋਂ ਕਰੜਾ ਪਰ ਅੰਦਰੋਂ ਕੂਲਾ। ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ। ਪੰਜਾਬੀ ਦਾ ਸੂਰਮਾ ਪੁੱਤ। ਸਾਰੀ ਉਮਰ ਪੰਜਾਬੀ ਭਾਸ਼ਾ ਦੀ ਹੋਂਦ, ਹਸਤੀ ਤੇ ਪਛਾਣ ਲਈ ਲੜਿਆ, ਉਹਦੇ ਲਈ ਜੀਵਿਆ। ਪੰਜਾਬੀ ਭਾਸ਼ਾ ਹੀ ਉਹਦਾ ਪਹਿਨਣ-ਪੱਚਰਨ ਸੀ। ਉਹਦਾ 'ਓੜ੍ਹਨਾ-ਵਿਛੌਣਾ' ਸੀ। ਉਹਦੇ ਜਾਗਦੇ-ਸੁੱਤਿਆਂ ਲਏ ਸੁਪਨਿਆਂ ਦੀ ਮਹਿਬੂਬਾ! ਆਪਣੇ ਵਿਦਿਆਰਥੀਆਂ ਪਿੱਛੇ ਕੰਧ ਬਣ ਕੇ ਖਲੋਣ ਵਾਲਾ। 'ਆਪਣੀ ਬੇੜੀ' ਵਿਚ ਬਿਠਾ ਕੇ, ਉਹਨੇ, ਪਤਾ ਨਹੀਂ



**ਵਰਿਆਮ ਸਿੰਘ ਸੰਧੂ**
**ਫੋਨ: 98726-02296**

ਕਿੰਨੇ ਪੂਰ ਪਾਰ ਲੰਘਾ ਦਿੱਤੇ। ਉਹਦੀ ਬਦੌਲਤ ਉਹਦੇ ਦਰਜਨਾਂ ਵਿਦਿਆਰਥੀ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਪ੍ਰੋਫੈਸਰ ਅਤੇ ਮੁਖੀ ਦੇ ਅਹੁਦੇ ਤੱਕ ਪਹੁੰਚੇ। ਸਭਨਾਂ ਦੇ ਨਾਂ ਕੀ ਗਿਣਾਉਣੇ ਹੋਏ! ਕੱਚੇ-ਪੱਕੇ ਅਨੁਮਾਨ ਮੁਤਾਬਕ ਇਕੱਲੀ ਪੰਜਾਬੀ ਯੂਨੀਵਰਸਿਟੀ ਵਿਚ ਹੀ ਲਗਭਗ ਡੇਢ ਦਰਜਨ ਤੋਂ ਵੱਧ, ਉਹਦੇ ਵਿਦਿਆਰਥੀ ਵੱਖ-ਵੱਖ ਵਿਭਾਗਾਂ ਵਿਚ ਪ੍ਰੋਫੈਸਰ ਬਣ ਕੇ ਜ਼ਿੰਦਗੀ ਦੇ ਰੰਗ-ਤਮਾਸ਼ੇ ਮਾਣਦੇ ਰਹੇ ਹਨ। ਦੂਜੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਉਹਨੇ ਕਿਹੜੇ ਕਿਹੜੇ ਬੂਟੇ ਲਾਏ, ਉਨ੍ਹਾਂ ਦਾ ਹਿਸਾਬ-ਕਿਤਾਬ ਤੁਸੀਂ ਵੀ ਤਾਂ ਕਰ ਸਕਦੇ ਹੋ।

ਕਰੋਨਾ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੀ ਗੱਲ ਹੈ। ਇਕ ਦਿਨ ਫੋਨ ਆਇਆ ਕਿ ਮੈਂ ਅਗਲੇ ਦਿਨ ਦੇਸ਼ ਭਗਤ ਯਾਦਗਾਰ ਹਾਲ ਪਹੁੰਚ ਜਾਵਾਂ। ਕੋਈ ਮੀਟਿੰਗ ਕਰਨ ਦਾ ਇਰਾਦਾ ਸੀ ਉਹਦਾ। ਉਹ ਚਾਹੁੰਦਾ ਸੀ ਕਿ ਪੰਜਾਬੀ ਭਾਸ਼ਾ ਅਕਾਦਮੀ ਵੱਲੋਂ ਜਲੰਧਰ ਵਿਚ, ਜੈਪੁਰ ਵਰਗੇ ਸਾਲਾਨਾ ਸਾਹਿਤ ਉਤਸਵ ਵਾਂਗ, ਭਾਰਤ ਪੱਧਰੀ ਭਾਸ਼ਾ ਸਮਾਗਮ ਕੀਤਾ ਜਾਵੇ ਜਿਸ ਵਿਚ ਭਾਰਤ ਭਰ ਤੋਂ ਵੱਡੇ ਭਾਸ਼ਾ ਵਿਗਿਆਨੀ ਬੁਲਾਏ ਜਾਣ। ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ ਕੀਤੀ ਜਾਵੇ ਤੇ ਉਸ ਰੌਸ਼ਨੀ ਵਿਚ ਪੰਜਾਬੀ ਭਾਸ਼ਾ ਦੀ ਤਰੱਕੀ ਬਾਰੇ ਨਵਾਂ ਏਜੰਡਾ ਉਲੀਕਿਆ ਜਾਵੇ ਤੇ ਉਹਨੂੰ ਸਿਰੇ ਚਾੜ੍ਹਨ ਲਈ ਸਰਗਰਮ ਯਤਨ ਆਰੰਭੇ ਜਾਣ।

ਮੀਟਿੰਗ ਵਿਚ ਬੈਠੇ ਵੱਖ-ਵੱਖ ਸੱਜਣ ਬੜੇ ਹੁੱਬ ਕੇ ਇਸ ਮਹਾ ਸਮਾਗਮ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਬਾਰੇ ਚਰਚਾ ਕਰ ਰਹੇ ਸਨ।

ਮੈਂ ਮਨ ਹੀ ਮਨ ਵਿਚ ਸੋਚ ਰਿਹਾ ਸਾਂ।...

...ਚੌਦਾਂ-ਪੰਦਰਾਂ ਸਾਲ ਪਹਿਲਾਂ ਦੀ ਗੱਲ ਹੋਵੇਗੀ। ਪੰਜਾਬੀ ਭਾਸ਼ਾ ਅਕਾਦਮੀ ਵੱਲੋਂ ਸਾਲਾਨਾ ਕਾਨਫਰੰਸ ਕਰਵਾਈ ਜਾਣੀ ਸੀ। ਕੁਝ ਵਿਦਵਾਨਾਂ ਦੇ ਪਰਚੇ ਪਹੁੰਚ ਚੁੱਕੇ ਸਨ। ਮੈਂ ਦੋ-ਚਾਰ 'ਤੇ ਨਜ਼ਰ ਮਾਰੀ। ਫਿਰ ਮੇਰੇ ਮਨ ਵਿਚ ਖਿਆਲ ਆਇਆ ਕਿ ਇਸ ਤੋਂ ਪਹਿਲਾਂ ਹੋਈਆਂ ਕਾਨਫਰੰਸਾਂ ਵਿਚ ਪੜ੍ਹੇ ਪਰਚਿਆਂ 'ਤੇ ਵੀ ਝਾਤੀ ਮਾਰ ਕੇ ਵੇਖਾਂ। ਮੈਂ ਅਕਾਦਮੀ ਦੇ ਦਫਤਰ ਵਿਚ ਪਏ ਪੁਰਾਣੇ ਪਰਚੇ ਕੱਢੇ। ਵੇਖਿਆ ਕਿ ਉਸ ਤੋਂ ਵੀ ਦਸ ਸਾਲ ਪਹਿਲਾਂ ਕੀਤੀ ਕਾਨਫਰੰਸ ਵਿਚ ਵੀ ਉਸੇ ਵਿਦਵਾਨ ਦਾ ਇਕ ਪਰਚਾ ਪਿਆ ਸੀ ਜਿਸ ਦਾ ਪਰਚਾ ਹੁਣ ਵੀ ਆਇਆ ਸੀ। ਉਨ੍ਹੀ-ਇੱਕੀ ਦੇ ਫਰਕ ਨਾਲ ਹੁਣ ਵੀ ਉਸ ਨੇ ਉਹੋ ਗੱਲਾਂ ਕੀਤੀਆਂ ਸਨ ਜਿਹੜੀਆਂ ਦਸ ਸਾਲ ਪਹਿਲਾਂ ਕੀਤੀਆਂ ਸਨ। ਕਈ ਪੈਰੇ ਤਾਂ ਹੂ-ਬ-ਹੂ ਕਈ ਸਾਲ ਪਹਿਲਾਂ ਲਿਖੇ ਪਰਚੇ ਵਾਲੇ ਹੀ ਸਨ।

ਤੇ ਮੈਨੂੰ ਲੱਗਦਾ ਸੀ ਕਿ ਹੁਣ ਵੀਹ-ਪੰਝੀ ਸਾਲ ਬਾਅਦ ਵੀ ਪਰਚੇ ਤਾਂ ਸਾਡੇ ਵਿਦਵਾਨ ਉਹੋ ਜਿਹੇ ਹੀ ਰਹੇ ਨੇ ਤੇ ਲਿਖਣਗੇ, ਜਿਹੋ ਜਿਹੇ ਵੀਹ-ਪੰਝੀ ਸਾਲ ਪਹਿਲਾਂ ਲਿਖਦੇ ਰਹੇ ਹਨ। ਉਹੋ ਤਵਾ ਤੇ ਉਹੋ ਸੂਈ।

ਪੁਆਰ ਪੰਜਾਬੀ ਭਾਸ਼ਾ ਬਾਰੇ ਜਦ ਵੀ ਗੱਲ ਕਰਦਾ ਤਾਂ ਅਸੀਂ ਹੱਸਦੇ, "ਹੁਣੇ ਆਈ ਲਓ ਬੁਨਿਆਦੀ ਭਾਸ਼ਾ ਸਮੱਗਰੀ!"

ਤੇ ਉਹੋ ਗੱਲ ਹੁੰਦੀ। ਪੁਆਰ ਕਹਿਣ ਲੱਗਦਾ, "ਭਾਸ਼ਾ ਦੀ ਤਰੱਕੀ ਲਈ ਬੁਨਿਆਦੀ ਭਾਸ਼ਾ ਸਮੱਗਰੀ ਤੋਂ ਬਿਨਾਂ ਕੋਈ ਵੀ ਭਾਸ਼ਾ ਤਰੱਕੀ ਨਹੀਂ ਕਰ ਸਕਦੀ ਪਰ ਸਾਡੀਆਂ ਯੂਨੀਵਰਸਿਟੀਆਂ ਅਤੇ ਹੋਰ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਵਿਚ ਬੁਨਿਆਦੀ ਭਾਸ਼ਾ ਸਮੱਗਰੀ ਦੀ ਵੱਡੀ ਪੱਧਰ 'ਤੇ ਅਣਹੋਂਦ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਾਡੀਆਂ ਸਰਕਾਰਾਂ ਨੇ ਕਦੇ ਵੀ ਠੀਕ ਭਾਸ਼ਾ ਵਿਉਂਤਬੰਦੀ ਵੱਲ ਧਿਆਨ ਨਹੀਂ ਦਿੱਤਾ। ਕਿਤੇ ਵੀ ਕੋਈ ਅਜਿਹਾ ਅਦਾਰਾ ਨਹੀਂ ਜੋ ਇਸ ਮਹੱਤਵਪੂਰਨ ਕਾਰਜ ਲਈ ਜ਼ਿੰਮੇਵਾਰ ਹੋਵੇ। ਠੀਕ ਭਾਸ਼ਾ ਵਿਉਂਤਬੰਦੀ ਬਗੈਰ ਪੰਜਾਬੀ ਦੀ ਬੁਨਿਆਦੀ ਭਾਸ਼ਾ ਸਮੱਗਰੀ ਤਿਆਰ ਨਹੀਂ ਹੋ ਸਕਦੀ।"

ਉਹਦੇ ਇਹ ਵਿਚਾਰ ਸਾਨੂੰ ਵਾਰ-ਵਾਰ ਸੁਣਨ ਨੂੰ ਮਿਲਦੇ। ਬੜੀ ਗੰਭੀਰਤਾ ਨਾਲ ਸੋਚਦਾ ਤਾਂ ਲੱਗਣ ਲੱਗਦਾ ਕਿ ਇਹ ਉਹਦੀ ਪੰਜਾਬੀ ਭਾਸ਼ਾ ਨਾਲ ਮੁਹੱਬਤ ਤੇ ਭਾਸ਼ਾ ਦੀ ਤਰੱਕੀ ਲਈ ਲਗਾਤਾਰ ਕੰਮ ਕਰਦੇ ਰਹਿਣ ਦੀ ਵਚਨਬੱਧਤਾ ਹੀ ਹੈ ਜੋ ਦਹਾਕਿਆਂ ਤੋਂ ਉਹਦੇ ਸਿਰ 'ਤੇ ਖਬਤ ਵਾਂਗ ਸਵਾਰ ਹੈ; ਜਿਵੇਂ ਭਗਤ ਸਿੰਘ ਦੇ ਆਸ਼ਕ ਉਹਦੀ ਇਹ ਉਕਤੀ ਅਕਸਰ ਦੁਹਰਾਉਂਦੇ ਰਹਿੰਦੇ ਨੇ ਕਿ, "ਸਾਡੀ ਲੜਾਈ ਓਨਾ ਚਿਰ ਜਾਰੀ ਰਹੇਗੀ, ਜਿੰਨਾ ਚਿਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ।" ਇੰਝ ਹੀ ਜੋਗਿੰਦਰ ਸਿੰਘ ਪੁਆਰ ਦਾ ਐਲਾਨ ਸੀ, "ਜਿੰਨਾ ਚਿਰ ਪੰਜਾਬੀ ਨੂੰ ਪੰਜਾਬ ਵਿਚ ਉਹਦਾ ਬਣਦਾ ਮਾਣ-ਸਨਮਾਨ ਨਹੀਂ ਮਿਲਦਾ, ਜਿੰਨਾ ਚਿਰ ਪੰਜਾਬੀ ਨੂੰ ਹਰ ਪੱਖ ਤੋਂ ਪ੍ਰਫੁੱਲਤ ਕਰਨ ਤੇ ਦੁਨੀਆ ਦੀਆਂ ਵਿਕਸਿਤ ਭਾਸ਼ਾਵਾਂ ਦੇ ਬਰਾਬਰ ਖੜ੍ਹਾ ਕਰਨ ਲਈ ਚੌਤਰਫੀ ਪ੍ਰਾਪਤੀ ਨਹੀਂ ਹੋ ਜਾਂਦੀ, ਓਨਾ ਚਿਰ ਉਹ ਆਪਣੀ ਆਵਾਜ਼ ਅਤੇ ਆਪਣਾ ਸੰਘਰਸ਼ ਜਾਰੀ ਰੱਖੇਗਾ।"...

...ਸਾਰੇ ਬੋਲ ਹਟੇ ਤਾਂ ਮੈਨੂੰ ਕਹਿੰਦਾ, "ਤੂੰ ਨਹੀਂ ਬੋਲਦਾ!"

ਮੈਂ ਉਸ ਪਰਚੇ ਵਿਚਲੇ ਦੁਹਰਾਓ ਅਤੇ ਉਸ ਨਾਲ ਜੁੜਵੀਆਂ ਆਪਣੀਆਂ ਸੋਚੀਆਂ ਸਾਰੀਆਂ ਗੱਲਾਂ ਸੁਣਾ ਕੇ ਕਿਹਾ, "ਇਹ ਠੀਕ ਹੈ ਕਿ ਭਾਸ਼ਾ ਬਾਰੇ ਵਰ੍ਹਿਆਂ ਤੋਂ ਵਾਰ-ਵਾਰ ਉਹੋ ਗੱਲਾਂ ਦੁਹਰਾਈਆਂ ਜਾ ਰਹੀਆਂ ਨੇ ਪਰ ਇਹ ਵੀ ਤਾਂ ਸੱਚ ਹੈ ਕਿ ਜਿੰਨਾ ਚਿਰ ਪੰਜਾਬੀ ਭਾਸ਼ਾ ਨਾਲ ਵਰ੍ਹਿਆਂ ਤੋਂ ਜੁੜੇ ਮਸਲੇ ਹੱਲ ਨਹੀਂ ਹੁੰਦੇ ਤੇ ਉਹ ਜਿਉਂ ਦੇ ਤਿਉਂ ਖੜ੍ਹੇ ਰਹਿੰਦੇ ਨੇ, ਤਾਂ ਇਹ ਗੱਲਾਂ ਦੁਹਰਾਉਣੀਆਂ ਵੀ ਲਾਜ਼ਮੀ ਹੋ ਜਾਂਦੀਆਂ ਨੇ। 'ਬੋਲੇ ਕੰਨਾਂ' ਵਿਚ ਲਗਾਤਾਰ ਆਵਾਜ਼ ਗੂੰਜਦੀ ਰਹਿਣੀ ਚਾਹੀਦੀ ਹੈ।

ਪੁਆਰ 'ਬੋਲਿਆਂ' ਤੇ 'ਸੁੱਤਿਆਂ' ਨੂੰ ਮਾਂ-ਬੋਲੀ ਦੇ ਮਹੱਤਵ ਬਾਰੇ ਦਹਾਕਿਆਂ ਤੋਂ ਸੱਚ ਸੁਣਾ ਰਿਹਾ ਸੀ। ਉਹਦਾ ਕੰਮ ਹੋਕਾ ਦੇਣਾ ਸੀ ਤੇ ਉਹ ਅੰਤਮ ਸਾਹਾਂ ਤੱਕ ਇਹ ਹੋਕਾ ਦਿੰਦਾ ਵੀ ਰਿਹਾ ਤੇ ਪੰਜਾਬੀ ਨੂੰ ਬਣਦਾ ਮਾਣ-ਸਨਮਾਨ ਦਿਵਾਉਣ ਲਈ ਲੜਦਾ ਰਿਹਾ।

ਹੁਣ ਉਹ 'ਭਾਸ਼ਾ ਉਤਸਵ' ਕਰਵਾ ਕੇ ਇਕ ਵਾਰ ਫੇਰ ਵੱਡੇ 'ਯੁਧ' ਦਾ ਬਿਗਲ ਵਜਾਉਣਾ ਚਾਹੁੰਦਾ ਸੀ।

***

ਪੁਆਰ ਨਵਾਂ-ਨਵਾਂ ਵਾਈਸ ਚਾਂਸਲਰ ਬਣਿਆ ਸੀ। ਡਾ. ਸਾਧੂ ਸਿੰਘ ਪੰਜਾਬ ਆਇਆ ਹੋਇਆ ਸੀ। ਉਹ ਪੁਰਾਣੇ ਯਾਰ ਨੂੰ ਮਿਲਣਾ ਤੇ ਵਧਾਈ ਵੀ ਦੇਣਾ ਚਾਹੁੰਦਾ ਸੀ। ਅਸੀਂ, ਲੱਧੇਵਾਲੀ, ਪੁਆਰ ਦੇ ਘਰ, ਉਹਨੂੰ ਮਿਲਣ ਗਏ। ਸਾਧੂ ਸਿੰਘ ਕਹਿੰਦਾ, "ਲੈ ਭਈ ਜੋਗਿੰਦਰਾ! ਆਹ ਤਾਂ ਕੌਤਕ ਹੋ ਗਿਆ! ਆਪਾਂ ਕਦੀ ਸੋਚਿਆ ਵੀ ਨਹੀਂ ਸੀ ਜੋ ਹੋ ਗਿਆ। ਤੂੰ ਕਹਿੰਦਾ ਤਾਂ ਸੈਂ ਪਰ ਮੇਰਾ ਮਨ ਨਹੀਂ ਸੀ ਮੰਨਦਾ।"

ਪੁਆਰ ਜੇਤੂ ਅੰਦਾਜ਼ ਵਿਚ ਮਿੰਨ੍ਹਾ ਜਿਹਾ ਮੁਸਕਰਾਇਆ, "ਵੇਖ ਲੈ ਫੇਰ!"

'ਮੌਕਾ ਆਉਣ' 'ਤੇ ਵਾਈਸ ਚਾਂਸਲਰ ਬਣ ਜਾਣ ਦੀ ਭਵਿੱਖਬਾਣੀ ਉਹ ਕਈ ਸਾਲਾਂ ਤੋਂ ਆਪਣੇ ਮਿੱਤਰਾਂ-ਪਿਆਰਿਆਂ ਨਾਲ ਕਰ ਰਿਹਾ ਸੀ। ਸਾਧੂ ਸਿੰਘ ਨਾਲ ਵੀ ਕੀਤੀ ਹੋਈ ਸੀ। ਡਾ. ਸ.ਪ. ਸਿੰਘ ਨੇ 1988-89 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪਰਵਾਸੀ ਸਾਹਿਤ ਬਾਰੇ ਦੋ-ਦਿਨਾਂ ਵਿਸ਼ਵ ਕਾਨਫਰੰਸ ਕਰਵਾਈ ਸੀ। ਵਿਚਕਾਰਲੀ ਰਾਤ ਪੁਆਰ ਤੇ ਮੈਂ ਗੈਸਟ ਹਾਊਸ ਦੇ ਇੱਕੋ ਕਮਰੇ ਵਿਚ ਸਾਂ। ਪੁਆਰ ਆਪਣੇ ਮੁਢਲੇ ਜੀਵਨ ਬਾਰੇ ਗੱਲਬਾਤ ਕਰ ਰਿਹਾ ਸੀ। ਕਿਵੇਂ ਉਹ ਉਜੜ ਕੇ ਕਾਫਲੇ ਨਾਲ ਆਏ। ਕਿਵੇਂ ਬੇਅੰਤ ਸਿੰਘ ਨੇ ਬੰਦੂਕ ਲੈ ਕੇ, ਘੋੜੀ 'ਤੇ ਚੜ੍ਹ ਕੇ ਕਾਫਲੇ ਦੀ ਰਾਖੀ ਕੀਤੀ। ਕਿਵੇਂ ਉਹ ਲੱਧੇਵਾਲੀ ਆ ਕੇ ਵੱਸੇ। ਕਿਵੇਂ ਬਾਅਦ ਵਿਚ ਬੇਅੰਤ ਸਿੰਘ ਦਾ ਪਰਿਵਾਰ ਮਾਲਵੇ ਦੇ ਪਿੰਡ ਕੋਟਲੀ ਵਿਚ ਜਾ ਵੱਸਿਆ। ਤਦ ਵੀ, ਕਿਵੇਂ ਉਹਦਾ ਲੱਧੇਵਾਲੀ ਰਹਿੰਦੇ ਪੁਰਾਣੇ ਯਾਰਾਂ-ਬੇਲੀਆਂ ਨਾਲ ਮੁਹੱਬਤ ਦਾ ਰਿਸ਼ਤਾ ਬਣਿਆ ਹੋਇਆ ਸੀ। ਕਿਵੇਂ ਉਹ ਉਨ੍ਹਾਂ ਦੇ ਆਖੇ ਦਾ ਮਾਣ ਰੱਖਦਾ ਸੀ। ਕਿਵੇਂ ਖੁੱਲ੍ਹੇ ਦਿਲ ਨਾਲ ਉਨ੍ਹਾਂ ਦੀ ਮਦਦ ਕਰਦਾ ਸੀ।

ਅਚਨਚੇਤ ਉਹਨੇ ਚੱਲ ਰਹੀ ਗੱਲਬਾਤ ਨੂੰ ਵਿਚਾਲੇ ਛੱਡ ਕੇ ਕਿਹਾ, "ਵਰਿਆਮ ਸਿਹਾਂ! ਤੈਨੂੰ ਇੱਕ ਗੱਲ ਦੱਸਾਂ! ਬੇਅੰਤ ਸਿੰਘ ਕਾਂਗਰਸ ਦਾ ਪ੍ਰਧਾਨ ਹੈ। ਜੇ ਚੋਣਾਂ ਹੋ ਗਈਆਂ ਤੇ ਜੇ ਕਾਂਗਰਸ ਦੀ ਸਰਕਾਰ ਬਣ ਗਈ ਤਾਂ ਬੇਅੰਤ ਸਿੰਘ ਨੇ ਮੁੱਖ ਮੰਤਰੀ ਬਣ ਜਾਣਾ। ਉਹ ਮੁੱਖ ਮੰਤਰੀ ਬਣਿਆ ਤਾਂ ਆਪਾਂ ਵਾਈਸ ਚਾਂਸਲਰ ਬਣ ਜਾਣੈ।"

ਉਨ੍ਹਾਂ ਦਿਨਾਂ ਵਿਚ ਚੋਣਾਂ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ ਤੇ ਕਾਂਗਰਸ ਦੀ ਸਰਕਾਰ ਬਣਨ ਦੀ ਤਾਂ ਉਕਾ ਹੀ ਨਹੀਂ ਸੀ ਪਰ ਕਾਂਗਰਸ ਦੀ ਸਰਕਾਰ ਬਣਨਾ ਤੇ ਬੇਅੰਤ ਸਿੰਘ ਦਾ ਮੁੱਖ ਮੰਤਰੀ ਬਣਨਾ ਵੀ 'ਕੌਤਕ' ਹੀ ਸੀ ਤੇ ਪੁਆਰ ਦਾ ਵਾਈਸ ਚਾਂਸਲਰ ਬਣਨਾ ਵੀ ਸਾਧੂ ਸਿੰਘ ਵਰਗੇ ਦੋਸਤਾਂ ਨੂੰ ਕੌਤਕ ਹੀ ਲੱਗਦਾ ਸੀ। ਮੈਨੂੰ ਯਾਦ ਹੈ, ਪੁਆਰ ਦੇ ਮੂੰਹੋਂ ਮੈਂ ਇਹ ਗੱਲ ਪਹਿਲਾਂ ਉਦੋਂ ਵੀ ਸੁਣੀ ਸੀ ਜਦ ਮੈਂ ਤੇ ਸਾਧੂ ਸਿੰਘ ਲਾਇਲਪੁਰ ਖਾਲਸਾ ਕਾਲਜ ਵਿਚ ਮੇਰੀ ਨਿਯੁਕਤੀ ਦੇ ਹਵਾਲੇ ਨਾਲ ਰਾਜਾ ਹਰਨਰਿੰਦਰ ਸਿੰਘ ਨੂੰ ਮਿਲ ਕੇ ਪੁਆਰ ਦੇ ਘਰ ਬੈਠੇ ਗੱਲਬਾਤ ਕਰ ਰਹੇ ਸਾਂ ਤਾਂ ਪੁਆਰ ਨੇ ਸਾਧੂ ਸਿੰਘ ਕੋਲ ਵੀ ਇਹ ਦਾਅਵਾ ਕੀਤਾ ਸੀ। ਹੁਣ ਜਦ ਸਾਧੂ ਸਿੰਘ ਨੇ ਕਿਹਾ ਸੀ, "ਤੂੰ ਕਹਿੰਦਾ ਤਾਂ ਸੈਂ ਪਰ ਮੇਰਾ ਮਨ ਨਹੀਂ ਸੀ ਮੰਨਦਾ।" ਉਹਦਾ ਇਸ਼ਾਰਾ ਉਸ ਦਿਨ ਦੀ ਗੱਲਬਾਤ ਵੱਲ ਹੀ ਸੀ।

***

ਜੋਗਿੰਦਰ ਸਿੰਘ ਪੁਆਰ ਦਾ ਮੈਂ ਨਾਂ ਤਾਂ ਸੁਣਿਆਂ ਹੋਇਆ ਸੀ ਪਰ ਮਿਲਿਆ ਨਹੀਂ ਸਾਂ।

ਉਹ ਮੇਰੇ ਵੱਡੇ ਭਰਾਵਾਂ ਦੀ ਥਾਂ, ਮੇਰੇ ਜਿਗਰੀ ਦੋਸਤ ਡਾ. ਸਾਧੂ ਸਿੰਘ ਦਾ ਮਿੱਤਰ ਸੀ। ਦੋਵੇਂ ਲਗਭਗ ਅੱਗੜ-ਪਿੱਛੜ ਚੰਗੇਰੇ ਭਵਿੱਖ ਦੀ ਤਲਾਸ਼ ਵਿਚ ਇੰਗਲੈਂਡ ਗਏ ਸਨ। ਉਨ੍ਹੀਂ ਦਿਨੀ ਉਥੇ ਨਸਲੀ ਵਿਤਕਰਾ ਜ਼ੋਰਾਂ 'ਤੇ ਸੀ। ਦੋਵਾਂ ਨੇ ਇੱਜ਼ਤ ਨਾਲ ਜੀਣ ਦਾ ਸੰਕਲਪ ਲਿਆ ਤੇ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਵਤਨ ਵਾਪਸ ਪਰਤ ਆਏ। ਉਹ ਉਥੇ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਨਹੀਂ ਸੀ ਰਹਿਣਾ ਚਾਹੁੰਦੇ। ਪੁਆਰ ਨੇ ਭਾਸ਼ਾ ਵਿਗਿਆਨ ਦੇ ਵਿਸ਼ੇ ਵਿਚ ਐਮ.ਲਿਟ. ਕੀਤੀ ਤੇ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਆ ਲੱਗਾ।

ਸਾਡੀ ਪਹਿਲੀ ਮੁਲਾਕਾਤ ਹਰਭਜਨ ਹਲਵਾਰਵੀ ਦੇ ਪਹਿਲੇ ਵਿਆਹ 'ਤੇ ਹੋਈ। ਮੁਲਾਕਾਤ ਵੀ ਕਾਹਦੀ! ਐਵੇਂ ਜਾਣ-ਪਛਾਣ ਜਿਹੀ ਹੀ ਸੀ। ਜੰਞੇ ਗਏ ਅਸੀਂ ਕੁਝ ਦੋਸਤ ਇੱਕੋ ਥਾਂ ਬੈਠੇ ਸਾਂ। ਸਾਧੂ ਸਿੰਘ, ਰਘਬੀਰ ਸਿੰਘ ਸਿਰਜਣਾ, ਬਰਜਿੰਦਰ ਹਮਦਰਦ, ਅਜਮੇਰ ਸਿੰਘ ਔਲਖ, ਜੋਗਿੰਦਰ ਸਿੰਘ ਪੁਆਰ ਤੇ ਮੈਂ ਵੀ। ਬਾਕੀਆਂ ਨਾਲ ਤਾਂ ਮੇਰੀ ਪਹਿਲਾਂ ਤੋਂ ਹੀ ਜਾਣ-ਪਛਾਣ ਸੀ, ਬੱਸ ਪੁਆਰ ਤੇ ਮੈਂ ਹੀ ਇੱਕ-ਦੂਜੇ ਲਈ ਓਪਰੇ ਸਾਂ। ਸਾਧੂ ਸਿੰਘ ਨੇ ਸਾਡਾ ਤੁਆਰਫ ਕਰਾਇਆ। ਮੇਰੇ ਵਾਂਗ ਹੀ ਪੁਆਰ ਵੀ ਮੇਰੇ ਬਾਰੇ ਜਾਣਦਾ ਹੀ ਸੀ। ਉਥੇ ਕੀ-ਕੀ ਗੱਲਾਂ ਹੋਈਆਂ, ਹੁਣ ਯਾਦ ਨਹੀਂ ਪਰ ਏਨਾ ਕੁ ਯਾਦ ਹੈ ਕਿ ਪਹਿਲੀ ਮੁਲਾਕਾਤ ਵਿਚ ਹੀ ਸਾਡਾ ਓਪਰਾਪਨ ਦੂਰ ਹੋ ਗਿਆ ਸੀ। ਅਕਸਰ ਅਸੀਂ ਸਾਂਝੇ ਦੋਸਤਾਂ ਦੀ ਲੜੀ ਵਿਚ ਪਰੁੱਚੇ ਹੋਏ ਸਾਂ!

ਉਸ ਤੋਂ ਬਾਅਦ ਕਿਸੇ ਨਾ ਕਿਸੇ ਸਾਹਿਤਕ ਸਭਿਆਚਾਰਕ ਸਮਾਗਮ 'ਤੇ ਸਾਡੀਆਂ ਮੇਲ-ਮੁਲਾਕਾਤਾਂ ਹੁੰਦੀਆਂ ਰਹਿੰਦੀਆਂ। ਇਹ ਮੇਲ-ਮੁਲਾਕਾਤਾਂ ਹੋਰ ਵਧ ਗਈਆਂ ਜਦ ਪੁਆਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਆਣ ਲੱਗਾ। ਜਦ ਕਦੀ ਵੀ ਯੂਨੀਵਰਸਿਟੀ ਜਾਈਦਾ ਤਾਂ ਪੁਆਰ ਨਾਲ ਵੀ ਮੇਲ ਹੋ ਜਾਂਦਾ। ਸਾਧੂ ਸਿੰਘ, ਹਲਵਾਰਵੀ ਤੇ ਰਘਬੀਰ ਸਿੰਘ ਨਾਲ ਸਾਂਝੇ ਯਾਰਾਨੇ ਕਰ ਕੇ ਮੈਂ ਵੀ ਉਹਦੀ ਮਿੱਤਰ ਸੂਚੀ ਵਿਚ ਸ਼ਾਮਲ ਹੋ ਗਿਆ ਸਾਂ। ਕਦੀ-ਕਦੀ ਉਹਦੇ ਕਮਰੇ ਵਿਚ ਬਹਿ ਕੇ ਚਾਹ-ਪਾਣੀ ਪੀਣ ਤੇ ਗੱਪ-ਸ਼ੱਪ ਮਾਰਨ ਦਾ ਮੌਕਾ ਵੀ ਮਿਲ ਜਾਂਦਾ। ਇੱਕ ਅੱਧ ਵਾਰ ਤਾਂ ਰੋਟੀ-ਵੇਲਾ ਹੋ ਜਾਣ ਕਰ ਕੇ ਉਹਦੇ ਡੱਬੇ ਵਿਚੋਂ ਇੱਕ-ਅੱਧਾ ਫੁਲਕਾ ਖਾਣ ਦਾ ਮੌਕਾ ਵੀ ਮਿਲ ਗਿਆ।

ਰੋਟੀ-ਵੇਲੇ ਤੋਂ ਗੱਲ ਯਾਦ ਆ ਗਈ। ਉਹਦੇ ਸਹਿਕਰਮੀ ਕਈ ਵਾਰ ਹੱਸਦੇ ਹੋਏ ਕਹਿੰਦੇ, "ਡਾਕਟਰ ਸਾਬ੍ਹ ਕਈ ਵਾਰ ਤਾਂ ਜਲੰਧਰੋਂ ਲਿਆਂਦੀ ਰੋਟੀ ਖਾਣ ਈ ਯੂਨੀਵਰਸਿਟੀ ਆਉਂਦੇ ਨੇ!"

ਪੁਆਰ ਉਨ੍ਹੀਂ ਦਿਨੀਂ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਦੀ ਸਟਾਫ ਕਾਲੋਨੀ ਵਿਚ ਰਹਿੰਦਾ ਸੀ। ਉਹਦੀ ਪਤਨੀ ਡਾ. ਰਤਨੇਸ਼ ਪੁਆਰ ਕਾਲਜ ਵਿਚ ਪੜ੍ਹਾਉਂਦੀ ਸੀ ਤੇ ਉਹਦੇ ਕਰ ਕੇ ਉਨ੍ਹਾਂ ਨੂੰ ਸਟਾਫ ਕਾਲੋਨੀ ਵਿਚ ਘਰ ਮਿਲਿਆ ਹੋਇਆ ਸੀ। ਸਵੇਰੇ ਉਹ ਤਿਆਰ ਹੋ ਕੇ ਰੋਟੀ ਵਾਲਾ ਡੱਬਾ ਸਾਈਕਲ ਦੀ ਟੋਕਰੀ ਵਿਚ ਰੱਖਦਾ ਤੇ ਰੇਲਵੇ ਸਟੇਸ਼ਨ 'ਤੇ ਆ ਕੇ ਅੰਮ੍ਰਿਤਸਰ ਜਾਣ ਵਾਲੀ ਟਰੇਨ ਉਡੀਕਣ ਲੱਗਦਾ। ਸਮੇਂ ਸਿਰ ਟਰੇਨ ਆ ਜਾਂਦੀ ਤਾਂ ਉਹ ਯੂਨੀਵਰਸਿਟੀ ਪਹੁੰਚ ਜਾਂਦਾ। ਜੇ ਕਦੀ ਕੁਝ ਚਿਰ ਲੇਟ ਹੋ ਜਾਣੀ ਤਾਂ ਉਹਦੇ ਸਹਿਕਰਮੀਆਂ ਦਾ ਕਹਿਣਾ ਸੀ, "ਡਾਕਟਰ ਸਾਬ੍ਹ ਪਲੇਟਫਾਰਮ ਦੇ ਬੈਂਚਾਂ 'ਤੇ ਬਹਿ ਕੇ ਰੋਟੀ ਵਾਲਾ ਡੱਬਾ ਖੋਲ੍ਹਦੇ ਨੇ, ਪਰਸ਼ਾਦਾ ਛਕਦੇ ਨੇ ਤੇ ਸਾਈਕਲ ਫੜ ਕੇ ਘਰ ਨੂੰ ਪਰਤ ਜਾਂਦੇ ਨੇ।"

ਜਾਹਿਰ ਹੈ, ਸਹਿਕਰਮੀਆਂ ਦੀ ਹਾਸੇ ਵਿਚ ਕੀਤੀ ਟਿੱਪਣੀ ਵਿਚ ਅਤਿਕਥਨੀ ਦਾ ਅੰਸ਼ ਵੀ ਹੁੰਦਾ ਹੋਵੇਗਾ ਤੇ ਕੁਝ-ਕੁਝ ਸਚਾਈ ਵੀ ਪਰ ਇਹੋ ਜਿਹੇ ਮਜ਼ਾਕ ਪੁਆਰ ਦੀ ਹਾਜ਼ਰੀ ਵਿਚ ਕਰ ਸਕਣ ਦਾ ਕਿਸੇ ਕੋਲ ਜੇਰਾ ਨਹੀਂ ਸੀ। ਪੁਆਰ ਕੋਰਾ-ਕਰਾਰਾ, ਕੌੜਾ ਤੇ ਖਰਵਾ ਬੰਦਾ ਸੀ। ਸੱਚੀ ਗੱਲ ਅਗਲੇ ਦੇ ਮੂੰਹ 'ਤੇ ਮਾਰਨ ਵਾਲਾ। ਉਹਦੇ ਕੋਲ ਵੀ ਸਾਰਿਆਂ ਦੇ ਪੋਲ ਸਨ ਤੇ ਉਹ ਬਿਨਾ ਕਿਸੇ ਤਥਾਕਥਿਤ ਸ਼ਿਸ਼ਟਾਚਾਰ ਦੀ ਪ੍ਰਵਾਹ ਕੀਤਿਆਂ ਸਭ ਦੇ ਪੋਲ ਖੋਲ੍ਹ ਸਕਦਾ ਸੀ। ਸਾਰੇ ਉਹਦੇ 'ਸੱਚ ਦੀ ਸੱਟ' ਤੋਂ ਬਚ ਕੇ ਰਹਿੰਦੇ। ਪਿੱਠ ਪਿੱਛੇ ਜੋ ਮਰਜ਼ੀ ਕਹਿੰਦੇ ਫਿਰਨ ਪਰ ਮੂੰਹ 'ਤੇ 'ਡਾ. ਸਾਬ੍ਹ! ਡਾ. ਸਾਬ੍ਹ!' ਕਰਦੇ ਰਹਿੰਦੇ।

ਜਦੋਂ ਪੁਆਰ ਵਾਈਸ ਚਾਂਸਲਰ ਲੱਗਾ ਤਾਂ ਉਹਨੇ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਡਿਊਟੀ 'ਤੇ ਸਮੇਂ ਸਿਰ ਆਉਣ-ਜਾਣ ਦੀ ਪੱਕੀ ਆਦਤ ਪਾਉਣ ਲਈ ਨਵਾਂ ਢੰਗ ਵਰਤਿਆ। ਉਹ ਸਵੇਰੇ ਨੌਂ ਵਜੇ ਯੂਨੀਵਰਸਿਟੀ ਦੇ ਗੇਟ 'ਤੇ ਖੜ੍ਹਾ ਹੋ ਜਾਂਦਾ। ਯੂਨੀਵਰਸਿਟੀ ਦੇ ਅਧਿਆਪਕ ਆਪਸ ਵਿਚ ਬੁੜਬੁੜਾਉਂਦੇ। ਉਹਦੀ ਇਸ ਹਰਕਤ ਨੂੰ 'ਅਕਾਦਮਿਕ ਆਜ਼ਾਦੀ' 'ਤੇ ਹਮਲਾ ਆਖਦੇ।

ਜਗਦੇਵ ਕਲਾਂ ਦੇ ਮੇਲੇ 'ਤੇ ਪ੍ਰਬੰਧਕਾਂ ਨੇ ਕੋਈ ਸਾਹਿਤਕ ਸੈਮੀਨਾਰ ਵੀ ਰੱਖਿਆ ਹੋਇਆ ਸੀ। ਵੱਖ-ਵੱਖ ਵਿਦਵਾਨ ਬੁਲਾਏ ਗਏ ਸਨ। ਜਲੰਧਰ ਤੋਂ ਸਾਡੇ ਟੋਲੇ ਨੇ ਵੀ ਜਾਣਾ ਸੀ। ਕਾਰਾਂ 'ਤੇ ਬਹਿਣ ਲਈ ਸਵਾਰੀਆਂ ਦੀ ਵੰਡ ਹੋਣ ਲੱਗੀ। ਪੁਆਰ ਮੈਨੂੰ ਕਹਿੰਦਾ, "ਤੂੰ ਮੇਰੇ ਨਾਲ ਆ ਜਾ।"

ਕਾਰ ਵਿਚ ਬੈਠਿਆਂ ਯੂਨੀਵਰਸਿਟੀ ਦੇ ਪ੍ਰਬੰਧ ਬਾਰੇ ਗੱਲਬਾਤ ਚੱਲ ਰਹੀ ਸੀ। ਮੈਂ ਆਖ ਦਿੱਤਾ, "ਪੁਆਰ ਸਾਬ੍ਹ! ਇਹ ਵੀ ਸੁਣਨ ਨੂੰ ਮਿਲਦਾ ਏ ਕਿ ਡਾ. ਸਾਬ੍ਹ ਆਪ ਤਾਂ ਜਦ ਜੀਅ ਕਰਦਾ ਯੂਨੀਵਰਸਿਟੀ ਜਾਂਦੇ ਤੇ ਜਦ ਜੀਅ ਕਰਦਾ ਵਾਪਸ ਆ ਜਾਂਦੇ ਸਨ, ਹੁਣ ਸਾਡੇ 'ਤੇ ਡਸਿਪਲਨ ਲਾਗੂ ਕਰਨ ਲੱਗੇ ਨੇ!" ਉਹ ਤੁਣਕ ਕੇ ਕਹਿੰਦਾ, "ਮੇਰੀ ਗੱਲ ਸੁਣ! ਮੇਰੇ 'ਤੇ ਡਸਿਪਲਨ ਲਾਗੂ ਕਰਨ ਦੀ ਜ਼ਿੰਮੇਵਾਰੀ ਮੇਰੇ ਵਾਈਸ ਚਾਂਸਲਰ ਦੀ ਸੀ। ਉਹਨੇ ਇਹ ਜ਼ਿੰਮੇਵਾਰੀ ਨਹੀਂ ਨਿਭਾਈ ਤਾਂ ਮੇਰਾ ਕੀ ਕਸੂਰ!

**(ਬਾਕੀ ਸਫਾ 19 'ਤੇ)**






ਜੋਗਿੰਦਰ ਸਿੰਘ ਪੁਆਰ ਦੀਆਂ ਤਸਵੀਰਾਂ

# ਜ਼ਿੰਦਗੀ ਜ਼ਿੰਦਾਬਾਦ

**ਰੰਗਮੰਚ ਦੀ ਮਹਿਕ**

**ਕਲਾ ਪਰਿਕਰਮਾ**



**ਡਾ. ਸਾਹਿਬ ਸਿੰਘ**
91- 98880-11096

ਪਿਛਲਾ ਸਾਲ (2021) ਸ਼ੁਰੂ ਹੋਇਆ ਸੀ ਤਾਂ ਰਵਾਇਤੀ ਰੰਗਮੰਚ ਲਈ ਹਾਲਾਤ ਸੁਖਾਵੇਂ ਨਹੀਂ ਸਨ। ਆਡੀਟੋਰੀਅਮ ਬੰਦ ਪਏ ਸਨ, ਇਕੱਠ 'ਤੇ ਪਾਬੰਦੀ ਸੀ ਪਰ ਇਸ ਤੋਂ ਪਿਛਲੇ ਵਰ੍ਹੇ (2020) ਦੇ ਪਿਛਲੇ ਅੱਧ ਨੇ ਰੰਗਮੰਚ ਨੂੰ ਚੁਣੌਤੀ ਦੇ ਸਾਹਮਣੇ ਲਿਆ ਖੜ੍ਹਾ ਕੀਤਾ ਸੀ ਤੇ ਸਵਾਲ ਪਾਇਆ ਸੀ: 'ਹੇ ਰੰਗਕਰਮੀ! ਤੈਨੂੰ ਨਾਟਕ ਕਰਨ ਲਈ ਕੀ ਚਾਹੀਦੈ?'

'ਸਿਰਫ ਆਡੀਟੋਰੀਅਮ... ਸਰਕਾਰੀ ਮਦਦ... ਜਾਂ ਦਰਸ਼ਕ?' ਰੰਗਕਰਮੀ ਦਾ ਜਵਾਬ ਸਪੱਸ਼ਟ ਸੀ, 'ਜੇ ਲੋਕ ਕਿਸੇ ਬਿਮਾਰੀ ਦੇ ਡਰ ਕਾਰਨ ਘਰਾਂ ਵਿਚ ਬੰਦ ਸਨ ਤਾਂ ਮੈਂ ਵੀ ਆਪਣੀ ਸਰਗਰਮੀ ਤਿਆਗ ਕੇ ਸਮਾਜ ਦੇ ਭਲੇ ਲਈ ਘਰਾਂ ਵਿਚ ਬੰਦ ਸੀ ਪਰ ਜੇ ਮੇਰੇ ਲੋਕ (ਦਰਸ਼ਕ) ਉਸ ਬਿਮਾਰੀ ਤੋਂ ਵੀ ਭੈੜੀ 'ਮੌਤ' ਨੂੰ ਲਲਕਾਰ ਰਹੇ ਹਨ, ਸੜਕਾਂ 'ਤੇ ਨਿਕਲ ਆਏ ਹਨ ਤਾਂ ਮੇਰਾ ਝੋਲਾ ਬਿਸਤਰਾ ਵੀ ਤਿਆਰ ਹੈ, ਮੈਂ ਉੱਥੇ ਜਾਵਾਂਗਾ ਜਿੱਥੇ ਮੇਰੇ ਲੋਕ ਹਨ, ਧੜਕਦੇ, ਜਾਗਦੇ, ਜਿਉਂਦੇ ਲੋਕ!' ਰੰਗਕਰਮੀ ਘਰਾਂ ਦਫਤਰਾਂ ਤੋਂ ਨਿਕਲ ਕੇ ਲੋਕਾਂ ਦੀ ਕਚਹਿਰੀ ਵਿਚ ਜਾ ਵੜਿਆ। ਆਪਣੇ ਸ਼ਬਦਾਂ, ਬੋਲਾਂ, ਗੀਤਾਂ, ਲਲਕਾਰਦੀ ਆਵਾਜ਼, ਭਾਵਨਾਵਾਂ ਨਾਲ ਓਤਪੋਤ ਸੰਵਾਦ, ਫੈਸਲਾਕੁਨ ਪਹੁੰਚ ਤੇ ਸਾਦਗੀ ਭਰੀ ਨੀਤੀ ਸੰਗ ਠੰਢ ਵਿਚ ਠਰਦੇ ਜੁਝਾਰੂਆਂ ਕੋਲ ਜਾ ਪਹੁੰਚਿਆ। ਸੱਤਾ ਨੂੰ ਚੁਣੌਤੀ ਦਿੰਦੇ ਲੋਕ ਠੰਢ ਦੀ ਪਰਵਾਹ ਨਾ ਕਰਦੇ ਹੋਏ ਕਾਲੀਆਂ ਰਾਤਾਂ ਰੁਸ਼ਨਾ ਰਹੇ ਸਨ ਕਿਉਂਕਿ ਉਨ੍ਹਾਂ ਦੇ ਸਿਰਾਂ 'ਤੇ ਠੰਢੇ ਬੁਰਜ ਵਿਚ ਬੈਠੀ ਮਾਤਾ ਦੀ ਅਸੀਸ ਸੀ। ਨੰਨ੍ਹੇ ਪਰ ਸਾਬਤ ਕਦਮਾਂ ਨਾਲ ਵਜ਼ੀਦੇ ਦੀ ਕਚਹਿਰੀ ਵੱਲ ਵਧਦੇ ਸਾਹਿਬਜ਼ਾਦਿਆਂ ਦੀ ਦ੍ਰਿੜ੍ਹਤਾ ਸੀ। ਭਗਤ ਸਿੰਘ ਵੱਲੋਂ ਫਾਂਸੀ ਤੋਂ ਪਹਿਲਾਂ ਮੋੜਿਆ ਕਿਤਾਬ ਦਾ ਵਰਕਾ ਸੀ, ਸਰਾਭੇ ਦੀਆਂ ਗ਼ਦਰ ਗੂੰਜਾਂ ਤੇ ਊਧਮ ਸਿੰਘ ਦੀ ਸਾਧਨਾ ਸੀ। ਰੰਗਮੰਚ ਜਾਣਦਾ ਸੀ, ਠੰਢ ਨੂੰ ਕਿਵੇਂ ਮਘਾਉਣਾ ਹੈ, ਠੰਢ ਨਾਲ ਆਕੜਦੀਆਂ ਤਲੀਆਂ ਨੂੰ ਸੁਰਖ ਤਪਸ਼ ਕਿਵੇਂ ਬਖਸ਼ਣੀ ਹੈ, ਕੋਰੇ ਨਾਲ ਬੰਦ ਹੁੰਦੀਆਂ ਅੱਖਾਂ ਨੂੰ ਅੰਗਿਆਰਾਂ ਵਾਂਗ ਦਹਿਕਦੀ ਤੱਕਣੀ ਵਿਚ ਬਦਲਣ ਲਈ ਕਿਹੜਾ ਸੰਵਾਦ ਕਿਸ ਸ਼ਿੱਦਤ ਨਾਲ ਬੋਲਣਾ ਹੈ ਤੇ ਸੜਕ ਕੰਢੇ ਬੈਠੇ ਸੰਗਰਾਮੀਆਂ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਲਈ ਕਿਸ ਮਾਤਰਾ ਵਿਚ ਸੁਰਮਾ ਪਾਉਣਾ ਹੈ ਤੇ ਕਿੱਦਾਂ ਮਟਕਾਉਣਾ ਹੈ।

ਰੰਗਮੰਚ ਦਾ ਆਪਣਾ ਕਿਰਦਾਰ ਹੈ। ਰੰਗਮੰਚ ਨੇ ਕਹਾਣੀ ਕਹਿਣੀ, ਸੁਣਾਉਣੀ ਤੇ ਦਿਖਾਉਣੀ ਹੈ ਪਰ ਕਹਿਣ ਦੇ ਢੰਗ ਹਜ਼ਾਰਾਂ ਨੇ। ਰੰਗਮੰਚ ਜ਼ਿੰਦਾ ਹੀ ਤਾਂ ਹੈ ਕਿ ਉਸ ਕੋਲ ਹਜ਼ਾਰਾਂ ਅੰਦਾਜ਼ ਨੇ। ਫਿਲਮ, ਕਹਾਣੀ, ਕਵਿਤਾ, ਲੇਖ, ਨਾਵਲ ਤੋਂ ਵੱਖਰਾ ਇਸੇ ਲਈ ਹੈ ਕਿ ਇੱਕ ਵਾਰ ਲਿਖੇ ਤੇ ਛਪ ਜਾਣ ਜਾਂ ਰਿਕਾਰਡ ਹੋਣ ਤੋਂ ਬਾਅਦ ਜਿੱਥੇ ਬਾਕੀ ਸਾਰੀਆਂ ਵਿਧਾਵਾਂ ਦਾ ਤਬਦੀਲੀ ਵਾਲਾ ਬੂਹਾ ਲਗਭਗ ਬੰਦ ਹੋ ਜਾਂਦਾ ਹੈ, ਰੰਗਮੰਚ ਉਸ ਬੂਹੇ ਨੂੰ ਕਦੇ ਜਿੰਦਰਾ ਨਹੀਂ ਮਾਰਦਾ। ਉਸ ਦਾ ਦਰਸ਼ਕ ਉਸ ਦੇ ਰੰਗਮੰਚ ਦਾ ਹਿੱਸਾ ਹੈ... ਉਸ ਦਾ ਰੰਗਮੰਚ ਸਥਾਨ ਉਸ ਦੀ ਰੰਗਮੰਚ ਵਿਉਂਤ ਦਾ ਹਿੱਸਾ ਹੈ। ਸਮਾਂ, ਸਥਾਨ, ਰੁੱਤਾਂ, ਸਮਾਜਕ ਵੇਗ, ਇਹ ਸਭ ਉਸ ਦੀ ਵਿਉਂਤ ਦਾ ਹਿੱਸਾ ਹਨ। ਰੰਗਮੰਚ ਇੱਕੋ ਵਿਸ਼ੇ ਨੂੰ ਬਿਨਾ ਬਦਲਿਆਂ ਅੰਦਾਜ਼ ਬਦਲ ਲੈਂਦਾ ਹੈ। ਅਦਾਕਾਰ ਅਦਾਕਾਰੀ ਦੇ ਢੰਗ ਤਰੀਕੇ ਨਵਿਆ ਲੈਂਦਾ ਹੈ। ਨਿਰਦੇਸ਼ਕ ਆਪਣੀ ਡਿਜ਼ਾਈਨਿੰਗ ਉਲਟਾ ਦਿੰਦੇ ਹਨ। ਪਿਛਲੇ ਵਰ੍ਹੇ ਨੇ ਅਜਿਹੇ ਅਨੇਕਾਂ ਤਜਰਬੇ ਦੇਖੇ। ਇਹ ਵਰ੍ਹਾ ਇਸ ਗੱਲ ਦਾ ਗਵਾਹ ਬਣ ਕੇ ਵਿਦਾ ਹੋ ਗਿਆ ਕਿ ਜਿਵੇਂ ਲੋਕ ਹਰ ਦੁੱਖ ਸੁੱਖ ਵਿਚ ਸੰਘਰਸ਼ ਕਰਦੇ ਹਨ, ਉਵੇਂ ਹੀ ਰੰਗਮੰਚ ਆਪਣੀ ਕਲਾਤਮਕਤਾ ਨਾਲ ਸਮਝੌਤਾ ਕੀਤੇ ਬਗੈਰ ਹਰ ਤਰ੍ਹਾਂ ਦੇ ਹਾਲਾਤ ਵਿਚ ਭੂਮਿਕਾ ਨਿਭਾਉਣੀ ਜਾਣਦਾ ਹੈ। ਲੋਕਾਂ ਨੇ ਦੇਖਿਆ ਕਿ ਕਿਵੇਂ ਰੰਗਕਰਮੀ ਹਜ਼ਾਰਾਂ ਦੇ ਇਕੱਠ ਨੂੰ ਕਦੇ ਇੱਕ ਮਾਈਕ ਨਾਲ ਜਾਂ ਕਦੇ ਮੂਲੋਂ ਹੀ ਸਾਊਂਡ ਸਿਸਟਮ ਤੋਂ ਬਿਨਾ ਆਪਣੀ ਕਲਾ ਨਾਲ ਜੋੜਦੇ ਰਹੇ। ਲੋਕਾਂ ਨੇ ਦੇਖਿਆ ਕਿ ਕਿਵੇਂ ਸੜਕਾਂ 'ਤੇ ਬਣੇ ਟੌਲ ਪਲਾਜ਼ੇ ਰੰਗਕਰਮੀਆਂ ਦੀ ਸਟੇਜ ਬਣ ਗਏ ਤੇ ਉੱਚੇ ਨੀਵੇਂ ਥੜ੍ਹੇ ਨੂੰ ਨਿਵੇਕਲੇ ਢੰਗ ਨਾਲ ਵਰਤ ਕੇ ਅਲੋਕਾਰੀ ਮੰਚ-ਸੱਜਾ ਕੀਤੀ ਗਈ। ਲੋਕਾਂ ਦੇਖਿਆ ਕਿ ਰੇਲਵੇ ਟਰੈਕ 'ਤੇ ਦੂਰ ਤਕ ਬੈਠੇ ਦਰਸ਼ਕਾਂ ਸਾਹਮਣੇ ਜਦੋਂ ਰੰਗਕਰਮੀ ਵੀ ਉਸੇ ਟਰੈਕ ਦੀ ਇੱਕ ਵੱਖੀ ਵਿਚ ਗਰਜਣ ਲੱਗਾ ਤਾਂ ਦਰਸ਼ਕ ਹੌਲੀ-ਹੌਲੀ ਖਿਸਕਦੇ-ਖਿਸਕਦੇ ਉਸੇ ਟਰੈਕ 'ਤੇ ਰੰਗਕਰਮੀ ਦੇ ਨਜ਼ਦੀਕ ਇਵੇਂ ਸਰਕ ਰਹੇ ਸਨ, ਜਿਵੇਂ ਧੀਮੀ ਰਫਤਾਰ ਦੀ ਮੁਸਾਫਰ ਗੱਡੀ ਚੱਲ ਰਹੀ ਹੋਵੇ। ਲੋਕ ਗਵਾਹ ਨੇ ਕਿ ਕਿਵੇਂ ਧੁੰਦ ਤੇ ਸੀਤ ਹਵਾ ਨੂੰ ਚੁਣੌਤੀ ਦਿੰਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਬਹਾਦਰਗੜ੍ਹ ਦੇ ਪਕੌੜਾ ਚੌਕ 'ਤੇ ਰਾਤ ਨੂੰ ਰੁਸ਼ਨਾਉਣ ਲਈ ਟਰਾਲੀਆਂ ਵਿਚੋਂ ਨਿਕਲ ਆਏ ਸਨ, ਰੌਸ਼ਨੀ ਪ੍ਰਬੰਧ ਧੋਖਾ ਦੇ ਗਿਆ ਸੀ ਤਾਂ ਕਿਸਾਨ ਮੋਰਚੇ ਦਾ ਪ੍ਰਤੀਕ ਬਣੇ ਟਰੈਕਟਰਾਂ ਨੇ ਉਸ ਰਾਤ ਨਾਟਕ ਲਈ ਲੋੜੀਂਦੀ ਰੌਸ਼ਨੀ ਵਿਉਂਤ ਸਿਰਜੀ ਸੀ! ਇਹ ਵਿਲੱਖਣ ਰੌਸ਼ਨੀ ਪ੍ਰਬੰਧ ਸੀ। ਜੋਗਿੰਦਰ ਬਾਹਰਲਾ ਦੇ ਓਪੇਰਿਆਂ ਵੇਲੇ ਗੈਸ ਨਾਲ ਮੰਚ ਰੁਸ਼ਨਾਉਣ ਦੀ ਤਕਨੀਕ ਨਵੇਂ ਰੂਪ ਵਿਚ ਲੋਕ ਅਖਾੜਿਆਂ ਦਾ ਸ਼ਿੰਗਾਰ ਬਣ ਰਹੀ ਸੀ।

ਕੋਈ ਸਮਾਂ ਸੀ ਜਦੋਂ ਗੁਰਸ਼ਰਨ ਸਿੰਘ ਆਪਣੀ ਟੀਮ ਨਾਲ ਇੱਕੋ ਦਿਨ ਵਿਚ ਤਿੰਨ-ਤਿੰਨ ਪਿੰਡਾਂ ਵਿਚ ਨਾਟਕ ਮੰਚਨ ਕਰ ਦਿੰਦੇ ਸਨ। ਇਸ ਨੇ ਰੰਗਕਰਮੀਆਂ ਨੂੰ ਉਹ ਯਾਦ ਤਾਜ਼ਾ ਕਰਵਾ ਦਿੱਤੀ। ਇੱਕ ਥਾਂ ਤੋਂ ਚੱਲਦੇ ਤੇ ਸ਼ਾਮ ਤੱਕ ਕਿੰਨੀਆਂ ਹੀ ਥਾਵਾਂ 'ਤੇ ਨਾਟ ਪੇਸ਼ਕਾਰੀਆਂ ਕਰਦੇ, ਲੋਕਾਂ ਵਿਚ ਘੁਲ ਮਿਲ ਜਾਂਦੇ। ਉਨ੍ਹਾਂ ਵਾਂਗ ਹੀ ਵਿਚਰਦੇ, ਹੱਥਾਂ 'ਤੇ ਧਰ ਦਾਲ ਫੁਲਕਾ ਛਕਦੇ। ਮਾਵਾਂ ਬਜ਼ੁਰਗਾਂ ਦੀਆਂ ਮੋਹ ਮਮਤਾ ਨਾਲ ਭਰੀਆਂ ਛਾਤੀਆਂ 'ਤੇ ਸਿਰ ਰੱਖਦੇ, ਭੈਣਾਂ ਭਰਾਵਾਂ ਨਾਲ ਜੱਫੀਆਂ ਪਾਉਂਦੇ, ਬੱਚਿਆਂ ਨਾਲ ਲਾਡ ਲਡਾਉਂਦੇ, ਦੂਰ ਤਕ ਬੈਠੇ ਦਰਸ਼ਕਾਂ ਦੇ ਹੜ੍ਹ ਵਿਚ ਆਪਣੇ ਰੰਗਮੰਚ ਰਾਹੀਂ ਚੇਤਨਾ ਦੀ ਗੀਟੀ ਖਿਸਕਾ ਦਿੰਦੇ ਤੇ ਉਹ ਗੀਟੀ ਉਸ ਹੜ੍ਹ ਦੇ ਅੰਦਰ ਬਾਹਰ ਤੈਰਦੀ ਹੋਈ ਧੁਰ ਪਿਛਲੇ ਪੱਤਣ ਤੱਕ ਜਾ ਪਹੁੰਚਦੀ। ਉੱਥੋਂ ਸ਼ਾਬਾਸ਼ੀ ਦੀ ਛੱਲ ਉੱਚੀ ਹੁੰਦੀ ਤੇ ਪਿਆਰ ਸਤਿਕਾਰ ਵਾਲੀ ਗੀਟੀ ਹਵਾ ਵਿਚ ਤੈਰਦੀ ਰੰਗਕਰਮੀ ਦੀ ਝੋਲੀ ਵਿਚ ਆ ਡਿੱਗਦੀ। ਉਹ ਹੋਰ ਜੋਸ਼ ਫੜਦਾ, ਹੋਰ ਚੇਤੰਨ ਹੋ ਜਾਂਦਾ, ਅੱਖਾਂ ਦੇ ਕੋਏ ਨਮ ਹੁੰਦੇ, ਮਾਣ ਨਾਲ ਭਰ ਜਾਂਦਾ ਤੇ ਉੱਚੀ ਆਵਾਜ਼ ਵਿਚ ਗਰਜਦਾ, 'ਜ਼ਿੰਦਗੀ ਜ਼ਿੰਦਾਬਾਦ ਸੀ, ਜ਼ਿੰਦਗੀ ਜ਼ਿੰਦਾਬਾਦ ਹੈ, ਜ਼ਿੰਦਗੀ ਜ਼ਿੰਦਾਬਾਦ ਰਹੇਗੀ!' ਜ਼ਿੰਦਾਬਾਦ-ਜ਼ਿੰਦਾਬਾਦ ਦੀ ਗੂੰਜ ਪੈਦਾ ਹੋ ਜਾਂਦੀ ਤੇ ਸੜਕੋ ਸੜਕੀ ਹੁੰਦੀ ਹੋਈ ਦਿੱਲੀ ਦਰਬਾਰ ਦੀ ਹਿੱਕ ਵਿਚ ਜਾ ਵੱਜਦੀ। ਰੰਗਮੰਚ ਲਈ 2021 ਸ਼ਾਬਾਸ਼ੀ ਤੇ ਮਾਣ ਵਾਲਾ ਸਾਲ ਸੀ, ਲੋਕਾਂ ਨਾਲ ਖੜ੍ਹਨ ਦਾ ਵਰ੍ਹਾ ਸੀ ਤੇ ਆਪਣੀ ਕਲਾ ਨੂੰ ਨਵਿਆਉਣ ਦਾ ਸਮਾਂ ਸੀ।



ਇੱਕ ਅੰਦਾਜ਼ੇ ਮੁਤਾਬਕ 2021 ਵਿਚ ਪੰਜਾਬੀ ਰੰਗਕਰਮੀਆਂ ਨੇ 12000 ਪੇਸ਼ਕਾਰੀਆਂ ਕੀਤੀਆਂ, ਲਗਪਗ ਹਰ ਰੋਜ਼ 33 ਪੇਸ਼ਕਾਰੀਆਂ! ਤਕਰੀਬਨ 200 ਰੰਗਕਰਮੀ ਹਰ ਰੋਜ਼ ਕਿਤੇ ਨਾ ਕਿਤੇ ਨਾਟਕ ਖੇਡ ਰਿਹਾ ਸੀ, ਰੋਜ਼ਾਨਾ 33000 ਦੇ ਕਰੀਬ ਗਿਣਤੀ ਵਿਚ ਦਰਸ਼ਕ ਰੰਗਮੰਚ ਮਾਣ ਰਿਹਾ ਸੀ। ਇਨ੍ਹਾਂ ਰੰਗਕਰਮੀਆਂ ਦੀ ਉਮਰ ਅੱਠ ਸਾਲ ਤੋਂ ਲੈ ਕੇ ਅੱਸੀ ਸਾਲ ਤੱਕ ਦੀ ਸੀ। ਖੇਡੇ ਗਏ ਨਾਟਕਾਂ ਦੀ ਮੰਚਨ ਅਵਧੀ 10 ਮਿੰਟ ਤੋਂ ਲੈ ਕੇ 100 ਮਿੰਟ ਤੱਕ ਦੀ ਸੀ। ਨਾਟਕਾਂ ਦੇ ਵਿਸ਼ੇ ਇਤਿਹਾਸਕ, ਸਮਾਜਕ, ਸਿਆਸੀ ਸਨ। ਵਿਅੰਗ ਤੇ ਤਿੱਖੇ ਬਾਣ ਇਨ੍ਹਾਂ ਨਾਟਕਾਂ ਦਾ ਪ੍ਰਮੁੱਖ ਲੱਛਣ ਸਨ। ਜਜ਼ਬਾਤ ਸਿਰਜਣਾ ਤੇ ਲੋਕਾਂ ਨੂੰ ਉਸ ਜਜ਼ਬਾਤ ਨਾਲ ਜੋੜ ਕੇ ਸਮੂਹਿਕ ਭਾਵਨਾਤਮਕ ਪਲ ਸਿਰਜਣਾ ਇਨ੍ਹਾਂ ਨਾਟਕਾਂ ਦੀ ਮੁੱਖ ਤੰਦ ਰਹੀ ਤੇ ਸਮੂਹਿਕ ਬਦਲਾਅ ਲਈ ਜ਼ੋਰਦਾਰ ਹੰਭਲਾ ਮਾਰਨ ਦਾ ਸੁਨੇਹਾ ਇਨ੍ਹਾਂ ਨਾਟਕਾਂ ਨੇ ਆਪੋ-ਆਪਣੇ ਵੱਖਰੇ ਅੰਦਾਜ਼ ਵਿਚ ਦਿੱਤਾ। ਕਿਸੇ ਇੱਕ ਨਾਟਕ ਵਿਚ ਪਾਤਰਾਂ ਦੀ ਗਿਣਤੀ 1 ਤੋਂ ਲੈ ਕੇ 30 ਤੱਕ ਦੀ ਰਹੀ। ਗੀਤ ਸੰਗੀਤ ਇਨ੍ਹਾਂ ਨਾਟਕਾਂ ਦੀ ਜਿੰਦ-ਜਾਨ ਸਨ। ਇਨ੍ਹਾਂ ਨਾਟਕਾਂ ਨੇ ਬਹੁਤ ਸਾਰੇ ਸੱਜਰੇ ਰੰਗਮੰਚ ਪ੍ਰੇਮੀ ਪੈਦਾ ਕੀਤੇ। ਰੰਗਮੰਚ ਦੀ ਇਸ ਵਿਲੱਖਣ ਪ੍ਰਾਪਤੀ ਲਈ ਜਿੱਥੇ ਰੰਗਕਰਮੀ ਸ਼ਾਬਾਸ਼ ਦੇ ਹੱਕਦਾਰ ਹਨ, ਉੱਥੇ ਲੋਕ ਘੋਲਾਂ ਨੂੰ ਪ੍ਰਨਾਏ ਜਥੇਬੰਦਕ ਆਗੂ ਤੇ ਆਮ ਜਨਤਾ ਵੀ ਸ਼ਾਬਾਸ਼ ਦੀ ਹੱਕਦਾਰ ਹੈ। 2021 ਵਿਚ ਜੋ ਪ੍ਰਾਪਤ ਹੋਇਆ, ਉਸ ਨੂੰ ਸੰਭਾਲਣ ਦੀ ਲੋੜ ਹੈ। ਰੰਗਮੰਚ ਨੇ ਭਵਿੱਖ ਵਿਚ ਕਿਹੜੀ ਦਸ਼ਾ ਅਤੇ ਦਿਸ਼ਾ ਅਖਤਿਆਰ ਕਰਨੀ ਹੈ, ਇਸ ਸਵਾਲ ਦੇ ਰੂਬਰੂ ਹੋਣਾ ਬਹੁਤ ਲਾਜ਼ਮੀ ਹੈ। ਪਿੜਾਂ ਵਿਚ ਲੰਬੇ ਸਮੇਂ ਲਈ ਉਹੀ ਭਲਵਾਨ ਟਿਕਦੇ ਹਨ ਜਿਨ੍ਹਾਂ ਦੇ ਸਰੀਰ ਵਿਚ ਜਾਨ ਵੀ ਹੁੰਦੀ ਹੈ ਤੇ ਘੁਲਣ ਦਾ ਪੈਂਤੜਾ ਵੀ ਆਉਂਦਾ ਹੁੰਦਾ ਹੈ।

> ***2021 'ਚ ਪੰਜਾਬੀ ਰੰਗਕਰਮੀਆਂ ਨੇ 12000 ਪੇਸ਼ਕਾਰੀਆਂ ਕੀਤੀਆਂ, ਹਰ ਰੋਜ਼ 33 ਦੇ ਕਰੀਬ। 200 ਰੰਗਕਰਮੀ ਹਰ ਰੋਜ਼ ਕਿਤੇ ਨਾ ਕਿਤੇ ਨਾਟਕ ਖੇਡ ਰਿਹਾ ਸੀ। ਰੋਜ਼ਾਨਾ 33000 ਦੇ ਕਰੀਬ ਦਰਸ਼ਕ ਰੰਗਮੰਚ ਮਾਣ ਰਿਹਾ ਸੀ। ਇਨ੍ਹਾਂ ਰੰਗਕਰਮੀਆਂ ਦੀ ਉਮਰ ਅੱਠ ਤੋਂ ਅੱਸੀ ਸਾਲ ਤੱਕ ਦੀ ਸੀ। ਖੇਡੇ ਗਏ ਨਾਟਕਾਂ ਦੀ ਮੰਚਨ ਸਦਾ ਸਮਾਂ 10 ਮਿੰਟ ਤੋਂ ਲੈ ਕੇ 100 ਮਿੰਟ ਤੱਕ ਸੀ। ਨਾਟਕਾਂ ਦੇ ਵਿਸ਼ੇ ਇਤਿਹਾਸਕ, ਸਮਾਜਕ, ਸਿਆਸੀ ਸਨ।***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਜਨਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-516



**ਹੁਸਨ ਜਵਾਨੀ ਮੁੱਲ ਨਾ ਵਿਕਦੇ, ਨਾਹੀਂ ਮਿਲਦੇ ਵਿਚ ਬਾਜ਼ਾਰਾਂ,**
**ਕਾਦਰ ਵੱਖ ਵੱਖ ਘੜ ਕੇ ਮੂਰਤਾਂ, ਹੈ ਸਾਦਗੀ ਸੰਗ ਨਿਖਾਰਾਂ।**
**ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ, ਚਾਹੇ ਲੱਖ ਗਰੀਬੀ ਦੀਆਂ ਮਾਰਾਂ,**
**ਅਮੀਰਾਂ ਤੋਂ ਗਮ ਝੱਲ ਨਹੀਂ ਹੁੰਦੇ, ਭਾਵੇਂ ਲੱਖ ਮਾਰਦੇ ਟਾਹਰਾਂ।**

### ਕੈਪਸ਼ਨ ਮੁਕਾਬਲਾ-514



ਬੰਦੇ ਸਮਝਣ ਸਿਆਣਾ ਖੁਦ ਨੂੰ,
ਪੈਰ ਪੈਰ 'ਤੇ ਗਲਤੀ ਕਰਦੇ।
ਆਪਣਿਆਂ 'ਚੋਂ ਮਾੜੇ ਦਾ ਇਹ,
ਜਾਤ ਸਾਡੀ ਦਾ ਨਾਂ ਨੇ ਧਰਦੇ।
ਸਵੈ-ਅਨੁਸ਼ਾਸਨ ਦੇ ਵਿਚ ਰਹੀਏ,
ਔਖੇ-ਸੌਖੇ ਸਭ ਕੁਝ ਜਰਦੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਸਬਰ, ਮੜ੍ਹਕ ਅਤੇ ਜ਼ਬਤ,
ਪ੍ਰਮਾਣ ਹੈ ਸਫਲਤਾ ਦਾ,
ਏਕਾਂਤ ਦਰੱਖਤ ਉਹਲੇ
ਕਤਾਰ ਲਾਈ ਕੁੱਤਿਆਂ ਦੀ ਢਾਣੀ ਨੇ,
ਫੌਜੀਆਂ ਵਾਂਗ ਅਨੁਸ਼ਾਸਨ
ਕੋਈ ਛੜੱਪਾ ਨਹੀਂ,
ਨਾ ਹੀ ਧੱਕਮ-ਧੱਕਾ,
ਜਾ ਰਹੇ ਹਨ ਵਾਰੋ-ਵਾਰੀ
ਸ਼ਾਸ਼ ਕਰਨ,
ਸਿੱਧਾ ਨਹੀਂ,
ਲੱਤ ਚੁੱਕ ਪਾਸੇ ਨੂੰ ਮਾਰਦੇ ਧਾਰ,
ਇਹ ਵੀ ਹੈ ਸਿਆਣਪ ਦੀ ਮਿਸਾਲ
ਇਨਸਾਨ ਵੀ ਕਰਨ
ਕਿਉਂ ਨਾ ਦਿਨ ਦੁੱਗਣੀ ਰਾਤ ਚੌਗੁਣੀ
ਤਰੱਕੀ ਕਰ ਜਾਵੇ ਮਨੁੱਖ
ਜੰਗਲ ਵੀ ਹਨ ਲਾਮਿਸਾਲ ਓਹਲਾ।
***-ਦਰਸ਼ਨ ਪਾਲ ਦੋਸਾਂਝ।***

---

ਭਾਂਤ-ਭਤੇਲੇ ਦੇਸ਼ ਮੇਰੇ ਦੀ,
ਮਨੁੱਖੀ-ਆਬਾਦੀ ਵਧੀ ਬੇਸ਼ੁਮਾਰ।
ਜੰਗਲ-ਬੇਲਿਆਂ ਦਾ ਹੋ ਗਿਆ ਸਫਾਇਆ,
ਪਸ਼ੂ-ਪੰਛੀਆਂ 'ਤੇ ਵੀ ਪਈ ਮਾਰ।
ਪੱਗ ਅਲਸੇਸ਼ਨ ਸ਼ੈਫਰਡ, ਲੈਬਰਾਡੋਰ,
ਛੋਟੇ ਵੱਡੇ ਬੈਠੇ ਵਿਚ ਅਨੁਸ਼ਾਸਨ ਸਾਰੇ।
ਭਾਵੇਂ ਕੁੱਤੇ ਦਾ ਕੁੱਤਾ ਵੈਰੀ
ਬੈਠੇ ਰਲ-ਮਿਲ ਕੇ,
ਮਿਲਵਰਤਨ ਵਾਲੀ ਸਾਂਝ 'ਚ
ਲੱਗਦੇ ਬੜੇ ਪਿਆਰੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਜਾਨਵਰਾਂ ਨੂੰ ਨਿੱਤ ਦਿਨ ਬੰਦਾ,
ਜੀਵਨ ਜਿਊਣ ਦੀ ਜਾਚ ਸਿਖਾਵੇ।
ਕਦੇ ਖਾਣ ਦਾ ਲਾਲਚ ਦੇ ਕੇ,
ਕਦੇ ਡੰਡੇ ਦੇ ਨਾਲ ਡਰਾਵੇ।
ਆਪ ਤਾਂ ਫਿਰਦਾ ਬੇਤਰਤੀਬਾ,
ਤੌਰ ਤਰੀਕੇ ਭੁੱਲਦਾ ਜਾਵੇ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 94176-49275***

---

ਕਿਸ ਹੱਦ ਤਕ ਜਾਣਾ ਹੈ,
ਕੌਣ ਜਾਣਦਾ ਹੈ
ਕਿਸ ਮੰਜ਼ਿਲ ਨੂੰ ਪਾਉਣਾ ਹੈ
ਕੌਣ ਜਾਣਦਾ ਹੈ,
ਦੋਸਤੀ ਦੇ ਦੋ ਪਲ
ਜੀਅ ਭਰ ਕੇ ਜੀ ਲਓ ਯਾਰੋ,
ਕਦੋਂ ਵਿਛੜ ਜਾਣਾ ਕੌਣ ਜਾਣਦਾ ਹੈ।
***-ਬੱਲਾ ਲਬਾਣਾ***
***ਫੋਨ: 848-235-8344***

---

ਅਨੁਸ਼ਾਸਨ ਦੀ ਮਿਸਾਲ
ਵਫਾਦਾਰੀ ਵੀ ਬੇਮਿਸਾਲ
ਬੰਦੇ ਨਾਲੋਂ ਕੁੱਤੇ ਚੰਗੇ
ਜਿਹੜੇ ਰੱਖਦੇ ਆਪਣਿਆਂ ਦਾ ਖਿਆਲ।
ਕਰਦੇ ਨਾ ਤੰਗ ਇਹ ਭੋਰਾ,
ਦਿਨ ਪਰਚਾਈ ਰੱਖਦੇ,
ਉਦਾਸੀ ਨੂੰ ਝੱਟ ਦੂਰ ਨੇ ਕਰਦੇ
ਜੀਅ ਜਿਹਾ ਲਾਈ ਰੱਖਦੇ।
***-ਅੰਮ੍ਰਿਤ ਰੰਧਾਵਾ***

# ਬੇਅਦਬੀਆਂ !

ਹਰਜੀਤ ਦਿਓਲ, ਬਰੈਂਪਟਨ
905-676-9242

ਜਾਪਦੈ, ਜਿਵੇਂ ਅੱਜਕਲ ਬੇਅਦਬੀਆਂ ਦਾ ਸੀਜਨ ਚੱਲ ਰਿਹੈ। ਕਈ ਵਾਰ ਕਿਤੇ ਬੇਅਦਬੀ ਹੋਈ ਵੀ ਨਹੀਂ ਹੁੰਦੀ ਬਣਾ ਦਿੱਤੀ ਜਾਂਦੀ ਹੈ। ਬੇਅਦਬੀ ਦਾ ਮੰਤਵ ਅਤੇ ਇਸ ਦੀ ਕੀ ਪਰਿਭਾਸ਼ਾ ਮਿਥੀ ਗਈ ਹੈ, ਇਹ ਤਾਂ ਬੇਅਦਬੀ ਕਰਨ ਵਾਲੇ ਅਤੇ ਭੜਕ ਕੇ ਇਸ ਲਈ ਸੋਧਾ ਲਾਉਣ ਵਾਲੇ ਹੀ ਜਾਨਣ, ਪਰ ਇਸ ਬਾਰੇ ਥੋੜਾ ਜਿਹਾ ਵਿਵੇਕਸ਼ੀਲ ਚਿੰਤਨ ਲੋੜੀਂਦਾ ਹੈ ਜੋ ਅਕਸਰ ਕੀਤਾ ਨਹੀਂ ਜਾਂਦਾ। ਮੇਰਾ ਵਿਚਾਰ ਹੈ ਕਿ ਬੇਅਦਬੀ ਕਿਸੇ ਧਾਰਮਕ ਗ੍ਰੰਥ ਦੇ ਵਰਕੇ ਪਾੜਨ ਨਾਲ ਨਹੀਂ, ਇਸ 'ਚ ਦਰਜ ਸਿੱਖਿਆਵਾਂ ਦਾ ਘਾਣ ਕਰਨ ਨਾਲ ਹੁੰਦੀ ਹੈ, ਜੋ ਸਾਡੇ ਵਿੱਚੋਂ ਬਹੁਤੇ ਨਿੱਤ ਕਰਦੇ ਰਹਿੰਦੇ ਹਨ।

ਬਹੁਤੇ ਗੁਰੂਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਦਾ ਦਰਜਾ ਦਿੰਦੇ ਹਨ ਪਰ ਛੇਵੀਂ ਕਲਾਸ ਦੇ ਵਿਗਿਆਨ ਵਿਚ ਹੀ 'ਲਿਵਿੰਗ ਅਤੇ ਨਾਨ ਲਿਵਿੰਗ' ਦਾ ਫਰਕ ਸਮਝਾ ਦਿੱਤਾ ਜਾਂਦਾ ਹੈ। ਬਾਕੀ ਜੇ ਅੰਧ ਸ਼ਰਧਾ ਦਾ ਹੀ ਪੱਲਾ ਫੜੀ ਰੱਖਣਾ ਹੈ ਤਾਂ ਸਿੱਖ ਗ੍ਰੰਥਾਂ ਵਿਚੋਂ ਬਾਬੇ ਨਾਨਕ ਦੀ ਅੰਧ-ਵਿਸ਼ਵਾਸ਼ਾਂ ਨੂੰ ਨਕਾਰਦੀ ਬਾਣੀ ਮਨਫੀ ਕਰ ਦੇਣੀ ਚਾਹੀਦੀ ਹੈ। ਮੇਰੀ ਇਸ ਧਾਰਨਾ ਨਾਲ ਇੱਕ ਨੌਜਵਾਨ ਨੇ ਮੈਨੂੰ ਸਵਾਲ ਕੀਤਾ, "ਬਾਬਿਓ ਗੁੱਸਾ ਨਾ ਕਰਿਓ ਜੇ ਮੈਂ ਧਾਡੇ ਇੱਕ ਚਪੇੜ ਮਾਰ ਦੇਵਾਂ ਤਾਂ ਧਾਡੀ ਬੇਅਦਬੀ ਹੋਈ ਜਾਂ ਧਾਡੀ ਚਮੜੀ ਦੀ?" ਜੋਸ਼ੀਲੇ ਨੌਜਵਾਨ ਨੇ ਬੜਾ ਤਰਕਪੂਰਣ ਸਵਾਲ ਕੀਤਾ ਹੈ, ਜਿਸ ਦਾ ਜਵਾਬ ਮੈਂ ਆਪਣੀ ਸਮਝ ਮੁਤਾਬਕ ਦੇਣ ਦਾ ਯਤਨ ਕਰਾਂਗਾ। ਗੱਲ ਇਵੇਂ ਹੈ ਭਰਾਵੋ ਕਿ ਮੈਂ ਥੱਪੜ ਮਾਰਨ ਵਾਲੇ 'ਤੇ ਬਿਲਕੁਲ ਗੁੱਸਾ ਨਹੀਂ ਕਰਾਂਗਾ ਬਲਕਿ ਉਸ 'ਤੇ ਤਰਸ ਕਰਾਂਗਾ। ਕਾਰਨ? ਕਿਉਂਕਿ ਇਹੋ ਜਿਹੀ ਬੇਹੂਦਾ ਹਰਕਤ ਕਰਨ ਵਾਲਾ ਮੇਰੀ ਨਜ਼ਰ ਵਿਚ ਮਾਨਸਿਕ ਬੀਮਾਰ ਹੈ, ਜੋ ਕ੍ਰੋਧ ਦਾ ਨਹੀਂ ਹਮਦਰਦੀ ਅਤੇ ਤਰਸ ਦਾ ਪਾਤਰ ਹੈ। ਉਸ ਦੀ ਮਾਨਸਿਕ ਅਵਸਥਾ ਨੂੰ ਮਨੋਵਿਗਿਆਨਕ ਕਾਉਂਸਲਿੰਗ ਦੀ ਜਰੂਰਤ ਹੈ ਸਜਾ ਦੀ ਨਹੀਂ। ਸਭਿਅਕ ਅਤੇ ਵਿਕਸਤ ਦੇਸ਼ਾਂ ਵਿਚ ਜੇਕਰ ਮਾਨਸਿਕ ਰੂਪ ਵਿਚ ਬੀਮਾਰ ਵਿਅਕਤੀ ਕੋਈ ਅਪਰਾਧ ਕਰਦਾ ਹੈ, ਉਸ ਨੂੰ ਸਜਾ ਨਾ ਦੇ ਕੇ ਉਸ ਦਾ ਇਲਾਜ ਕੀਤਾ ਜਾਂਦਾ ਹੈ। ਪਿੱਛੇ ਜਿਹੇ ਨਿਆਗਰਾ ਫਾਲ ਇੱਕ ਹੋਟਲ ਵਿਚ ਠਹਿਰੇ ਤਾਂ ਰਾਤੀਂ ਬੈਡ ਨਾਲ ਪਏ ਟੇਬਲ ਦਰਾਜ ਵਿੱਚ ਬਾਈਬਲ ਪਈ ਦੇਖੀ। ਦੱਸਣ ਦੀ ਲੋੜ ਨਹੀਂ ਕਿ ਇੱਥੇ ਸ਼ਰਾਬ ਪੀਕੇ ਅਤੇ ਜੂਠੇ-ਮਿੱਠੇ ਹੱਥਾਂ ਨਾਲ ਵੀ ਇਸ ਨੂੰ ਫਰੋਲਿਆ ਜਾਂਦਾ ਹੋਵੇਗਾ। ਮੈਂ ਕੁਝ ਵਰਕੇ ਫਰੋਲੇ ਤਾਂ ਪਤਾ ਲੱਗਿਆ ਕਿ ਇਨ੍ਹਾਂ ਦਾ ਸੰਸਥਾਨ 500 ਮਿਲਿਅਨ ਬਾਈਬਲ ਕਿਤਾਬਚੇ ਛਪਵਾ ਕੇ ਹਰ ਉਸ ਜਗ੍ਹਾ ਰਖਵਾਉਂਦਾ ਹੈ ਜਿੱਥੇ ਲੋਕਾਂ ਦੁਆਰਾ ਪੜ੍ਹੇ ਜਾਣ ਦੀ ਜਰਾ ਜਿੰਨੀ ਵੀ ਗੁੰਜਾਇਸ਼ ਹੁੰਦੀ ਹੈ। ਡੈਮੇਜ ਹੋਈ ਬਾਈਬਲ ਦੀ ਥਾਂ ਝੱਟ ਨਵੀਂ ਰੱਖ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਮੰਤਵ ਆਪਣੇ ਮਤ ਦਾ ਪ੍ਰਚਾਰ ਕਰਕੇ ਇਸ ਵਿਚ ਦਰਜ ਸਿਖਿਆਵਾਂ ਲੋਕਾਂ ਤੱਕ ਪਹੁੰਚਾਉਣਾ ਹੁੰਦਾ ਹੈ, ਨਾ ਕਿ ਇਸ ਨੂੰ ਧਰਮ ਸਥਾਨ ਵਿਚ ਰਖ ਕੇ ਇਸ ਦੀ ਪੂਜਾ ਅਰਚਨਾ ਕਰਨਾ। ਇਸ ਵਿਚ ਦਰਜ ਸਿਖਿਆਵਾਂ ਦਾ ਕੇਂਦਰੀ ਭਾਵ ਇਹ ਸੀ ਕਿ ਕੋਈ ਵੀ ਅਪਰਾਧ ਐਨਾ ਵੱਡਾ ਨਹੀਂ ਹੁੰਦਾ ਕਿ ਉਸ ਨੂੰ ਮੁਆਫ ਨਾ ਕੀਤਾ ਜਾ ਸਕੇ। ਮਹਾਤਮਾ ਗਾਂਧੀ ਨੇ ਵੀ ਕਿਹਾ ਸੀ "ਪਾਪ ਨਾਲ ਘਿਰਣਾ ਕਰੋ ਪਾਪੀ ਨਾਲ ਨਹੀਂ।" ਸਹਿਣਸ਼ੀਲਤਾ ਅਤੇ ਇਨਸਾਨੀਅਤ ਕਿਸੇ ਵੀ ਧਰਮ ਦਾ ਧੁਰਾ ਹੁੰਦੇ ਹਨ। ਜੋ ਧਰਮ ਹਿੰਸਾ ਉਕਸਾਉਂਦੇ ਹਨ, ਮੇਰੀ ਜਾਚੇ ਉਹ ਧਰਮ ਕਹਾਉਣ ਦੇ ਹੱਕਦਾਰ ਹੀ ਨਹੀਂ। ਇਸ ਸੰਬੰਧ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਸਿੱਖ ਵਿਦਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ, ਪਰ ਜਾਪਦਾ ਹੈ ਬਹੁਤੇ ਭਰਿੰਡਾਂ ਤੋਂ ਡਰਦੇ ਦੜ ਵੱਟਣ ਵਿਚ ਹੀ ਭਲਾ ਸਮਝਦੇ ਹਨ ਜਾਂ ਫੇਰ ਉਹ ਵੀ ਅੰਧਵਿਸ਼ਵਾਸਾਂ ਦੀ ਦਲਦਲ ਵਿਚੋਂ ਨਿਕਲ ਨਹੀਂ ਸਕੇ।

## ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ ਜੋਗਿੰਦਰ ਸਿੰਘ ਪੁਆਰ

*(ਸਫਾ 17 ਦਾ ਬਾਕੀ)*

ਹੁਣ ਮੈਂ ਤਾਂ ਆਪਣੀ ਜ਼ਿੰਮੇਵਾਰੀ ਨਿਭਾਅ ਰਿਹਾਂ।"

ਉਹਦੀ ਇਸ 'ਦਲੀਲ' ਦਾ ਜਵਾਬ ਦੇਣ ਦੀ 'ਹਿਮਾਕਤ' ਮੈਂ ਕਿਵੇਂ ਕਰ ਸਕਦਾ ਸਾਂ!

***

ਡਾ. ਪੁਆਰ ਨਾਲ ਬਣੀ ਸਾਂਝ ਉਦੋਂ ਗੂੜ੍ਹੀ ਤੇ ਨਿੱਜੀ ਸਾਂਝ ਵਿਚ ਵਟ ਗਈ ਜਦੋਂ ਮੈਂ ਲਾਇਲਪੁਰ ਖਾਲਸਾ ਕਾਲਜ ਵਿਚ ਲੈਕਚਰਾਰ ਆਣ ਲੱਗਾ। ਇਹ ਸਬਬ ਕੁਝ ਇੰਝ ਬਣਿਆ।

ਲਾਇਲਪੁਰ ਖਾਲਸਾ ਕਾਲਜ ਵਿਚ ਪੰਜਾਬੀ ਵਿਭਾਗ ਦੇ ਮੁਖੀ ਤੇ ਮੇਰੇ ਪੁਰਾਣੇ ਦੋਸਤ ਨਿਰੰਜਨ ਸਿੰਘ ਢੇਸੀ ਨੇ ਮੈਨੂੰ ਚਿੱਠੀ ਲਿਖੀ ਕਿ ਪੰਜਾਬੀ ਵਿਭਾਗ ਵਿਚ ਪੰਜਾਬੀ ਦੇ ਨਵੇਂ ਅਧਿਆਪਕਾਂ ਦੀ ਲੋੜ ਹੈ ਤੇ ਮੈਂ ਇਸ ਵਾਸਤੇ ਅਪਲਾਈ ਜ਼ਰੂਰ ਕਰਾਂ। ਉਹਨੂੰ ਹਿਰਖ ਸੀ ਕਿ ਕਿਸੇ ਨੇ ਅਜੇ ਤੱਕ ਮੇਰੀ ਯੋਗਤਾ ਦੀ ਕਦਰ ਨਹੀਂ ਸੀ ਕੀਤੀ। ਉਹਦਾ ਵਿਸ਼ਵਾਸ ਸੀ ਕਿ ਉਹ ਤੇ ਮੇਰੇ ਮਿੱਤਰ ਰਲ-ਮਿਲ ਕੇ ਮੈਨੂੰ ਨਿਯੁਕਤ ਕਰਵਾਉਣ ਦਾ ਸਹਿਜੇ ਹੀ ਚਾਰਾ ਕਰ ਸਕਦੇ ਨੇ।

ਉਨ੍ਹੀਂ ਦਿਨੀਂ ਮੈਂ ਆਪਣੇ ਪਿੰਡ ਦੇ ਹਾਈ ਸਕੂਲ ਵਿਚ ਪੜ੍ਹਾਉਂਦਾ ਸੀ। ਕੰਧੋਂ ਪਾਰਲੇ ਸਕੂਲ ਵਿਚ ਮੇਰੀ ਘਰਵਾਲੀ ਪੜ੍ਹਾਉਂਦੀ ਸੀ। ਜਦੋਂ ਲੋੜ ਹੁੰਦੀ ਤਾਂ ਕੰਧ ਉਤੋਂ ਇੱਕ-ਦੂਜੇ ਨੂੰ ਆਵਾਜ਼ ਮਾਰ ਸਕਦੇ ਸਾਂ। ਸੌ ਮੀਟਰ ਤੋਂ ਘੱਟ ਦੂਰੀ 'ਤੇ ਆਪਣਾ ਘਰ ਪੈਂਦਾ ਸੀ।

ਘਰ ਦੀ ਵਾਹੀ ਚੱਲਦੀ ਸੀ। ਮੈਨੂੰ ਪਿੰਡ ਹੀ ਸਵਰਗ ਲੱਗਦਾ ਸੀ। ਮੈਂ ਢੇਸੀ ਦੀ ਚਿੱਠੀ ਦਾ ਜਵਾਬ ਦੇਣਾ ਵੀ ਗਵਾਰਾ ਨਾ ਕੀਤਾ। ਨਿਰਾਸ ਹੋ ਕੇ ਢੇਸੀ ਨੇ ਸਾਂਝੇ ਦੋਸਤ ਹਰਭਜਨ ਹਲਵਾਰਵੀ ਨੂੰ ਕਿਹਾ ਕਿ ਉਹ ਮੇਰੇ ਪਿੰਡ ਜਾ ਕੇ ਮੈਨੂੰ ਮਨਾਵੇ ਤੇ ਸਮਝਾਵੇ ਕਿ ਇਹ ਮੌਕਾ ਹੱਥੋਂ ਨਹੀਂ ਗਵਾਉਣਾ ਚਾਹੀਦਾ। ਹਲਵਾਰਵੀ ਤੇ ਉਹਦੀ ਪਤਨੀ ਗੁਰਪਿੰਦਰ ਉਚੇਚੇ ਮੇਰੇ ਪਿੰਡ ਆਏ। ਇਹ ਉਹ ਦਿਨ ਸਨ ਜਦੋਂ ਸਾਡਾ ਪਿੰਡ ਤੇ ਇਲਾਕਾ ਪੂਰੀ ਗੜਬੜੀ ਵਾਲਾ ਸੀ। ਕੋਈ ਦਿਨ ਹੀ ਅਜਿਹਾ ਲੰਘਦਾ, ਜਦੋਂ ਪਿੰਡ ਵਾਲਿਆਂ ਨੂੰ ਗੋਲੀ ਦਾ ਖੜਾਕ ਨਾ ਸੁਣਿਆ ਹੋਵੇ ਜਾਂ ਇਲਾਕੇ ਵਿਚ ਕਿਸੇ ਝੂਠੇ-ਸੱਚੇ ਮੁਕਾਬਲੇ ਦੀ ਖਬਰ ਨਾ ਆਈ ਹੋਵੇ। ਅਗਲੀ ਸਵੇਰ ਹਲਵਾਰਵੀ ਦੀ ਕਾਰ ਦਾ ਡਰਾਈਵਰ 'ਬਾਹਰ' ਗਿਆ ਸਾਹੋ-ਸਾਹੀ ਭੱਜਾ ਆਇਆ ਕਿਉਂਕਿ ਨੇੜਲੇ ਖੇਤਾਂ ਵਿਚੋਂ ਗੋਲੀਆਂ ਚੱਲਣ ਲੱਗੀਆਂ ਸਨ।

ਹਲਵਾਰਵੀ ਨੇ ਮੈਨੂੰ 'ਸਮਝਾਇਆ' ਕਿ ਇਸ ਹਾਲਤ ਵਿਚ ਤੇਰਾ ਪਿੰਡ ਵਿਚ ਰਹਿਣਾ ਤਾਂ ਉਂਝ ਹੀ ਖਤਰੇ ਤੋਂ ਖਾਲੀ ਨਹੀਂ। ਉਹ ਜਾਣਦਾ ਸੀ ਕਿ ਮੇਰੇ ਵਿਚਾਰਾਂ ਕਰ ਕੇ ਮੈਨੂੰ ਦੋ-ਤਿੰਨ ਵਾਰ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਵੀ ਹੋ ਚੁੱਕੀਆਂ ਸਨ ਤੇ ਪੁਲਿਸ ਨੇ ਵੀ ਝੂਠੇ ਕਤਲ-ਕੇਸ ਵਿਚ ਫਸਾ ਦਿੱਤਾ ਸੀ। ਬੱਚੇ ਵੱਡੇ ਹੋ ਰਹੇ ਸਨ ਤੇ ਉਨ੍ਹਾਂ ਦੀ ਅਗਲੇਰੀ ਪੜ੍ਹਾਈ ਲਈ ਵੀ ਮੇਰਾ ਜਲੰਧਰ ਜਾਣਾ ਠੀਕ ਰਹੇਗਾ।

ਉਹਨੇ ਆਪਣੀ ਗੱਲ ਵਿਚ ਹੋਰ ਵਧੇਰੇ ਭਾਰ ਪਾਉਣ ਲਈ ਕਿਹਾ, "ਸਾਧੂ ਭਾ ਜੀ ਨੇ ਵੀ ਤੈਨੂੰ ਸੁਨੇਹਾ ਭੇਜਿਆ ਏ ਕਿ ਆਪਾਂ ਨੂੰ ਇਹ ਮੌਕਾ ਨਹੀਂ ਗਵਾਉਣਾ ਚਾਹੀਦਾ।"

ਉਹਦੇ ਜ਼ੋਰ ਦੇਣ 'ਤੇ ਮੈਂ ਸ਼ਰਤ ਰੱਖੀ ਕਿ ਕਾਲਜ ਵਿਚ ਜਾਣ ਲਈ ਮੈਂ ਕਿਸੇ ਦਾ ਤਰਲਾ ਨਹੀਂ ਲੈਣਾ।

ਹਲਵਾਰਵੀ ਨੇ ਹੁੱਬ ਕੇ ਕਿਹਾ, "ਉਹਦੀ ਤੂੰ ਫਿਕਰ ਨਾ ਕਰ। ਢੇਸੀ ਉਥੇ ਬੈਠਾ। ਪੁਆਰ ਏ, ਸਾਧੂ ਭਾ ਜੀ ਨੇ। ਮੈਂ ਆਂ। ਮੈਂ ਜਾਂਦਾ ਹੋਇਆ ਪ੍ਰਿੰਸੀਪਲ ਨੂੰ ਵੀ ਮਿਲਦਾ ਜਾਂਦਾਂ।"

ਹਲਵਾਰਵੀ ਉਨ੍ਹੀਂ ਦਿਨੀਂ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਸੀ। ਉਹਦੀ ਸੁਣੀ ਜਾਂਦੀ ਸੀ।

ਉਸ ਦਿਨ ਹਲਵਾਰਵੀ ਨੂੰ ਪੱਟੀ ਕਚਹਿਰੀਆਂ ਵਿਚ ਕਿਸੇ ਵਕੀਲ ਗੋਚਰਾ ਕੋਈ ਕੰਮ ਵੀ ਸੀ। ਉਥੇ ਸਾਨੂੰ ਸੁਰਿੰਦਰ ਮੰਡ ਮਿਲ ਗਿਆ ਤੇ ਮੈਨੂੰ ਲਾਇਲਪੁਰ ਖਾਲਸਾ ਕਾਲਜ ਵਿਚ ਮੇਰੀ ਹੋਣ ਵਾਲੀ ਨਿਯੁਕਤੀ ਬਾਰੇ 'ਪੇਸ਼ਗੀ' ਵਧਾਈ ਦੇ ਦਿੱਤੀ। ਮੈਂ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਮੈਂ ਤਾਂ ਅਜੇ ਅਪਲਾਈ ਵੀ ਨਹੀਂ ਕੀਤਾ। ਉਹ ਕਹਿੰਦਾ, "ਇਹ ਤਾਂ ਜੀ ਸਾਰੇ ਚਰਚਾ ਹੈ। ਇੱਕ ਦਿਨ ਕੋਈ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਕੋਲ ਸਿਫਾਰਿਸ਼ ਲੈ ਕੇ ਗਿਆ ਤਾਂ ਪ੍ਰਿੰਸੀਪਲ ਨੇ ਆਪ ਕਿਹਾ ਕਿ ਇੱਕ ਪੋਸਟ 'ਤੇ ਤਾਂ ਵਰਿਆਮ ਸੰਧੂ ਨੂੰ ਪੱਕਾ ਈ ਰੱਖਣੈਂ। ਦੂਜੀਆਂ ਦੋ ਪੋਸਟਾਂ ਲਈ ਲੋਕ ਜ਼ੋਰ ਲਾ ਰਹੇ ਨੇ।"

ਹਲਵਾਰਵੀ ਹੱਸ ਕੇ ਕਹਿੰਦਾ, "ਲੈ ਸੁਣ ਲੈ। ਅਜੇ ਵੀ ਤੈਨੂੰ ਕਿਸੇ ਕੋਲ ਤਰਲਾ ਮਾਰਨ ਦੀ ਲੋੜ ਏ!"

***

ਕੁਝ ਦਿਨਾਂ ਬਾਅਦ ਸਾਧੂ ਸਿੰਘ ਦਾ ਸੁਨੇਹਾ ਵੀ ਆ ਗਿਆ ਕਿ ਉਹਨੇ ਪੁਆਰ ਨੂੰ ਵੀ ਕਿਹਾ ਏ, ਉਹ ਪ੍ਰਿੰਸੀਪਲ ਦੇ ਗਵਾਂਢ ਰਹਿੰਦਾ। ਪੁਆਰ ਚਾਹੁੰਦਾ ਹੈ ਕਿ ਇੱਕ ਵਾਰ ਆਪਾਂ ਉਹਦੇ ਨਾਲ ਜਾ ਕੇ ਕਾਲਜ ਦੇ ਪ੍ਰਿੰਸੀਪਲ ਨੂੰ ਰਸਮੀ ਤੌਰ 'ਤੇ ਜ਼ਰੂਰ ਮਿਲ ਲਈਏ ਤਾਕਿ ਉਸ ਨੂੰ ਇਤਬਾਰ ਹੋ ਸਕੇ ਕਿ ਤੂੰ ਇੰਟਰਵੀਊ ਤੇ ਆ ਰਿਹੈਂ। ਬਾਕੀ ਗੱਲ ਪਹਿਲਾਂ ਹੀ ਹੋ ਚੁੱਕੀ ਹੈ।

ਅਸਲ ਵਿਚ ਕੁਝ ਸਾਲ ਪਹਿਲਾਂ ਮੈਂ ਪਬਲਿਕ ਸਰਵਿਸ ਕਮਿਸ਼ਨ ਵਿਚ ਚੰਗੀ ਮੈਰਿਟ ਹੋਣ ਦੇ ਬਾਵਜੂਦ ਨਾ ਚੁਣੇ ਜਾਣ ਕਰ ਕੇ 'ਅਜਿਹੀਆਂ ਇੰਟਰਵਿਊਆਂ' ਤੋਂ ਉਦਾਸੀਨ ਹੋ ਚੁੱਕਾ ਸਾਂ ਤੇ ਅਗਲੀ ਵਾਰੀ ਕਮਿਸ਼ਨ ਦੀਆਂ ਪੋਸਟਾਂ ਨਿਕਲਣ 'ਤੇ ਅਪਲਾਈ ਤੱਕ ਨਹੀਂ ਸੀ ਕੀਤਾ। ਮੈਂ ਜਿੱਥੇ ਸਾਂ, ਉਥੇ ਹੀ ਖੁਸ਼ ਸਾਂ!

ਅਗਲੇ ਦਿਨ ਪੁਆਰ ਦੇ ਘਰੋਂ ਚਾਹ-ਪਾਣੀ ਛਕ ਕੇ ਅਸੀਂ ਨਾਲ ਦੀ ਕੋਠੀ ਵਿਚ ਰਾਜਾ ਹਰਨਰਿੰਦਰ ਸਿੰਘ ਨੂੰ ਜਾ ਮਿਲੇ। ਰਾਜਾ ਜੀ ਨੇ ਬੜੀ ਖੁੱਲ੍ਹਦਿਲੀ ਨਾਲ ਕਿਹਾ, "ਸੰਧੂ ਸਾਬ੍ਹ! ਤੁਹਾਡੇ ਦੋਸਤ ਪੁਆਰ ਸਾਬ੍ਹ, ਡਾ. ਸਾਧੂ ਸਿੰਘ, ਹਲਵਾਰਵੀ ਸਾਬ੍ਹ ਤੁਹਾਡੇ ਨਾਲ ਨੇ। ਢੇਸੀ ਵੀ ਇੰਗਲੈਂਡ ਜਾਂਦਾ ਮੈਨੂੰ ਤੁਹਾਡੇ ਰੱਖਣ ਦੀ ਪੱਕੀ ਕਰ ਕੇ ਗਿਆ ਏ। ਲੇਖਕ ਦੇ ਤੌਰ 'ਤੇ ਤੁਹਾਡਾ ਵੱਡਾ ਨਾਂ ਹੈ। ਤੁਹਾਡੇ ਆਉਣ ਨਾਲ ਤਾਂ ਸਾਡੇ ਕਾਲਜ ਦੀ ਸੋਭਾ ਵਧੇਗੀ। ਕੱਲ੍ਹ ਜੋਗਿੰਦਰ ਸਿੰਘ ਰਾਹੀ ਸਾਬ੍ਹ ਵੀ ਆਪਣੇ ਸਟੂਡੈਂਟ ਲਈ ਆਏ ਸਨ, ਮੈਂ ਤੁਹਾਡਾ ਨਾਂ ਲਿਆ ਤਾਂ ਕਹਿੰਦੇ, "ਵਰਿਆਮ ਸੰਧੂ ਤਾਂ ਹਰ ਹਾਲ ਰੱਖਣਾ ਈ ਚਾਹੀਦਾ! ਤੁਸੀਂ ਹੁਣ ਇਹ ਵਿਚਾਰ ਕਰ ਲਓ ਕਿ ਸਕੂਲ ਦੀ ਡਿਊਟੀ ਤੋਂ ਕਿਵੇਂ ਵਿਹਲਾ ਹੋ ਕੇ ਏਥੇ ਆਉਣਾ ਹੈ।"

ਇੰਟਰਵਿਊ ਵਾਲੇ ਦਿਨ ਮੈਂ ਚੋਣ ਕਮੇਟੀ ਅੱਗੇ ਹਾਜ਼ਰ ਹੋਇਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਦੇਖਿਆ ਕਿ ਯੂਨੀਵਰਸਿਟੀ ਦੇ ਨੁਮਾਇੰਦੇ ਵਜੋਂ ਪੁਆਰ ਖੁਦ ਚੋਣ ਕਮੇਟੀ ਵਿਚ ਹਾਜ਼ਰ ਸੀ। ਚੁਣਿਆਂ ਤਾਂ ਮੈਂ ਜਾਣਾ ਹੀ ਸੀ ਤੇ ਚੁਣਿਆਂ ਵੀ ਗਿਆ ਪਰ ਪੁਆਰ ਦੇ ਇਸ ਵਿਹਾਰ ਨੇ ਮੇਰਾ ਮਨ ਮੋਹ ਲਿਆ। ਉਹਨੇ ਪਹਿਲੀਆਂ ਮਿਲਣੀਆਂ ਵਿਚ ਆਪਣੇ ਚੋਣ ਕਮੇਟੀ ਵਿਚ ਹੋਣ ਦਾ ਰੰਚਕ-ਮਾਤਰ ਵੀ ਇਸ਼ਾਰਾ ਨਹੀਂ ਸੀ ਕੀਤਾ। ਮੇਰੇ ਹੋਰ ਦੋਸਤਾਂ ਵਾਂਗ ਉਹ ਵੀ ਇਹ ਨਹੀਂ ਸੀ ਚਾਹੁੰਦਾ ਕਿ ਮੈਂ ਇਹ ਮਹਿਸੂਸ ਕਰਾਂ ਕਿ ਮੈਂ ਆਪਣੇ ਮਿੱਤਰ ਪੁਆਰ ਨੂੰ ਨਹੀਂ ਸਗੋਂ ਚੋਣ ਕਮੇਟੀ ਦੇ ਕਿਸੇ ਮੈਂਬਰ ਨੂੰ ਮਿਲ ਰਿਹਾ ਹਾਂ। ਬਿਨਾਂ ਜਤਾਉਣ ਤੋਂ ਕਿਸੇ ਦੇ ਕੰਮ ਆਉਣਾ ਵੱਡੇ ਬੰਦੇ ਦੀ ਵਡਿਆਈ ਹੁੰਦੀ ਹੈ। ਪੁਆਰ ਇਸ ਵਡਿਆਈ ਦਾ ਪੂਰਾ ਹੱਕਦਾਰ ਸੀ।

ਜਲੰਧਰ ਆਉਣ ਕਰ ਕੇ ਸਾਡੀਆਂ ਮਿਲਣੀਆਂ ਵੀ ਵਧਦੀਆਂ ਗਈਆਂ ਤੇ ਸਾਂਝ ਵੀ ਦਿਨੋ-ਦਿਨ ਪੀਚਵੀਂ ਹੁੰਦੀ ਗਈ। ਮੇਰੀ ਇੰਟਰਵਿਊ ਵਾਲੇ ਦਿਨੀਂ ਢੇਸੀ ਇੰਗਲੈਂਡ ਯਾਤਰਾ 'ਤੇ ਗਿਆ ਹੋਇਆ ਸੀ। ਮਹੀਨੇ ਕੁ ਬਾਅਦ ਉਹ ਵਾਪਸ ਆਇਆ ਤਾਂ ਅਸੀਂ ਦੋਵੇਂ ਰਾਜਾ ਜੀ ਨੂੰ ਮਿਲਣ ਗਏ। ਰਾਜਾ ਜੀ ਕਹਿਣ ਲੱਗੇ, "ਲੈ ਬਈ ਢੇਸੀ! ਤੂੰ ਵਰਿਆਮ ਹੁਰਾਂ ਬਾਰੇ ਕਹਿ ਕੇ ਗਿਆ ਸੀ, ਦੇਖ ਲੈ ਅਸੀਂ ਬੋਲ ਪੁਗਾ ਦਿੱਤੇ।"

ਰਾਜਾ ਜੀ ਨੇ ਦੋਵਾਂ ਹੱਥਾਂ ਨਾਲ ਆਪਣਾ ਦਾੜ੍ਹਾ ਸਵਾਰਿਆ, "ਪ੍ਰਧਾਨ ਸਾਬ੍ਹ, ਮੈਂ ਵੀ ਤੇ ਦੂਜੇ ਮੈਂਬਰ ਵੀ ਚਾਹੁੰਦੇ ਸਾਂ ਕਿ ਵਰਿਆਮ ਹੁਰਾਂ ਨੂੰ ਪਹਿਲੇ ਨੰਬਰ 'ਤੇ ਰੱਖਿਆ ਜਾਵੇ ਪਰ ਇਨ੍ਹਾਂ ਦੇ ਮਿੱਤਰ ਪੁਆਰ ਸਾਬ੍ਹ ਈ ਆਪਣੇ ਸਟੂਡੈਂਟ ਬਲਦੇਵ ਲਈ ਅੜ ਗਏ ਕਿ ਪਹਿਲੇ ਨੰਬਰ 'ਤੇ ਤਾਂ ਬਲਦੇਵ ਈ ਰੱਖਣੈਂ। ਪੁਆਰ ਸਾਹਿਬ ਦੀ ਜ਼ਿਦ ਦਾ ਤਾਂ ਤੈਨੂੰ ਪਤਾ ਈ ਐ।"

ਮੈਨੂੰ ਪਹਿਲਾਂ ਈ ਪਤਾ ਲੱਗ ਚੁੱਕਾ ਸੀ ਕਿ ਪੁਆਰ ਸਾਹਿਬ ਨੇ 'ਅੜ' ਕੇ ਆਪਣੇ ਵਿਦਿਆਰਥੀ ਬਲਦੇਵ ਚੀਮੇ ਨੂੰ ਪਹਿਲੇ ਨੰਬਰ 'ਤੇ ਰਖਾ ਲਿਆ ਸੀ। ਦੂਜੇ 'ਤੇ ਮੈਂ ਤੇ ਤੀਜੇ 'ਤੇ ਜੋਗਿੰਦਰ ਸਿੰਘ ਰਾਹੀ ਦਾ ਵਿਦਿਆਰਥੀ ਕੁਲਵੰਤ ਸੰਧੂ। ਤਿੰਨ ਹੀ ਪੋਸਟਾਂ ਸਨ। ਸੁਣ ਕੇ ਮੈਨੂੰ ਹਿਰਖ ਤਾਂ ਹੋਇਆ ਸੀ ਕਿ ਏਨੇ ਸਾਲਾਂ ਬਾਅਦ ਜੇ ਮੈਨੂੰ ਇੱਕ ਤਰ੍ਹਾਂ ਘਰੋਂ ਸੱਦ ਕੇ ਨਿਯੁਕਤ ਕਰਨ ਦਾ 'ਮਾਣ' ਬਖਸ਼ਿਆ ਵੀ ਸੀ ਤਾਂ ਨਾਲ ਹੀ 'ਦੂਜੇ ਨੰਬਰ' 'ਤੇ ਰੱਖ ਕੇ 'ਹੇਠੀ' ਵੀ ਕਰ ਦਿੱਤੀ ਸੀ ਪਰ ਮੈਂ ਕਿਸੇ ਨੂੰ ਜਤਾਉਣਾ ਠੀਕ ਨਾ ਸਮਝਿਆ। ਮਨ ਨੂੰ ਤਸੱਲੀ ਦਿੱਤੀ; ਬਲਦੇਵ ਤਾਂ ਪੁਆਰ ਦੀ ਪਹਿਲ ਹੋਣੀ ਹੀ ਸੀ। ਉਸ ਨਾਲ ਉਹਦਾ ਗੁਰੂ-ਚੇਲੇ ਦਾ 'ਸਿੱਧਾ' ਰਿਸ਼ਤਾ ਸੀ। ਮੈਂ ਉਹਦਾ 'ਸਿੱਧਾ ਯਾਰ' ਨਹੀਂ ਸਾਂ, ਉਹਦੇ ਯਾਰਾਂ ਦਾ ਯਾਰ ਹੋਣ ਕਰ ਕੇ ਉਹਦੇ ਲਈ ਦੂਜੇ ਨੰਬਰ 'ਤੇ ਹੀ ਹੋ ਸਕਦਾ ਸਾਂ!

ਸਮੇਂ ਦੇ ਨਾਲ ਸਾਡੀ ਸਾਂਝ ਪੱਕੀ ਹੁੰਦੀ ਗਈ। ਬਲਦੇਵ ਨਾਲ ਵੀ ਯਾਰੀ ਹੋ ਗਈ। ਪੁਆਰ ਯਾਰਾਂ-ਦੋਸਤਾਂ ਦੀ ਖੁਸ਼ੀ ਵਿਚ ਖੁਸ਼ ਹੋਣ ਵਾਲਾ ਸੀ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਲਾਹੁੰਦਾ ਵੀ ਸੀ। ਜਲੰਧਰ ਆਉਣ ਬਾਅਦ ਕਿਰਾਏ ਦੇ ਘਰ ਵਿਚ ਰਹਿਣਾ ਔਖਾ ਲੱਗਦਾ ਸੀ। ਅਸੀਂ ਦੋ ਸਾਲਾਂ ਦੇ ਅੰਦਰ ਹੀ ਪਲਾਟ ਖਰੀਦ ਕੇ ਔਖੇ-ਸੌਖੇ ਹੋ ਕੇ ਆਪਣਾ ਮਕਾਨ ਬਣਾ ਲਿਆ। ਉਹ ਸਾਡਾ ਬਣਦਾ ਘਰ ਦੇਖਣ ਆਇਆ। ਨਕਸ਼ੇ ਵਿਚਲੀਆਂ ਕੁਝ ਊਣਤਾਈਆਂ ਦੱਸ ਕੇ ਆਪਣੇ ਸੁਝਾਅ ਮੁਤਾਬਕ ਤਬਦੀਲੀ ਕਰ ਲੈਣ ਲਈ ਜ਼ੋਰ ਨਾਲ ਆਖਿਆ, "ਤੈਨੂੰ ਏਨੀ ਵੀ ਅਕਲ ਨਹੀਂ, ਤੇਰੇ ਨਕਸ਼ੇ ਮੁਤਾਬਕ ਕਿੰਨੀ ਜਗ੍ਹਾ ਫਜ਼ੂਲ ਬਰਬਾਦ ਹੋ ਜਾਣੀ ਹੈ। ਇਹ ਤੇਰਾ ਪਿੰਡ ਨਹੀਂ। ਏਥੇ ਜ਼ਮੀਨ ਦੇ ਇੰਚ-ਇੰਚ ਦਾ ਮੁੱਲ ਹੈ।"

ਅਸੀਂ ਉਹਦੀ ਗੱਲ ਮੰਨ ਲਈ ਤੇ ਲੋੜੀਂਦੀ ਤਬਦੀਲੀ ਕਰ ਕੇ ਘਰ ਬਣਾ ਲਿਆ। ਅੱਜ ਤੱਕ ਪੁਆਰ ਨੂੰ ਇਸ ਗੱਲੋਂ ਯਾਦ ਕਰਦੇ ਹਾਂ ਕਿ ਉਹਦੇ ਕਹਿਣ 'ਤੇ ਅਸੀਂ ਕਿੰਨਾ ਥਾਂ ਵਰਤੋਂ ਵਿਚ ਲੈ ਆਏ ਹਾਂ। ਉਨ੍ਹੀਂ ਦਿਨੀਂ ਉਹ ਬੜਾ ਹੁੱਬ ਕੇ ਆਖਦਾ, "ਅਹੁ ਵਰਿਆਮ ਵੱਲ ਦੇਖੋ! ਅਜੇ ਕੱਲ੍ਹ ਜਲੰਧਰ ਆਇਆ ਤੇ ਘਰ ਵੀ ਬਣਾ ਲਿਆ ਪਰ ਸਾਡੇ ਪ੍ਰੋਫੈਸਰ ਵਰ੍ਹਿਆਂ ਤੋਂ ਸਟਾਫ ਕਾਲੋਨੀ ਵਿਚ ਜਾਂ ਸ਼ਹਿਰ ਵਿਚ ਕਿਰਾਏ ਦੇ ਮਕਾਨਾਂ ਵਿਚ ਰਹੀ ਜਾਂਦੇ ਨੇ।"

***

ਪੁਆਰ ਦੀ ਆਪਣੇ ਵਿਦਿਆਰਥੀਆਂ ਨਾਲ ਸਾਂਝ ਤੇ ਸਨੇਹ ਦਾ ਆਲਮ ਇਹ ਸੀ ਕਿ ਜਿੱਥੇ ਵੀ ਦਾਅ ਲੱਗਦਾ, ਉਹ ਆਪਣੇ ਕਿਸੇ ਨਾ ਕਿਸੇ ਚੇਲੇ ਨੂੰ ਨਿਯੁਕਤ ਕਰਾਉਣ ਦੀ ਕੋਸ਼ਿਸ਼ ਕਰਦਾ। ਪੰਜਾਬੀ ਯੂਨੀਵਰਸਟੀ ਦਾ ਵਾਈਸ ਚਾਂਸਲਰ ਬਣਨ ਤੋਂ ਬਾਅਦ ਤਾਂ ਉਹਦੇ ਹੱਥ ਤਾਕਤ ਆ ਗਈ ਸੀ। ਉਹਨੇ ਪੰਜਾਬੀ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚ, ਹੋਰਨਾਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ, ਆਪਣੇ ਅਨੇਕਾਂ ਵਿਦਿਆਰਥੀਆਂ ਨੂੰ ਨਿਯੁਕਤ ਕਰਵਾਇਆ। ਬਲਦੇਵ ਨੂੰ ਵੀ ਰੀਡਰ ਬਣਾ ਕੇ ਉਹ ਪੰਜਾਬੀ ਯੂਨੀਵਰਸਿਟੀ ਲੈ ਗਿਆ।

ਉਹਦੇ ਵਿਚਾਰਧਾਰਕ ਵਿਰੋਧੀ ਉਹਦੀ ਇਸ ਗੱਲੋਂ ਆਲੋਚਨਾ ਵੀ ਕਰਦੇ। ਉਹ 'ਆਪਣੀ ਪਾਰਟੀ' ਦੇ ਬੰਦੇ ਭਰਤੀ ਕਰੀ ਜਾ ਰਿਹਾ ਸੀ ਪਰ ਉਹ ਕਿਸੇ ਟੁੰਡੇ ਲਾਟ ਦੀ ਪ੍ਰਵਾਹ ਨਹੀਂ ਸੀ ਕਰ ਰਿਹਾ। ਮੁੱਖ ਮੰਤਰੀ ਬੇਅੰਤ ਸਿੰਘ ਨਾਲ ਉਹਦੇ ਨਿੱਜੀ ਸੰਬੰਧਾਂ ਬਾਰੇ ਸਾਰੇ ਭਲੀ-ਭਾਂਤ ਜਾਣਦੇ ਸਨ। ਉਹਦੇ ਸਿਆਸੀ ਸਰਪ੍ਰਸਤ ਹਰਕਿਸ਼ਨ ਸਿੰਘ ਸੁਰਜੀਤ ਦੀ ਉਨ੍ਹੀਂ ਦਿਨੀਂ ਭਾਰਤ ਦੀ ਸਿਆਸਤ ਵਿਚ ਤੂਤੀ ਬੋਲਦੀ ਸੀ। ਦੋ 'ਵੱਡੇ ਲੋਕ' ਉਹਦੀ ਪਿੱਠ 'ਤੇ ਸਨ। ਉਹਦੀ 'ਜਵਾਨੀ ਕਮਲ਼ੀ, ਰਾਜ ਹੈ ਚੂਚਕੇ ਦਾ ਅਤੇ ਕਿਸੇ ਦੀ ਨਹੀਂ ਪ੍ਰਵਾਹ ਮੈਨੂੰ!" ਵਾਲੀ ਹਾਲਤ ਸੀ।

ਸਭ ਤੋਂ ਵੱਧ ਉਹਦੇ ਖਿਲਾਫ ਉਹ ਲੋਕ ਉਬਲ ਰਹੇ ਸਨ ਜਿਨ੍ਹਾਂ ਦਾ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਵਿਚ 'ਬੋਲ-ਬਾਲਾ' ਰਿਹਾ ਸੀ। ਪੁਆਰ ਦੇ ਮਨ ਵਿਚ ਖੁੰਧਕ ਸੀ ਕਿ 'ਉਨ੍ਹਾਂ ਲੋਕਾਂ' ਨੇ ਸ਼ਹਿ ਦੇ ਕੇ ਗਿਆਨ ਦਾ ਚਮਕਦਾ ਚੰਦ ਡਾ. ਰਵਿੰਦਰ ਸਿੰਘ ਰਵੀ ਲਹੂ ਦੇ ਕਾਲੇ ਸਮੁੰਦਰ ਵਿਚ ਡੋਬ ਦਿੱਤਾ ਸੀ। ਉਹ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ, "ਤੁਸੀਂ ਚੰਦ ਨੂੰ ਚਮਕਣੋਂ ਨਹੀਂ ਰੋਕ ਸਕਦੇ?"

ਉਹਨੇ ਰਵਿੰਦਰ ਸਿੰਘ ਰਵੀ ਦੇ ਨਾਂ 'ਤੇ 'ਚੇਅਰ' ਸਥਾਪਤ ਕਰ ਦਿੱਤੀ ਤੇ ਉਸ ਉਤੇ ਆਪਣੇ ਹੀ ਮਿੱਤਰ ਡਾ. ਰਘਬੀਰ ਸਿੰਘ ਸਿਰਜਣਾ ਨੂੰ ਚੇਅਰਮੈਨ ਲਾ ਦਿੱਤਾ। ਆਖਣ ਵਾਲੇ ਇਹ ਵੀ ਆਖੀ ਜਾਂਦੇ ਕਿ ਰਘਬੀਰ ਸਿੰਘ ਦੀ ਨਿਯੁਕਤੀ ਪਿੱਛੇ ਵੀ 'ਪਾਰਟੀ' ਦਾ ਹੱਥ ਹੈ। 'ਪਾਰਟੀ' ਤੇ ਪੁਆਰ ਇੱਕੋ ਹੀ ਤਾਂ ਸਨ! ਤੱਤ-ਭੜੱਥੀ ਸੋਚ ਵਾਲੇ 'ਉਨ੍ਹਾਂ' ਲੋਕਾਂ ਨੇ ਪਿਛਲੇ ਸਾਲਾਂ ਵਿਚ ਖੱਬੇ-ਪੱਖੀ ਸੋਚ ਵਾਲੇ ਲੋਕਾਂ ਨੂੰ ਯੂਨੀਵਰਸਿਟੀ ਵਿਚ ਖੁੱਡੇ-ਲਾਈਨ ਲਾਇਆ ਹੋਇਆ ਸੀ। ਪੁਆਰ ਦੀ ਬਦੌਲਤ ਖੁੱਡੇ-ਲਾਈਨ ਲੱਗੇ ਲੋਕ ਹੁਣ ਖੰਭ ਖੋਲ੍ਹ ਕੇ 'ਉਡਣ' ਲੱਗ ਪਏ ਸਨ।

ਜਿਨ੍ਹਾਂ ਵਿਦਿਆਰਥੀਆਂ ਨੂੰ ਉਹਨੇ ਵੱਖ-ਵੱਖ ਥਾਵਾਂ 'ਤੇ ਨਿਯੁਕਤ ਕਰਵਾਇਆ ਸੀ, ਉਨ੍ਹਾਂ ਵਿਚੋਂ ਕਈਆਂ ਨੇ ਉਥੇ ਆਪਣੀ ਮਿਹਨਤ ਅਤੇ ਯੋਗਤਾ ਨਾਲ ਚੰਗੀ ਥਾਂ ਵੀ ਬਣਾ ਲਈ ਪਰ ਪੁਆਰ ਦਾ ਸੁਭਾਅ ਸੀ ਕਿ ਉਹ ਉਨ੍ਹਾਂ ਤੋਂ ਸਦਾ ਆਪਣੇ ਅਨੁਸਾਰੀ ਹੋਣ ਦੀ ਗੈਰ-ਵਾਜਬ ਤਵੱਕੋ ਕਰਦਾ ਸੀ। ਹਰ ਬੰਦੇ ਲਈ ਆਪਣੀ ਹੋਂਦ ਤੇ ਹਸਤੀ ਦਾ ਮਹੱਤਵ ਹੁੰਦਾ ਹੈ ਪਰ ਪੁਆਰ ਉਨ੍ਹਾਂ ਦੇ ਵੱਖਰੇਪਨ ਨੂੰ ਮਾਨਤਾ ਨਹੀਂ ਸੀ ਦਿੰਦਾ। ਉਹ ਉਨ੍ਹਾਂ ਨੂੰ ਅਜੇ ਵੀ ਪੂਰਨਿਆਂ 'ਤੇ ਲਿਖਣ ਵਾਲੇ ਸਿੱਖਿਆਰਥੀ ਸਮਝਦਾ ਤੇ ਹਰ ਅੱਖਰ ਉਨ੍ਹਾਂ ਦੀਆਂ ਉਂਗਲਾਂ ਫੜ ਕੇ ਲਿਖਵਾਉਣ ਦਾ ਚਾਰਾ ਕਰਦਾ। ਜਦੋਂ ਕੋਈ ਆਪਣਾ ਹੱਥ ਛੁਡਾ ਕੇ ਕਹਿਣਾ ਚਾਹੁੰਦਾ ਕਿ ਮੈਨੂੰ ਖੁਦ ਲਿਖਣ ਦਿੱਤਾ ਜਾਵੇ, ਮੈਨੂੰ ਲਿਖਣ ਦੀ ਜਾਚ ਆ ਗਈ ਏ, ਤਾਂ ਉਹਦਾ ਪਾਰਾ ਸੱਤੀਂ ਅਸਮਾਨੀਂ ਚੜ੍ਹ ਜਾਂਦਾ। ਉਹ ਵਿੱਟਰ ਜਾਂਦਾ। ਦੂਜਿਆਂ ਕੋਲ ਉਨ੍ਹਾਂ ਦੇ ਨਾਂ ਲੈ ਕੇ ਗਾਲ੍ਹਾਂ ਕੱਢਦਾ। ਉਨ੍ਹਾਂ ਨੂੰ ਕੀਤੀ ਦਾ ਮੁੱਲ ਨਾ ਪਾਉਣ ਵਾਲੇ ਅਕ੍ਰਿਤਘਣ ਵੀ ਕਹਿੰਦਾ ਪਰ ਉਹਦੇ ਚੇਲੇ ਕਹਿੰਦੇ ਕਿ ਉਹ ਪੁਆਰ ਦੀ ਕੀਤੀ ਦੇ ਅਹਿਸਾਨਮੰਦ ਤਾਂ ਹਨ ਪਰ ਉਨ੍ਹਾਂ ਦੀ ਵੀ ਤਾਂ ਆਪਣੀ ਕੋਈ ਰਾਇ ਹੈ, ਆਪਣੀ ਪਛਾਣ ਹੈ। ਪੁਆਰ ਨੇ ਨੌਕਰੀ ਦਿਵਾ ਕੇ ਉਨ੍ਹਾਂ ਨੂੰ ਉਮਰ ਭਰ ਦਾ ਗੁਲਾਮ ਤਾਂ ਨਹੀਂ ਬਣਾ ਲਿਆ! ਉਹ ਪੁਆਰ ਦੀ ਹਰ ਜਾਇਜ਼ ਗੱਲ ਪੂਰੇ ਆਦਰ ਨਾਲ ਮੰਨਣ ਲਈ ਤਿਆਰ ਸਨ ਪਰ ਜਿੱਥੇ ਉਨ੍ਹਾਂ ਨੂੰ ਲਗਦਾ ਕਿ ਪੁਆਰ ਦੀ ਜ਼ਿਦ ਗਲਤ ਹੈ ਤਾਂ ਉਹ 'ਅੰਧ-ਭਗਤ' ਹੋਣ ਦਾ ਮਿਹਣਾ ਕਿਵੇਂ ਜਰਦੇ!

ਪੁਆਰ ਖੁਦ ਤੇ ਉਹਦੇ ਵਿਦਿਆਰਥੀ ਵਿਚਾਰਧਾਰਕ ਤੌਰ 'ਤੇ ਸੀ.ਪੀ.ਐਮ. ਨਾਲ ਜੁੜੇ ਹੋਏ ਸਨ। ਪੁਆਰ ਦੀ ਤਾਂ ਪਾਰਟੀ ਦੇ ਪ੍ਰਮੁੱਖ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਨਾਲ ਗੂੜ੍ਹੀ ਨੇੜਤਾ ਵੀ ਸੀ ਪਰ ਯੂਨੀਵਰਸਿਟੀ ਵਿਚ ਆ ਕੇ ਪੁਆਰ ਜ਼ਾਹਿਰਾ ਤੌਰ 'ਤੇ ਕਿਸੇ ਪਾਰਟੀ ਆਗੂ ਵਾਂਗ ਤਾਂ ਵਿਚਰ ਨਹੀਂ ਸੀ ਸਕਦਾ। ਪ੍ਰਬੰਧਕੀ ਲੋੜਾਂ ਤੇ ਮਜਬੂਰੀਆਂ ਕਰ ਕੇ ਵੀ ਤੇ ਆਪਣੇ ਸੁਭਾਅ ਕਰ ਕੇ ਵੀ ਪੁਆਰ ਯੂਨੀਵਰਸਿਟੀ ਨੂੰ ਆਪਣੀ 'ਮਰਜ਼ੀ ਨਾਲ' ਚਲਾਉਣਾ ਚਾਹੁੰਦਾ ਸੀ। ਯੂਨੀਵਰਸਿਟੀ ਦੀ ਸਿਆਸਤ ਦੇ ਹਿਸਾਬ ਨਾਲ 'ਪਾਰਟੀ ਲਾਈਨ ਮੁਤਾਬਕ ਚੱਲਣ ਵਾਲੇ' ਕੁਝ ਵਿਦਿਆਰਥੀ ਜਿਨ੍ਹਾਂ ਨੂੰ ਪੁਆਰ ਨੇ ਖੁਦ ਯੂਨੀਵਰਸਿਟੀ ਵਿਚ ਲਿਆਂਦਾ ਸੀ, ਪੁਆਰ ਦੀ ਪੈੜ ਵਿਚ ਪੈਰ ਰੱਖਣ ਤੋਂ ਇਨਕਾਰੀ ਹੋ ਰਹੇ ਸਨ। ਜਦ ਕਦੀ ਪੁਆਰ ਜਲੰਧਰ ਆਉਂਦਾ ਤਾਂ ਅਸੀਂ ਕੁਝ ਸਾਂਝੇ ਦੋਸਤ (ਸੁਖਵਿੰਦਰ ਸੰਘਾ, ਵੇਦ ਅਗਨੀਹੋਤਰੀ ਤੇ ਮੈਂ) ਬੈਠਦੇ ਤਾਂ ਪੁਆਰ 'ਪਿੱਠ ਵਿਚ ਛੁਰਾ ਮਾਰਨ ਵਾਲੇ' ਚੇਲਿਆਂ ਦੀ ਬਦਖੋਈ ਕਰਦਾ। ਉਹਨੂੰ ਬਲਦੇਵ 'ਤੇ ਵੀ ਡਾਢਾ ਗਿਲਾ ਸੀ ਜਿਸ ਨੂੰ ਉਹ ਹੱਥੀਂ ਚੁੱਕ ਕੇ ਪਟਿਆਲੇ ਲੈ ਕੇ ਗਿਆ ਸੀ। ਲਾਇਲਪੁਰ ਖਾਲਸਾ ਕਾਲਜ ਵਿਚ ਸਹਿਕਰਮੀ ਰਹੇ ਹੋਣ ਕਰ ਕੇ ਬਲਦੇਵ ਤਾਂ ਮੇਰਾ ਮਿੱਤਰ ਪਿਆਰਾ ਸੀ ਹੀ ਪਰ ਸਾਂਝੇ ਦੋਸਤਾਂ ਦੀ ਕੜੀ ਵਿਚ ਜੁੜੇ ਹੋਣ ਕਰ ਕੇ ਉਹਦੇ ਦੂਜੇ ਵਿਦਿਆਰਥੀ ਵੀ ਮੇਰੇ ਚੰਗੇ ਜਾਣਕਾਰ ਸਨ। ਮੈਂ ਨਹੀਂ ਸਾਂ ਚਾਹੁੰਦਾ ਕਿ ਪੁਆਰ ਦੇ ਮਨ ਵਿਚ ਉਨ੍ਹਾਂ ਬਾਰੇ ਕੁੜੱਤਣ ਬਣੀ ਰਹੇ। ਇਸ ਲਈ ਮੈਂ ਅਕਸਰ ਉਹਨੂੰ ਦਿਲ ਵੱਡਾ ਕਰਨ ਤੇ ਮੁਆਫ ਕਰ ਦੇਣ ਦੀ ਗੱਲ ਕਰਦਾ ਤਾਂ ਉਹ ਮੇਰੇ 'ਤੇ ਵੀ ਖਫਾ ਹੋ ਜਾਂਦਾ।

ਇਕ ਦਿਨ ਉਹ ਮੇਰੀ ਇਸ 'ਨਸੀਹਤ' 'ਤੇ ਗੁੱਸੇ ਹੋ ਕੇ ਸੁਖਵਿੰਦਰ ਨੂੰ ਕਹਿੰਦਾ, "ਇਹਨੂੰ ਦੱਸ 'ਦ੍ਰਿਸ਼ਟੀ' ਵਾਲੇ 'ਵਿਦਵਾਨ' ਦੀ ਕਰਤੂਤ।"

ਸੁਖਵਿੰਦਰ ਨੇ ਜਿਹੜੀ ਗੱਲ ਸੁਣਾਈ, ਉਹ ਵਾਕਿਆ ਹੀ ਦਿਲ ਦੁਖਾਉਣ ਵਾਲੀ ਸੀ। ਮਹੀਨਾ ਕੁ ਪਹਿਲਾਂ ਪੁਆਰ ਦੀਆਂ ਅੱਖਾਂ ਨੂੰ ਕਿਸੇ ਗੰਭੀਰ ਬਿਮਾਰੀ ਦਾ ਖਤਰਾ ਬਣ ਗਿਆ ਤਾਂ ਉਹਨੂੰ ਇਲਾਜ ਲਈ ਅਚਨਚੇਤ ਦਿੱਲੀ ਜਾਣਾ ਪਿਆ ਸੀ। ਇੱਕ ਦਿਨ ਉਹਦੇ ਕਿਸੇ ਚੇਲੇ ਨੂੰ ਕਿਸੇ ਹੋਰ ਨੇ ਪੁੱਛਿਆ, "ਪੁਆਰ ਸਾਹਿਬ ਕੱਲ੍ਹ-ਪਰਸੋਂ ਤੋਂ ਯੂਨੀਵਰਸਿਟੀ ਨਹੀਂ ਆ ਰਹੇ?" ਤਾਂ ਉਹ ਅੱਗੋਂ ਹੱਸ ਕੇ ਕਹਿੰਦਾ, "ਉਨ੍ਹਾਂ ਦੀ 'ਦ੍ਰਿਸ਼ਟੀ' ਖਰਾਬ ਹੋ ਗਈ ਏ। ਠੀਕ ਕਰਾਉਣ ਗਏ ਨੇ।"

'ਖਰਾਬ ਦ੍ਰਿਸ਼ਟੀ' ਕਹਿ ਕੇ ਉਹ ਪੁਆਰ ਦੇ ਵਾਈਸ ਚਾਂਸਲਰ ਬਣ ਜਾਣ ਬਾਅਦ, ਉਹਦੇ ਮੁਤਾਬਕ, ਉਸ ਵਿਚ ਆਈ 'ਵਿਚਾਰਧਾਰਕ ਤਬਦੀਲੀ' ਨੂੰ ਵਿਅੰਗ ਦਾ ਨਿਸ਼ਾਨਾ ਬਣਾ ਰਿਹਾ ਸੀ। ਦਿਲਚਸਪ ਗੱਲ ਇਹ ਸੀ ਕਿ ਉਹਨੂੰ ਯੂਨੀਵਰਸਿਟੀ ਵਿਚ ਵੀ ਪੁਆਰ ਹੀ ਲੈ ਕੇ ਗਿਆ ਸੀ!

ਅਸਲ ਵਿਚ ਪੁਆਰ ਦਾ ਆਪਣੇ ਸ਼ਾਗਿਰਦਾਂ ਨਾਲ ਕੁਝ ਜ਼ਿਆਦਾ ਹੀ 'ਮੋਹ' ਸੀ। ਉਹਦਾ ਆਪਣੇ ਸ਼ਾਗਿਰਦਾਂ 'ਤੇ ਅਧਿਕਾਰ ਜਤਾਉਣਾ ਏਸੇ ਖਿੱਚੇ ਹੋਏ ਮੋਹ ਕਰ ਕੇ ਹੀ ਸੀ। ਉਹ ਉਨ੍ਹਾਂ ਨੂੰ ਆਪਣੇ ਖੰਭਾਂ ਹੇਠ ਲੁਕਾ ਕੇ ਸੁਰੱਖਿਅਤ ਰੱਖਣਾ ਚਾਹੁੰਦਾ ਸੀ ਤੇ ਆਪਣੀ ਨਿਗ਼ਰਾਨੀ ਥੱਲੇ ਹੀ ਖੇਡਦਿਆਂ ਤੇ ਉਡਦਿਆਂ ਦੇਖਣਾ ਚਾਹੁੰਦਾ ਸੀ ਪਰ ਚੇਲੇ ਸਮਝਦੇ ਸਨ ਕਿ ਉਹ ਹੁਣ ਉਡਾਰ ਹੋ ਗਏ ਨੇ। ਉਨ੍ਹਾਂ ਨੂੰ ਉਡਾਰੀ ਭਰਨ ਲਈ ਆਪਣਾ ਅਸਮਾਨ ਚਾਹੀਦਾ ਹੈ ਪਰ ਇਹ ਵੀ ਸੱਚ ਸੀ ਕਿ ਕੁਝ ਚੇਲੇ ਕੁਝ ਜ਼ਿਆਦਾ ਹੀ ਉਡਾਰ ਹੋ ਗਏ ਸਨ। ਪੰਜਾਬੀ ਦੇ ਮੁਹਾਵਰੇ ਮੁਤਾਬਕ ਉਨ੍ਹਾਂ ਦੇ ਕੁਝ ਜ਼ਿਆਦਾ ਹੀ 'ਪਰ ਨਿਕਲ ਆਏ' ਸਨ। ਏਥੇ ਪੁਆਰ ਦਾ ਗੁੱਸਾ ਵਾਜਬ ਵੀ ਲੱਗਦਾ ਸੀ ਪਰ ਕਈ ਵਾਰ ਉਹਦਾ ਗੁੱਸਾ ਕੁਝ ਜ਼ਿਆਦਾ ਹੀ ਖਿੱਚਿਆ ਜਾਂਦਾ। ਜਿਸ ਨਾਲ ਉਹ ਅੰਦਰੋਂ ਗੁੱਸੇ ਹੋ ਜਾਵੇ, ਉਹਦੇ ਨਾਲ ਖਹੁਰ ਨਹੀਂ ਸੀ ਗਵਾਉਂਦਾ।

**(ਚੱਲਦਾ)**

## 'ਖਾਲਿਸਤਾਨ ਦੀ ਸਾਜ਼ਿਸ਼' ਅਤੇ ਸਿੱਖ ਲੀਡਰਸ਼ਿਪ-2

# 80ਵਿਆਂ ਪਿੱਛੋਂ ਤੇਜ਼ੀ ਨਾਲ ਬਦਲੇ ਹਾਲਾਤ ਦੀ ਦਾਸਤਾਨ

***ਹਰਚਰਨ ਸਿੰਘ ਪਰਹਾਰ ਸਿੱਖ ਮਸਲਿਆਂ ਬਾਰੇ ਅਕਸਰ ਲਿਖਦੇ ਰਹਿੰਦੇ ਹਨ। ਇਸ ਵਾਰ ਉਨ੍ਹਾਂ ਖੁਫੀਆ ਅਫਸਰ ਰਹੇ ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪਿਰੇਸੀ' (ਖਾਲਿਸਤਾਨ ਦੀ ਸਜ਼ਿਸ਼) ਅਤੇ ਕੁਝ ਹੋਰ ਕਿਤਾਬਾਂ ਨੂੰ ਆਧਾਰ ਬਣਾ ਕੇ 20ਵੀਂ ਸਦੀ ਦੇ ਮਗਰਲੇ ਦਹਾਕਿਆਂ ਬਾਰੇ ਲੰਮਾ ਲੇਖ ਭੇਜਿਆ ਹੈ। ਇਸ ਲੇਖ ਵਿਚ ਇਨ੍ਹਾਂ ਕਿਤਾਬਾਂ ਅਤੇ ਦਸਤਾਵੇਜ਼ਾਂ ਦੀ ਇਮਦਾਦ ਨਾਲ ਉਸ ਦੌਰ ਦੀ ਹਕੀਕਤ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਇਹ ਉਹੀ ਦੌਰ ਸੀ ਜਿਸ ਨੇ ਪੰਜਾਬ ਦੀ ਸਿਆਸਤ ਉਤੇ ਬਹੁਤ ਡੂੰਘਾ ਅਸਰ ਛੱਡਿਆ ਹੈ। ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***


ਸਾਲ 1982 ਦੇ ਸ਼ੁਰੂ ਤੋਂ ਹੀ ਪੰਜਾਬ ਦੇ ਹਾਲਾਤ ਤੇਜੀ ਨਾਲ ਬਦਲਣ ਲੱਗੇ ਸਨ। 17 ਮਾਰਚ, 1982 ਨੂੰ ਦਲ ਖਾਲਸਾ ਨੇ ਚੰਡੀਗੜ੍ਹ ਵਿਚ ਪੂਰੇ ਧੂਮ-ਧੜੱਕੇ ਨਾਲ ਪ੍ਰੈਸ ਕਾਨਫਰੰਸ ਕੀਤੀ ਜਿਸ ਵਿਚ ਪਹਿਲਾਂ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਤੇ ਫਿਰ 4 ਅਪਰੈਲ, 1982 ਨੂੰ ਦਲ ਖਾਲਸਾ ਦੇ ਇੱਕ ਹੋਰ ਪੰਚ ਮਨਮੋਹਨ ਸਿੰਘ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਧਮਕੀ ਦਿੱਤੀ ਕਿ ਜੇ 13 ਅਪਰੈਲ, 1982 ਤੱਕ ਸ਼ਹਿਰ ਵਿਚੋਂ ਤੰਬਾਕੂ, ਸ਼ਰਾਬ ਤੇ ਮੀਟ ਦੀਆਂ ਦੁਕਾਨਾਂ ਨਾ ਹਟਾਈਆਂ ਤਾਂ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸੇ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਨੇ ਆਪਣੇ ਹਥਿਆਰਬੰਦ ਪੈਰੋਕਾਰਾਂ ਨਾਲ ਦਿੱਲੀ ਦੀ ਯਾਤਰਾ ਕੀਤੀ ਜੋ ਉਸ ਸਮੇਂ ਵੀ ਚਰਚਾ ਦਾ ਵਿਸ਼ਾ ਸੀ ਤੇ ਹੁਣ ਤੱਕ ਚਰਚਾ ਦਾ ਵਿਸ਼ਾ ਬਣੀ ਹੋਈ ਹੈ।



ਹਰਚਰਨ ਸਿੰਘ ਪਰਹਾਰ
**ਫੋਨ: 403-681-8689**
**ਈਮੇਲ:** hp8689@gmail.com

ਇਸ ਸਬੰਧੀ ਗੁਰਦੇਵ ਸਿੰਘ ਗਰੇਵਾਲ ਆਪਣੀ ਕਿਤਾਬ 'ਦਿ ਸਰਚਿੰਗ ਆਈ: ਐਨ ਇਨਸਾਈਡਰ ਲੁੱਕਸ ਐਟ ਪੰਜਾਬ ਕਰਾਈਸਿਸ' ਦੇ ਪੰਨਾ 183 'ਤੇ ਲਿਖਦੇ ਹਨ: '1982 ਦੇ ਸ਼ਰੂਆਤੀ ਦਿਨਾਂ ਤੋਂ ਗਰਮ ਖਿਆਲ ਸਿੱਖਾਂ ਦੇ ਮਨਸੂਬਿਆਂ ਬਾਰੇ ਸਰਕਾਰ ਤੇ ਸਿਵਲ ਪ੍ਰਸ਼ਾਸਨ ਵਿਚ ਚਿੰਤਾ ਸ਼ੁਰੂ ਹੋ ਗਈ ਸੀ। ਮੈਂ 8 ਅਪਰੈਲ, 1982 ਨੂੰ ਹੋਮ ਸੈਕਟਰੀ ਬੀ.ਕੇ. ਚਤੁਰਵੇਦੀ ਨਾਲ ਇਸ ਸਬੰਧੀ ਗੱਲ ਕੀਤੀ, ਉਨ੍ਹਾਂ ਵਿਚਾਰ ਕਰਨ ਲਈ ਗ੍ਰਹਿ ਮੰਤਰਾਲੇ ਦੇ ਦਫਤਰ ਵਿਚ ਹਾਈ ਲੈਵਲ ਮੀਟਿੰਗ ਬੁਲਾਈ। ਗ੍ਰਹਿ ਮੰਤਰੀ ਜ਼ੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਪੀ.ਸੀ. ਸੇਠੀ, ਬੀ.ਕੇ. ਚਤੁਰਵੇਦੀ, ਦਿੱਲੀ ਦਾ ਗਵਰਨਰ, ਦਿੱਲੀ ਦਾ ਪੁਲਿਸ ਕਮਿਸ਼ਨਰ, ਪ੍ਰਧਾਨ ਮੰਤਰੀ ਦਾ ਸੁਰੱਖਿਆ ਸਲਾਹਕਾਰ, ਬੀ.ਐਸ.ਐਫ. ਤੇ ਸੀ.ਆਰ.ਪੀ.ਐਫ. ਦੇ ਡੀ.ਆਈ.ਜੀ. ਆਦਿ ਸ਼ਾਮਿਲ ਹੋਏ। ਸਭ ਨੇ ਸੰਤ ਨੂੰ ਉਸ ਦੇ ਹਥਿਆਰਬੰਦ ਸਾਥੀਆਂ ਸਮੇਤ ਦਿੱਲੀ ਵਿਚ ਹੀ ਗ੍ਰਿਫਤਾਰ ਕਰਨ ਦੀ ਵਕਾਲਤ ਕੀਤੀ। ਮੀਟਿੰਗ ਦੇ ਅਖੀਰ 'ਤੇ ਗਿਆਨੀ ਜ਼ੈਲ ਸਿੰਘ ਨੇ ਆਪਣੇ ਉਰਦੂ ਅਤੇ ਪੰਜਾਬੀ ਮਿਸ਼ਰਨ ਵਾਲੀ ਭਾਸ਼ਾ ਵਿਚ ਬੜੇ ਨਾਟਕੀ ਅੰਦਾਜ ਵਿਚ ਕਿਹਾ: 'ਮੈਂ ਤੁਹਾਡੇ ਸਭ ਦੀਆਂ ਦੇਸ਼ ਦੀ ਸੁਰੱਖਿਆ ਤੇ ਪੰਜਾਬ ਵਿਚ ਵਧ ਰਹੀ ਹਿੰਸਾ ਪ੍ਰਤੀ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ ਤੇ ਸਾਨੂੰ ਬਦੀ ਦੀ ਜੜ੍ਹ ਨੂੰ ਸ਼ੁਰੂ ਵਿਚ ਹੀ ਨੱਪ ਦੇਣਾ ਚਾਹੀਦਾ ਹੈ ਪਰ ਸੰਤ ਆਪਣੇ ਹਥਿਆਰਬੰਦ ਸਾਥੀਆਂ ਨਾਲ ਬੜੇ ਲੜਾਕੂ ਰੌਅ ਵਿਚ ਹੈ, ਉਸ ਨੂੰ ਦੇਸ਼ ਦੀ ਰਾਜਧਾਨੀ ਵਿਚ ਸੜਕਾਂ 'ਤੇ ਗ੍ਰਿਫਤਾਰ ਕਰਨ ਨਾਲ ਖੂਨ-ਖਰਾਬਾ ਹੋ ਸਕਦਾ ਹੈ, ਜਿਸ ਦੇ ਛਿੱਟੇ ਨਾ ਸਿਰਫ ਦਿੱਲੀ ਦੀਆਂ ਗਲੀਆਂ ਵਿਚ ਪੈਣਗੇ ਸਗੋਂ ਮੈਡਮ ਗਾਂਧੀ ਦੇ ਪਾਕ ਦਾਮਨ ਨੂੰ ਵੀ ਦਾਗਦਾਰ ਕਰਨਗੇ। ਸਾਨੂੰ ਇਸ ਬਾਰੇ ਕੁਝ ਹੋਰ ਸੋਚਣਾ ਚਾਹੀਦਾ ਹੈ। 'ਪਿਆਰੇ ਮਿੱਤਰੋ', ਸਾਨੂੰ ਅਜਿਹਾ ਹੋਣ ਦੇਣ ਤੋਂ ਗੁਰੇਜ ਕਰਨਾ ਚਾਹੀਦਾ ਹੈ।' ਦਿੱਲੀ ਦੇ ਦਫਤਰਾਂ ਵਿਚ ਬੈਠੇ ਉਨ੍ਹਾਂ 'ਬਾਬੂਆਂ' ਨੂੰ ਕੀ ਪਤਾ ਸੀ ਕਿ ਗਿਆਨੀ ਜੀ, ਆਪਣੇ ਸ਼ਰੀਕ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਆਉਣ ਵਾਲੇ ਦਿਨਾਂ ਵਿਚ ਮਘਦੇ ਅੰਗਿਆਰਾਂ 'ਤੇ ਤੜਫਦਾ ਦੇਖਣ ਲਈ ਆਪਣੀ 'ਵਿਸਾਤ' ਵਿਛਾ ਰਹੇ ਸਨ!

ਦਲ ਖਾਲਸਾ ਨੇ ਆਪਣੀ ਧਮਕੀ ਨੂੰ ਅਮਲੀ ਰੂਪ ਦਿੰਦਿਆਂ 25-26 ਅਪਰੈਲ ਦੀ ਰਾਤ ਨੂੰ ਅੰਮ੍ਰਿਤਸਰ ਵਿਚ ਕਾਲੀ ਮਾਤਾ ਦੇ ਮੰਦਰਾਂ ਵਿਚ ਗਾਵਾਂ ਦੇ ਸਿਰ ਵੱਢ ਕੇ ਟੰਗ ਦਿੱਤੇ ਜਿਸ ਦੀ ਜ਼ਿੰਮੇਵਾਰੀ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਨੇ ਲਈ (ਜੋ ਅੱਜ ਕੱਲ੍ਹ ਇੰਗਲੈਂਡ ਵਿਚ ਰਹਿੰਦਾ ਹੈ ਤੇ ਪਿਛਲੇ ਕੁਝ ਸਾਲਾਂ ਤੋਂ ਮੋਦੀ ਕਿਆਂ ਦੀ ਕਿਰਪਾ ਨਾਲ ਵਤਨ ਯਾਤਰਾ ਵੀ ਕਰ ਆਇਆ ਹੈ)। ਅੰਮ੍ਰਿਤਸਰ ਵਿਚ ਇੱਕਦਮ ਤਣਾਅ ਵਧ ਗਿਆ। ਇਸ ਘਟਨਾ ਨਾਲ ਹਿੰਦੂ ਭਾਈਚਾਰਾ ਪੂਰੀ ਤਰ੍ਹਾਂ ਭੜਕ ਉਠਿਆ। ਫਿਰ ਗਿਆਨੀ ਜ਼ੈਲ ਸਿੰਘ ਸਿੰਘ ਤੁਰੰਤ ਸਥਿਤੀ ਦਾ ਜਾਇਜ਼ਾ ਲੈਣ ਲਈ ਅੰਮ੍ਰਿਤਸਰ ਪਹੁੰਚੇ। ਇਸ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਦਿੱਲੀ ਪਹੁੰਚ ਕੇ ਅਖੀਰ ਉਸ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਦਲ ਖਾਲਸਾ 'ਤੇ ਪਾਬੰਦੀ ਲਗਾਉਣੀ ਪਈ ਪਰ ਤੀਰ ਉਦੋਂ ਤੱਕ ਕਮਾਨ ਵਿਚੋਂ ਨਿਕਲ ਚੁੱਕਾ ਸੀ। ਅਗਲੇ ਦਿਨੀਂ ਵਾਪਰੇ ਪੱਟੀ ਕਾਂਡ ਵਿਚ ਕੁਲਵੰਤ ਸਿੰਘ ਨਾਗੋਕੇ, ਸੁਖਦੇਵ ਸਿੰਘ ਬੱਬਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੱਟੀ (ਅੰਮ੍ਰਿਤਸਰ) ਦੇ ਬਾਜ਼ਾਰ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਚਾਰ ਗਰੀਬ ਹਿੰਦੂਆਂ ਦੀ ਹੱਤਿਆ ਕਰ ਦਿੱਤੀ। ਇਹ ਉਹ ਸਮਾਂ ਸੀ ਜਦੋਂ ਪੁਲਿਸ ਪ੍ਰਸ਼ਾਸਨ, ਪੰਜਾਬ ਸਰਕਾਰ ਅਤੇ ਆਮ ਲੋਕ ਪੰਜਾਬ ਵਿਚ ਵਧ ਰਹੀ ਹਿੰਸਾ ਤੋਂ ਚਿੰਤਤ ਹੋ ਰਹੇ ਸਨ। ਗਰੇਵਾਲ ਅਨੁਸਾਰ ਇਸੇ ਸਮੇਂ ਦੌਰਾਨ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਤੇਜਿੰਦਰ ਖੰਨਾ ਨੇ ਕਿਹਾ ਕਿ ਸੰਤ ਨੂੰ ਐਨ.ਐਸ.ਏ. ਲਗਾ ਕੇ ਅੰਦਰ ਕੀਤਾ ਜਾਵੇ (ਸੰਤ ਆਪਣੇ ਹਥਿਆਰਬੰਦ ਸਾਥੀਆਂ ਨਾਲ ਉਸ ਸਮੇਂ ਅਜੇ ਦਿੱਲੀ ਵਿਚ ਹੀ ਸੀ)। ਉਹ ਪੰਜਾਬ ਸਰਕਾਰ ਦੀ ਹਦਾਇਤ 'ਤੇ ਇੱਕ ਪ੍ਰੋਸਤਾਵ ਬਣਾ ਕੇ 6 ਮਈ, 1982 ਨੂੰ ਕਾਨੂੰਨ ਮੰਤਰਾਲੇ ਕੋਲ ਗਿਆ। ਜੁਆਇੰਟ ਸੈਕਟਰੀ ਪੀ. ਕੇ. ਕਾਰਥਾ ਨੇ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਸੰਤ ਨੂੰ ਗ੍ਰਿਫਤਾਰ ਕਰਨ ਲਈ ਹਾਂ ਕਰ ਦਿੱਤੀ। ਖੰਨੇ ਨੂੰ ਇਸ ਗੱਲ 'ਤੇ ਬੜੀ ਤਸੱਲੀ ਹੋਈ ਪਰ ਇਹ ਬਹੁਤਾ ਚਿਰ ਰਹਿਣ ਵਾਲੀ ਨਹੀਂ ਸੀ। ਅਚਾਨਕ ਹੀ ਸੰਤ ਭਿੰਡਰਾਂਵਾਲੇ ਮੁੰਬਈ ਵਿਚ ਸੰਗਤਾਂ ਨੂੰ ਆਪਣੇ ਪ੍ਰਵਚਨ ਸੁਣਾ ਰਹੇ ਸਨ। ਤੇਜਿੰਦਰ ਖੰਨਾ ਤੇ ਉਸ ਦੇ ਬੌਸ ਦਰਬਾਰਾ ਸਿੰਘ ਨੂੰ ਰਾਹਤ ਪਹੁੰਚਾਉਣ ਲਈ ਪਹਿਲੀ ਅਤੇ ਆਖਰੀ ਕੋਸ਼ਿਸ਼ ਵਜੋਂ ਹੋਮ ਸੈਕਟਰੀ ਬੀ.ਕੇ. ਚਤੁਰਵੇਦੀ ਨੇ 'ਗਿਆਨੀ ਜੀ ਤੋਂ ਚੋਰੀ-ਚੋਰੀ' ਮਹਾਰਾਸ਼ਟਰ ਦੇ ਚੀਫ ਸੈਕਟਰੀ ਤੇ ਮੁੰਬਈ ਦੇ ਪੁਲਿਸ ਕਮਿਸ਼ਨਰ ਜੂਲੀਓ ਐਫ. ਰਿਬੇਰੋ ਨੂੰ ਦਿੱਲੀ ਬੁਲਾ ਲਿਆ ਤਾਂ ਕਿ ਸੰਤ ਨੂੰ ਹੁਣ ਮੁੰਬਈ ਦੌਰੇ ਦੌਰਾਨ ਗ੍ਰਿਫਤਾਰ ਕੀਤਾ ਜਾ ਸਕੇ। ਉਹ ਸੰਤ ਨੂੰ ਬੰਬਈ ਦੇ ਦਾਦਰ ਗੁਰਦੁਆਰੇ ਤੋਂ ਗ੍ਰਿਫਤਾਰ ਕਰਨਾ ਚਾਹੁੰਦੇ ਸਨ ਪਰ ਗੁਰਦੁਆਰੇ ਵਿਚ ਕਿਸੇ ਤਰ੍ਹਾਂ ਦੇ ਖੂਨ-ਖਰਾਬੇ ਦੇ ਡਰੋਂ, ਫਿਰ ਸੰਤ ਨੂੰ ਮੁੰਬਈ ਤੋਂ ਵਾਪਸੀ ਮੌਕੇ ਨਾਸਿਕ ਦੇ ਰਸਤੇ ਵਿਚੋਂ ਗ੍ਰਿਫਤਾਰ ਕਰਨ ਦਾ ਪਲਾਨ ਬਣਿਆ, ਕਿਉਂਕਿ ਉਨ੍ਹਾਂ ਕੋਲ ਜਾਣਕਾਰੀ ਸੀ ਕਿ ਸੰਤ 10 ਮਈ ਨੂੰ ਨਾਸਿਕ ਦੇ ਰਸਤੇ ਵਾਪਸ ਜਾ ਰਿਹਾ ਹੈ। ਗਰੇਵਾਲ ਕਹਿੰਦਾ ਕਿ ਮੇਰੇ ਤਾਂ ਦੰਦ ਜੁੜੇ ਰਹਿ ਗਏ, ਮੇਰਾ ਸਾਹ ਰੁਕ ਗਿਆ, ਸਾਡੀ ਸਾਰੀ ਕੀਤੀ 'ਤੇ ਪਾਣੀ ਫਿਰ ਗਿਆ ਸੀ, ਜਦੋਂ ਮੈਂ ਸੁਣਿਆ ਕਿ ਸੰਤ ਤਾਂ 9 ਮਈ ਨੂੰ ਆਪਣੇ ਹੈਡਕੁਆਰਟਰ ਮਹਿਤੇ ਪਹੁੰਚ ਚੁੱਕਾ ਸੀ। ਬਾਅਦ ਵਿਚ ਪਤਾ ਲੱਗਾ ਕਿ ਗ੍ਰਹਿ ਮੰਤਰਾਲੇ ਦੇ ਕਿਸੇ ਨੇੜਲੇ ਗੁਪਤ ਸੂਤਰ ਨੇ ਉਸ 'ਗੁਸੈਲ ਫਰਿਸ਼ਤੇ' ਨੂੰ ਸੰਭਾਵੀ ਗ੍ਰਿਫਤਾਰੀ ਦੀ ਅਗਾਊਂ ਜਾਣਕਾਰੀ ਦੇ ਦਿੱਤੀ ਸੀ ਤਾਂ ਕਿ ਉਹ ਸੁਰੱਖਿਅਤ ਪੰਜਾਬ ਪਹੁੰਚ ਸਕੇ।


*ਖੱਬਿਓਂ: ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ ਅਤੇ ਸੰਤ ਜਰਨੈਲ ਸਿੰਘ।*

ਜੂਲੀਓ ਰਿਬੇਰੋ ਦੀ ਕਿਤਾਬ 'ਬੁਲਿਟ ਫਾਰ ਬੁਲਿਟ' ਅਨੁਸਾਰ, ਇਸ ਤੋਂ ਪਹਿਲਾਂ ਕਿ ਅਸੀਂ ਸੰਤ ਨੂੰ ਗ੍ਰਿਫਤਾਰ ਕਰਦੇ, 'ਉਪਰੋਂ' ਕਿਸੇ ਨੇ ਪਹਿਲਾਂ ਹੀ ਜਾਣਕਾਰੀ ਸੰਤ ਤੱਕ ਪਹੁੰਚਾ ਕੇ ਇੱਕ ਵਾਰ ਫਿਰ ਉਸ ਨੂੰ ਸੁਰੱਖਿਅਤ ਪੰਜਾਬ ਤੱਕ ਪਹੁੰਚਾ ਦਿੱਤਾ ਸੀ। ਖੁਫੀਆ ਏਜੰਸੀ ਆਈ.ਬੀ. ਦੇ ਜੁਆਇੰਟ ਡਾਇਰੈਕਟਰ ਐਮ.ਕੇ. ਧਰ ਆਪਣੀ ਕਿਤਾਬ 'ਖੁੱਲ੍ਹੇ ਭੇਤ' ਵਿਚ ਪੰਨਾ 292 'ਤੇ ਆਪਣੀ ਦਿੱਲੀ ਵਿਚ ਤਾਇਨਾਤੀ ਦੌਰਾਨ ਗਿਆਨੀ ਜ਼ੈਲ ਸਿੰਘ ਦੇ ਸੰਤ ਨਾਲ ਸਹਿਚਾਰ ਦਾ ਜ਼ਿਕਰ ਕਰਦੇ ਹੋਏ, ਸੰਤ ਦੇ ਇਸੇ ਦੌਰੇ ਬਾਰੇ ਲਿਖਦੇ ਹਨ: 'ਬੇਸ਼ਕ ਮੈਨੂੰ ਉਸ ਦੀ (ਜ਼ੈਲ ਸਿੰਘ) ਪੇਂਡੂ ਸਾਦਗੀ ਨੇ ਮੋਹ ਲਿਆ ਸੀ ਪਰ ਮੈਂ ਪੂਰੀ ਤਰ੍ਹਾਂ ਸੁਚੇਤ ਸੀ ਕਿ ਉਹਦੀ ਖਲੜੀ ਹੇਠ 'ਸ਼ੈਤਾਨ ਸਿਆਸੀ ਪੈਂਤੜੇਬਾਜ਼' ਲੁਕਿਆ ਹੋਇਆ ਸੀ। ਉਸ ਦੇ ਚਰਿੱਤਰ ਦਾ ਹਨੇਰਾ ਪੱਖ ਉਸ ਰਾਤ ਸਾਡੇ ਸੂਤਰਾਂ ਨੇ ਕੈਮਰੇ ਵਿਚ ਕੈਦ ਕਰ ਲਿਆ ਸੀ, ਜਦੋਂ ਉਹ ਬੰਗਲਾ ਸਾਹਿਬ ਗੁਰਦੁਆਰੇ ਦੇ ਇੱਕ ਕਮਰੇ ਵਿਚ ਚੋਰੀਓਂ ਸੰਤ ਜਰਨੈਲ ਸਿੰਘ ਨਾਲ ਇੱਕ ਘੰਟਾ ਮੀਟਿੰਗ ਕਰਦਾ ਰਿਹਾ ਸੀ। ਦਿੱਲੀ ਵਿਚ ਕਿਸੇ ਦੇ ਚਿਤ-ਚੇਤੇ ਵੀ ਨਹੀ ਸੀ ਕਿ ਦੇਸ਼ ਦਾ ਗ੍ਰਹਿ ਮੰਤਰੀ ਕਿਸੇ ਛੋਟੀ ਜਿਹੀ ਧਾਰਮਿਕ ਸੰਸਥਾ ਦੇ ਪ੍ਰਚਾਰਕ ਅੱਗੇ ਮੱਥਾ ਟੇਕ ਕੇ ਮੁਲਕ ਦੀ ਸੁਰੱਖਿਆ ਨਾਲ ਸਮਝੌਤਾ ਕਰੇਗਾ।'

ਸਿੱਖ ਵਿਦਵਾਨ ਅਜਮੇਰ ਸਿੰਘ ਦੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਇੱਕ ਗੁਲਾਮੀ ਤੋਂ ਦੂਜੀ ਗੁਲਾਮੀ' ਦੇ ਪੰਨਾ 359 ਅਨੁਸਾਰ: 'ਸੰਤ ਨੂੰ ਵੇਲੇ ਸਿਰ ਸੂਚਨਾ ਮਿਲ ਜਾਣ ਕਰਕੇ ਪੰਜਾਬ ਸਰਕਾਰ ਦੀ ਉਸ ਨੂੰ ਪੰਜਾਬ ਤੋਂ ਬਾਹਰ ਗ੍ਰਿਫਤਾਰ ਕਰਨ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ। ਸੰਤ ਜੀ ਗੁਪਤ ਤਰੀਕਿਆਂ ਰਾਹੀਂ ਸੁਰੱਖਿਅਤ ਗੁਰੂ ਨਾਨਕ ਨਿਵਾਸ, ਦਰਬਾਰ ਸਾਹਿਬ (ਚੌਕ ਮਹਿਤਾ ਨਹੀਂ?) ਵਿਖੇ ਪਹੁੰਚ ਚੁੱਕੇ ਸਨ।'

ਪੰਜਾਬ ਪਹੁੰਚਣ ਤੋਂ ਬਾਅਦ ਸੰਤ ਦੀ ਪੂਰੀ ਚੜ੍ਹਤ ਹੋ ਚੁੱਕੀ ਸੀ। ਇਸ ਤੋਂ ਬਾਅਦ ਹਿੰਸਾ ਦੇ ਉਸ ਦੌਰ ਦੀ ਸ਼ੁਰੂਆਤ ਹੋ ਗਈ ਜਿਸ ਲਈ ਪਿਛਲੇ ਕੁਝ ਸਾਲਾਂ ਤੋਂ ਤਿਆਰੀ ਹੋ ਰਹੀ ਸੀ। ਇਥੇ ਗੁਰਦੇਵ ਸਿੰਘ ਗਰੇਵਾਲ਼ ਦੀ ਇਸੇ ਕਿਤਾਬ ਦੇ ਪੰਨਾ 197 'ਤੇ ਦਰਜ ਇੱਕ ਕਿੱਸਾ ਸਾਂਝਾ ਕਰਦੇ ਹਾਂ ਜਿਸ ਵਿਚ ਉਹ ਦੱਸਦੇ ਹਨ ਕਿ ਜਦੋਂ ਉਹ ਪਟਨੇ (ਬਿਹਾਰ) ਤਾਇਨਾਤ ਸੀ ਤਾਂ 1987 ਵਿਚ ਇੱਕ ਦਿਨ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਸੈਕਟਰੀ ਮਨਮੋਹਨ ਸਿੰਘ (ਜੋ ਮੇਰਾ ਵਿਦਿਆਰਥੀ ਵੀ ਸੀ ਤੇ ਕਿਸੇ ਮੀਟਿੰਗ ਲਈ ਉਥੇ ਆਇਆ ਸੀ) ਮਿਲਣ ਘਰ ਆਇਆ ਤਾਂ 1984 ਤੋਂ ਪਹਿਲੇ ਦੌਰ ਦੀ ਚੱਲ ਰਹੀ ਗੱਲਬਾਤ ਦੌਰਾਨ ਅਚਾਨਕ ਉਸ ਨੇ ਦੱਸਿਆ: 'ਅਪਰੈਲ, 1982 ਵਿਚ ਅੰਮ੍ਰਿਤਸਰ ਦੇ ਕਾਲੀ ਮਾਤਾ ਦੇ ਮੰਦਰ ਵਿਚ 'ਗਾਵਾਂ ਦੇ ਸਿਰ' ਵੱਢ ਕੇ ਸੁੱਟਣ ਵਾਲਾ 'ਕੌਤਕ' ਤਾਂ ਅਸੀਂ ਖੁਦ ਕਰਾਇਆ ਸੀ। ਮੈਂ ਉਸ ਦੀ ਇਹ ਗੱਲ ਸੁਣ ਕੇ ਤ੍ਰਭਕ ਕੇ ਉਸ ਵੱਲ ਦੇਖਣ ਲੱਗਾ ਤੇ ਕਿੰਨਾ ਚਿਰ ਕੁਝ ਬੋਲਿਆ ਨਾ, ਉਸ ਨੂੰ ਮੇਰੇ ਭਾਵਾਂ ਦਾ ਪਤਾ ਲੱਗਾ ਜਾਂ ਨਾ, ਪਰ ਉਹ ਆਪਣੀ ਘੜੀ ਦੇਖਣ ਲੱਗਾ ਤੇ ਕਹਿਣ ਲੱਗਾ ਕਿ ਮੈਂ ਕਿਤੇ ਜਾਣਾ ਹੈ, ਫਿਰ ਉਸ ਤੋਂ ਬਾਅਦ ਉਹ ਕੁਝ ਸਮਾਂ ਕੁਝ ਨਾ ਬੋਲਿਆ ਤੇ ਇਹ ਕਹਿੰਦਿਆਂ ਤੁਰ ਗਿਆ ਕਿ ਉਸ ਦੀ ਤਾਂ ਮੀਟਿੰਗ ਦਾ ਸਮਾਂ ਹੋ ਗਿਆ ਹੈ।'


ਪੰਜਾਬ ਦੀ ਇਸ ਤ੍ਰਾਸਦਿਕ ਹੋਣੀ ਦਾ ਅਗਲਾ ਪੜਾਅ ਦਸੰਬਰ, 1982 ਦੀਆਂ ਏਸ਼ੀਆਈ ਖੇਡਾਂ ਮੌਕੇ ਉਸ ਵਕਤ ਆਇਆ, ਜਦੋਂ ਗਿਆਨੀ ਜੀ ਦੇ 'ਗੁਰਭਾਈ' ਤੇ ਇਸ ਸਾਰੇ ਕਥਾਨਕ ਦੇ ਇੱਕ ਹੋਰ 'ਮਹਾਂ ਖਲਨਾਇਕ', ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੇ ਦਿੱਲੀ ਜਾ ਰਹੇ ਸਿੱਖਾਂ ਨੂੰ ਖਾਹ-ਮਖਾਹ ਬੇਇੱਜ਼ਤ ਕਰਕੇ ਸੰਤ ਭਿੰਡਰਾਂਵਾਲੇ ਨੂੰ ਨਵੇਂ ਭੜਕਾਊ ਪ੍ਰਵਚਨਾਂ ਲਈ ਮਸਾਲਾ ਦੇ ਦਿੱਤਾ। ਹੁਣ ਜਨਵਰੀ, 1983 ਚੜ੍ਹਦਿਆਂ ਹੀ ਅਕਾਲੀ ਦਲ ਨੇ ਪਾਰਲੀਮੈਂਟ ਮੈਂਬਰਾਂ ਨੂੰ ਅਸਤੀਫੇ ਦੇਣ ਦਾ ਸੱਦਾ ਦੇ ਦਿੱਤਾ। ਉਸ ਸਮੇਂ ਦੇ ਹਾਲਾਤ ਦੀ ਪੁਖਤਾ ਗਵਾਹੀ ਸੰਤਾਂ ਦਾ ਨਜ਼ਦੀਕੀ ਰਿਹਾ ਪੱਤਰਕਾਰ ਜਗਤਾਰ ਸਿੰਘ ਆਪਣੀ ਕਿਤਾਬ 'ਖਾਲਿਸਤਾਨ ਸਟਰਗਲ' ਦੇ ਪੰਨਾ 109 'ਤੇ ਚੈਪਟਰ 'ਕਾਲ ਫਾਰ ਆਰਮਡ ਸਟਰਗਲ' ਵਿਚ ਇਵੇਂ ਦੇ ਰਿਹਾ ਹੈ: 'ਜਿਥੇ ਅਕਾਲੀ ਪੰਜਾਬ ਵਿਚ ਸ਼ਾਂਤੀ ਬਣਾਈ ਰੱਖਣ ਅਤੇ ਜਮਹੂਰੀ ਢੰਗ ਨਾਲ ਮੰਗਾਂ ਦੀ ਪ੍ਰਾਪਤੀ ਲਈ 'ਧਰਮ ਯੁੱਧ ਮੋਰਚਾ' ਜਾਰੀ ਰੱਖਣ ਲਈ ਦ੍ਰਿੜ ਸਨ; ਉਥੇ ਸੰਤ, ਨੌਜਵਾਨਾਂ ਨੂੰ ਹਥਿਆਰ ਅਤੇ ਮੋਟਰ ਸਾਈਕਲ ਰੱਖਣ ਦੀ ਕਾਲ ਦੇ ਰਿਹਾ ਸੀ ਕਿ ਹੁਣ ਵੱਡੀ ਲੜਾਈ ਲਈ ਤਿਆਰ ਹੋਣ ਦੀ ਲੋੜ ਹੈ। ਉਸ ਵਕਤ ਪੰਜਾਬ (ਦਰਬਾਰ ਸਾਹਿਬ) ਵਿਚ ਧੜਾ-ਧੜ ਹਥਿਆਰ ਆਉਣੇ ਸ਼ੁਰੂ ਹੋ ਗਏ ਸਨ ਪਰ ਸੈਂਟਰ ਸਰਕਾਰ ਕੋਈ ਐਕਸ਼ਨ ਲੈਣ ਲਈ ਤਿਆਰ ਨਹੀਂ ਸੀ।' ਇਥੇ ਸਵਾਲ ਖੜ੍ਹਾ ਹੁੰਦਾ ਹੈ ਕਿ ਸ਼ਾਂਤਮਈ ਚੱਲ ਰਹੇ ਸੰਘਰਸ਼ ਵਿਚ ਉਸ ਸਮੇਂ ਅਜਿਹੀ ਕਿਹੜੀ ਵੱਡੀ ਲੋੜ ਬਣ ਗਈ ਸੀ ਕਿ ਹਥਿਆਰਾਂ ਤੋਂ ਬਿਨਾ ਸੰਘਰਸ਼ ਲੜਿਆ ਨਹੀਂ ਜਾ ਸਕਦਾ ਸੀ? ਕੀ ਮੋਰਚੇ ਦੇ ਸੰਚਾਲਕਾਂ ਨੇ ਹੱਥ ਖੜ੍ਹੇ ਕਰ ਦਿੱਤੇ ਸਨ ਕਿ ਅਸੀਂ ਸ਼ਾਂਤਮਈ ਸੰਘਰਸ਼ ਜਿੱਤ ਨਹੀਂ ਸਕਦੇ ਤੇ ਅਗਲਾ ਸੰਘਰਸ਼ ਹਥਿਆਰਾਂ ਤੋਂ ਬਿਨਾ ਲੜਿਆ ਨਹੀਂ ਜਾਣਾ? ਕੀ ਲੀਡਰਸ਼ਿਪ ਨੂੰ ਇਹ ਸੋਚਣਾ ਨਹੀਂ ਬਣਦਾ ਸੀ ਕਿ ਇਹ ਹਥਿਆਰ ਕਿੱਥੋਂ ਆ ਰਹੇ ਹਨ ਤੇ ਦਰਬਾਰ ਸਾਹਿਬ ਅੰਦਰ ਹੀ ਕਿਉਂ ਆ ਰਹੇ ਹਨ? ਕੀ ਇਹ ਸਭ ਸਰਕਾਰ, ਪੁਲਿਸ ਪ੍ਰਸ਼ਾਸਨ, ਸ਼੍ਰੋਮਣੀ ਕਮੇਟੀ ਤੇ ਅਕਾਲੀ ਲੀਡਰਸ਼ਿਪ ਦੀ ਸਹਿਮਤੀ ਤੋਂ ਬਿਨਾ ਸੰਭਵ ਹੋ ਸਕਦਾ ਸੀ?

ਇਥੇ ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ 'ਦਿ ਸਰਚਿੰਗ ਆਈ: ਐਨ ਇਨਸਾਈਡਰ ਲੁੱਕਸ ਐਟ ਪੰਜਾਬ ਕਰਾਈਸਿਸ' ਦੇ ਚੈਪਟਰ 'ਖਾਲਿਸਤਾਨ' ਦੇ ਪੰਨਾ 157-58 ਦਾ ਇੱਕ ਇੰਕਸ਼ਾਫ ਸਾਂਝਾ ਕਰਨਾ ਵੀ ਜ਼ਰੂਰੀ ਹੈ, ਜਿਸ ਅਨੁਸਾਰ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਆਪਣੇ ਧੜੇ ਵਲੋਂ 13 ਅਪਰੈਲ, 1982 ਨੂੰ ਸਿੱਖ ਕਨਵੈਨਸ਼ਨ ਕਰਨ ਦਾ ਐਲਾਨ ਕੀਤਾ। ਉਸ ਦੇ ਬੁਲਾਰੇ ਰਣਧੀਰ ਸਿੰਘ ਚੀਮਾ ਨੇ 10 ਅਪਰੈਲ ਨੂੰ ਐਲਾਨ ਕੀਤਾ ਕਿ ਇਸ ਕਨਵੈਨਸ਼ਨ ਵਿਚ ਜਾਮਾ ਮਸਜਿਦ ਦਾ ਸ਼ਾਹੀ ਇਮਾਮ ਅਤੇ ਅਮਰੀਕਾ ਤੋਂ ਖਾਲਿਸਤਾਨੀ ਲੀਡਰ ਗੰਗਾ ਸਿੰਘ ਢਿੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚ ਰਹੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਮਾਰਕ ਤੁਲੀ ਅਤੇ ਜੀ.ਬੀ. ਸਿੱਧੂ ਦੀਆਂ ਕਿਤਾਬਾਂ ਮੁਤਾਬਿਕ, ਜ਼ੈਲ ਸਿੰਘ ਜਿਥੇ ਇੱਕ ਪਾਸੇ ਭਿੰਡਰਾਂਵਾਲੇ ਤੇ ਦਲ ਖਾਲਸਾ ਰਾਹੀਂ ਕੱਟੜਵਾਦ ਤੇ ਖਾੜਕੂਵਾਦ ਅਤੇ ਚੌਹਾਨ, ਢਿੱਲੋਂ ਵਰਗਿਆਂ ਰਾਹੀਂ ਖਾਲਿਸਤਾਨ ਨੂੰ ਉਭਾਰ ਰਿਹਾ ਸੀ; ਉਥੇ ਤਲਵੰਡੀ ਤੇ ਟੌਹੜਾ ਨੂੰ ਵੀ ਬਾਦਲ ਦੀ ਅਕਾਲੀ ਸਰਕਾਰ ਡੇਗਣ ਲਈ ਸ਼ਹਿ ਦੇ ਰਿਹਾ ਸੀ। ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਨੇ ਹੀ 1978 ਦੇ ਸਿੱਖ-ਨਿਰੰਕਾਰੀ ਕਤਲ ਕਾਂਡ ਵਿਚ ਬਾਦਲ ਸਰਕਾਰ ਦੀ ਕਾਰਗੁਜ਼ਾਰੀ ਨੂੰ ਆਧਾਰ ਬਣਾ ਕੇ ਗਵਰਨਰ ਨੂੰ ਬਾਦਲ ਸਰਕਾਰ ਭੰਗ ਕਰਨ ਦਾ ਮੰਗ ਪੱਤਰ ਦਿੱਤਾ ਸੀ। ਇੱਕ ਪਾਸੇ ਜਿੱਥੇ ਦਰਬਾਰਾ ਸਿੰਘ, ਢਿੱਲੋਂ ਨੂੰ ਰੋਕਣ ਲਈ ਯਤਨ ਕਰ ਰਿਹਾ ਸੀ, ਦੂਜੇ ਪਾਸੇ ਗਿਆਨੀ ਜ਼ੈਲ ਸਿੰਘ ਸਾਰਾ ਜ਼ੋਰ ਲਗਾ ਰਿਹਾ ਸੀ ਕਿ ਢਿੱਲੋਂ ਕਿਸੇ ਢੰਗ ਨਾਲ ਭਾਰਤ ਦਾਖਲ ਹੋ ਜਾਵੇ। ਇਸ ਕਿਤਾਬ ਦੇ ਲੇਖਕ ਗੁਰਦੇਵ ਸਿੰਘ ਗਰੇਵਾਲ (ਜੋ ਉਸ ਵਕਤ ਗ੍ਰਹਿ ਮੰਤਰਾਲੇ ਵਿਚ ਜੁਆਇੰਟ ਸੈਕਟਰੀ ਸੀ) ਅਨੁਸਾਰ, 'ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਕੈਬਨਿਟ ਸੈਕਟਰੀ ਬੀ.ਕੇ. ਚਤੁਰਵੇਦੀ ਨਾਲ਼ ਢਿੱਲੋਂ ਦੇ ਭਾਰਤ ਦਾਖਲੇ ਨੂੰ ਰੋਕਣ ਬਾਰੇ ਗੱਲ ਕੀਤੀ ਤਾਂ ਉਹ ਮੇਰੇ ਨਾਲ ਸਹਿਮਤ ਹੋ ਗਿਆ। ਜਦੋਂ ਢਿੱਲੋਂ ਦਿੱਲੀ ਏਅਰਪੋਰਟ 'ਤੇ ਪਹੁੰਚਿਆ ਤਾਂ ਮੇਰੀਆਂ ਹਦਾਇਤਾਂ 'ਤੇ ਦਿੱਲੀ ਦੇ ਕਮਿਸ਼ਨਰ ਬਜਰੰਗ ਲਾਲ ਨੇ ਆਪਣੀ ਫੋਰਸ ਨਾਲ ਏਅਰਪੋਰਟ ਪਹੁੰਚ ਕੇ ਢਿੱਲੋਂ ਨੂੰ ਭਾਰਤ ਵਿਚ ਐਂਟਰੀ ਨਾ ਦਿੱਤੀ ਕਿ ਉਸ ਦਾ ਨਾਮ ਬਲੈਕ ਲਿਸਟ ਵਿਚ ਹੈ ਤੇ ਉਹ ਅਮਰੀਕਾ ਵਿਚ ਭਾਰਤ ਵਿਰੋਧੀ ਗਤੀ-ਵਿਧੀਆਂ ਕਰ ਰਿਹਾ ਹੈ। ਇਸੇ ਘਟਨਾਕ੍ਰਮ ਬਾਰੇ ਉਘੇ ਪੱਤਰਕਾਰ ਸਤਿੰਦਰਾ ਸਿੰਘ ਨੇ ਆਪਣੀ ਕਿਤਾਬ 'ਖਾਲਿਸਤਾਨ: ਐਨ ਅਕੈਡਮਿਕ ਅਨੈਲਸਿਸ' ਵਿਚ ਵੀ ਸੰਕੇਤ ਕੀਤੇ ਹੋਏ ਹਨ। ਗਰੇਵਾਲ ਅੱਗੇ ਲਿਖਦਾ ਹੈ ਕਿ ਜਦੋਂ ਢਿੱਲੋਂ ਨੂੰ ਵਾਪਿਸ ਭੇਜਿਆ ਜਾਣਾ ਸੀ ਤਾਂ ਸਾਡੇ ਅਧਿਕਾਰੀ ਦੇ ਦੱਸਣ ਅਨੁਸਾਰ, ਉਹ ਉਸ ਦੇ ਮੂੰਹੋਂ ਇਹ ਸੁਣ ਕੇ ਹੈਰਾਨ ਰਹਿ ਗਏ: 'ਮੈਨੂੰ ਵਾਪਿਸ ਕਿਉਂ ਭੇਜ ਰਹੇ ਹੋ, ਜੋ ਗੇਮ (ਖਾਲਿਸਤਾਨ) ਤੁਸੀਂ ਖੇਡ ਰਹੇ ਹੋ, ਉਹੀ ਮੈਂ ਖੇਡ ਰਿਹਾ ਹਾਂ?' ਗੁਰਦੇਵ ਗਰੇਵਾਲ ਅਨੁਸਾਰ, ਬਾਅਦ ਵਿਚ ਜਦੋਂ ਮੈਂ ਬਿਹਾਰ ਵਿਚ ਤਾਇਨਾਤ ਸੀ ਤਾਂ ਇੱਕ ਦਿਨ ਜੂਨ, 1986 ਵਿਚ ਆਈ.ਏ.ਐਸ. ਅਧਿਕਾਰੀ ਸਤਿਆ ਨਰਾਇਣ ਰਾਏ ਮੇਰੇ ਕੋਲ ਆਇਆ ਤਾਂ ਬੈਠਿਆਂ 1984 ਬਾਰੇ ਗੱਲਾਂ ਚੱਲ ਪਈਆਂ ਤਾਂ ਕਹਿੰਦਾ ਕਿ 1982 ਵਿਚ ਉਹ ਅਮਰੀਕਾ ਵਿਚ ਅੰਡਰ ਕਵਰ ਏਜੰਟ ਦੇ ਤੌਰ 'ਤੇ ਕਿਸੇ ਮਿਸ਼ਨ 'ਤੇ ਗਿਆ ਸੀ। ਉਥੇ ਆਪਣੇ ਕੰਮ ਲਈ ਇੱਕ ਸੂਤਰ (ਗੰਗਾ ਸਿੰਘ ਢਿੱਲੋਂ) ਵਿਕਸਤ ਕੀਤਾ, ਉਸ ਨੂੰ ਏਜੰਟ ਬਣਾਇਆ, ਉਸ ਨੂੰ ਫੰਡਿਗ ਕੀਤੀ, ਉਸ ਦੀ ਭਾਰਤ ਵਿਚ ਸਪੈਸ਼ਲ ਵੀਜ਼ੇ 'ਤੇ ਯਾਤਰਾ ਦਾ ਪ੍ਰਬੰਧ ਕੀਤਾ। 'ਦਿੱਲੀ ਵਿਚ ਬੈਠੇ ਇੱਕ ਬੇਵਕੂਫ ਜੁਆਇੰਟ ਸੈਕਟਰੀ ਨੇ ਮੇਰੇ ਸਾਰੇ ਹਾਰਡ ਵਰਕ

***(ਬਾਕੀ ਅਗਲੇ ਸਫੇ 'ਤੇ)***

# ਫਲਸਤੀਨੀ ਗਿਆਨੀ ਦੀ ਸੁਘੜ ਕਹਾਣੀ...


ਬਹੁਪੱਖੀ ਤੇ ਬਹੁਪਸਾਰੀ ਸ਼ਖਸੀਅਤ ਸੀ ਐਡਵਰਡ ਵਿਲੀਅਮ ਸਈਦ (1935-2003)। ਪੱਛਮੀ ਯੋਰੋਸ਼ਲਮ ਵਿਚ ਜਨਮਿਆ ਪਰ ਮੁੱਢੋਂ-ਸੁੱਢੋਂ ਅਮਰੀਕੀ ਨਾਗਰਿਕ, ਪਰਿਵਾਰ ਦੌਲਤਮੰਦ ਪਰ ਖੁਦ ਸਾਦਗੀਪਸੰਦ, ਪੈਦਾਇਸ਼ ਤੇ ਅਕੀਦਿਆਂ ਪੱਖੋਂ ਇਸਾਈ ਪਰ ਪੱਛਮ ਵਿਚ ਇਸਲਾਮ ਤੇ ਇਸਲਾਮਪ੍ਰਸਤਾਂ ਦੇ ਹਿੱਤਾਂ ਦਾ ਸੱਚਾ-ਸੁੱਚਾ ਤਰਜਮਾਨ। ਉਹ ਸਾਹਿਤਕ ਸਿਧਾਂਤਕਾਰ ਵੀ ਸੀ ਅਤੇ ਸੰਗੀਤ ਸਮਾਲੋਚਕ ਵੀ। ਸਮਾਜ ਸ਼ਾਸਤਰੀ ਤੇ ਇਤਿਹਾਸਕਾਰ ਵੀ ਸੀ ਅਤੇ ਫਲਸਤੀਨੀ ਕਾਜ਼ ਦਾ ਸੁਹਜਮਈ ਅਲੰਬਰਦਾਰ ਵੀ। ਉਸ ਦੀ ਵਿਦਵਤਾ ਦੇ ਕਦਰਦਾਨਾਂ ਦੀ ਗਿਣਤੀ ਬੇਸ਼ੁਮਾਰ ਸੀ। ਦੋਖੀਆਂ ਤੇ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਨਿੰਦਕਾਂ ਦੀ ਗਿਣਤੀ ਵੀ ਘੱਟ ਨਹੀਂ ਸੀ। ਅਮਰੀਕੀ ਸੱਜੇ-ਪੰਥੀ ਰਸਾਲੇ 'ਕਮੈਂਟਰੀ' ਨੇ ਨਿਊ ਯਾਰਕ (ਅਮਰੀਕਾ) ਦੀ ਕੋਲੰਬੀਆ ਯੂਨੀਵਰਸਿਟੀ ਦੇ ਇਸ ਪ੍ਰੋਫੈਸਰ ਦੀ ਤਸਵੀਰ ਆਪਣੇ ਕਵਰ ਉੱਤੇ ਛਾਪ ਕੇ ਪ੍ਰੋ. ਸਈਦ ਨੂੰ 'ਦਹਿਸ਼ਤ ਦਾ ਪ੍ਰੋਫੈਸਰ' (ਪ੍ਰੋਫੈਸਰ ਆਫ ਟੈਰਰ) ਦੱਸਿਆ ਸੀ। ਨੋਬੇਲ ਪੁਰਸਕਾਰ ਜੇਤੂ ਲੇਖਕ ਵੀ.ਐਸ. ਨਾਇਪਾਲ ਨੇ ਉਸ ਉੱਪਰ 'ਲਿਫਾਫੇਬਾਜ਼' ਹੋਣ ਦਾ ਠੱਪਾ ਲਾਇਆ ਸੀ। ਅਜਿਹੇ ਲੇਬਲਾਂ-ਠੱਪਿਆਂ ਦੇ ਬਾਵਜੂਦ ਇਸ ਹਕੀਕਤ ਨੂੰ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਤਸਲੀਮ ਕੀਤਾ ਜਾਂਦਾ ਰਿਹਾ ਹੈ ਕਿ ਫਲਸਤੀਨੀਆਂ ਦੇ ਦੁੱਖ-ਦਰਦਾਂ ਨੂੰ ਜਿੰਨੀ ਸ਼ਿੱਦਤ ਤੇ ਸਲੀਕੇ ਨਾਲ ਐਡਵਰਡ ਸਈਦ ਨੇ ਉਭਾਰਿਆ, ਓਨੀ ਸਲੀਕੇਦਾਰੀ ਕਿਸੇ ਹੋਰ ਫਲਸਤੀਨੀ ਤਰਜਮਾਨ ਦੇ ਹਿੱਸੇ ਨਹੀਂ ਆਈ।

ਇਸੇ ਐਡਵਰਡ ਸਈਦ ਦੀ ਗਿਆਨ-ਗਾਥਾ ਪੇਸ਼ ਕਰਦੀ ਹੈ ਟਿਮੋਥੀ ਬ੍ਰੀਨਨ ਦੀ ਕਿਤਾਬ 'ਪਲੇਸਜ਼ ਆਫ ਮਾਈਂਡ: ਲਾਈਫ ਆਫ ਐਡਵਰਡ ਸਈਦ'। ਬ੍ਰੀਨਨ, ਯੂਨੀਵਰਸਿਟੀ ਆਫ ਮਿਨੇਸੋਟਾ (ਅਮਰੀਕਾ) ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਤੇ ਸਮਾਜ ਸ਼ਾਸਤਰੀ ਹੈ। ਉਸ ਨੇ ਸਈਦ ਦੀ ਜੀਵਨ-ਕਹਾਣੀ ਪੇਸ਼ ਕਰਨ ਦੀ ਥਾਂ ਉਸ ਦੀ ਬੌਧਿਕ ਸ਼ਖਸੀਅਤ ਤੇ ਰਚਨਾਵਾਂ ਉਤੇ ਕੇਂਦਰਤ ਕੀਤਾ ਹੈ। ਇਹ ਫੋਕਸ ਪ੍ਰੋ. ਸਈਦ ਦੀ ਵਿਦਵਤਾ ਤੇ ਬੁੱਧੀਮਾਨੀ ਦਾ ਸ਼ਾਨਦਾਰ ਅਕਸ ਸਾਬਤ ਹੋਇਆ ਹੈ। ਸਈਦ ਤਕਰੀਬਨ 40 ਵਰ੍ਹਿਆਂ ਤਕ ਅੰਗਰੇਜ਼ੀ ਸਾਹਿਤ ਪੜ੍ਹਾਉਂਦਾ ਰਿਹਾ। ਲੇਖਣ ਦੇ ਖੇਤਰ ਵਿਚ ਉਸ ਦੀ ਸ਼ੁਰੂਆਤ ਜੋਜ਼ੇਫ ਕੌਨਰੈਡ ਦੀ ਨਾਵਲ ਕਲਾ ਦੀ ਸਮਾਲੋਚਨਾ ਨਾਲ ਹੋਈ। ਉਸ ਦੀਆਂ ਪਹਿਲੀਆਂ ਦੋ ਕਿਤਾਬਾਂ ਵੀ ਅੰਗਰੇਜ਼ੀ ਸਾਹਿਤ ਬਾਰੇ ਹਨ।



ਕਿਤਾਬ ਦਾ ਮੁਖੜਾ

**ਕਿਤਾਬ ਦੇ ਲੇਖਕ ਬ੍ਰੀਨਨ ਅਨੁਸਾਰ ਸਲਮਾਨ ਰਸ਼ਦੀ ਤੇ ਕਈ ਹੋਰ ਨਾਮਵਰ ਲੇਖਕ ਸਈਦ ਦੇ ਹਮਾਇਤੀ ਤੇ ਦੋਸਤ ਹੋਣ ਦੇ ਦਾਅਵੇ ਕਰਦੇ ਰਹੇ ਪਰ ਦਾਨਿਸ਼ਵਰਾਂ ਦੇ ਮੰਚਾਂ ਉੱਤੇ ਉਸ ਨਾਲ ਖੜ੍ਹਨ ਦੀ ਜੁਰਅਤ ਨਾ ਦਿਖਾ ਸਕੇ। ਉਨ੍ਹਾਂ ਦੀ ਅਜਿਹੀ ਪਹੁੰਚ ਦੇ ਬਾਵਜੂਦ ਐਡਵਰਡ ਸਈਦ ਪੱਛਮੀ ਅਕਾਦਮਿਕ ਹਲਕਿਆ ਦੀ ਫਲਸਤੀਨ ਤੇ ਫਲਸਤੀਨੀ ਲੋਕਾਂ ਬਾਰੇ ਸੋਚ ਉੱਪਰ ਸਾਰਥਕ ਅਸਰ ਪਾਉਣ ਵਿਚ ਕਾਮਯਾਬ ਰਿਹਾ। ਉਸ ਦੇ ਕਦਰਦਾਨਾਂ ਵਿਚ ਇਜ਼ਰਾਇਲੀ ਵਿਚਾਰਵਾਨ ਵੀ ਸ਼ਾਮਲ ਸਨ। ਮੱਧ-ਪੂਰਬ, ਖਾਸ ਕਰਕੇ ਫਲਸਤੀਨੀਆਂ ਬਾਰੇ ਉਸ ਦੇ ਵਿਚਾਰਾਂ ਦੇ ਹਵਾਲੇ ਉਹ ਹੁਣ ਵੀ ਦਿੰਦੇ ਹਨ। ਇਹ ਆਪਣੇ ਆਪ ਵਿਚ ਛੋਟੀ ਪ੍ਰਾਪਤੀ ਨਹੀਂ।**



ਐਡਵਰਡ ਵਿਲੀਅਮ ਸਈਦ

ਪੂਰਬੀ ਜਗਤ ਤੇ ਇਸ ਨਾਲ ਜੁੜੀਆਂ ਘਟਨਾਵਲੀਆਂ ਬਾਰੇ ਪੱਛਮੀ ਜਗਤ ਵਿਚ ਪਾਏ ਜਾਂਦੇ ਭਰਮ-ਭੁਲੇਖਿਆਂ ਅਤੇ ਪੱਛਮੀ ਵਿਦਵਾਨਾਂ ਵੱਲੋਂ ਉਭਾਰੀਆਂ-ਫੈਲਾਈਆਂ ਗਲਤ ਧਾਰਨਾਵਾਂ ਦੇ ਖੰਡਨ ਲਈ 1978 ਵਿਚ ਉਸ ਨੇ 'ਓਰੀਐਂਟਲਿਜ਼ਮ' ਕਿਤਾਬ ਛਪਵਾਈ। ਇਹ ਉਸ ਦੀ ਯਾਦਗਾਰੀ ਕਿਰਤ ਹੈ। ਖੂਬ ਚਰਚਿਤ ਹੋਈ। ਇਸ ਦੇ ਹੁਣ ਤਕ 20 ਐਡੀਸ਼ਨ ਛਪ ਚੁੱਕੇ ਹਨ। ਇਕ ਹੋਰ ਕਿਤਾਬ 'ਕਲਚਰ ਐਂਡ ਇੰਪੀਰੀਅਲਿਜ਼ਮ' ਨੇ ਵੀ ਪੂਰਬੀ ਜਗਤ ਬਾਰੇ ਪੱਛਮੀ ਅਗਿਆਨਤਾ ਤੇ ਖੋਖਲੇਪਣ ਨੂੰ ਤਫਸੀਲ ਨਾਲ ਬੇਪਰਦ ਕੀਤਾ। ਇਨ੍ਹਾਂ ਕਿਤਾਬਾਂ ਨੇ ਜਿੱਥੇ ਪੱਛਮੀ ਵਿਦਵਾਨਾਂ ਨੂੰ ਪੂਰਬੀ ਜਗਤ ਦਾ ਇਤਿਹਾਸ ਤੇ ਬੌਧਿਕ ਖਜ਼ਾਨਾ ਮੁੜ ਘੋਖਣ ਲਈ ਹਲੂਣਿਆ, ਉੱਥੇ ਇਹ ਸੱਚ ਕਬੂਲਣ ਲਈ ਵੀ ਮਜਬੂਰ ਕੀਤਾ ਕਿ ਪੂਰਬੀ ਜਗਤ, ਪੱਛਮ ਨਾਲੋਂ ਕਿਸੇ ਵੀ ਤਰ੍ਹਾਂ ਊਣਾ ਨਹੀਂ ਸੀ। 'ਓਰੀਐਂਟਲਿਜ਼ਮ' (ਪੂਰਬਪ੍ਰਸਤੀ) ਦੀ ਭੂਮਿਕਾ ਵਿਚ ਸਈਦ ਨੇ ਲਿਖਿਆ ਹੈ: "ਪੱਛਮੀ ਦਾਨਿਸ਼ਵਰਾਂ ਤੇ ਅਦੀਬਾਂ ਨੇ ਪੂਰਬ ਦੀਆਂ ਧਰਮ ਪੁਸਤਕਾਂ, ਗ੍ਰੰਥਾਂ ਤੇ ਸ਼ਿਲਾਲੇਖਾਂ ਦਾ ਗਲਤ ਤਰਜਮਾ ਤੇ ਗਲਤ ਵਿਆਖਿਆ ਕੀਤੀ। ਮੇਰੀ ਕਿਤਾਬ 'ਉਲਟੇ ਚਸ਼ਮਿਆਂ' ਰਾਹੀਂ ਰਚੇ ਇਤਿਹਾਸ ਤੇ ਸਾਹਿਤ ਦਾ ਜਵਾਬ ਹੈ। ਇਹ ਪੂਰਬ ਦਾ ਅਸਲ ਅਕਸ ਪੇਸ਼ ਕਰਨ ਦਾ ਛੋਟਾ ਪਰ ਸੁਹਿਰਦ ਯਤਨ ਹੈ।"

ਸਈਦ ਨੇ ਫਲਸਤੀਨੀਆਂ ਦੇ ਹੱਕਾਂ ਤੇ ਹਿੱਤਾਂ ਨੂੰ 1967 ਦੀ ਅਰਬ-ਇਜ਼ਰਾਈਲ ਜੰਗ ਤੋਂ ਬਾਅਦ ਆਪਣੇ ਲੇਖਣ-ਕਲਾਵੇ ਵਿਚ ਲਿਆ। ਛੇ ਦਿਨਾਂ ਦੀ ਇਸ ਜੰਗ ਵਿਚ ਅਰਬ ਦੇਸ਼ਾਂ ਦੀ ਨਮੋਸ਼ੀਪੂਰਨ ਸ਼ਿਕਸਤ ਅਤੇ ਇਸ ਤੋਂ ਬਾਅਦ ਫਲਸਤੀਨੀਆਂ ਨਾਲ ਹੋਈਆਂ ਨਿਰੰਤਰ ਜ਼ਿਆਦਤੀਆਂ ਨੇ ਸਈਦ ਦੀ ਜ਼ਮੀਰ ਨੂੰ ਹਲੂਣਿਆ। ਉਹ ਫਲਸਤੀਨੀ ਮੁਕਤੀ ਮੁਹਾਜ਼ (ਪੀ.ਐਲ.ਓ.) ਦੇ ਮੁਖੀ ਯਾਸਿਰ ਅਰਾਫਾਤ ਦੇ ਸੰਪਰਕ ਵਿਚ ਆਇਆ। 1977 ਤੋਂ 1991 ਤਕ ਫਲਸਤੀਨੀ ਨੈਸ਼ਨਲ ਕੌਂਸਲ (ਪੀ.ਐਨ.ਸੀ.) ਦਾ ਮੈਂਬਰ ਵੀ ਰਿਹਾ ਪਰ ਅਰਾਫਾਤ ਵੱਲੋਂ ਇਜ਼ਰਾਇਲੀ ਨੇਤਾ ਇਤਜ਼ਹਾਕ ਰਾਬੀਨ ਨਾਲ ਕੀਤੀਆਂ ਓਸਲੋ ਸੰਧੀਆਂ ਤੋਂ ਰੋਹ ਵਿਚ ਆ ਕੇ ਉਸ ਨੇ ਪੀ.ਐਨ.ਸੀ. ਨਾਲੋਂ ਨਾਤਾ ਤੋੜ ਲਿਆ। ਉਸ ਨੂੰ ਪੱਕਾ ਯਕੀਨ ਸੀ ਕਿ ਓਸਲੋ ਸੰਧੀਆਂ, ਫਲਸਤੀਨੀਆਂ ਨੂੰ ਇਨਸਾਫ ਦਿਵਾਉਣ ਦੀ ਥਾਂ ਗੈਰ-ਮੁਨਸਿਫਾਨਾ ਸਾਬਤ ਹੋਣਗੀਆਂ। ਉਸ ਦਾ ਇਹ ਯਕੀਨ ਅਗਲੇ ਵਰ੍ਹਿਆਂ ਦੌਰਾਨ ਸਹੀ ਸਾਬਤ ਹੋਇਆ।

ਕਿਤਾਬ ਦੇ ਲੇਖਕ ਬ੍ਰੀਨਨ ਅਨੁਸਾਰ ਸਲਮਾਨ ਰਸ਼ਦੀ ਤੇ ਕਈ ਹੋਰ ਨਾਮਵਰ ਲੇਖਕ ਸਈਦ ਦੇ ਹਮਾਇਤੀ ਤੇ ਦੋਸਤ ਹੋਣ ਦੇ ਦਾਅਵੇ ਕਰਦੇ ਰਹੇ ਪਰ ਦਾਨਿਸ਼ਵਰਾਂ ਦੇ ਮੰਚਾਂ ਉੱਤੇ ਉਸ ਨਾਲ ਖੜ੍ਹਨ ਦੀ ਜੁਰਅਤ ਨਾ ਦਿਖਾ ਸਕੇ। ਉਨ੍ਹਾਂ ਦੀ ਅਜਿਹੀ ਪਹੁੰਚ ਦੇ ਬਾਵਜੂਦ ਐਡਵਰਡ ਸਈਦ ਪੱਛਮੀ ਅਕਾਦਮਿਕ ਹਲਕਿਆ ਦੀ ਫਲਸਤੀਨ ਤੇ ਫਲਸਤੀਨੀ ਲੋਕਾਂ ਬਾਰੇ ਸੋਚ ਉੱਪਰ ਸਾਰਥਕ ਅਸਰ ਪਾਉਣ ਵਿਚ ਕਾਮਯਾਬ ਰਿਹਾ। ਉਸ ਦੇ ਕਦਰਦਾਨਾਂ ਵਿਚ ਇਜ਼ਰਾਇਲੀ ਵਿਚਾਰਵਾਨ ਵੀ ਸ਼ਾਮਲ ਸਨ। ਮੱਧ-ਪੂਰਬ, ਖਾਸ ਕਰਕੇ ਫਲਸਤੀਨੀਆਂ ਬਾਰੇ ਉਸ ਦੇ ਵਿਚਾਰਾਂ ਦੇ ਹਵਾਲੇ ਉਹ ਹੁਣ ਵੀ ਦਿੰਦੇ ਹਨ। ਇਹ ਆਪਣੇ ਆਪ ਵਿਚ ਛੋਟੀ ਪ੍ਰਾਪਤੀ ਨਹੀਂ। ਐਡਵਰਡ ਸਈਦ ਦੀ ਸ਼ਖਸੀਅਤ, ਲਿਆਕਤ ਅਤੇ ਸਦਾਕਤ ਨੂੰ ਸਮਝਣ ਪੱਖੋਂ ਟਿਮੋਥੀ ਬ੍ਰੀਨਨ ਦੀ ਕਿਤਾਬ ਪੜ੍ਹਨ ਤੇ ਸਾਂਭਣਯੋਗ ਹੈ।

### ਕਲਮਾਂ ਵਾਲੇ

ਗੁਰਬਚਨ ਸਿੰਘ ਭੁੱਲਰ ਦੀ ਰਚਨਾਤਮਿਕ ਮੌਲਿਕਤਾ ਤੋਂ ਪੰਜਾਬੀ ਅਦਬੀ ਜਗਤ ਚੰਗੀ ਤਰ੍ਹਾਂ ਵਾਕਫ ਹੈ। ਵਿਧਾ ਜਾਂ ਵਿਸ਼ਾ ਕੋਈ ਵੀ ਹੋਵੇ, ਆਪਣੀ ਮੌਲਿਕ ਦ੍ਰਿਸ਼ਟੀ ਤੇ ਕਲਮੀ ਹੁਨਰ ਦੇ ਜ਼ਰੀਏ ਉਹ ਉਸ ਵਿਚ ਨਿਵੇਕਲੀ ਜਾਨ ਪਾ ਦਿੰਦੇ ਹਨ। ਉਨ੍ਹਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਕਲਮਾਂ ਵਾਲੇ' ਇਸੇ ਹੁਨਰ ਦੀ ਤਾਜ਼ਾਤਰੀਨ ਮਿਸਾਲ ਹੈ। ਦਸ ਸ਼ਬਦ ਚਿੱਤਰਾਂ ਦਾ ਸੰਗ੍ਰਹਿ ਹੈ ਇਹ ਪੁਸਤਕ। ਉਨ੍ਹਾਂ ਦੇ ਆਪਣੇ ਸ਼ਬਦਾਂ ਅਨੁਸਾਰ "ਕੁਝ ਸਮਾਂ ਪਹਿਲਾਂ ਕੁਲ ਲੇਖਕਾਵਾਂ ਦੇ ਸ਼ਬਦ ਚਿੱਤਰਾਂ ਦੀ ਪੁਸਤਕ 'ਕਲਮਾਂ ਵਾਲੀਆਂ' ਛਪੀ ਤਾਂ ਕੁਝ ਚਿਰ ਉਡੀਕ ਕੇ ਅਨੇਕ ਲੇਖਕ ਤੇ ਪਾਠਕ ਪੁੱਛਣ ਲੱਗੇ 'ਬਿਚਾਰੇ ਕਲਮਾਂ ਵਾਲੇ ਕਿੱਥੇ ਰਹਿ ਗਏ?' ਇਸੇ ਸ਼ਿਕਵਾਨੁਮਾ ਸਵਾਲ ਤੋਂ 'ਕਲਮਾਂ ਵਾਲੇ' ਵਜੂਦ ਵਿਚ ਆਈ।"

ਇਸ ਸੰਗ੍ਰਹਿ ਵਿਚ ਭਾਈ ਕਾਨ੍ਹ ਸਿੰਘ ਨਾਭਾ, ਦੇਵਿੰਦਰ ਸਤਿਆਰਥੀ, ਬਲਵੰਤ ਗਾਰਗੀ, ਹਰਿਭਜਨ ਸਿੰਘ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਰਤਨ ਸਿੰਘ, ਮੋਹਨ ਭੰਡਾਰੀ, ਸਰਵਣ ਸਿੰਘ ਤੇ ਜਸਬੀਰ ਭੁੱਲਰ ਦੇ ਸ਼ਬਦ ਚਿਤਰ ਸ਼ਾਮਲ ਹਨ। ਹਰ ਰਚਨਾ ਸਬੰਧਤ ਹਸਤੀ ਦੀ ਸ਼ਖਸੀਅਤ, ਅਦਬ ਤੇ ਸਾਹਿਤਕ ਯੋਗਦਾਨ ਬਾਰੇ ਵਡਮੁੱਲੀ ਜਾਣਕਾਰੀ ਦਿੰਦੀ ਹੈ। ਸ਼ਬਦਾਂ ਦੀ ਚੋਣ ਤੇ ਵਾਕ-ਬਣਤਰ ਵੀ ਬਾਕਮਾਲ ਹੈ; ਮਸਲਨ, ਭਾਈ ਕਾਨ੍ਹ ਸਿੰਘ ਨਾਭਾ ਬਾਰੇ ਉਹ ਲਿਖਦੇ ਹਨ, "ਭਾਈ ਸਾਹਿਬ ਦੇ ਵਿਚਾਰਾਂ ਦਾ ਜੋ ਪ੍ਰਭਾਵ ਉਸ ਸਮੇਂ ਦੇ ਸਾਡੇ ਪੇਂਡੂ ਮਾਹੌਲ ਉੱਤੇ ਪਿਆ ਹੈ, ਉਹਦਾ ਮਹੱਤਵ ਤੇ ਮੁੱਲ ਬਹੁਤ ਵਡੇਰਾ ਸੀ। ਉਹ ਭੂਪਵਾਦੀ-ਰਾਜਸ਼ਾਹੀ ਮਾਹੌਲ ਵਿਚ ਪਲੇ ਤੇ ਵੱਡੇ ਹੋਏ ਅਤੇ ਸਾਰੀ ਉਮਰ ਕੱਟੜਤਾ ਦੀ ਹੱਦ ਤਕ ਜਾਣ ਵਾਲੇ ਧਾਰਮਿਕ ਲੋਕਾਂ ਵਿਚ ਵਿਚਰਦੇ ਰਹੇ। ਇਸ ਦੇ ਬਾਵਜੂਦ ਉਨ੍ਹਾਂ ਦੇ ਵਿਚਾਰ ਕਿੰਨੇ ਵਿਗਿਆਨਕ ਅਤੇ ਮਾਨਵਵਾਦੀ ਸਨ, ਇਹ ਦੇਖ ਕੇ ਚਿੱਤ ਵਿਚ ਉਨ੍ਹਾਂ ਦੀ ਵਡੱਤਣ ਹੋਰ ਵੀ ਵਧ ਜਾਂਦੀ ਹੈ।" ਦੇਵਿੰਦਰ ਸਤਿਆਰਥੀ ਬਾਰੇ, "ਉਨ੍ਹਾਂ ਨਾਲ ਗੱਲਾਂ ਕਰਨ ਲਈ ਬੰਦੇ ਨੂੰ ਬੜੇ ਦਮ ਦੀ ਲੋੜ ਪੈਂਦੀ ਸੀ- ਸਰੀਰਕ ਦਮ ਦੀ ਵੀ ਤੇ ਮਾਨਸਿਕ ਦਮ ਦੀ ਵੀ। ਉਹ ਸਰੋਤੇ ਨੂੰ ਉਂਗਲੀ ਫੜ ਕੇ ਆਪਣੇ ਨਾਲ ਉਸ ਅਮੁੱਕ ਅਨੰਤ ਭੂਗੋਲ ਦਾ ਯਾਤਰੀ ਬਣਾ ਲੈਂਦੇ ਸਨ ਜਿਸ ਵਿਚ ਉਨ੍ਹਾਂ ਨੇ ਲੋਕਯਾਨ ਦਾ ਅਸ਼ਵਮੇਧੀ ਘੋੜਾ ਛੱਡ ਰੱਖਿਆ ਸੀ ਜੋ ਉਨ੍ਹਾਂ ਦੇ ਚਕਰਵਰਤੀ ਸਾਹਿਤ-ਸਮਰਾਟ ਹੋਣ ਵਿਚ ਕੋਈ ਸੰਦੇਹ ਨਹੀਂ ਸੀ ਰਹਿਣ ਦੇ ਦਿੰਦਾ।" ਕੁਲਵੰਤ ਸਿੰਘ ਵਿਰਕ ਬਾਰੇ, "ਵਿਰਕ ਦੀ ਕਹਾਣੀ ਪੜ੍ਹ ਕੇ ਇਉਂ ਲੱਗਦਾ ਸੀ, ਜਿਵੇਂ ਸਰ੍ਹੋਂ ਦੇ ਖਿੜੇ ਹੋਏ ਖੇਤ ਵਿਚੋਂ ਦੀ ਲੰਘ ਕੇ ਆਏ ਹੋਈਏ। ਟਹਿਕਿਆ ਰੰਗ ਚਿਰਾਂ ਤੱਕ ਅੱਖਾਂ ਵਿਚ ਵਸਿਆ ਰਹਿੰਦਾ ਅਤੇ ਮਹਿਕਿਆ ਮਾਹੌਲ ਚਿਰਾਂ ਤਕ ਆਲੇ-ਦੁਆਲੇ ਬਣਿਆ ਰਹਿੰਦਾ। ਉਹਦੀਆਂ ਕਹਾਣੀਆਂ ਇਸ ਲਈ ਵੀ ਚੰਗੀਆਂ ਲਗਦੀਆਂ ਕਿ ਉਨ੍ਹਾਂ ਦੀਆਂ ਜੜ੍ਹਾਂ ਸੱਚ ਦੀ ਧਰਤੀ ਵਿਚ ਹੁੰਦੀਆਂ ਸਨ।" ਸਮੁੱਚਾ ਸੰਗ੍ਰਹਿ ਅਜਿਹੇ ਅਨਮੋਲ ਮਣਕਿਆਂ ਨਾਲ ਲੈਸ ਹੈ। ਇਨ੍ਹਾਂ ਸ਼ਬਦੀ-ਮਣਕਿਆਂ ਦਾ ਅਸਲ ਲੁਤਫ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ।

---

# 80ਵਿਆਂ ਤੋਂ ਬਾਅਦ ਤੇਜ਼ੀ ਨਾਲ ਬਦਲੇ ਹਾਲਾਤ ਦੀ ਦਾਸਤਾਨ

*(ਪਿਛਲੇ ਸਫੇ ਦੀ ਬਾਕੀ)*

ਦਾ ਭੱਠਾ ਬਿਠਾ ਦਿੱਤਾ। ਮੈਂ ਸੁਣ ਕੇ ਕਿਹਾ, ਜਾਣਨਾ ਚਾਹੇਂਗਾ ਕਿ ਉਹ ਬੇਵਕੂਫ ਸੈਕਟਰੀ ਮੈਂ ਹੀ ਸੀ ਜਿਸ ਨੇ ਗੰਗਾ ਸਿੰਘ ਢਿੱਲੋਂ ਨੂੰ ਭਾਰਤ ਵਿਚ ਐਂਟਰ ਹੋਣ ਤੋਂ ਰੁਕਵਾਇਆ ਸੀ। ਮੇਰੀ ਗੱਲ ਸੁਣ ਕੇ ਉਹ ਭਵੰਤਰ ਗਿਆ ਤੇ ਉਸ ਨੂੰ ਅੱਗਿਓਂ ਕੋਈ ਗੱਲ ਨਾ ਅਹੁੜੀ...। ਫਿਰ ਕੁਝ ਚਿਰ ਲਈ ਸੰਨਾਟਾ ਜਿਹਾ ਛਾਇਆ ਰਿਹਾ ਤੇ ਉਹ ਅੱਗਿਓਂ ਕੱਚਾ ਜਿਹਾ ਹੋ ਕੇ ਬਿਨਾ ਕੁਝ ਬੋਲਿਆਂ, ਮੇਰੇ ਕੋਲੋਂ ਵਿਦਾ ਹੋ ਗਿਆ...।'

ਗੁਰਦੇਵ ਸਿੰਘ ਗਰੇਵਾਲ ਵਾਂਗ ਗਿਆਨੀ ਜੀ ਦੇ ਸੰਤ ਨਾਲ 'ਵਿਸ਼ੇਸ਼ ਸਨੇਹ' ਦੀ ਇੱਕ ਅਹਿਮ ਗਵਾਹੀ, ਸੀਨੀਅਰ ਪੱਤਰਕਾਰ ਮਰਹੂਮ ਦਲਬੀਰ ਸਿੰਘ ਦੀ ਕਿਤਾਬ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ' ਦੇ ਪੰਨਾ 171 ਤੋਂ ਦਰਜ ਕਰਨੀ ਵੀ ਕੁਥਾਂਹ ਨਹੀਂ ਹੋਵੇਗੀ, ਜਿੱਥੇ ਉਹ ਲਿਖਦੇ ਹਨ: ਸੰਤ ਭਿੰਡਰਾਂਵਾਲਿਆਂ ਦੀ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਗ੍ਰਿਫਤਾਰੀ ਦੌਰਾਨ ਮੈਂ ਉਨ੍ਹਾਂ ਨੂੰ ਫਿਰੋਜ਼ਪੁਰ ਜ਼ੇਲ੍ਹ ਵਿਚ ਮਿਲਣ ਗਿਆ ਤਾਂ ਸੰਤਾਂ ਨੇ ਅੰਦਰੋਂ ਦੇਖ ਕੇ, ਮੈਨੂੰ (ਦਲਬੀਰ ਸਿੰਘ) ਜ਼ੋਰ ਨਾਲ ਆਵਾਜ਼ ਦੇ ਕੇ ਕਿਹਾ ਕਿ ਭੀੜ ਘਟ ਲੈਣ ਦਿਉ, ਮੈਂ ਤੁਹਾਨੂੰ ਆਪ ਅੰਦਰ ਬੁਲਾ ਲੈਂਦਾ ਹਾਂ। ਕੁਝ ਚਿਰ ਬਾਅਦ ਜਦ ਮੈਂ ਇਕੱਲਾ ਅੰਦਰ ਗਿਆ ਤਾਂ ਉਨ੍ਹਾਂ ਨਾਲ ਗੱਲ ਕਰਨ ਸਮੇਂ ਸੀ.ਆਈ.ਡੀ. ਦੇ 6-7 ਬੰਦੇ ਸਾਡੇ ਉਪਰ ਨੂੰ ਝੁਕ ਗਏ। ਸੰਤਾਂ ਨਾਲ ਮੇਰੀ ਕੋਈ ਖਾਸ ਗੱਲ ਨਾ ਹੋਈ। ਮੈਂ ਕੋਈ ਜਾਣਕਾਰੀ ਲਏ ਬਿਨਾ ਵਾਪਿਸ ਆ ਗਿਆ। ਦਫਤਰ ਆਉਂਦਿਆਂ ਹੀ ਪਤਾ ਲੱਗਾ ਕਿ ਗ੍ਰਿਹ ਮੰਤਰੀ ਗਿਆਨੀ ਜ਼ੈਲ ਸਿੰਘ ਦਾ ਵਾਰ-ਵਾਰ ਫੋਨ ਆ ਰਿਹਾ ਸੀ। ਉਹ ਕੋਈ ਜ਼ਰੂਰੀ ਗੱਲ ਕਰਨਾ ਚਾਹੁੰਦੇ ਸਨ। ਦਿੱਤੇ ਨੰਬਰ 'ਤੇ ਜਦੋਂ ਮੈਂ ਫੋਨ ਕੀਤਾ ਤਾਂ ਰਿਸੀਵਰ ਚੁੱਕ ਕੇ ਬੋਲੇ: 'ਦਲਬੀਰ ਤੂੰ ਅੱਜ ਫਿਰੋਜ਼ਪੁਰ ਗਿਆ ਸੀ। ਜਦੋਂ ਮੈਂ 'ਹਾਂ' ਵਿਚ ਉਤਰ ਦਿੱਤਾ ਤਾਂ ਕਹਿਣ ਲੱਗੇ, 'ਕੀ ਗੱਲ ਹੋਈ?' ਮੇਰੇ ਇਹ ਕਹਿਣ 'ਤੇ ਕਿ ਤੁਹਾਡੇ ਬੰਦਿਆਂ ਨੇ ਮੇਰੀ ਕੋਈ ਗੱਲ ਨਹੀਂ ਹੋਣ ਦਿੱਤੀ ਤਾਂ ਬੋਲੇ: "ਓਏ! ਉਹ (ਭਿੰਡਰਾਂਵਾਲਾ) ਕਿਤੇ ਉਸ ਚਵਲ (ਮੁੱਖ ਮੰਤਰੀ ਦਰਬਾਰਾ ਸਿੰਘ) ਵੱਲ ਤਾਂ ਨਹੀਂ ਝੁਕ ਗਿਆ?"

**ਦਲਬੀਰ ਸਿੰਘ ਪੱਤਰਕਾਰ ਅਨੁਸਾਰ, 'ਇਹ (ਸਿੱਖ) ਲੀਡਰਸ਼ਿਪ ਗਿਆਨਹੀਣ, ਲਾਲਚੀ, ਹਉਮੈ ਮਾਰੀ, ਬੁਜ਼ਦਿਲ, ਮੂੜ੍ਹ ਤੇ ਮੱਕਾਰ ਹੈ। ਅੱਜ ਤਾਈਂ ਵੀ ਸਿੱਖ ਲੀਡਰਸ਼ਿਪ ਸਬੰਧੀ ਇਹ ਟਿੱਪਣੀਆਂ ਵਾਪਸ ਲੈਣ ਜਾਂ ਸੋਧਣ ਦੀ ਮੈਨੂੰ ਲੋੜ ਨਹੀਂ ਪਈ।' ਦਲਬੀਰ ਸਿੰਘ ਨੇ ਅਜਿਹੀ ਫਤਵੇਬਾਜ਼ੀ ਸਾਰੀ ਅਕਾਲੀ ਲੀਡਰਸ਼ਿਪ ਬਾਰੇ ਆਪਣੇ ਅੰਤਲੇ ਸਮੇਂ ਤੱਕ ਜਾਰੀ ਰੱਖੀ। ਅਸਲ ਵਿਚ ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਦੇ ਇਤਿਹਾਸ ਤੋਂ ਬਾਅਦ ਪਿਛਲੇ 100 ਸਾਲ ਦਾ ਸਿੱਖ ਇਤਿਹਾਸ ਪੜ੍ਹਦੇ ਹਾਂ ਤਾਂ ਸਿੱਖ ਲੀਡਰਸ਼ਿਪ ਬਾਰੇ ਕੀਤੀ, ਇਹ ਟਿੱਪਣੀ ਹਰ ਜਗ੍ਹਾ ਸੱਚ ਜਾਪਦੀ ਹੈ। ਇਵੇਂ ਵੀ ਮਹਿਸੂਸ ਹੁੰਦਾ ਹੈ ਕਿ 'ਸਿੱਖ ਲੀਡਰਸ਼ਿਪ' ਦੇ ਨਾਲ-ਨਾਲ ਇਸ ਵਿਚ 'ਸਿੱਖ ਵਿਦਵਾਨ' ਸ਼ਬਦ ਵੀ ਜੋੜ ਦੇਣਾ ਸ਼ਾਇਦ ਗਲਤ ਨਹੀਂ ਹੋਵੇਗਾ।...**

ਇੱਥੇ ਇਸੇ ਕਿਤਾਬ ਦੇ ਪੰਨਾ 165-66 'ਤੇ ਦਲਬੀਰ ਸਿੰਘ ਦੀ ਇੱਕ ਹੋਰ ਟਿੱਪਣੀ ਸ਼ੇਅਰ ਕਰਨੀ ਵੀ ਮੁੱਲਵਾਨ ਹੋਵੇਗੀ ਜੋ ਉਨ੍ਹਾਂ ਸੱਠਵਿਆਂ ਵਿਚ ਸਿੱਖ ਲੀਡਰਸ਼ਿਪ ਬਾਰੇ ਕੀਤੀ ਸੀ। ਇਹ ਟਿੱਪਣੀ 1947 ਤੋਂ ਬਾਅਦ, ਪਹਿਲਾਂ ਪੰਜਾਬ ਸੂਬੇ ਲਈ ਅਤੇ ਫਿਰ ਚੰਡੀਗੜ੍ਹ ਲਈ ਲਾਏ ਮੋਰਚਿਆਂ ਤੇ ਮਰਨ ਵਰਤਾਂ ਦੇ ਡਰਾਮਿਆਂ ਵਿਚ ਸਿੱਖ ਲੀਡਰਸ਼ਿਪ ਦੇ ਨਿਭਾਏ ਰੋਲ ਬਾਰੇ ਸੀ। ਇਸ ਵਿਚ ਦਿੱਲੀ ਤੋਂ ਸਰਦਾਰ ਹੁਕਮ ਸਿੰਘ ਰਾਹੀਂ ਸੰਤ ਫਤਹਿ ਸਿੰਘ ਦਾ ਮਰਨ ਵਰਤ ਛੁਡਵਾਏ ਜਾਣ ਦੇ ਨਾਟਕ ਤੇ ਅਤਿਅੰਤ ਖਫਾਖੂਨ ਹੁੰਦਿਆਂ ਉਹ ਲਿਖਦੇ ਹਨ: 'ਇਨ੍ਹਾਂ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਵਿਚਰਨ ਨਾਲ ਇੱਕ ਬਹੁਤ ਵੱਡੀ ਸਿੱਖਿਆ ਜੋ ਮੈਂ ਹਾਸਲ ਕੀਤੀ, ਉਹ ਇਹ ਸੀ ਕਿ ਉਸ ਸਮੇਂ ਦੀ ਸਿੱਖ ਲਡਿਰਸ਼ਿਪ ਦਾ ਅਸਲੀ ਸਰੂਪ ਕੀ ਹੈ? ਅੱਜ ਵੀ ਮੇਰੇ ਪਾਸ ਉਹ ਡਾਇਰੀ ਮੌਜੂਦ ਹੈ ਜਿਸ ਵਿਚ ਬਹੁਤੀ ਸਿੱਖ ਲੀਡਰਸ਼ਿਪ ਸਬੰਧੀ ਮੈਂ ਇਹ ਅੱਖਰ ਅੰਕਿਤ ਕੀਤੇ ਸਨ: 'ਇਹ ਲੀਡਰਸ਼ਿਪ ਗਿਆਨਹੀਣ, ਲਾਲਚੀ, ਹਉਮੈ ਮਾਰੀ, ਬੁਜ਼ਦਿਲ, ਮੂੜ੍ਹ ਤੇ ਮੱਕਾਰ ਹੈ। ਅੱਜ ਤਾਈਂ ਵੀ ਸਿੱਖ ਲੀਡਰਸ਼ਿਪ ਸਬੰਧੀ ਇਹ ਟਿੱਪਣੀਆਂ ਵਾਪਸ ਲੈਣ ਜਾਂ ਸੋਧਣ ਦੀ ਮੈਨੂੰ ਲੋੜ ਨਹੀਂ ਪਈ।' ਦਲਬੀਰ ਸਿੰਘ ਨੇ ਅਜਿਹੀ ਫਤਵੇਬਾਜ਼ੀ ਸਾਰੀ ਅਕਾਲੀ ਲੀਡਰਸ਼ਿਪ ਬਾਰੇ ਆਪਣੇ ਅੰਤਲੇ ਸਮੇਂ ਤੱਕ ਜਾਰੀ ਰੱਖੀ। ਅਸਲ ਵਿਚ ਗੁਰਦੁਆਰਾ ਸੁਧਾਰ ਲਹਿਰ ਦੀ ਕਾਮਯਾਬੀ ਦੇ ਇਤਿਹਾਸ ਤੋਂ ਬਾਅਦ ਪਿਛਲੇ 100 ਸਾਲ ਦਾ ਸਿੱਖ ਇਤਿਹਾਸ ਪੜ੍ਹਦੇ ਹਾਂ ਤਾਂ ਸਿੱਖ ਲੀਡਰਸ਼ਿਪ ਬਾਰੇ ਕੀਤੀ, ਇਹ ਟਿੱਪਣੀ ਹਰ ਜਗ੍ਹਾ ਸੱਚ ਜਾਪਦੀ ਹੈ। ਮੈਨੂੰ ਤਾਂ ਇਵੇਂ ਵੀ ਮਹਿਸੂਸ ਹੁੰਦਾ ਹੈ ਕਿ 'ਸਿੱਖ ਲੀਡਰਸ਼ਿਪ' ਦੇ ਨਾਲ-ਨਾਲ ਇਸ ਵਿਚ 'ਸਿੱਖ ਵਿਦਵਾਨ' ਸ਼ਬਦ ਵੀ ਜੋੜ ਦੇਣਾ ਸ਼ਾਇਦ ਗਲਤ ਨਹੀਂ ਹੋਵੇਗਾ। ਸਿੱਖ ਲੀਡਰਸ਼ਿਪ ਬਾਰੇ ਇਸੇ ਤਰ੍ਹਾਂ ਦੀ ਨਿਰਾਸ਼ਤਾ ਸਿਰਦਾਰ ਕਪੂਰ ਸਿੰਘ, ਭਗਵਾਨ ਸਿੰਘ ਦਾਨੇਵਾਲੀਆ, ਡਾ. ਸੰਗਤ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਗੁਰਦਰਸ਼ਨ ਸਿੰਘ ਢਿੱਲੋਂ ਦੀਆਂ ਕਿਤਾਬਾਂ ਵਿਚੋਂ ਵੀ ਸਪੱਸ਼ਟ ਮਿਲਦੀ ਹੈ। ਸਵਾਲ ਸਾਡੇ ਸਭ ਲਈ ਹੈ ਕਿ ਫਿਰ ਇਸ ਦਾ ਹੱਲ ਕੀ ਹੈ? ਇਸ ਸਾਰੀ ਕਹਾਣੀ ਦਾ ਵਿਅੰਗਆਤਮਕ ਪਹਿਲੂ ਇਹ ਹੈ ਕਿ ਇਹ ਸਾਰੇ ਵਿਦਵਾਨ ਆਪਣੀ ਪੀੜ੍ਹੀ ਥੱਲੇ ਸੋਟਾ ਕਦੇ ਨਹੀਂ ਫੇਰਦੇ ਕਿ ਜੇ ਇਹ ਇਤਨੇ ਹੀ ਸਿਆਣੇ ਸਨ ਤਾਂ ਇਨ੍ਹਾਂ ਨੇ ਉਨ੍ਹਾਂ ਦੀ ਪੁਜ਼ੀਸ਼ਨ ਕਿਉਂ ਨਾ ਲੈ ਲਈ, ਇਹ ਇਸ ਸਾਰੇ ਦੌਰ ਵਿਚ ਆਪ ਕੀ ਕਰ ਰਹੇ ਸਨ? ਇਹ ਕਦੇ ਦੇਖਣ ਦਾ ਯਤਨ ਨਹੀਂ ਕਰਦੇ ਕਿ ਸਮੇਂ-ਸਮੇਂ ਸਿੱਖ ਲੀਡਰਸ਼ਿਪ ਦੀਆਂ ਕੀ-ਕੀ ਮਜਬੂਰੀਆਂ ਰਹੀਆਂ ਹੋਣਗੀਆਂ?

ਦਲਬੀਰ ਸਿੰਘ ਖੁਦ ਕਿਤਨੇ ਕੁ ਦੂਰ-ਅੰਦੇਸ਼ ਸਨ, ਉਨ੍ਹਾਂ ਦੀ ਇਸੇ ਕਿਤਾਬ ਦੇ ਪੰਨਾ 99 'ਤੇ ਦਰਜ ਟਿੱਪਣੀ ਤੋਂ ਬੜੀ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ। ਉਹ ਲਿਖਦੇ ਹਨ: 'ਇੱਕ ਦਿਨ ਸੰਤ ਕਹਿਣ ਲੱਗੇ ਕਿ ਮੇਰੇ ਪਾਸ ਕੁਝ ਸੱਜਣ ਆਏ ਸਨ ਤੇ ਅਖਬਾਰ ਕੱਢਣ ਬਾਰੇ ਗੱਲ ਕਰ ਰਹੇ ਸਨ, ਤੂੰ ਦੱਸ ਕੀ ਕਰੀਏ? ਮੈਂ ਸੋਚਣ ਦਾ ਸਮਾਂ ਮੰਗ ਕੇ ਕੁਝ ਦਿਨ ਬਾਅਦ ਆ ਕੇ ਦੱਸਿਆ ਕਿ ਇੱਕ ਕਰੋੜ ਨਾਲ ਅਖਬਾਰ ਕੱਢੀ ਜਾ ਸਕਦੀ ਹੈ? ਅਗਲੇ ਹਫਤੇ ਕਹਿੰਦੇ ਕਿ ਅਖਬਾਰ ਬਾਰੇ ਕੀ ਸੋਚਿਆ ਤਾਂ ਮੈਂ ਉਲਝਣ ਵਿਚ ਕਿਹਾ ਕਿ ਜੇ ਅਖਬਾਰ ਵਿਚ ਸਿਖਰਵਾਂ ਸੱਚ ਨਾ ਲਿਖਿਆ ਤਾਂ ਤੁਸੀਂ ਬੁਰਾ ਮਨਾਉਗੇ ਅਤੇ ਜੇ ਲਿਖਿਆ ਤਾਂ ਸਰਕਾਰ ਅਖਬਾਰ ਨੂੰ ਤਾਲੇ ਲਗਾ ਦੇਵੇਗੀ। ਸੰਤ ਬੋਲੇ: ਛੱਡ ਖਹਿੜਾ, ਅਖ਼ਬਾਰ ਦਾ। ਇੱਕ ਸਟੇਨਗੰਨ 8 ਹਜ਼ਾਰ ਦੀ ਆਉਂਦੀ ਆ ਤੇ ਇੱਕ ਕਰੋੜ ਦੀਆਂ ਕਿੰਨੀਆਂ ਆਈਆਂ? ਦਿਹਾੜੀ ਦਾ ਇੱਕ ਮੈਗਜ਼ੀਨ ਖਾਲੀ ਕਰਨ ਤਾਂ ਸਾਰੀ ਦੁਨੀਆ ਦੇ ਰੇਡੀਓ, ਅਖ਼ਬਾਰਾਂ ਤੇ ਟੈਲੀਵਿਜ਼ਨ ਬੋਲਦੇ ਹਨ। ਇੱਕ ਅਖਬਾਰ ਨਾਲ ਇਤਨਾ ਪ੍ਰਚਾਰ ਨਹੀਂ ਹੋ ਸਕਦਾ, ਜਿਤਨਾ ਗੰਨ ਨਾਲ...। ਗੱਲ ਇਥੇ ਹੀ ਮੁੱਕ ਗਈ?' ... ਇਹ ਗੱਲਬਾਤ ਕਿਸੇ ਜੰਗੀ ਕਿਲ੍ਹੇ ਵਿਚ ਨਹੀਂ ਬਲਕਿ ਦਰਬਾਰ ਸਾਹਿਬ ਦੇ ਵਿਹੜੇ ਵਿਚ ਹੋ ਰਹੀ ਸੀ। ਦਲਬੀਰ ਸਿੰਘ ਸੰਤਾਂ ਦੀ ਅਦੁੱਤੀ ਯੁੱਧ ਕਲਾ ਤੋਂ ਕਿਵੇਂ ਵਾਰੇ-ਵਾਰੇ ਜਾ ਰਹੇ ਸਨ, ਉਨ੍ਹਾਂ ਦੀ ਲਿਖਤ ਦੇ ਅੰਦਾਜ਼ ਤੋਂ ਹੀ ਸਪੱਸ਼ਟ ਹੋ ਰਿਹਾ ਹੈ। ਅੱਜ ਕੱਲ੍ਹ ਸੰਤਾਂ ਦੀ ਇਸੇ ਤਰ੍ਹਾਂ ਦੀ ਬਿੰਬ-ਉਸਾਰੀ ਦਾ ਬੀੜਾ ਦਲਬੀਰ ਸਿੰਘ ਤੋਂ ਵੀ ਵੱਧ ਜ਼ੋਰ-ਸ਼ੋਰ ਨਾਲ ਸਿੱਖ ਚਿੰਤਕ ਅਜਮੇਰ ਸਿੰਘ ਨੇ ਚੁੱਕਿਆ ਹੋਇਆ ਹੈ। **(ਚੱਲਦਾ)**

# ਵਰਤੋਂ ਕੰਪਿਊਟਰ ਦੀ

## ਲੜੀ ਨੰਬਰ 2

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਕੰਪਿਊਟਰ ਨਾਲ਼ ਕੰਮ ਕਰਨ ਤੋਂ ਪਹਿਲਾਂ ਇਸ ਦੀ ਕੰਮ ਕਰਨ ਦੀ ਵਿਧੀ ਅਤੇ ਇਸ ਦੇ ਚੱਕਰ-ਚਿੰਨ੍ਹ ਤੋਂ ਜਾਣੂੰ ਹੋਣਾ ਬਹੁਤ ਜ਼ਰੂਰੀ ਹੈ।

**ਵਿਧੀ:** ਕੰਪਿਊਟਰ ਅੰਗਰੇਜ਼ੀ ਅੱਖਰਾਂ ਆਈ.ਪੀ.ਓ. ਅਨੁਸਾਰ ਆਪਣੇ ਸਾਰੇ ਕਾਰਜ ਪੂਰੇ ਕਰਦਾ ਹੈ। ਆਈ; ਭਾਵ 'ਇਨਪੁੱਟ' ਵਰਤੋਂਕਾਰ ਕੀਅ-ਬੋਰਡ ਆਦਿ ਯੰਤਰਾਂ ਦੀਆਂ ਕਮਾਂਡਾਂ ਰਾਹੀਂ ਕੰਪਿਊਟਰ ਨੂੰ ਹੁਕਮ ਭਾਵ ਇਨਪੁੱਟ ਕਰਦਾ ਹੈ। ਪੀ; 'ਪ੍ਰੋਸੈੱਸਿੰਗ' ਕੰਪਿਊਟਰ ਆਪਣੇ ਅੰਦਰ ਪ੍ਰੋਗਰਾਮਰਾਂ ਵੱਲੋਂ ਪਾਏ ਗਏ ਸੋਚ, ਵਿਚਾਰ ਅਤੇ ਰਚਨਾ ਸੰਸਾਰ ਅਨੁਸਾਰ ਉਨ੍ਹਾਂ ਕਮਾਂਡਾਂ ਨੂੰ ਸਮਝਦਾ ਅਤੇ ਉਨ੍ਹਾਂ ਅਨੁਸਾਰ ਪ੍ਰੋਸੈੱਸ ਭਾਵ ਕੰਮ ਕਰਦਾ ਹੈ ਅਤੇ ਓ; 'ਆਊਟ ਪੁੱਟ' ਕੰਪਿਊਟਰ ਆਪਣੇ ਕੀਤੇ ਕੰਮ ਦੀ ਮਾਨੀਟਰ ਉੱਤੇ ਪ੍ਰਦਰਸ਼ਨੀ ਭਾਵ ਆਊਟਪੁੱਟ ਕਰਦਾ ਹੈ।

ਯਾਦ ਰਹੇ ਕਿ ਕੰਪਿਊਟਰ ਆਪਣੇ ਵੱਲੋਂ ਕੁੱਝ ਨਹੀਂ ਕਰਦਾ। ਜੋ ਉਸ ਨੂੰ ਕਮਾਂਡਾਂ ਮਿਲ਼ਦੀਆਂ ਹਨ, ਉਨ੍ਹਾਂ ਦਾ ਹਿਸਾਬ-ਕਿਤਾਬ ਲਾ ਕੇ ਸਿੱਟੇ ਪੇਸ਼ ਕਰਦਾ ਹੈ। ਜਦੋਂ ਵਰਤੋਂਕਾਰ ਕਹਿੰਦਾ ਹੈ ਕਿ ਆਹ ਕੰਮ ਆਪੇ ਹੀ ਹੋ ਗਿਆ, ਉਹ ਗ਼ਲਤ ਕਹਿੰਦਾ ਹੈ। ਕਿਧਰੇ ਅਣਜਾਣਪਣੇ ਵਿਚ ਗ਼ਲਤੀ ਨਾਲ਼ ਉਸ ਕੋਲ਼ੋਂ ਕੋਈ ਕਮਾਂਡ ਦਿੱਤੀ ਗਈ ਹੁੰਦੀ ਹੈ। ਗੱਲ ਕੀ ਜੋ ਤੁਸੀਂ ਕਮਾਂਡ ਦੇਵੋਗੇ ਕੰਪਿਊਟਰ ਉਹੋ ਕੰਮ ਕਰੇਗਾ। ਜੇ ਤੁਸੀਂ ਕੀਅ ਬੋਰਡ 'ਤੇ 'ੲ' ਕੀਅ ਦੱਬ ਕੇ ਕਮਾਂਡ ਦੇਵੋਂਗੇ ਕਿ ਪੰਜਾਬੀ ਦਾ ਊੜਾ ਟਾਈਪ ਕਰੋ ਤਾਂ ਕੰਪਿਊਟਰ ਮਾਨੀਟਰ ਉੱਤੇ ਊੜਾ ਪਾ ਦੇਵੇਗਾ।

**ਬਾਇਨਰੀ ਪ੍ਰਬੰਧ:** ਸੰਸਾਰ ਵਿਚ ਗਿਣਤੀ ਦੇ ਅਨੇਕ ਪ੍ਰਬੰਧ ਚਲਦੇ ਹਨ, ਜੋ ਬਹੁਤੇ ਪ੍ਰਚੱਲਿਤ ਹਨ। ਇਹ ਪ੍ਰਬੰਧ ਹਨ;

1) ਹੈਕਸਾ: 1, 16, 256 ਆਦਿ ਵਾ਼ਲਾ।


2) ਦਸ਼ਮਲਵ: 1 ਇਕਾਈ, 10 ਦਹਾਈ, 100 ਸੈਂਕੜਾ ਆਦਿ ਵਾ਼ਲਾ, ਜੋ ਆਮ ਹੀ ਵਰਤੋਂ ਵਿਚ ਆਉਂਦਾ ਹੈ।

3) ਡੈਕਾ: 1, 8, 64 ਆਦਿ ਵਾ਼ਲਾ।

4) ਬਾਇਨਰੀ: 1, 2, 4, 8, 16 ਆਦਿ ਵਾ਼ਲਾ।

ਕੰਪਿਊਟਰ ਬਾਇਨਰੀ ਸਿਸਟਮ ਨਾ਼ਲ ਚੱਲਦਾ ਹੈ। ਇਸ ਕੋ਼ਲ ਕੇਵਲ ਦੋ ਹੀ ਅੰਕ ਹਨ 0 ਅਤੇ ਇਕ। ਇਹ ਆਪਣੇ ਸਾਰੇ ਕੰਮ ਇਸ 0 ਅਤੇ 1 ਦੇ ਮੇਲ-ਜੋ਼ਲ ਨਾ਼ਲ ਹੀ ਕਰਦਾ ਹੈ। 0 ਭਾਵ ਇਸਦੇ ਗਿਣਤੀ-ਮਿਣਤੀ ਪ੍ਰਬੰਧ ਵਿਚ ਬਿਜਲੀ ਨਹੀਂ ਗਈ ਅਤੇ 1 ਭਾਵ ਪ੍ਰਬੰਧ ਵਿਚ ਖਾਸ ਮਿਣਤੀ ਦੀ ਬਿਜਲੀ ਗਈ ਹੈ। ਅੱਗੇ ਫਿਰ ਤਾਰ-ਸੰਦੇਸ਼ ਵਾਂਗ 'ਡਿੱਡ', 'ਡੌਟ' ਚੱਲਦਾ ਹੈ। ਇਸ 0, 1 ਦੀ ਤਰਲਤਾ ਕਾਰਨ ਕੰਪਿਊਟਰ ਸੰਸਾਰ ਦੀ ਹਰ ਭਾਸ਼ਾ ਸਮਝਦਾ ਹੈ ਅਤੇ ਹਰ ਭਾਸ਼ਾ ਵਿਚ ਆਪਣੇ ਸਿੱਟੇ ਪੇਸ਼ ਕਰਦਾ ਹੈ। ਕੰਮ ਕਰਨ ਤੋਂ ਪਹਿਲੋਂ ਕੰਪਿਊਟਰ ਨੂੰ ਇਹ ਦੱਸ ਦਿੱਤਾ ਜਾਂਦਾ ਹੈ ਕਿ ਕਿਸ ਲਿੱਪੀ ਅਤੇ ਕਿਸ ਕੀਅ ਬੋਰਡ ਅਨੁਸਾਰ ਕੰਮ ਕਰਨਾ ਹੈ।

ਸੋ ਕੰਪਿਊਟਰ ਰਾਹੀਂ ਕੰਮ ਕਰਨ ਦੇ ਦੋ ਹੀ ਮੁੱਖ ਅੰਗ ਹਨ। ਪਹਿਲਾ ਆਈ ਭਾਵ ਇਨਪੁੱਟ ਵਿਧੀਆਂ ਨਾ਼ਲ ਕੰਪਿਊਟਰ ਨੂੰ ਹੁਕਮ ਦੇਣੇ। ਜੋ ਕੀਅ ਬੋਰਡ, ਮਾਊਸ, ਸਕੈਨਰ, ਕੈਮਰਾ, ਇੰਟਰਨੈੱਟ ਰਾਹੀਂ ਦਿੱਤੇ ਜਾ ਸਕਦੇ ਹਨ। ਦੂਜਾ ਓ ਭਾਵ ਆਊਟਪੁੱਟ, ਜਿਸ ਦੀ ਪ੍ਰਦਰਸ਼ਨੀ ਮਾਨੀਟਰ ਆਦਿ ਰਾਹੀਂ ਕੀਤੀ ਜਾਂਦੀ ਹੈ ਤੇ ਅਸੀਂ ਆਪਣੇ ਕੀਤੇ ਕਾਰਜ ਨਾ਼ਲ ਇੱਕਸੁਰ ਵੀ ਰਹਿੰਦੇ ਹਾਂ ਅਤੇ ਉਸ ਦਾ ਸਹੀ ਹੋਣਾ ਵੀ ਯਕੀਨੀ ਬਣਾਉਂਦੇ ਹਾਂ। ਵਰਤੋਂਕਾਰ ਦਾ ਇਨ੍ਹਾਂ ਦੋਹਾਂ ਪ੍ਰਬੰਧਾਂ ਸਬੰਧੀ ਲੋੜ ਅਨੁਸਾਰ ਵੱਧ ਤੋਂ ਵੱਧ ਜਾਣਕਾਰ ਹੋਣਾ ਲਾਹੇਵੰਦ ਰਹਿੰਦਾ ਹੈ। ਪਹਿਲਾਂ ਨੰਬਰ 2 ਮਾਨੀਟਰ ਦੇ ਪ੍ਰਬੰਧ ਸਬੰਧੀ ਜਾਣਕਾਰੀ ਪ੍ਰਾਪਤ ਕਰ ਲੈਣੀ ਠੀਕ ਰਹੇਗੀ ਕਿਉਂਕਿ ਇਸ ਵਿਚ ਨੰਬਰ 1 ਪ੍ਰਬੰਧ ਵੀ ਬਹੁਤ ਹੱਦ ਤੀਕਰ ਸਮਿਲਤ ਹੈ।




**ਆਊਟਪੁੱਟ ਪ੍ਰਬੰਧ:** ਇਸ ਦਾ ਮੁੱਖ ਤੌਰ ਉੱਤੇ ਪ੍ਰਦਰਸ਼ਨ ਮਾਨੀਟਰ ਰਾਹੀਂ ਕੀਤਾ ਜਾਂਦਾ ਹੈ। ਜਦੋਂ ਕੋਈ ਐਪ (ਇੱਥੇ ਐਪ ਤੋਂ ਭਾਵ ਵਰਡ ਪ੍ਰੋਸੈੱਸਰ ਭਾਵ ਸ਼ਬਦ-ਬੀੜ ਮਾਈਕਰੋਸਾਫਟ ਵਰਡ ਹੈ) ਸਤਰਕ ਕੀਤਾ ਜਾਂਦਾ ਹੈ ਤਾਂ ਮਾਨੀਟਰ ਉੱਤੇ ਉਸ ਦਾ 'ਯੂਜ਼ਰ'ਜ਼ ਇੰਟਰਫੇਸ' (ਵਰਤੋਂਕਾਰ ਲਈ ਦਰਸ਼ਨੀ ਦ੍ਰਿਸ਼) ਸਾਹਮਣੇ ਆ ਜਾਂਦਾ ਹੈ, ਜਿਸ ਦੀ ਜਾਣਕਾਰੀ ਦੇਣ ਲਈ ਉਸ ਨੂੰ ਪੰਜਾਂ ਭਾਗਾਂ ਵਿਚ ਵੰਡ ਲਈਦਾ ਹੈ।

ਪਹਿਲਾ ਇਸ ਦੇ ਕੇਂਦਰ ਵਿਚ ਚਿੱਟਾ ਵੱਡਾ ਮੇਨ ਭਾਗ ਆਪਣਾ ਕੰਮ ਕਰਨ ਲਈ। ਦੂਜਾ ਉੱਪਰਲਾ ਵੱਡਾ ਮਹੱਤਵਪੂਰਨ ਭਾਗ ਕਮਾਂਡਾਂ ਵਾ਼ਲਾ, ਤੀਜਾ ਹੇਠਲਾ ਤਿੰਨ ਪੱਟੀ ਭਾਗ ਜਾਣਕਾਰੀ ਵਾ਼ਲਾ। ਚੌਥਾ ਸੱਜੇ ਪਾਸੇ ਉੱਪਰ ਥੱਲੇ ਦੀ ਸਕਰੌਲ ਵਾ਼ਲਾ। ਪੰਜਵਾਂ ਖੱਬੇ ਪਾਸੇ ਉੱਪਰ ਥੱਲੇ ਦੇ ਰੂਲਰ ਵਾ਼ਲਾ। ਹੁਣ ਇਨ੍ਹਾਂ ਨੂੰ ਇੱਕ-ਇੱਕ ਕਰ ਕੇ ਵਿਸਥਾਰ ਵਿਚ ਵਿਚਾਰਿਆ ਜਾਵੇਗਾ। ਯਾਦ ਰਹੇ ਕਿ ਇਸ ਪ੍ਰਬੰਧ ਦਾ ਗਿਆਨ ਵਰਤੋਂਕਾਰ ਦੀ ਯੋਗਤਾ ਨੂੰ ਚਾਰ ਚੰਨ ਲਾਉਂਦਾ ਹੈ।


**1. ਕੇਂਦਰੀ ਭਾਗ:** ਇਹ ਵਰਤੋਂਕਾਰ ਦੀ ਕਾਰਜ ਭੂਮੀ ਹੈ। ਉਸ ਨੇ ਜੋ ਵੀ ਕੰਮ ਕਰਨਾ ਹੈ, ਇਸ ਵਿਚ ਹੀ ਕਰਨਾ ਹੈ। ਇਸ ਦੇ ਚਾਰ ਚੁਫੇਰੇ ਤਾਂ ਆਪਣੇ ਕਾਰਜ ਵਿਚ ਮਾਨਣਯੋਗ ਸਫਲਤਾ ਪ੍ਰਾਪਤ ਕਰਨ ਲਈ ਵਰਤੇ ਜਾਣ ਵਾ਼ਲੇ ਟੂਲਾਂ ਭਾਵ ਕਮਾਂਡਾਂ ਦਾ ਭੰਡਾਰ ਪਿਆ ਹੈ। ਇਸ ਭਾਗ ਦੇ ਅੱਗੇ ਤਿੰਨ ਭਾਗ ਬਣ ਜਾਂਦੇ ਹਨ ਪੇਪਰ ਦਾ ਉੱਪਰਲਾ ਇੰਚ ਕੁ ਭਾਗ ਹੈੱਡਰ ਅਤੇ ਹੇਠਲਾ ਇੰਚ ਕੁ ਭਾਗ ਫੁੱਟਰ ਕਹਾਉਂਦਾ ਹੈ। ਇੱਕ ਤੋਂ ਦੂਜੇ ਭਾਗ ਵਿਚ ਜਾਣ ਲਈ ਉਸ ਦੂਜੇ ਭਾਗ ਵਿਚ ਮਾਊਸ ਲਿਜਾ ਕੇ ਡਬਲ ਕਲਿੱਕ ਕਰਨਾ ਹੁੰਦਾ ਹੈ।

**2. ਉੱਪਰਲਾ ਭਾਗ:** ਇਸ ਵਿਚ ਸਭ ਤੋਂ ਉੱਪਰਲੀ ਪੱਟੀ ਦਾ ਨਾਂ 'ਟਾਈਟਲ ਬਾਰ' ਭਾਵ ਸਿਰਨਾਵਾਂ ਪੱਟੀ ਹੈ। ਇਹ ਪੱਟੀ ਚਿੱਠੀ ਉੱਤੇ ਲਿਖੇ ਸਿਰਨਾਵੇਂ ਤੁੱਲ ਹੁੰਦੀ ਹੈ। ਇਸ ਵਿਚ ਕਈ ਮਹੱਤਵਪੂਰਨ ਸੂਚਨਾਵਾਂ ਹੁੰਦੀਆਂ ਹਨ, ਜਿਵੇਂ ਕਿ ਇਸ ਫਾਈਲ ਜਾਂ ਡਾਕੂਮੈਂਟ ਦਾ ਨਾਂ ਕੀ ਹੈ, ਇਹ ਕਿਸ ਐਪ ਜਾਂ ਪ੍ਰੋਗਰਾਮ ਵਿਚ ਲਿਖੀ ਗਈ ਹੈ ਤੇ ਕਿਸ ਵਿਚ ਖੁੱਲ੍ਹੇਗੀ ਆਦਿ। ਇਸ ਪੱਟੀ ਵਿਚ ਵਰਤੋਂਕਾਰ ਦੇ ਧੁਰ ਸੱਜੇ ਹੱਥ ਤਿੰਨ ਕੰਟਰੋਲ ਬਟਨ ਹੁੰਦੇ ਹਨ। ਜਾਦੂ ਦੇ ਝੁਰਲੂ ਹੀ ਸਮਝੋ। ਮਾਈਨਸ ਦਾ ਨਿਸ਼ਾਨ ਕਲਿੱਕ ਕਰਨ ਨਾ਼ਲ ਡਾਕੂਮੈਂਟ ਬਿੰਦੂ ਬਣ ਕੇ ਸਟੇਟਸ ਬਾਰ 'ਤੇ ਆ ਜਾਏਗਾ। ਉੱਥੋਂ ਕਲਿੱਕ ਕਰੋਗੇ ਤਾਂ ਪੂਰਾ ਖੁੱਲ੍ਹ ਜਾਏਗਾ। ਬੌਕਸ ਨੂੰ ਕਲਿੱਕ ਕਰੋਗੇ ਤਾਂ ਡਾਕੂਮੈਂਟ ਛੋਟਾ ਹੋ ਜਾਏਗਾ ਅਤੇ ਉਸ ਨੂੰ ਸਿਰ ਤੋਂ ਫੜ ਕੇ ਕਿਸੇ ਪਾਸੇ ਵੀ ਲਿਜਾ ਸਕਦੇ ਹੋ। ਕੋਨੇ ਜਾਂ ਕਿਨਾਰੇ ਤੋਂ ਫੜ ਕੇ (ਜਦੋਂ ਤੀਰ ਦੋਹੀਂ ਪਾਸੀਂ ਹੋਵੇ) ਡਾਕੂਮੈਂਟ ਨੂੰ ਹੋਰ ਛੋਟਾ ਜਾਂ ਵੱਡਾ ਕਰ ਸਕਦੇ ਹੋ। ਮੁੜ ਬਾਕਸ ਨੂੰ ਕਲਿੱਕ ਕਰੋਗੇ ਡਾਕੂਮੈਂਟ ਰੀ-ਸਟੋਰ ਹੋ ਕੇ ਪੂਰੇ ਸਾਈਜ਼ ਦਾ ਹੋ ਜਾਵੇਗਾ। ਕਰੌਸ ਜਾਂ ਅੰਗਰੇਜ਼ੀ ਅੱਖਰ ਐਕਸ, ਜਦੋਂ ਡਾਕੂਮੈਂਟ ਪੱਕਾ ਹੀ ਬੰਦ ਕਰਨਾ ਹੋਵੇ ਤਾਂ ਕਲਿੱਕ ਕਰੀਦਾ ਹੈ। ਕੰਟਰੋਲ ਬਟਨਾਂ ਦੇ ਕੋ਼ਲ ਉੱਪਰ ਨੂੰ ਤੀਰ ਵਾ਼ਲਾ ਇੱਕ ਚੌਥਾ ਬਟਨ ਵੀ ਹੁੰਦਾ ਹੈ, ਜੋ ਰਿਬਨ ਨੂੰ ਲੋੜ ਅਨੁਸਾਰ ਛੋਟਾ-ਵੱਡਾ ਕਰਦਾ ਹੈ। ਵਰਤੋਂਕਾਰ ਦੇ ਖੱਬੇ ਹੱਥ ਮਾਈਨਸ ਹੇਠਾਂ ਤਿਕੋਣ ਹੈ, ਜੋ 'ਕੁਇੱਕ ਐਕਸੈੱਸ ਟੂਲਬਾਰ ਨੂੰ ਰਿਬਨ ਦੇ ਉੱਪਰ ਜਾਂ ਹੇਠਾਂ ਲੈ ਜਾਂਦੀ ਹੈ।

**ਰਿਬਨ:** ਉੱਪਰਲੇ ਭਾਗ ਵਿਚ, ਟਾਈਟਲ ਬਾਰ ਤੋਂ ਥੱਲੇ ਅਤੇ 1, 2, 3 ਇੰਚੀ ਟੇਪ ਤੋਂ ਉੱਪਰਲੇ ਸਾਰੇ ਭਾਗ ਨੂੰ 'ਰਿਬਨ' ਕਹਿੰਦੇ ਹਨ। ਇਹ ਕਮਾਂਡਾਂ ਦਾ ਭੰਡਾਰ ਹੈ। ਫਾਈਲ, ਹੋਮ ਵਾ਼ਲੀ ਪੱਟੀ ਵਿਚ ਕਮਾਂਡ ਟੈਬਾਂ ਨੂੰ ਵੱਡੇ ਟੂਲ ਬਕਸਿਆਂ ਵਾਂਗ ਰੱਖਿਆ ਗਿਆ ਹੈ। ਜਿਹੜੀ ਵੀ ਕਮਾਂਡ ਟੈਬ ਨੂੰ ਕਲਿੱਕ ਕਰਾਂਗੇ ਉਸ ਦੇ ਛੋਟੇ-ਛੋਟੇ ਕਈ ਟੂਲ ਸੈੱਟ ਖੁੱਲ੍ਹ ਜਾਣਗੇ। ਉਨ੍ਹਾਂ ਨੂੰ ਕਮਾਂਡ ਸੈੱਟ ਕਿਹਾ ਜਾਂਦਾ ਹੈ। ਹਰ ਕਮਾਂਡ ਸੈੱਟ ਦਾ ਪੂਰਾ ਹੇਠਾਂ ਨਾਂ ਲਿਖਿਆ ਹੁੰਦਾ ਹੈ। ਉਸ ਦੇ ਸੱਜੇ ਖੱਬੇ ਦੋ ਖੜ੍ਹੀਆਂ ਲਾਈਨਾਂ ਉਸ ਨੂੰ ਦੂਜੇ ਸੈੱਟਾਂ ਤੋਂ ਨਿਖੇੜਦੀਆਂ ਹਨ। ਹਰੇਕ ਸੈੱਟ ਵਿਚ ਉਸ ਸੈੱਟ ਦੀਆਂ ਕਮਾਂਡਾਂ ਹੁੰਦੀਆਂ ਹਨ। ਹਰ ਲੋੜੀਂਦੇ ਸੈੱਟ ਵਿਚ ਉਸ ਦੇ ਨਾਂ ਤੋਂ ਅੱਗੇ ਸੱਜੇ ਹੇਠਲੇ ਕੋਨੇ ਵਿਚ ਇੱਕ ਡੱਬੀ ਵਿਚ ਨਿੱਕਾ ਜਿਹਾ ਤੀਰ (ਗੁਲਾਬੂ) ਹੁੰਦਾ ਹੈ। ਉਸ ਨੂੰ ਕਲਿੱਕ ਕਰੀਏ ਤਾਂ ਉਸ ਸੈੱਟ ਦੀਆਂ ਕਮਾਂਡਾਂ ਦਾ ਵਿਸਥਾਰ ਉਜਾਗਰ ਹੋ ਜਾਂਦਾ ਹੈ। 'ਰਿਬਨ' ਦੀ ਚਰਚਾ ਅਗਲੇ ਲੇਖ ਵਿਚ ਕੀਤੀ ਜਾਏਗੀ। **(ਚੱਲਦਾ)**

# ਚੋਣ ਪ੍ਰਬੰਧ ਤਾਂ ਚੰਗੇ ਨਹੀਂ, ਪਰ ਚੰਗੇ ਦੀ ਆਸ ਕਰੀਏ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਲੋਕਤੰਤਰ ਆਪਣੀ ਕਿਸਮ ਦਾ ਹੈ ਅਤੇ ਇਹਦੇ ਵਰਗਾ ਹੋਰ ਕੋਈ ਨਹੀਂ ਲੱਭ ਸਕਣਾ। ਇਸ ਦਾ ਮਤਲਬ ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਏਨਾ ਸੁਲੱਖਣਾ ਹੈ ਕਿ ਇਹਦੇ ਵਰਗਾ ਕੋਈ ਨਹੀਂ, ਸਗੋਂ ਇਹ ਏਨੀ ਬੁਰੀ ਤਰ੍ਹਾਂ ਵਿਗੜ ਗਿਆ ਹੈ ਕਿ ਇਸ ਦੇ ਜਿੰਨਾ ਵਿਗੜਿਆ ਸ਼ਾਇਦ ਹੀ ਕੋਈ ਹੋਰ ਹੋਵੇਗਾ। ਉਂਜ ਇਹ ਗੱਲ ਨਹੀਂ ਕਿ ਸਿਰਫ ਭਾਰਤ ਦਾ ਲੋਕਤੰਤਰ ਵਿਗੜਿਆ ਹੋਵੇ, ਸੰਸਾਰ ਦੇ ਕਈ ਦੇਸ਼ਾਂ ਦਾ ਲੋਕਤੰਤਰੀ ਸਿਸਟਮ ਵਿਗਾੜਾਂ ਦੇ ਕਾਰਨ ਸਵਾਲਾਂ ਦੇ ਘੇਰੇ ਵਿਚ ਆਉਂਦਾ ਰਹਿੰਦਾ ਹੈ। ਅਸੀਂ ਪਾਕਿਸਤਾਨ ਨਾਲ ਤੁਲਨਾ ਨਹੀਂ ਕਰਨਾ ਚਾਹੁੰਦੇ ਤੇ ਤੁਲਨਾ ਅਸੀਂ ਜਾਪਾਨ ਵਰਗੇ ਦੇਸ਼ਾਂ ਨਾਲ ਵੀ ਨਹੀਂ ਕਰ ਸਕਦੇ, ਇੱਕ ਪਾਸੇ ਬਹੁਤ ਜ਼ਿਆਦਾ ਵਿਗੜਿਆ ਹੋਇਆ ਪ੍ਰਬੰਧ ਹੈ ਅਤੇ ਦੂਸਰੇ ਪਾਸੇ ਏਨਾ ਸੁਲਝਿਆ ਹੋਇਆ ਕਿ ਅਸੀਂ ਉਸ ਦੇ ਨੇੜੇ-ਤੇੜੇ ਵੀ ਨਹੀਂ ਢੁਕਦੇ। ਸੰਸਾਰ ਦੇ ਜਿਹੜੇ ਦੇਸ਼ ਅਗਵਾਨੂੰ ਸਮਝੇ ਜਾਂਦੇ ਹਨ, ਉਨ੍ਹਾਂ ਵਿਚੋਂ ਅਮਰੀਕਾ ਵਿਚਲੇ ਚੋਣ ਪ੍ਰਬੰਧ ਦਾ ਨੱਕ ਵੱਢਣ ਵਾਲਾ ਜਿਹੜਾ ਕੰਮ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਕਰ ਗਿਆ ਹੈ, ਉਸ ਪਿੱਛੋਂ ਭਾਰਤੀ ਲੋਕ ਉਸ ਦੀ ਮਿਸਾਲ ਦੇ ਕੇ ਇਹ ਕਹਿ ਛੱਡਿਆ ਕਰਨਗੇ ਕਿ ਅਸੀਂ ਇਕੱਲੇ ਨਹੀਂ, ਅਮਰੀਕਾ ਵਰਗੇ ਦੇਸ਼ਾਂ ਵਿਚ ਵੀ ਇਸ ਪੱਖੋਂ ਬੁਰਾ ਹਾਲ ਹੋਇਆ ਪਿਆ ਹੈ।

ਇਸ ਵਕਤ ਜਦੋਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਸਰਗਰਮੀ ਸ਼ੁਰੂ ਹੋ ਚੁੱਕੀ ਹੈ, ਸਭ ਪਾਰਟੀਆਂ ਦੇ ਲੀਡਰ ਪੁਰਾਤਨ ਜੰਗਾਂ ਵਿਚ ਰੱਥਾਂ ਉੱਤੇ ਸਵਾਰ ਹੋ ਕੇ ਨਿਕਲੇ ਰਾਜਿਆਂ ਵਾਂਗ ਧੂੜਾਂ ਉਡਾਈ ਜਾਂਦੇ ਹਨ ਤਾਂ ਆਮ ਲੋਕਾਂ ਦੇ ਮੂੰਹੋਂ ਚੋਣ ਪ੍ਰਬੰਧ ਬਾਰੇ ਕਈ ਟਿੱਪਣੀਆਂ ਸੁਣੀਆਂ ਜਾ ਰਹੀਆਂ ਹਨ। ਇੱਕ ਟਿਪਣੀ ਸਦਾ ਵਾਂਗ ਇਸ ਵਾਰੀ ਵੀ ਇਹੋ ਹੈ ਕਿ ਚੋਣਾਂ ਦਾ ਸਿਰਫ ਡਰਾਮਾ ਹੈ, ਵੋਟਿੰਗ ਮਸ਼ੀਨਾਂ ਵਿਚ ਨਤੀਜਾ ਪਹਿਲਾਂ ਭਰ ਦਿੱਤਾ ਹੋਵੇਗਾ। ਮਨ ਵਿਚ ਕਈ ਸ਼ੱਕ ਹੋਣ ਦੇ ਬਾਵਜੂਦ ਅਸੀਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋ ਸਕਦੇ। ਜਿਹੜੀ ਗੱਲ ਅਸੀਂ ਜਾਣਦੇ ਹਾਂ ਤੇ ਕਹਿ ਸਕਦੇ ਹਾਂ, ਉਹ ਇਹ ਹੈ ਕਿ ਭਾਰਤ ਵਿਚ ਪੂਰਾ ਈਮਾਨਦਾਰ ਚੋਣ ਪ੍ਰਬੰਧ ਕਦੇ ਵੀ ਨਹੀਂ ਹੋ ਸਕਿਆ। ਜਦੋਂ ਬੈਲਟ ਪੇਪਰ ਹਾਲੇ ਵਰਤਣੇ ਸ਼ੁਰੂ ਨਹੀਂ ਸੀ ਹੋਏ, ਬਕਸਿਆਂ ਦੇ ਬਾਹਰ ਚੋਣ ਨਿਸ਼ਾਨ ਲਾ ਕੇ ਪਰਦੇ ਓਹਲੇ ਗਏ ਵੋਟਰ ਨੂੰ ਉਸ ਦੀ ਮਰਜ਼ੀ ਦੇ ਨਿਸ਼ਾਨ ਵਾਲੇ ਬਕਸੇ ਵਿਚ ਵੋਟ ਪਾਉਣ ਦੀ ਖੁੱਲ੍ਹ ਹੁੰਦੀ ਸੀ, ਓਦੋਂ ਜ਼ੋਰਾਵਰ ਧਿਰ ਆਪਣੇ ਵਿਰੋਧ ਦੀ ਧਿਰ ਦਾ ਬਕਸਾ ਭਰਿਆ ਵੇਖ ਕੇ ਬਾਹਰ ਲੱਗੇ ਨਿਸ਼ਾਨ ਬਦਲਵਾ ਦੇਂਦੀ ਅਤੇ ਭਰੇ ਹੋਏ ਬਕਸੇ ਮੱਲ ਲਿਆ ਕਰਦੀ ਸੀ। ਪ੍ਰਤਾਪ ਸਿੰਘ ਕੈਰੋਂ ਉੱਤੇ ਇਹ ਦੋਸ਼ ਵੀ ਲੱਗਾ ਸੀ ਕਿ ਉਹ ਚੌਤੀ ਵੋਟਾਂ ਨਾਲ ਹਾਰ ਗਿਆ ਤਾਂ ਰਿਟਰਨਿੰਗ ਅਫਸਰ ਨੂੰ ਚੌਤੀ ਦੇ ਫਰਕ ਨਾਲ ਜਿੱਤਿਆ ਹੋਣ ਦਾ ਐਲਾਨ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਹ ਸਾਡੇ ਬਚਪਨ ਦੇ ਕਿੱਸੇ ਸਨ ਤੇ ਜਦੋਂ ਅਸੀਂ ਪਹਿਲੀ ਵਾਰੀ ਚੋਣ ਹੁੰਦੀ ਵੇਖੀ, ਓਦੋਂ ਇੱਕ ਕੰਮ ਹੋਰ ਹੋ ਗਿਆ ਸੀ।

ਸਾਡੇ ਕੁਝ ਮਿੱਤਰ ਇੱਕ ਵਿਧਾਨ ਸਭਾ ਚੋਣ ਵੇਲੇ ਵੋਟਾਂ ਦੀ ਗਿਣਤੀ ਦੇ ਸਟਾਫ ਵਿਚ ਸਨ, ਕੰਮ ਮੁਕਾ ਕੇ ਆਏ ਤਾਂ ਇੱਕ ਟਿਊਬਵੈੱਲ ਉੱਤੇ ਜਾ ਬੈਠੇ ਤੇ ਇੱਕੋ ਗੱਲ ਕਹੀ ਜਾਣ ਕਿ ਜਿਹੜਾ ਜਿੱਤਿਆ ਹੈ, ਅਸੀਂ ਵੀ ਏਸੇ ਦੇ ਹਮਾਇਤੀ ਹਾਂ, ਪਰ ਆਹ ਕੰਮ ਨਹੀਂ ਸੀ ਹੋਣਾ ਚਾਹੀਦਾ। ਅਸੀਂ ਉਨ੍ਹਾਂ ਤੋਂ ਜਾਨਣ ਲਈ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਇਹੋ ਕਹੀ ਜਾਂਦੇ ਕਿ ਜੇ ਗੱਲ ਬਾਹਰ ਨਿਕਲੀ ਤਾਂ ਸਰਕਾਰ ਕਿਸੇ ਕੇਸ ਵਿਚ ਫਸਾ ਦੇਵੇਗੀ। ਜਦੋਂ ਚੋਣ ਪਟੀਸ਼ਨਾਂ ਵਾਲਾ ਸਮਾਂ ਲੰਘ ਗਿਆ ਤਾਂ ਫਿਰ ਉਨ੍ਹਾਂ ਨੇ ਵਿਚਲੀ ਗੰਢ ਖੋਲ੍ਹ ਕੇ ਦੱਸਿਆ ਕਿ ਵੋਟਾਂ ਦੀ ਗਿਣਤੀ ਦੇ ਇੱਕ ਦਿਨ ਪਹਿਲਾਂ ਉਨ੍ਹਾਂ ਦੀ ਡਿਊਟੀ ਹੋਰ ਹਲਕੇ ਦੀਆਂ ਵੋਟਾਂ ਗਿਣਨ ਦੀ ਸੀ, ਗਿਣਤੀ ਵਾਲੇ ਦਿਨ ਕਾਰਨ ਦੱਸੇ ਬਿਨਾਂ ਬਦਲ ਕੇ ਨਾਲ ਦੇ ਹਲਕੇ ਦਾ ਸਟਾਫ ਕਿਸੇ ਸਰਕਾਰੀ ਐਂਟਰੀ ਤੋਂ ਬਿਨਾਂ ਏਧਰ ਅਤੇ ਏਧਰਲਾ ਓਧਰ ਭੇਜ ਕੇ ਨਾਲ ਧਮਕੀ ਦੇ ਦਿੱਤੀ ਗਈ ਸੀ ਕਿ ਕਿਸੇ ਮੁਲਾਜ਼ਮ ਨੇ ਗੱਲ ਬਾਹਰ ਕੱਢੀ ਤਾਂ ਮਾਰਿਆ ਜਾਵੇਗਾ। ਇਸ ਤਰ੍ਹਾਂ ਕਰਨ ਦੇ ਬਾਅਦ ਵੋਟਾਂ ਦੀ ਗਿਣਤੀ ਵਿਚ ਕੀ ਕੁਝ ਉਨ੍ਹਾਂ ਤੋਂ ਕਰਵਾਇਆ ਗਿਆ, ਉਸ ਦਾ ਜ਼ਿਕਰ ਕਰਦੇ ਵੀ ਉਹ ਕੰਬ ਜਾਂਦੇ ਸਨ।

ਪੰਜਤਾਲੀ ਸਾਲ ਪਹਿਲਾਂ ਦੀ ਇਸ ਗੱਲ ਦਾ ਚੇਤਾ ਸਾਨੂੰ ਇਸ ਲਈ ਆਇਆ ਹੈ ਕਿ ਪੰਜਾਬ ਵਿਚ ਨਾ ਸਹੀ, ਦੇਸ਼ ਦੇ ਕਈ ਪਛੜੇ ਰਾਜਾਂ ਵਿਚ ਅੱਜ ਤਕ ਵੀ ਬਾਹੂ-ਬਲੀ ਉਮੀਦਵਾਰਾਂ ਵੱਲੋਂ ਧੱਕੇ ਨਾਲ ਵੋਟ ਦਾ ਬਟਨ ਦਬਵਾਉਣ ਦੀਆਂ ਖਬਰਾਂ ਮਿਲਦੀਆਂ ਹਨ। ਵੋਟਾਂ ਪੈਣ ਪਿੱਛੋਂ ਉਨ੍ਹਾਂ ਦੀ ਗਿਣਤੀ ਦੇ ਦਿਨ ਤਕ ਵੋਟਿੰਗ ਮਸ਼ੀਨਾਂ ਨੂੰ ਜਿੱਥੇ ਰੱਖਿਆ ਜਾਂਦਾ ਹੈ, ਓਥੋਂ ਵੀ ਕਈ ਵਾਰੀ ਇਹ ਗੱਲ ਸੁਣੀ ਜਾਂਦੀ ਹੈ ਕਿ ਰਾਤ ਦੇ ਵਕਤ ਕੋਈ ਅਧਿਕਾਰੀ ਚੈਕਿੰਗ ਕਰਨ ਦੇ ਬਹਾਨੇ ਕਾਫੀ ਸਮਾਂ ਮਸ਼ੀਨਾਂ ਵਾਲੇ ਕਮਰੇ ਵਿਚ ਵੜ ਕੇ ਪਤਾ ਨਹੀਂ ਕੀ ਕਰਦਾ ਰਿਹਾ ਤੇ ਚੋਣ ਕਮਿਸ਼ਨ ਨੇ ਉਸ ਦਾ ਕੋਈ ਨੁਕਸਾਨ ਨਹੀਂ ਕੀਤਾ, ਕਿਉਂਕਿ ਉਸ ਦੀ ਧੁਰ ਉੱਪਰ ਤਕ ਪਹੁੰਚ ਸੀ। ਏਸੇ ਸਾਲ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਸਾਨੂੰ ਨਵੀਂ ਗੱਲ ਸੁਣਨ ਨੂੰ ਮਿਲੀ ਸੀ। ਓਥੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਰਿਟਰਨਿੰਗ ਅਫਸਰ ਨੇ ਸਾਰੀਆਂ ਧਿਰਾਂ ਦੇ ਗਿਣਤੀ ਵਾਲੇ ਏਜੰਟਾਂ ਦੀ ਹਾਜ਼ਰੀ ਵਿਚ ਜਿੱਤ ਗਈ ਕਹਿ ਦਿੱਤਾ, ਪੱਛਮੀ ਬੰਗਾਲ ਦੇ ਉਸ ਗਵਰਨਰ ਨੇ ਵੀ ਮਮਤਾ ਨੂੰ ਵਧਾਈ ਦੇ ਦਿੱਤੀ, ਜਿਸ ਦੀ ਉਸ ਨਾਲ ਬਣਦੀ ਨਹੀਂ ਸੀ ਤੇ ਫਿਰ ਉਸ ਨੂੰ ਹਾਰੀ ਹੋਈ ਕਹਿ ਦਿੱਤਾ ਗਿਆ। ਹਲਕੇ ਦਾ ਰਿਟਰਨਿੰਗ ਅਫਸਰ ਤਿੰਨ ਘੰਟੇ ਬਾਅਦ ਨਤੀਜਾ ਬਦਲ ਸਕਦਾ ਹੈ, ਇਹ ਕੰਮ ਭਾਰਤ ਵਿਚ ਹੀ ਹੋ ਸਕਦਾ ਹੈ।

ਇਸ ਵਕਤ ਜਦੋਂ ਪੰਜਾਬ ਤੇ ਚਾਰ ਹੋਰ ਰਾਜਾਂ ਵਿਚ ਚੋਣਾਂ ਹੋਣ ਵਾਲੀਆਂ ਹਨ, ਸਾਨੂੰ ਦੂਸਰੇ ਰਾਜਾਂ ਦਾ ਪਤਾ ਨਹੀਂ, ਪੰਜਾਬ ਦੇ ਚੋਣ ਪ੍ਰਬੰਧ ਲਈ ਜ਼ਿੰਮੇਵਾਰ ਮੁੱਖ ਚੋਣ ਅਧਿਕਾਰੀ ਕਰੁਣਾ ਰਾਜੂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਕਰਨਾ ਠੀਕ ਨਹੀਂ ਸਮਝਦੇ। ਇਹ ਪੰਜਾਬ ਲਈ ਸੁਖਾਵਾਂ ਸੰਕੇਤ ਹੈ। ਪਹਿਲੀਆਂ ਕੁਝ ਮਿਸਾਲਾਂ ਇਸ ਤਰ੍ਹਾਂ ਦੀਆਂ ਹਨ ਕਿ ਜ਼ੋਰਾਵਰ ਧਿਰਾਂ ਜਿੱਧਰ ਮਰਜ਼ੀ ਘੋੜੇ ਭਜਾਈ ਫਿਰਨ, ਰਾਜ ਦਾ ਚੋਣ ਅਧਿਕਾਰੀ ਕੁਝ ਕਰਨ ਦੀ ਲੋੜ ਤਾਂ ਕੀ ਸਮਝਦਾ, ਹੇਠਲੀ ਮਸ਼ੀਨਰੀ ਨੂੰ ਵੀ ਕੁਝ ਨਹੀਂ ਸੀ ਕਰਨ ਦੇਂਦਾ। ਮੌਜੂਦਾ ਪ੍ਰਬੰਧ ਵਿਚ ਇੱਕ ਚੰਗੀ ਗੱਲ ਪਿਛਲੇ ਮਹੀਨੇ ਹੋ ਗਈ ਕਿ ਇੱਕ ਬਹੁ-ਚਰਚਿਤ ਮੰਤਰੀ ਨੇ ਭ੍ਰਿਸ਼ਟਾਚਾਰ ਦਾ ਦੋਸ਼ੀ ਸਾਬਤ ਹੋ ਚੁੱਕੇ ਬਦਨਾਮ ਅਫਸਰ ਨੂੰ ਆਪਣੇ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਲਵਾਉਣ ਦੀ ਕੋਸ਼ਿਸ਼ ਕੀਤੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹਰ ਕਿਸੇ ਅੱਗੇ ਕਮਜ਼ੋਰੀ ਵਿਖਾ ਜਾਣ ਵਾਲਾ ਹੋਣ ਕਰਕੇ ਉਸ ਨੇ ਉਸ ਮੰਤਰੀ ਦੀ ਘੂਰੀ ਵੇਖ ਕੇ ਉਹ ਅਫਸਰ ਉਸ ਦੀ ਮਰਜ਼ੀ ਦੇ ਮੁਤਾਬਕ ਲਾਉਣ ਦੀ ਹਾਂ ਕਰ ਦਿੱਤੀ, ਪਰ ਉਸ ਦੀ ਮਨਜ਼ੂਰੀ ਚੋਣ ਕਮਿਸ਼ਨ ਤੋਂ ਲੈਣੀ ਪੈਣੀ ਸੀ। ਚੋਣ ਕਮਿਸ਼ਨ ਨੇ ਪੰਜਾਬ ਦੇ ਅਧਿਕਾਰੀਆਂ ਦੀ ਰਿਪੋਰਟ ਉੱਤੇ ਉਸ ਅਫਸਰ ਨੂੰ ਇੱਕ ਪ੍ਰਮੁੱਖ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਲਾਏ ਜਾਣ ਤੋਂ ਰੋਕ ਦਿੱਤਾ, ਵਰਨਾ ਭ੍ਰਿਸ਼ਟਾਚਾਰ ਦੀ ਨਦੀ ਵਿਚ ਇੱਕ ਵਾਰ ਡੁੱਬ ਕੇ ਨੌਕਰੀ ਗਵਾ ਚੁੱਕਾ ਅਤੇ ਫਿਰ ਸਿਆਸੀ ਜ਼ੋਰ ਨਾਲ ਨੌਕਰੀ ਉੱਤੇ ਬਹਾਲ ਹੋਇਆ ਉਹ ਅਫਸਰ ਹਨੇਰਗਰਦੀ ਕਰਨ ਤੋਂ ਬਾਜ਼ ਨਹੀਂ ਸੀ ਆਉਣਾ। ਸਾਡੀ ਜਾਣਕਾਰੀ ਮੁਤਾਬਕ ਉਸ ਇੱਕੋ ਝਟਕ ਦੇ ਬਾਅਦ ਬਾਕੀ ਮੰਤਰੀਆਂ ਵਿਚੋਂ ਜਿਨ੍ਹਾਂ ਨੇ ਸਿਖਰਾਂ ਦੇ ਬਦਨਾਮ ਅਫਸਰ ਆਪਣੇ ਹਲਕੇ ਵਿਚ ਫਿੱਟ ਕਰਵਾਉਣ ਦੀ ਤਿਆਰੀ ਵਿੱਢੀ ਹੋਈ ਸੀ, ਉਹ ਵੀ ਇਸ ਵਕਤ ਸੋਚਾਂ ਵਿਚ ਪਏ ਹੋਏ ਹਨ।

ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਇਸ ਵਾਰੀ ਚੋਣਾਂ ਵਿਚ ਕੋਈ ਗੜਬੜ ਨਹੀਂ ਹੋਵੇਗੀ, ਚੋਣਾਂ ਲਈ ਜਿੰਦਾਂ ਦਾ ਢਾਂਚਾ ਭਾਰਤ ਵਿਚ ਮੌਜੂਦ ਹੈ, ਜਿੰਨੇ ਭ੍ਰਿਸ਼ਟਾਚਾਰ, ਫਿਰਕੂ ਸੋਚ ਹੇਠ ਗੜਬੜਾਂ ਕਰਨ ਅਤੇ ਧੜਿਆਂ ਨਾਲ ਸਾਂਝ ਨੂੰ ਦੇਸ਼ ਦੀ ਲੋੜ ਤੋਂ ਉੱਪਰ ਰੱਖਣ ਦੀ ਆਦਤ ਪੈ ਚੁੱਕੀ ਹੈ, ਉਸ ਨੇ ਖਹਿੜਾ ਨਹੀਂ ਛੱਡਣਾ। ਚੋਣ ਪ੍ਰਕਿਰਿਆ ਹਾਲੇ ਸ਼ੁਰੂ ਹੀ ਹੋਈ ਹੈ, ਪੈਂਡਾ ਇਸ ਦਾ ਵੇਖਣ ਨੂੰ ਭਾਵੇਂ ਕੁਝ ਹਫਤਿਆਂ ਦਾ ਲੱਗਦਾ ਹੈ, ਅਮਲ ਵਿਚ ਆਈਆਂ ਮੁਸ਼ਕਲਾਂ ਦੇ ਕਾਰਨ ਇਹੋ ਪੈਂਡਾ ਲੰਮਾ ਮਹਿਸੂਸ ਹੋ ਸਕਦਾ ਹੈ। ਅੰਤ ਨੂੰ ਕੀ ਹੋਵੇਗਾ, ਹਾਲ ਦੀ ਘੜੀ ਸਾਨੂੰ ਪਤਾ ਨਹੀਂ। ਆਸ ਕਰੀਏ ਕਿ ਇਸ ਵਾਰ ਦੀਆਂ ਚੋਣਾਂ ਪੰਜਾਬ ਲਈ ਚੰਗੇ ਭਵਿੱਖ ਦਾ ਪੜੁੱਲ ਬਣਨਗੀਆਂ, ਆਖਰ ਆਸ ਨਾਲ ਹੀ ਜਹਾਨ ਕਾਇਮ ਹੈ।

# ਸੁਰਿੰਦਰ ਸੋਹਲ ਰਚਿਤ ਇਬਾਰਤ ਦੀ ਚੁਪ ਨਾਲ ਖਿੜਦਿਆਂ

ਸੁਰਿੰਦਰ ਸੋਹਲ ਦੀ ਕਾਵਿ-ਪੁਸਤਕ 'ਇਬਾਰਤ ਚੁਪ ਕਿਉਂ?' ਪੜ੍ਹ ਕੇ ਸੱਚੀਂ ਮੇਰੀ ਸੋਚ ਨੂੰ ਚੁੱਪ ਦਾ ਤਾਲਾ ਲੱਗ ਗਿਆ। ਇਸ ਵਿਲੱਖਣ ਕਲਮ ਲਈ ਦਾਦ ਵਜੋਂ ਕੁਝ ਸ਼ਬਦ ਉਲੀਕਣ ਨੂੰ ਜੀਅ ਕੀਤਾ ਪਰ ਲਫ਼ਜ਼ਾਂ ਨੂੰ ਔੜ ਮਾਰ ਗਈ ਪਰ ਝੋਲੀ 'ਚ ਲਫ਼ਜ਼ਾਂ ਦੀ ਜਿੰਨੀ ਕੁ ਪੂੰਜੀ ਹੈ, ਉਹ ਖਰਚ ਸਕਦੀ ਹਾਂ।

ਕਵਿਤਾਵਾਂ ਦਾ ਪਾਠ ਸ਼ੁਰੂ ਕਰਨ ਤੋਂ ਪਹਿਲਾਂ 'ਨਿਊਯਾਰਕਵਿਤਾ' ਨੂੰ ਪੜ੍ਹ ਲੈਣ ਨਾਲ ਮਹਾਨ ਮੁਲਕ ਦੇ ਮਹਾਨ ਸ਼ਹਿਰ ਦਾ ਡੀ. ਐੱਨ. ਏ. ਦ੍ਰਿਸ਼ਟੀਗੋਚਰ ਹੋ ਜਾਂਦੈ। 'ਨਿਊਯਾਰਕਵਿਤਾ' ਸਿਰਲੇਖ ਅਧੀਨ ਲਿਖੇ ਦੋ ਪੰਨੇ ਦਰਅਸਲ ਵਾਰਤਕ ਨਾਲੋਂ ਕਵਿਤਾ ਵਧੇਰੇ। ਸ਼ੁਰੂਆਤੀ ਸਤਰਾਂ ਨਾਲ ਹੀ ਪਾਠਕ ਕੀਲਿਆ ਜਾਂਦਾ। ਫੇਰ ਰੁਝੇਵੇਂ

**ਮਨਜੀਤ ਕੌਰ ਸੇਖੋਂ**
**ਫੋਨ: 209-688-1626**

ਚਾਹੇ ਕਿੰਨਾਂ ਵੀ ਡਰਾਉਣ, ਪਾਠਕ ਪੁਸਤਕ ਦੇ ਅਗਲੇ ਪਾਰ ਪਹੁੰਚ ਕੇ ਹੀ ਸਾਹ ਲੈਂਦਾ ਹੈ। ਜੇ ਪੁਸਤਕ ਬਾਰੇ ਲਿਖਣ ਦਾ ਸੰਕਲਪ ਬਣ ਜਾਵੇ ਤਾਂ ਪਾਠਕ ਇਕ ਯਾਤਰਾ ਹੋਰ ਕਰਦਾ।

'ਲੋਕ-ਅੱਖਰ ਜਦੋਂ ਡਾਰਾਂ 'ਚ ਤੁਰਦੇ ਨੇ ਤਾਂ ਮਿਸਰੇ ਜਾਪਦੇ ਨੇ। ਬਹੁਤ ਕੁਝ ਅਣਕਿਹਾ ਛਡਦੇ ਬਿੰਦੂਆਂ ਵਰਗੀਆਂ ਸਟਰੀਟ ਲਾਈਟਾਂ' ਕਿਆ ਬਾਤ! ਇਹੋ ਜਿਹੇ ਬਿੰਬ ਨਿਰਸੰਦੇਹ ਸੁਰਿੰਦਰ ਦੇ ਮਸਤਕ ਵਿਚ ਹੀ ਦਗ਼ ਸਕਦੇ ਹਨ। ਇਹ ਸਤਰਾਂ ਪੜ੍ਹਦਿਆਂ ਪਾਠਕ ਆਪਾ ਭੁੱਲ ਕੇ ਸਚਮੁੱਚ ਅਮਰੀਕਾ ਦੇ ਅਸਲ ਬਾਸ਼ਿੰਦਿਆਂ ਦੇ ਹੰਝੂਆਂ ਦੇ ਵੇਗ ਵਿਚ ਵਹਿਣ ਲੱਗਦਾ। ਕੰਧਾਂ 'ਤੇ ਕੀਤੀ ਗ੍ਰੈਫਿਟੀ ਵਿਚੋਂ ਲੋਕਾਂ ਦੀ ਪੀੜ ਸੁਰਿੰਦਰ ਸੋਹਲ ਦੀਆਂ ਮਿਕਨਾਤੀਸੀ ਅੱਖਾਂ ਨੂੰ ਹੀ ਨਜ਼ਰ ਆ ਸਕਦੀ, ਜਿਹੜੀ ਅੱਖ ਅਛੋਪਲੇ ਹੀ ਸਨਾਤਨੀ ਧਰਮ ਦੇ ਮਿਥਿਹਾਸਿਕ ਜਾਂ ਇਤਿਹਾਸਿਕ ਪਾਤਰਾਂ ਦੇ ਸਰਾਪਾਂ ਨਾਲ ਵੀ ਰੂ-ਬਰੂ ਕਰਵਾ ਜਾਂਦੀ।

ਉਸ ਦੇ ਅਲੋਕਾਰੀ ਸ਼੍ਰਵਣ ਸਰੋਤਾਂ ਵਿਚ ਦੁਰਬਾਸਾ ਰਿਖੀ ਦਾ ਸਰਾਪ ਗੂੰਜਦਾ ਤੇ ਭੀੜ ਦੀ ਹਫੜਾ-ਦਫੜੀ ਦੇ ਸਿਰ ਚੜ੍ਹ ਕੇ ਬੋਲਣ ਲੱਗਦਾ। ਸੁਰਿੰਦਰ ਨੇ ਲਿਖਿਆ 'ਇਸ (ਨਿਊਯਾਰਕਵਿਤਾ) ਦਾ ਪਾਸਾਰ ਇੰਨਾ ਪਾਰਗਾਮੀ, ਜਿਸ 'ਤੇ ਕਈ ਗਰੰਥ ਲਿਖੇ ਜਾ ਸਕਦੇ ਹਨ'। ਗਾਗਰ ਵਿਚ ਸਾਗਰ ਵਾਂਗ ਇਸ ਪੁਸਤਕ ਦੀ ਇਕ-ਇਕ ਸਤਰ ਇਕ-ਇਕ ਇਤਿਹਾਸਿਕ/ਮਿਥਿਹਾਸਿਕ ਗਰੰਥ ਸਮੋਈ ਬੈਠੀ। ਇਹ ਤਾਂ ਨਿਊਯਾਰਕ ਦਾ ਸੁਭਾਗ, ਜਿਸ ਕੋਲ ਸੁਰਿੰਦਰ ਜਿਹਾ ਨਗੀਨਾ, ਜੋ ਇਸ ਸ਼ਹਿਰ ਨੂੰ ਏਨੀ ਸੰਵੇਦਨਾ ਤੇ ਗੰਭੀਰਤਾ ਨਾਲ ਪੜ੍ਹ-ਗੁਣ ਸਕਿਆ- 'ਪੜਹਿ ਗੁਣਹਿ ਤਿਨਿ ਚਾਰਿ ਵੀਚਾਰ॥'

ਸੁਰਿੰਦਰ ਦਾ ਨਿਊਯਾਰਕ ਦਾ ਵਸਨੀਕ ਹੋਣਾ, ਨਿਊਯਾਰਕ ਲਈ ਸ਼ੁਭ ਸ਼ਗਨ। ਨਿਊਯਾਰਕ ਸਦਾ ਸੁਰਿੰਦਰ ਦਾ ਰਿਣੀ ਰਹੇਗਾ।

'ਇਬਾਰਤ ਚੁਪ ਕਿਉਂ?', ਇਸ ਚੁਪ ਦੇ ਅਰਥ ਏਨੇ ਡੂੰਘੇ ਨੇ, ਪਾਠਕ ਦੇ ਮਸਤਕ ਵਿਚ ਇਕ ਝੌਣ ਫਿਰ ਜਾਂਦੀ। ਕਾਂਬੇ ਨਾਲ ਨਾੜਾਂ 'ਚ ਰਕਤ ਜੰਮਣ ਲੱਗਦੀ। ਜਦੋਂ ਕਵੀ, ਦਰਸ਼ਕ ਦੀ ਮਿਊਜ਼ੀਅਮ ਦੇਖਣ ਦੀ ਉਤਸੁਕਤਾ ਨੂੰ, ਗੇਮ ਖੇਡਣ ਵਾਲੇ ਬੱਚੇ ਦਾ ਬੈਰੀਕੇਡ ਲਾਉਂਦਾ ਤਾਂ ਹਰ ਦਰਸ਼ਕ ਮੂਕ, ਹਰ ਪਾਠਕ ਦੀ ਸੋਚ ਗੇਅਰ ਬਦਲਦੀ। ਅੱਜ ਤਕ ਲੱਖਾਂ-ਹਜ਼ਾਰਾਂ ਦਰਸ਼ਕਾਂ ਨੇ ਇਸ ਜਗ੍ਹਾ ਦਾ ਤੀਰਥ ਕੀਤਾ ਹੋਣੈ ਪਰ ਗੇਮ ਦੇ ਮਾਲਿਕ ਬਾਲ ਦੀ ਇਬਾਰਤ ਦੇ ਚੁਪ ਹੋਣ ਦਾ ਅਹਿਸਾਸ ਕਿਸੇ ਨੂੰ ਨਹੀਂ ਹੋਇਆ। ਖਾੜੀ-ਯੁੱਧ ਵੇਲੇ ਬੰਬ ਦੀ ਜ਼ਦ 'ਚ ਆਈ ਆਧੁਨਿਕ ਗੇਮ ਮਿਊਜ਼ੀਅਮ ਦਾ ਸ਼ਿੰਗਾਰ ਬਣ ਗਈ ਪਰ ਮੋਹ-ਮਮਤਾ ਦਾ ਦਾਅਵੇਦਾਰ ਇਨਸਾਨ ਬੱਚੇ ਦੀ ਹੋਣੀ ਨੂੰ ਵਿਸਰ ਗਿਆ।

'ਕਾਂਸੇ ਦਾ ਧੌਲ' ਪੜ੍ਹਦਿਆਂ ਮੈਨੂੰ ਆਪਣੇ ਪੁੱਤਰ ਦੀਆਂ ਤਸਵੀਰਾਂ ਜੋ ਧੌਲ ਨਾਲ ਖਿਚਾਈਆਂ ਸਨ, ਜ਼ਿਹਨ 'ਚ ਘੁੰਮ ਗਈਆਂ। ਇਹ ਮੈਂ ਕਈ ਵਾਰ ਤੱਕੀਆਂ ਹਨ ਪਰ ਇਨ੍ਹਾਂ ਫੋਟੋਆਂ ਨੂੰ ਮੈਂ ਕਦੀ ਵੀ ਸੁਰਿੰਦਰ ਸੋਹਲ ਵਾਲੀ ਨਿਗ੍ਹਾ ਨਾਲ ਨਹੀਂ ਤੱਕਿਆ ਕਿ ਇਹ ਉਤਰ ਵੰਨੀਓਂ ਆਪਣੇ ਵੱਲ ਆਉਂਦੀ ਟਰੈਫ਼ਿਕ ਨੂੰ ਨਿਹਾਰਦਾ ਮਾਨਵ ਦੀ ਸੋਚ-ਆਜ਼ਾਦੀ ਦੇ ਗਲ਼ ਵਾਸਤੇ ਸਾਜ਼ਿਸ਼ੀ ਰੱਸਾ ਵੱਟ। ਇਹ ਵੀ ਕਦੀ ਨਹੀਂ ਸੋਚਿਆ ਕਿ ਕਾਂਸੇ ਦੇ ਧੌਲ ਨੇ ਆਜ਼ਾਦੀ ਦੀ ਦੇਵੀ ਵੱਲੋਂ ਪਾਸਾ ਕਿਉਂ ਵੱਟਿਆ ਹੋਇਆ। ਇਹ ਦੁਆ, ਇਹ ਅਰਦਾਸ ਸਿਰਫ਼ ਸੁਰਿੰਦਰ ਵਰਗੀ ਰੂਹ ਵਿਚੋਂ ਹੀ ਉਭਰ ਸਕਦੀ ਕਿ ਕਾਸ਼! ਇਹ ਧੌਲ 'ਧਰਮ ਦਇਆ ਕਾ ਪੂਤ' ਬਣ ਜਾਏ। ਅਸੀਂ ਤਾਂ ਰੋਜ਼ਾਨਾ ਗੁਰਬਾਣੀ ਦੀ ਇਹ ਤੁਕ ਉਪਰੋਂ-ਉਪਰੋਂ ਹੀ ਪੜ੍ਹ ਕੇ ਲੰਘ ਜਾਂਦੇ ਹਾਂ ਤੇ ਧੁਰ ਕੀ ਬਾਣੀ ਨੂੰ ਪੜ੍ਹਨ ਦਾ ਅਹਿਸਾਨ ਰੱਬ ਸਿਰ ਦਾਗ਼ ਕੇ ਸੁਰਖ਼ਰੂ ਹੋ ਜਾਂਦੇ ਹਾਂ।

'ਗ੍ਰੈਫਿਟੀ' ਇਸ ਬੇਰਹਿਮ ਨਿਜ਼ਾਮ ਨੇ ਇਨਸਾਨ ਦੀ ਰੂਹ 'ਤੇ ਉਕਰੀ ਤੇ ਉਹੀ ਗ੍ਰੈਫਿਟੀ ਦੇ ਨਕਸ਼ ਬਾਹਰਮੁਖੀ ਹੋ ਕੇ ਕੰਧਾਂ ਦੀ ਓਟ ਲੈ ਨਿਜ਼ਾਮ ਦੇ ਮੱਥੇ 'ਤੇ ਆਣ ਟਿਕਦੇ ਨੇ। ਅਸੀਂ ਸਭ ਨੇ ਹਰ ਛੋਟੇ-ਵੱਡੇ ਸ਼ਹਿਰ 'ਚ ਗ੍ਰੈਫਿਟੀ ਹੋਈ ਦੇਖੀ ਜ਼ਰੂਰ ਪਰ ਇਸ ਪਿਛਲੀ ਚੀਸ ਨੂੰ ਸੁਣਨ ਦਾ ਤਕੱਲੁਫ਼ ਨਹੀਂ ਕੀਤਾ। ਇਹ ਉਦੋਂ ਤਕ ਸੰਭਵ ਵੀ ਨਹੀਂ, ਜਦੋਂ ਤਕ ਅਸੀਂ ਸਵਾਰਥ ਦੇ ਖ਼ੋਲ 'ਚੋਂ ਨਿਕਲ ਕੇ ਧਰਤੀ 'ਤੇ ਹੋ ਰਹੇ ਵਰਤਾਰਿਆਂ ਦੇ ਹਾਣੀ ਹੋ ਕੇ ਨਹੀਂ ਵਾਚਦੇ। ਲਿੰਕਨ ਸੈਂਟਰ ਵਿਚ ਅੰਤ ਦੀ ਅੰਤ ਨਾਲ ਤੁਲਨਾ। ਇਕ ਪਾਸੇ ਜ਼ਿੰਦਗੀ ਦੇ ਲੁਤਫ਼ ਦੀ ਅੰਤ। ਜ਼ਿਹਨੀ ਐਸ਼-ਪ੍ਰਸਤੀ, ਮਾਇਆ-ਜਾਲ ਦੇ ਸੁੱਖ ਸਾਧਨ। ਇਸ ਦੇ ਸਮਾਨੰਤਰ ਭੁੱਖ-ਮਰੀ, ਗ਼ਰੀਬੀ, ਬੇਰੁਜ਼ਗਾਰੀ, ਸਮਾਜਿਕ ਅਸਮਾਨਤਾ, ਮਾਨਸਿਕ ਰੋਗਾਂ ਦੀ ਅੰਤ। ਕਰੁਣਾ-ਰਸ ਦੀ ਇੰਤਹਾ ਪਾਠਕ ਅੰਦਰ ਇਕ ਝਰਨਾਟ ਛੇੜਦੀ।

'ਕ੍ਰਿਸਮਿਸ ਟ੍ਰੀ' ਦੀਆਂ ਝਲਕੀਆਂ ਜਿਨ੍ਹਾਂ ਨੂੰ ਸੁਰਿੰਦਰ ਦਾ ਤੀਜਾ ਨੇਤਰ ਹੀ ਦੇਖ-ਸਮਝ ਸਕਦੈ। ਅੱਜ ਦਹਾਕਿਆਂ ਬਾਅਦ ਲੇਖਕ ਨੇ ਕਵੀ ਜਾਨਥਨ ਸਵਿਫਟ ਮੇਰੇ ਚੇਤਿਆਂ ਵਿਚ ਮਘਣ ਲਾ ਦਿੱਤਾ ਤੇ ਉਹ ਮੇਰੀ ਸੋਚ ਨੂੰ ਗੁਲੀਵਰ ਦੇ ਨਾਲ ਸਫ਼ਰ 'ਤੇ ਲੈ ਤੁਰਿਆ। ਸੁਰਿੰਦਰ ਦੀ ਕਵਿਤਾ ਦਾ ਮੀਰੀ ਗੁਣ ਇਹ ਕਿ ਇਹ ਪਾਠਕ ਨੂੰ ਪਿਛਲ-ਪੈਰੀਂ ਯਾਦਾਂ, ਅਨੁਭਵਾਂ ਦੇ ਸਫ਼ਰ 'ਤੇ ਲੈ ਤੁਰਦੀ, ਜਿੱਥੇ ਜਾ ਕੇ ਮਹਿਸੂਸ ਹੁੰਦਾ ਕਿ ਗੁਰਬਾਣੀ ਦੀ ਤੁਕ 'ਨਰਪਤਿ ਏਕਿ ਸਿੰਘਾਸਨਿ ਸੋਇਆ ਸੁਪਨੈ ਭਇਆ ਭੇਖਾਰੀ' ਦਾ ਯਥਾਰਥ ਸਾਡੇ ਲੂੰ-ਲੂੰ ਵਿਚ ਕਿਵੇਂ ਵਸ ਚੁੱਕਾ।

ਸੁਰਿੰਦਰ ਨੂੰ ਸਾਈਡ ਵਾਕ 'ਤੇ ਪਿਆ ਕ੍ਰਿਸਮਿਸ ਟ੍ਰੀ ਪੁਲਿਸ ਵਲੋਂ ਟਾਰਚਰ ਕੀਤੇ ਗਏ ਬੇਹੋਸ਼-ਬੇਗੁਨਾਹ ਵਾਂਗ ਜਾਪਦਾ। ਸਾਡੇ ਪਿਛੋਕੜ 'ਚ ਪਏ ਅਜਿਹੇ ਦ੍ਰਿਸ਼ ਅਸੀਂ ਅੱਖੀਂ ਦੇਖੇ ਤੇ ਕੰਨੀ ਸੁਣੇ ਹੋਏ ਨੇ। ਅਜਿਹੇ ਹਾਦਸੇ ਸੁਰਿੰਦਰ ਦੀ ਸੋਚ ਵਿਚ ਜਗਦੇ-ਮਘਦੇ ਰਹਿੰਦੇ ਹਨ ਤੇ ਉਹ ਆਮ ਦਿਸਣ ਵਾਲੀ ਵਰਤਮਾਨ ਸਥਿਤੀ ਨਾਲ ਸੁਭਾਵਿਕ ਹੀ ਜਾ ਜੁੜਦੇ ਨੇ ਤਾਂ ਸਾਨੂੰ ਸਾਡੇ ਇਤਿਹਾਸ ਦਾ ਚੇਤਾ ਆਉਂਦੈ। ਵਰਨਾ ਕਿੰਨੀ ਖ਼ਲਕਤ ਦੇਖੇ, ਬਿਨਾ ਦੇਖੇ ਕੋਲੋਂ ਲੰਘਦੀ। ਸੋਹਲ ਅੰਦਰ ਕਿੰਨੇ ਸੰਸਾਰ ਲੁਕੇ ਪਏ ਨੇ, ਕਿੰਨੇ ਇਤਿਹਾਸ ਸਾਂਭੇ ਪਏ ਨੇ। ਇਤਿਹਾਸ ਜੋ ਸਲੀਬ ਤੋਂ ਟੁਰ ਕੇ ਨਿੱਕੀਆਂ ਜਿੰਦਾਂ ਤਕ ਪਹੁੰਚਦਾ। ਜਿੱਥੇ ਕ੍ਰਿਸਮਿਸ ਟ੍ਰੀ ਦੀਆਂ ਲਾਈਟਾਂ ਦਾ ਅਕਸ ਸ਼ਹੀਦਾਂ ਦੇ ਚਮਕਦੇ ਨਾਂਵਾਂ ਵਾਂਗ ਜਾਪਦਾ। ਕਮਾਲ ਤਾਂ ਉਦੋਂ ਹੁੰਦੀ ਜਦੋਂ ਉਤਸਵ ਲੰਘ ਜਾਣ ਬਾਅਦ ਕ੍ਰਿਸਮਿਸ ਟ੍ਰੀ ਦਾ ਜੋ ਅੰਜਾਮ ਹੁੰਦੈ। ਝਬਦੇ ਹੀ 'ਹੀਰੋ' ਤੋਂ 'ਜ਼ੀਰੋ' ਬਣ ਅਰਸ਼ ਤੋਂ ਫ਼ਰਸ਼ 'ਤੇ ਡਿੱਗਦਾ ਤੇ ਡੰਪਸਟਰ 'ਚ ਜਾ ਟਿਕਦਾ, ਹੱਥ ਪੂੰਝ ਕੇ ਸੁੱਟੇ ਗਏ ਨੈਪਕਿਨ ਵਾਂਗ। ਸ਼ਾਇਦ ਬੰਦੇ ਦੀ ਵੀ ਹੋਣੀ ਏਹੀ। ਕੰਮ ਪਿਆਰਾ-ਚੰਮ ਨਹੀਂ।

'ਪੈਸੇ ਜਮ੍ਹਾਂ ਕਰਵਾਉਂਦਿਆਂ' ਕਵਿਤਾ ਦਾ ਤਲਿੱਸਮ ਦੇਖੀਏ। ਅਨੇਕਾਂ ਵਾਰ ਮੈਂ ਬੈਂਕ ਗਈ ਹਾਂ ਤੇ ਅਨੇਕਾਂ ਵਾਰ ਹੀ ਟੈੱਲਰ ਨੇ ਸੁਝਾਅ ਦਿੱਤਾ ਕਿ ਪੈਸੇ ਏ. ਟੀ. ਐਮ ਵਿਚ ਸਿੱਧੇ ਜਮ੍ਹਾਂ ਕਰਵਾ ਸਕਦੇ ਹੋ। ਸੁਝਾਅ ਕਬੂਲ ਵੀ ਕੀਤਾ ਪਰ ਮੇਰੀ ਸੋਚ ਵਿਚ ਇਹ ਖ਼ਿਆਲ ਨਹੀਂ ਉਭਰਿਆ ਕਿ ਕਹਿ ਸਕਾਂ:

'ਮਸ਼ੀਨ ਨਾ ਮੁਸਕਰਾਅ ਕੇ 'ਹੈਲੋ' ਕਹਿੰਦੀ ਤੇਰੇ ਵਾਂਙ
ਨਾ ਮੌਸਮ ਬਾਰੇ ਗੱਲ ਕਰਦੀ
ਨਾ ਦਿਨ ਕਿਵੇਂ ਰਿਹਾ? ਪੁੱਛਦੀ
......
'ਹੈਵ ਏ ਨਾਈਸ ਡੇਅ' ਕਹਿੰਦਿਆਂ
ਤੇਰੇ ਮੂੰਹੋਂ ਫੁੱਲ ਕਿਰਦੇ ਨੇ...।'

ਲੱਗਦੈ, ਸਾਡੇ ਜੀਵਨ ਨੂੰ ਬੇਸਿਰ-ਪੈਰ ਰੁਝੇਵਿਆਂ ਨੇ ਨਿਗਲ ਲਿਆ। ਅਸੀਂ ਹਰ ਗੱਲ ਵਿਚ ਹੀ 'ਸ਼ਾਰਟ ਕੱਟ' ਮਾਰਦੇ/ਭਾਲਦੇ ਹਾਂ। ਇਨ੍ਹਾਂ ਮਸ਼ੀਨਾਂ ਦੀ ਆਮਦ ਨਾਲ ਸਾਡੀ ਜ਼ਿੰਦਗੀ ਵਿਚੋਂ ਦੁਆਵਾਂ ਮਨਫ਼ੀ ਹੋ ਰਹੀਆਂ/ਗਈਆਂ ਨੇ। ਇਨਸਾਨ ਅੰਦਰਲਾ ਸੁੰਨਾਪਨ ਵਧਣ ਲੱਗਾ। ਸਭ ਤੋਂ ਵੱਧ ਕੇ ਇਹ ਮਸ਼ੀਨਾਂ ਦੁਆ-ਸਲਾਮ ਕਰਨ ਵਾਲੇ ਦੇ ਰਿਜ਼ਕ 'ਤੇ ਡਾਕਾ ਮਾਰਦੀਆਂ ਹਨ। ਇਹ ਸਰਾਪ ਦੂਜੇ ਦੇ ਘਰੋਂ ਟੁਰ ਕੇ ਇਕ ਦਿਨ ਸਾਡੀ ਬਸਤੀ 'ਚ ਆ ਕੇ ਸਾਡੀ ਸੰਘੀ ਵੀ ਨੱਪੇਗਾ। ਅਸੀਂ ਆਪਣਾ ਸਮਾਂ ਬਚਾਉਣ ਦੇ ਲਾਲਚ ਵਿਚ ਆਪਣੇ ਪੈਰੀਂ ਕੁਹਾੜਾ ਮਾਰਦੇ ਹਾਂ। ਕਾਸ਼! ਸਾਡੇ ਕੋਲ ਵੀ ਅਜਿਹੀ ਸੋਚ ਹੁੰਦੀ:

ਮੇਰੀ ਜੀਵਨ-ਨਦੀ
ਅਜੇ ਕਾਹਲ ਦੇ ਥਲ ਨੇ
ਜੀਰੀ ਨਹੀਂ
ਮੇਰੇ ਅੰਦਰੋਂ ਵਾਰਤਾਲਾਪ ਦੀ ਰੁਮਕਦੀ ਹਵਾ
ਵਾ-ਵਰੋਲੇ ਵਾਂਙ ਸਵੈ-ਕੇਂਦਰਿਤ ਨਹੀਂ ਹੋਈ
ਮਸ਼ੀਨ ਦੀਆਂ ਟਿੱਚ-ਬਟਨ ਅੱਖਾਂ 'ਚ
ਉਂਗਲੀਆਂ ਮਾਰਨ ਦੀ ਥਾਂ
ਜਿਊਂਦੀਆਂ ਅੱਖਾਂ 'ਚ ਅੱਖਾਂ ਪਾ
ਗੱਲ ਕਰਨ ਦਾ ਚਾਅ
ਅਜੇ ਮਰਿਆ ਨਹੀਂ...।

ਇੱਥੇ ਮੈਨੂੰ ਕਵੀ ਦੀ ਸੋਚ ਇਨਸਾਨੀ ਰਿਸ਼ਤੇ ਪੁਗਾਉਣ ਦੇ ਨਾਲ-ਨਾਲ ਕਾਰਪੋਰੇਟ ਜਗਤ ਨੂੰ ਵੀ ਵੰਗਾਰ ਦਿੰਦੀ ਜਾਪਦੀ। ਇਸ ਵਰਤਾਰੇ ਨਾਲ ਅਸੀਂ ਸਾਰੇ ਬਾਵਸਤਾ ਹਾਂ, ਪਤਾ ਨਹੀਂ ਕਿਹੜੀ ਰਾਕਟ-ਸਾਇੰਸ ਦੇ ਅਧਿਐਨ 'ਚ ਰੁਝੇ ਹਾਂ। ਸਾਨੂੰ 'ਆਮ' ਵਿਚੋਂ ਕੁਝ 'ਖ਼ਾਸ' ਦਿਖਾਈ ਹੀ ਨਹੀਂ ਦਿੰਦਾ। ਜਿਵੇਂ ਸੁਰਿੰਦਰ ਦੀ ਤਲਿੱਸਮੀ ਅੱਖ ਉਸ ਖ਼ਾਸਮ-ਖ਼ਾਸ ਨੂੰ ਸਹਿਜੇ ਹੀ ਫੜ ਕੇ ਉਸ ਦਾ ਅਜਨਬੀਕਰਣ ਕਰ ਦਿੰਦੀ। ਉਹ ਕਿਸੇ ਪਰੀ ਲੋਕ ਦੀਆਂ ਗੱਲਾਂ ਨਹੀਂ ਕਰਦਾ। ਇਸੇ ਧਰਾਤਲ 'ਤੇ ਰਹਿ ਕੇ ਇੱਥੋਂ ਦੇ ਲੋਕਾਂ ਦੀ ਹੀ ਬਾਤ ਪਾਉਂਦੈ।

'ਟੈਕਸੀ 'ਚ ਮਿਲੇ ਲੋਕ' ਸਿਰਲੇਖ ਹੇਠ ਲਿਖੀਆਂ ਕਵਿਤਾਵਾਂ ਮੈਨੂੰ ਇਸ ਕਰ ਕੇ ਵੀ ਵਿਲੱਖਣ ਜਾਪਦੀਆਂ ਹਨ ਕਿ ਇਨ੍ਹਾਂ ਵਿਚ ਸੋਹਲ ਨੇ ਵੱਖ-ਵੱਖ ਕਿਰਦਾਰਾਂ ਦੇ ਅਨੁਭਵ ਸਾਂਝੇ ਕੀਤੇ ਹਨ। ਇਹ ਕਵਿਤਾ ਦੀ ਵਿਧਾ ਦੇ ਨਾਲ-ਨਾਲ ਸਜੀਵ ਲਘੂ ਨਾਟਕ ਵੀ ਪ੍ਰਤੀਤ ਹੁੰਦੇ ਹਨ। ਇਹ ਸਾਡੀਆਂ ਅੰਦਰਲੀਆਂ ਅੱਖਾਂ ਸਾਹਵੇਂ ਆਪਣੇ ਹਿੱਸੇ ਦਾ ਰੋਲ ਬਾਖ਼ੂਬੀ ਨਿਭਾਉਂਦੇ ਹਨ ਤੇ ਸਮਾਜ ਨੂੰ ਆਪਣਾ ਸੁਨੇਹਾ ਵੀ ਦੇ ਜਾਂਦੇ ਹਨ।

ਕਵੀ ਬਜ਼ੁਰਗ ਔਰਤ ਸਵਾਰੀ ਨੂੰ ਕਹਿੰਦਾ:
'ਉਫ਼! ਹਓ ਟੈਰੀਬਲ ਟਰੈਫ਼ਿਕ'
ਬਜ਼ੁਰਗ ਔਰਤ ਭੀੜ 'ਚ ਫਸੀ ਟੈਕਸੀ ਦੀ ਧੀਮੀ ਚਾਲ ਵਾਂਗ ਬੋਲਦੀ:
'ਏਸੇ ਸ਼ਹਿਰ 'ਚ ਜਨਮੀ ਹਾਂ, ਅੱਸੀ ਸਾਲ ਪਹਿਲਾਂ
ਇਉਂ ਨਾ ਕਹਿ, ਇਹ ਟਰੈਫ਼ਿਕ ਨਹੀਂ...'
ਰੁਕ ਕੇ ਫਿਰ ਆਖਦੀ:
'ਇਟ'ਜ਼ ਬਿਊਟੀ ਆਫ਼ ਸਿਟੀ
ਇੰਜੋਏ ਇਟ ਜੈਂਟਲਮੈਨ...।'

ਜਨਮ-ਭੂਮੀ ਦਾ ਮੋਹ ਕਿੰਨਾ ਬਲਵਾਨ! ਕੁਝ ਵੀ ਨੈਗੇਟਿਵ ਨਹੀਂ ਲਗਦਾ। ਕਵੀ ਨੇ ਬਜ਼ੁਰਗ ਔਰਤ ਦੇ ਕਹੇ ਸੁਭਾਵਿਕ ਬੋਲ ਸਾਂਭ ਲਏ ਨੇ, ਜਿਨ੍ਹਾਂ 'ਚੋਂ ਜੰਮਣ-ਭੋਇੰ ਲਈ ਨਿਰਛਲ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ।

ਕਿੰਨੀ ਪੁਰ-ਸਕੂਨ ਸੱਚਾਈ ਕਿ ਜ਼ਿੰਦਗੀ ਵਿਚ ਦੋਸ਼ ਦੇਣ ਜੋਗਾ ਕੁਝ ਵੀ ਨਹੀਂ ਵਾਪਰਦਾ, ਜੇ ਸੋਚ ਵਿਚ ਸਾਕਾਰਾਤਮਕਤਾ ਹੋਵੇ ਤਾਂ। ਇਕ ਬਜ਼ੁਰਗ ਜਦੋਂ ਆਖਦਾ:

'ਨਿੱਕੇ ਜਿਹੇ ਪਿੰਡ 'ਚ ਰਹਿੰਦੇ ਹਾਂ
ਬਹੁਤ ਸੁਸਤ ਜੀਵਨ-ਚਾਲ ਉਥੇ
ਖ਼ੂਨ ਨਾੜਾਂ 'ਚ ਜੰਮਦਾ ਜਾਂਦਾ
ਸੋਚ ਪੰਕਚਰ ਕਾਰ ਵਾਂਙ ਮੁਰਦਾ ਤੋਰੇ ਤੁਰ ਰਹੀ
ਸਹਿਜਤਾ ਤੋਂ ਅੱਕ ਗਏ ਹਾਂ
ਇਕੱਲਤਾ ਦੀ ਸਲੀਬ ਤੋਂ ਲੱਥਣ ਵਾਸਤੇ
ਭੀੜ ਦਾ ਨਸ਼ਾ ਚਾੜ੍ਹਦੇ ਹਾਂ...।'

ਇਹ ਕਵੀ ਦੀ ਅੱਖ, ਜੋ ਹਰ ਸ਼ੈਅ 'ਚੋਂ ਹੁਸਨ ਲੱਭ ਲੈਂਦੀ। ਇੱਥੇ ਕਵੀ ਦਾਰਸ਼ਨਕ ਸਵਾਰੀ ਦੀ ਫੋਨ ਗੱਲਬਾਤ ਦਾ ਜ਼ਿਕਰ ਇਉਂ ਕਰਦਾ:

'ਮੈਂ ਅਲਾਸਕਾ ਜਾ ਰਿਹਾ ਹਾਂ
ਅੱਖਾਂ 'ਚ ਵਸੀ ਮੈਨਹਾਟਨ ਦੀ ਭੀੜ
ਬਰਫ਼ ਹੇਠ ਦੱਬ ਆਵਾਂਗਾ
ਅੱਖਾਂ 'ਚ ਬਰਫ਼ ਦਾ ਹੁਸਨ ਭਰ ਲਵਾਂਗਾ
ਕੰਨਾਂ 'ਚ ਮੈਲ ਵਾਂਙ ਭਰਿਆ
ਸ਼ਹਿਰ ਦਾ ਰੌਲ਼ਾ
ਸੁੰਨ ਦਰਿਆ ਵਿਚ ਵਹਾਅ ਦਿਆਂਗਾ।
ਨਵ-ਜੰਮੇ ਬੱਚੇ ਵਾਂਗ ਖਰਾ, ਖ਼ਾਲਿਸ, ਕੋਰਾ
ਅਣਲਿਖੀ ਕਵਿਤਾ ਦੇ ਖ਼ਿਆਲ ਜਿਹਾ
ਅਛੋਹ ਵਾਪਸ ਪਰਤਾਂਗਾ
ਨਵਾਂ ਜਨਮ ਲੈਣ ਲਈ ਨੌਂ ਮਹੀਨੇ ਨਹੀਂ
ਕਈ ਵਾਰ ਤਿੰਨ ਹਫ਼ਤੇ ਹੀ ਬਹੁਤ ਹੁੰਦੇ ਨੇ...।'

ਇਹ ਗੱਲਾਂ ਸਵਾਰੀ ਦੀਆਂ ਹਨ, ਸੁਰਿੰਦਰ ਦੀ ਰੂਹ ਬੋਲਦੀ। ਜੋ ਕੁਝ ਸੁਰਿੰਦਰ ਨੇ ਕਾਗ਼ਜ਼ ਦੀ ਹਿੱਕ 'ਤੇ ਲਿਖਿਆ, ਹਰ ਵਾਰ ਨਵਾਂ ਜਨਮ ਲੈ ਕੇ ਹੀ ਲਿਖਿਆ। ਨਿਊਯਾਰਕ ਦੇ ਰੌਲੇ-ਰੱਪੇ 'ਚ ਰਹਿ ਕੇ ਅਲਾਸਕਾ ਦੀ ਸੁੰਨ-ਸਮਾਧ ਹੋਈ ਬਰਫ਼ ਤੱਕ ਸੁਰਤ ਲੈ ਜਾਣ ਦੀ ਕਲਾ 'ਵਡਭਾਗੀ' ਮਿਲਦੀ।

ਅੱਜ ਕਰੋਨਾ-ਯੁੱਗ ਦੇ ਦੌਰ 'ਚ 'ਜ਼ੂਮ-ਮੀਟਿੰਗਾਂ' ਦਾ, 'ਵਰਚੂਅਲ ਸੱਥਾਂ' ਦਾ, 'ਵਟਸ ਐਪ ਗਰੁੱਪਾਂ' ਦਾ ਕਿੰਨਾਂ ਸ਼ੋਰ! ਜ਼ੂਮ ਕਵੀ ਦਰਬਾਰਾਂ ਦਾ ਜਮਘਟਾ। ਕਦੀ-ਕਦਾਈਂ ਉਨ੍ਹਾਂ 'ਚ ਸੁਰਿੰਦਰ ਸੋਹਲ ਦਾ ਨਾਮ ਫ਼ਲੈਸ਼ ਹੁੰਦਾ ਤਾਂ ਲੱਗਦਾ ਕੁਝ ਕੀਮਤੀ ਸੁਣਨ ਨੂੰ ਮਿਲੇਗਾ। ਪਰ ਅਗਲੇ ਛਿਣ ਸੁਰਿੰਦਰ ਦਾ 'ਗਰੁੱਪ ਐਗਜ਼ਿਟ' ਦਾ ਸੰਦੇਸ਼ ਮੇਰੀ ਸੋਚ ਨੂੰ ਯਖ਼ ਕਰਦਾ। ਪਰ ਉਦੋਂ ਸੁਰਿੰਦਰ ਤਿੰਨ ਹਫ਼ਤੇ ਵਾਲਾ ਨਵਾਂ ਜਨਮ ਲੈਣ ਦੇ ਆਹਰ ਵਿਚ ਹੁੰਦਾ। ਕੋਈ ਨਵੀਂ ਨਜ਼ਮ ਦੇ ਜੰਮਣ ਦਾ ਉਹ ਸੰਕੇਤ ਹੁੰਦਾ। ਉਦੋਂ ਖ਼ੁਸ਼ੀ ਚਰਮ ਸੀਮਾ 'ਤੇ ਅਪੜਦੀ, ਜਦੋਂ ਸੁਰਿੰਦਰ ਆਪਣੀ ਖ਼ਾਮੋਸ਼ੀ ਵਿਚੋਂ ਇਕ ਹੋਰ ਤਹਿਲਕਾ ਮਚਾ ਦਿੰਦਾ।

ਪਰਿੰਦੋਂ ਕੀ ਪਰਵਾਜ਼ ਹੋਤੀ ਊਂਚੀ,
ਯੇ ਫੈਲੇ ਹੁਏ ਉਨ ਕੇ ਪਰ ਬੋਲਤੇ।
ਵਹੀ ਲੋਗ ਖ਼ਾਮੋਸ਼ ਰਹਤੇ ਅਕਸਰ,
ਜ਼ਮਾਨੇ ਮੇਂ ਜਿਨ ਕੇ ਹੁਨਰ ਬੋਲਤੇ।

ਅੱਜ-ਕੱਲ੍ਹ ਹੋ ਰਹੇ ਅਨੇਕਾਂ ਜ਼ੂਮ ਕਵੀ ਦਰਬਾਰਾਂ ਵਿਚ ਸ਼ਾਇਰ ਸੁਰਿੰਦਰ ਗ਼ੈਰ-ਹਾਜ਼ਿਰ ਹੀ ਦਿਸਦਾ। ਫ਼ੇਸ-ਬੁੱਕ ਨਾਲ ਸੁਰਿੰਦਰ ਦੀ ਦੋਸਤੀ ਪਰ ਓਨੀਆਂ ਉਸ ਪੰਨੇ ਆਪਣੀਆਂ ਨਜ਼ਮਾਂ ਸ਼ਾਮਿਲ ਨਹੀਂ ਕੀਤੀਆਂ ਹੁੰਦੀਆਂ ਜਿੰਨੀਆਂ ਹੋਰਾਂ ਦੀਆਂ। ਕੱਦਾਵਰ ਲਿਖਾਰੀਆਂ ਦੀ ਉਂਗਲ ਫੜ ਕੇ ਤੁਰਨ ਦਾ ਮਾਣ ਮਹਿਸੂਸ ਕਰਦਾ ਹੋਇਆ ਉਨ੍ਹਾਂ ਨੂੰ ਪੰਨੇ ਦੇ ਸਿੰਘਾਸਣ 'ਤੇ ਸੁਸ਼ੋਭਿਤ ਕਰਦਾ ਤੇ ਖ਼ੁਦ ਉਨ੍ਹਾਂ ਦੇ ਪਿੱਛੇ ਲੁਕਣ ਦੀ ਭਾਵਨਾ 'ਚ ਰਹਿੰਦਾ। ਕਿਸੇ ਕਵੀ ਨੇ ਸਹੀ ਕਿਹਾ:

ਮਿਹਨਤ ਦੀ ਚਾਬੀ ਮੰਜ਼ਿਲ ਦੇ ਬੂਹੇ ਖੋਲ੍ਹਦੀ।
ਚੁਪ-ਚਾਪ ਕੀਤੀ ਮਿਹਨਤ ਇਕ ਦਿਨ ਜ਼ਰੂਰ ਬੋਲਦੀ।

ਸੋ ਜਦੋਂ ਵੀ ਜ਼ਿਕਰ ਛਿੜਿਆ, ਕਵੀ ਦੀ ਮਿਹਨਤ ਨੇ ਹੀ ਛੇੜਿਆ। ਸਾਡੇ ਸਾਹਿਤਕ ਜਗਤ ਨੂੰ ਇਕ ਦਿਨ ਫ਼ਖ਼ਰ ਹੋਵੇਗਾ ਕਿ ਸਾਡੇ ਕੋਲ ਸੁਰਿੰਦਰ ਸੋਹਲ ਵਰਗਾ ਇਕ ਹੀਰਾ ਸਾਹਿਤਕਾਰ। ਇਕ ਦਰਵੇਸ਼ ਰੂਹ, ਜੋ ਜਦੋਂ ਵੀ ਦੇਖਦਾ ਤੀਜਾ ਨੇਤਰ ਖੋਲ੍ਹ ਕੇ ਹੀ ਦੇਖਦਾ। ਜੋ ਆਪਣੀ ਕਵਿਤਾ ਵਿਚ ਭੁੱਲੇ ਵਿਸਰੇ ਸ਼ਬਦਾਂ ਨੂੰ ਸ਼ਾਮਿਲ ਕਰਦਾ ਤਾਂ ਉਹ ਜਿਉ ਪੈਂਦੇ ਹਨ- ਮੇਰੀ ਜੀਵਨ ਨਦੀ ਅਜੇ ਕਾਹਲ ਦੇ ਥਲ ਨੇ 'ਜੀਰੀ' ਨਹੀਂ। 'ਙ' ਤੇ 'ਞ' ਦੀ ਵਰਤੋਂ ਕਰ ਕੇ ਸੁਰਿੰਦਰ ਨੇ ਸਾਬਿਤ ਕੀਤਾ ਕਿ ਇਹ ਅੱਖਰ ਬੇਲੋੜੇ ਨਹੀਂ, ਬੇਸ਼-ਕੀਮਤੀ ਹਨ।

ਸੁਰਿੰਦਰ ਦੀਆਂ ਕਵਿਤਾਵਾਂ ਵਿਚ ਸਾਹਿਤ ਦੇ ਰਸਾਂ ਤੇ ਅਲੰਕਾਰਾਂ ਦੀ ਭਰਮਾਰ। 'ਮਾਂਜੇ ਹੋਏ ਪਿੱਤਲ ਵਾਂਙ ਉਸਦੀ ਟਿੰਡ ਚਮਕਦੀ', 'ਕੰਨਾਂ 'ਚ ਮੈਲ ਵਾਂਙ ਭਰਿਆ ਸ਼ਹਿਰ ਦਾ ਰੌਲ਼ਾ', 'ਪੱਠੀ ਟੋਪੀ ਵਾਂਗ ਪਿਆ ਕੁਈਨਜ਼ ਬੋਰੋ ਬਰਿੱਜ', 'ਵਾਹੇ ਸਿਰਾਂ ਵਾਂਙ ਬੀਜੇ ਦਰਖ਼ਤ', 'ਹਥੇਲੀ ਭਰ ਫੋਨ ਦਾ ਸਕਰੀਨ-ਸਾਗਰ'। ਪਰ ਉਸ ਦੇ ਕਥਨ ਅਨੁਸਾਰ ਜਿਵੇਂ 'ਨਿਊਯਾਰਕਵਿਤਾ' ਨੌਂ ਰਸਾਂ ਦੀ ਪਕੜ ਤੋਂ ਪਾਰ, ਇਹ ਗੱਲ ਉਸ ਦੀ ਕਵਿਤਾ 'ਤੇ ਵੀ ਢੁਕਾਈ ਜਾ ਸਕਦੀ।

ਟੈਕਸੀ ਵਿਚ ਸੁਰਿੰਦਰ ਨੂੰ ਇਕ ਬਰਾਜ਼ੀਲੀਅਨ ਔਰਤ ਮਿਲਦੀ। ਕਵੀ ਵੱਲੋਂ ਪੁੱਛੇ ਸਵਾਲ 'ਜੌਬ ਔਰ ਬਿਜ਼ਨੈੱਸ' ਦੇ ਜਵਾਬ ਵਿਚ ਆਖਦੀ ਕਿ 'ਜੱਜ ਹਾਂ'। ਕਵੀ ਅੰਦਰਲੀ ਪ੍ਰਤਿਭਾ ਬੋਲਦੀ:


'ਅਪਰਾਧ ਤੇ ਦੰਡ' ਪੜ੍ਹਿਆ ਹੋਵੇਗਾ'
'ਕਿਉਂ ਨਹੀਂ?'

ਇਥੇ ਕਵੀ ਦੀ ਇਹ ਸਤਰ ਬੇਹੱਦ ਪਿਆਰੀ ਲੱਗਦੀ:

'ਮੈਂ ਜਿਵੇਂ ਦੱਸਣਾ ਚਾਹੁੰਦਾ ਹੋਵਾਂ
ਮੈਂ ਨਿਰਾ ਟੈਕਸੀ ਡਰਾਈਵਰ ਨਹੀਂ, ਕੁਝ ਹੋਰ ਵੀ ਹਾਂ..।'

ਟੈਕਸੀ ਚਲਾਉਣਾ ਸੁਰਿੰਦਰ ਲਈ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਨਹੀਂ, ਪਰਿਵਾਰ ਚਲਾਉਣ ਦਾ ਵਸੀਲਾ ਨਹੀਂ, ਉਸਦੀ ਉਹ ਯੂਨੀਵਰਸਿਟੀ, ਖੋਜ-ਸ਼ਾਲਾ, ਜਿਸ 'ਚ ਉਸ ਨੇ ਵਿਭਿੰਨ ਪਾਤਰਾਂ ਨਾਲ ਵਿਚਰ ਕੇ ਸਾਹਿਤ-ਸਾਗਰ 'ਚ ਟੁੱਭੀ ਮਾਰ ਕੇ ਮੋਤੀ-ਸਿੱਪੀ ਲੱਭੇ ਤੇ ਪਾਠਕਾਂ ਦੀ ਰੂਹ-ਝੋਲੀ ਸਰਸ਼ਾਰ ਕਰ ਦਿੱਤੀ। ਸਵਾਰੀ ਉਸ ਲਈ ਐਲਕਮਿਸਟ (ਕੀਮੀਆਗਰ) ਸਾਬਿਤ ਹੋਈ। ਭੌਤਿਕ ਵਸਤਾਂ ਦੀ ਕੀਮੀਆਗਰੀ ਕਰ ਕੇ ਸੋਨਾ ਭਾਵੇਂ ਨਾ ਬਣੇ ਪਰ ਉਸ ਜੱਜ ਨਾਲ ਗੱਲਬਾਤ ਕਰ ਕੇ 'ਮੇਰੀ ਤਾਂਬਾ ਸੋਚ, ਸੋਨ-ਸੁਰਤ ਵਿਚ ਬਦਲ ਰਹੀ' ਦਾ ਅਨੁਭਵ ਉਸ ਨੇ ਜ਼ਰੂਰ ਖੱਟ ਲਿਆ।

'ਮਹਾਨਗਰ' ਕਵਿਤਾ ਪੜ੍ਹਦਿਆਂ ਕੁਦਰਤ-ਪ੍ਰੇਮੀਆਂ ਵਾਂਗ ਸੁਰਿੰਦਰ ਕੁਦਰਤੀ ਰਹਿਮਤਾਂ ਨੂੰ ਲੱਗ ਰਹੀ ਢਾਅ ਬਾਰੇ ਸੋਚਦਿਆਂ ਭੈ-ਭੀਤ ਹੁੰਦਾ। ਗੱਡੀਆਂ-ਵਾਹਨਾਂ ਦੀਆਂ ਬੇਸੁਰੀਆਂ ਆਵਾਜ਼ਾਂ 'ਚ ਪੰਛੀਆਂ ਦਾ ਗੀਤ ਗਾਉਣਾ ਭੁੱਲ ਜਾਣਾ, ਪਰਫ਼ਿਊਮਾਂ ਦੀ ਮਸਨੂਈ ਮਹਿਕ 'ਚ ਫੁੱਲਾਂ ਨੂੰ ਮਹਿਕਣਾ ਵਿਸਰ ਜਾਣਾ, ਤੇਜ਼ ਰੌਸ਼ਨੀਆਂ 'ਚੁੰਧਿਆਏ ਤਾਰਿਆਂ ਦਾ ਜਾਗਦੇ ਹੋਏ ਵੀ ਅੱਖਾਂ ਮੀਟ ਜਾਣਾ ਉਸ ਨੂੰ ਉਦਾਸ ਕਰਦਾ। ਉਸ ਪਿਘਲ ਰਹੇ ਹਿਮ-ਪਰਬਤਾਂ ਦਾ ਸੰਸਾ। ਕਲਬਾਂ 'ਚ ਪੈਂਦਾ ਹੋ ਰਹੀ (ਬਾਕੀ ਸਫਾ 25 'ਤੇ)




'ਇਬਾਰਤ ਚੁਪ ਕਿਉਂ?' ਦਾ ਸਰਵਰਕ

***ਕਿਸਾਨਾਂ ਨੇ ਲੰਮੇ ਸਮੇਂ ਤੋਂ ਚੱਲ ਰਿਹਾ ਘੋਲ ਆਖਰਕਾਰ ਜਿੱਤ ਲਿਆ ਪਰ ਹੁਣ ਸਵਾਲ ਹੈ ਕਿ ਇਸ ਤੋਂ ਅਗਲਾ ਕਦਮ ਕੀ ਹੋਵੇ? ਇਸ ਵਕਤ ਸਮੁੱਚੇ ਭਾਰਤ ਜਿਸ ਵਿਚ ਪੰਜਾਬ ਵੀ ਸ਼ਾਮਿਲ ਹੈ, ਵਿਚ ਖੇਤੀ ਸੰਕਟ ਸਿਖਰਾਂ ਛੂਹ ਰਿਹਾ ਹੈ। ਮਾੜੀ ਗੱਲ ਇਹ ਹੋਈ ਹੈ ਕਿ ਲੋਕਾਂ ਦੇ ਹੱਕ ਵਿਚ ਖੜ੍ਹਨ ਦਾ ਦਾਅਵਾ ਕਰਨ ਵਾਲੇ ਬੁੱਧੀਜੀਵੀ ਵੀ ਇਸ ਦਾ ਹੱਲ ਪੇਸ਼ ਨਹੀਂ ਕਰ ਸਕੇ। ਇਨ੍ਹਾਂ ਅਹਿਮ ਨੁਕਤਿਆਂ ਬਾਰੇ ਚਰਚਾ ਨੌਜਵਾਨ ਵਿਦਵਾਨਾਂ ਪਰਮਜੀਤ ਸਿੰਘ ਅਤੇ ਪਰਗਟ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਅੱਜ ਦੇ ਹਾਲਾਤ ਮੁਤਾਬਿਕ ਐਨ ਨਿਤਾਰ ਕੇ ਗੱਲ ਕੀਤੀ ਹੈ ਤੇ ਇਸ ਮਸਲੇ ਦੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ। ਇਸ ਲੰਮੇ ਲੇਖ ਦਾ ਪਹਿਲਾ ਹਿੱਸਾ ਅਸੀਂ ਪਾਠਕਾਂ ਲਈ ਛਾਪ ਰਹੇ ਹਾਂ।***

# ਖੇਤੀਬਾੜੀ ਸੰਕਟ, ਕਿਸਾਨ ਅੰਦੋਲਨ ਅਤੇ ਪਾਪੂਲਿਜ਼ਮ

ਭਾਰਤ ਵਿਚ ਕਿਸਾਨੀ ਅੰਦੋਲਨ ਨੇ 1990 ਤੋਂ ਬਾਅਦ ਚਲੇ ਆ ਰਹੇ ਖੇਤੀਬਾੜੀ ਖੇਤਰ ਦੇ ਸੰਕਟ ਨੂੰ ਮੁੜ ਉਜਾਗਰ ਕਰ ਦਿੱਤਾ ਹੈ। ਕਿਸਾਨੀ ਅੰਦੋਲਨ ਦੀ ਭਾਰਤ ਸਰਕਾਰ ਦੁਆਰਾ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਦੀ ਜਿੱਤ ਉਨ੍ਹਾਂ ਸਾਰੇ ਲੋਕਾਂ ਦੀ ਜਿੱਤ ਹੈ ਜਿਨ੍ਹਾਂ ਨੇ ਫਾਸ਼ੀਵਾਦੀ ਅਤੇ ਪੂੰਜੀਵਾਦੀ ਤਾਕਤਾਂ ਦੇ ਗਠਜੋੜ ਦੀਆਂ ਖੇਤੀਬਾੜੀ ਖੇਤਰ ਨੂੰ ਕਾਰਪੋਰੇਟ ਹੱਥਾਂ ਵਿਚ ਦੇਣ ਦੀਆਂ ਨੀਤੀਆਂ ਨੂੰ ਠੱਲ੍ਹ ਪਾ ਦਿੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸਾਨੀ ਅੰਦੋਲਨ ਦੀ ਸ਼ਾਨਦਾਰ ਜਿੱਤ ਦਾ ਸਿਹਰਾ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ




**ਪਰਮਜੀਤ ਸਿੰਘ**
ਫੋਨ: +91-94646-16395
**ਪਰਗਟ ਸਿੰਘ**
ਫੋਨ: +91-94178-62967



ਪਿਛਲੇ ਇੱਕ ਸਾਲ ਦੌਰਾਨ ਵਿਚਾਰਧਾਰਕ ਵਖਰੇਵੇਂ ਹੋਣ ਦੇ ਬਾਵਜੂਦ ਇਕਜੁਟਤਾ ਬਣਾਈ ਰੱਖੀ ਪਰ ਹਥਲੇ ਲੇਖ ਦਾ ਵਿਸ਼ਾ ਕਿਸਾਨੀ ਅੰਦੋਲਨ ਦੀ ਜਿੱਤ ਦਾ ਮੁਲੰਕਣ ਕਰਨਾ ਨਹੀਂ ਬਲਕਿ ਪਿਛਲੇ ਇੱਕ ਸਾਲ ਦੌਰਾਨ ਖੇਤੀਬਾੜੀ ਸੰਕਟ ਅਤੇ ਖੇਤੀਬਾੜੀ ਕਾਨੂੰਨਾਂ ਬਾਰੇ ਪੰਜਾਬੀ ਬੁੱਧੀਜੀਵੀ ਵਰਗ ਨੇ ਜੋ ਸਮਝ ਪੇਸ਼ ਕੀਤੀ, ਉਸ ਦੀ ਵਿਗਿਆਨਕ ਪੜਚੋਲ ਕਰਨਾ ਹੈ।

ਜੇ ਅਸੀਂ ਪਿਛਲੇ ਇੱਕ ਸਾਲ ਦੌਰਾਨ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਵਿਚ ਪੰਜਾਬੀ ਬੁੱਧੀਜੀਵੀਆਂ ਦੀਆਂ ਲਿਖਤਾਂ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਉਨ੍ਹਾਂ ਦੀ ਸਮਝ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਬੁੱਧੀਜੀਵੀ ਵਰਗ ਉਹ ਹੈ ਜੋ ਕਿਸਾਨੀ ਸਵਾਲ/ਸੰਕਟ ਅਤੇ ਖੇਤੀ ਕਾਨੂੰਨਾਂ ਦੀ ਆਰਥਿਕ ਅਤੇ ਸਿਆਸੀ ਸਮਝ ਪੇਸ਼ ਕਰਦਾ ਹੈ। ਇਸ ਵਰਗ ਨੇ ਕਿਸਾਨੀ ਅੰਦੋਲਨ ਦੀ ਮਹੱਤਤਾ ਦੇ ਸਿਆਸੀ ਅਤੇ ਆਰਥਿਕ ਕਾਰਨ ਉਜਾਗਰ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ ਪਰ ਇਸ ਲੇਖ ਦਾ ਮਕਸਦ ਉਨ੍ਹਾਂ ਦੀ ਹਮਦਰਦੀ ਅਤੇ ਭਾਵਨਾ ਦਾ ਮੁਲੰਕਣ ਕਰਨਾ ਨਹੀਂ ਬਲਕਿ ਉਨ੍ਹਾਂ ਦੀਆਂ ਲਿਖਤਾਂ ਦੀ ਵਿਗਿਆਨਕ ਨਿਸ਼ਾਨਦੇਹੀ ਕਰਨਾ ਹੈ।

ਉਂਜ, ਇਨ੍ਹਾਂ ਦੀ ਵਿਗਿਆਨਕ ਪੜਚੋਲ ਤੋਂ ਬਾਅਦ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਬੁੱਧੀਜੀਵੀਆਂ ਦੇ ਵਿਸ਼ਲੇਸ਼ਣ ਪਿੱਛੇ ਵੱਖ-ਵੱਖ ਵਿਗਿਆਨਕ ਵਿਚਾਰਧਾਰਾਵਾਂ ਨਹੀਂ ਹਨ; ਦੂਜੇ ਸ਼ਬਦਾਂ ਵਿਚ, ਇਨ੍ਹਾਂ ਸਾਰਿਆਂ ਦੀਆਂ ਲਿਖਤਾਂ ਵਿਚੋਂ ਪਾਪੂਲਿਸਟ ਵਿਚਾਰਧਾਰਾ ਹੀ ਨਜ਼ਰ ਆਉਂਦੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਚੇਨੋਵੀਅਨ (Chayanovian) ਪਾਪੂਲਿਸਟ ਜਾਪਦੇ ਹਨ। ਚੇਨੋਵੀਅਨ ਪਾਪੂਲਿਸਟਾਂ ਤੋਂ ਸਾਡਾ ਭਾਵ ਉਸ ਬੁੱਧੀਜੀਵੀ ਵਰਗ ਤੋਂ ਹੈ ਜਿਹੜਾ ਖੇਤੀਬਾੜੀ ਸਵਾਲ/ਸੰਕਟ ਨੂੰ ਵੱਡੇ ਆਰਥਿਕ ਢਾਂਚੇ (ਪੂੰਜੀਵਾਦ) ਦੇ ਵਿਕਾਸ ਦੇ ਨਿਯਮਾਂ ਅਤੇ ਵਿਰੋਧਤਾਈਆਂ ਨੂੰ ਅਣਗੌਲਿਆ ਕਰਕੇ ਦੇਖਦਾ ਹੈ।

ਦੂਜੀ ਤਰ੍ਹਾਂ ਦੇ ਬੁੱਧੀਜੀਵੀ ਵਰਗ ਵਿਚ ਉਹ ਸਾਰੇ ਬੁੱਧੀਜੀਵੀ ਸ਼ਾਮਿਲ ਹਨ ਜੋ ਕਿਸਾਨੀ ਸਵਾਲ/ਸੰਕਟ ਅਤੇ ਕਿਸਾਨੀ ਅੰਦੋਲਨ ਦੀ ਮਹੱਤਤਾ ਦੀ ਵਿਆਖਿਆ ਸਭਿਆਚਾਰਕ ਮਿੱਥਾਂ (ਭਾਸ਼ਾ, ਧਰਮ, ਪਛਾਣ, ਰੀਤੀ-ਰਿਵਾਜ਼ਾਂ, ਪਹਿਰਾਵਾ, ਗੀਤ-ਸੰਗੀਤ, ਪਰੰਪਰਾਵਾਂ, ਪੇਂਡੂ ਹੇਰਵਾ ਆਦਿ) ਦਾ ਸਹਾਰਾ ਲੈ ਕੇ ਕਰ ਰਹੇ ਸਨ। ਇਨ੍ਹਾਂ ਦੀ ਵਿਗਿਆਨਕ ਪੜਚੋਲ ਤੋਂ ਬਾਅਦ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਦਾ ਕੋਈ ਵਿਗਿਆਨਕ ਅਤੇ ਇਤਿਹਾਸਕ ਪਦਾਰਥਵਾਦੀ ਪ੍ਰਸੰਗ ਨਹੀਂ ਹੈ। ਇਹ ਸਾਰੇ ਹੀ ਰੂੜ੍ਹੀਵਾਦੀ (conservative) ਪਾਪੂਲਿਸਟ ਹਨ ਜੋ ਪੇਂਡੂ ਸਭਿਆਚਾਰ ਦੇ ਮਿਥਿਹਾਸਕ ਪੱਖਾਂ ਨੂੰ ਉਜਾਗਰ ਕਰਕੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਆਰਥਿਕ ਵਿਕਾਸ ਨੂੰ ਪਿੰਡ-ਵਿਰੋਧੀ ਪੇਸ਼ ਕਰਦੇ ਹਨ।

ਪਿਛਲੇ ਇੱਕ ਸਾਲ ਦੌਰਾਨ (ਅਸਲ ਵਿਚ ਪਿਛਲੇ 30 ਸਾਲਾਂ ਤੋਂ) ਪੰਜਾਬ ਵਿਚ ਕੋਈ ਅਜਿਹਾ ਬੁੱਧੀਜੀਵੀ ਵਰਗ ਨਜ਼ਰ ਨਹੀਂ ਆਇਆ ਜਿਸ ਨੇ ਖੇਤੀਬਾੜੀ ਸਵਾਲ/ਸੰਕਟ ਦੇ ਸਥਾਈ ਹੱਲ ਲਈ ਕੋਈ ਵਿਗਿਆਨਕ ਅਤੇ ਵੱਖਰੀ ਵਿਚਾਰਧਾਰਾ ਪੇਸ਼ ਕੀਤੀ ਹੋਵੇ। ਪਿਛਲੇ ਸਮੇਂ ਦੌਰਾਨ 'ਪੰਜਾਬ ਟਾਈਮਜ਼' ਅਖਬਾਰ ਵਿਚ ਬਲਰਾਜ ਦਿਓਲ ਨੇ ਕੁਝ ਲੇਖ ਲਿਖੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਪੰਜਾਬ ਦੇ ਖੇਤੀਬਾੜੀ ਬੁੱਧੀਜੀਵੀ ਵਰਗ ਦੀ ਕਿਸਾਨੀ ਸਵਾਲ/ਸੰਕਟ ਅਤੇ ਕਿਸਾਨੀ ਅੰਦੋਲਨ ਬਾਰੇ ਪੈਦਾ ਕੀਤੀ ਜਾ ਰਹੀ ਚੇਤਨਾ ਨੂੰ ਚਰਚਾ ਹੇਠ ਲਿਆ ਕੇ ਕੁਝ ਅਹਿਮ ਸਵਾਲ ਉਠਾਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਲਰਾਜ ਦਿਓਲ ਦੁਆਰਾ ਉਠਾਏ ਸਵਾਲ ਬਹੁਤ ਅਹਿਮ ਹਨ ਪਰ ਬਲਰਾਜ ਦਿਓਲ ਦੀਆਂ ਲਿਖਤਾਂ ਵਿਚ ਕੋਈ ਵਿਚਾਰਧਾਰਕ ਆਧਾਰ ਦੇਖਣ ਨੂੰ ਨਹੀਂ ਮਿਲਦਾ ਅਤੇ ਨਾ ਹੀ ਉਨ੍ਹਾਂ ਨੇ ਪੰਜਾਬੀ ਬੁੱਧੀਜੀਵੀ ਵਰਗ ਦੀ ਨਿਸ਼ਾਨਦੇਹੀ (ਭਾਵ ਕਿਸੇ ਮਹਾਂ ਬਿਰਤਾਂਤ ਨੂੰ ਆਧਾਰ ਬਣਾ ਕੇ) ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀਆਂ ਲਿਖਤਾਂ ਤੋਂ ਇਹ ਜਾਪਦਾ ਹੈ ਕਿ ਉਹ ਪੰਜਾਬੀ ਬੁੱਧੀਜੀਵੀਆਂ ਦੀ ਵਿਅਕਤੀਗਤ ਪੱਧਰ 'ਤੇ ਹੀ ਆਲੋਚਨਾ ਕਰਦੇ ਹਨ।

ਇਸ ਪ੍ਰਸੰਗ ਵਿਚ ਇਹ ਲੇਖ ਵਿਗਿਆਨਕ ਆਧਾਰ 'ਤੇ ਖੇਤੀਬਾੜੀ ਸਵਾਲ/ਸੰਕਟ ਅਤੇ ਕਿਸਾਨੀ ਅੰਦੋਲਨ ਦੀ ਸਮਝ ਪੇਸ਼ ਕਰਨ ਵਾਲੀਆਂ ਪਾਪੂਲਿਸਟ ਲਿਖਤਾਂ ਦੇ ਖਾਸੇ ਦੀ ਵਿਗਿਆਨਕ ਪੜਚੋਲ ਕਰਨ ਦਾ ਯਤਨ ਹੈ। ਇਸ ਲੇਖ ਦੇ ਮੁਢਲੇ ਭਾਗ ਵਿਚ ਅਸੀਂ ਖੇਤੀ ਪਾਪੂਲਿਸਟ ਵਿਚਾਰਧਾਰਾ ਦਾ ਵਿਸ਼ਲੇਸ਼ਣ/ਮੁਲੰਕਣ ਕਰਾਂਗੇ। ਫਿਰ ਪੰਜਾਬੀ ਖੇਤੀ ਮਾਹਰ ਬੁੱਧੀਜੀਵੀਆਂ ਦੀਆਂ ਪਾਪੂਲਿਸਟ ਲਿਖਤਾਂ ਦੀ ਨਿਸ਼ਾਨਦੇਹੀ ਕਰਾਂਗੇ ਅਤੇ ਫਿਰ ਪੰਜਾਬ ਤੇ ਆਮ ਲੋਕਾਈ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੁਝ ਅਹਿਮ ਸਵਾਲ ਰੱਖਾਂਗੇ ਜਿਨ੍ਹਾਂ ਦੇ ਸਨਮੁੱਖ ਹੋਏ ਬਿਨਾ ਪੰਜਾਬ ਨੂੰ ਆਰਥਿਕ ਵਿਕਾਸ ਦੀਆਂ ਲੀਹਾਂ ਤੇ ਨਹੀਂ ਪਾਇਆ ਜਾ ਸਕਦਾ।

## ਖੇਤੀ ਖੇਤਰ ਬਾਰੇ ਪਾਪੂਲਿਸਟ ਵਿਚਾਰਧਾਰਾ

ਕਿਸਾਨੀ ਅਤੇ ਸਮੁੱਚੀ ਆਰਥਿਕਤਾ ਦੇ ਪ੍ਰਸੰਗ ਵਿਚ ਪਾਪੂਲਿਸਟ ਵਿਚਾਰਧਾਰਾ ਦੀ ਸ਼ੁਰੂਆਤ 1870ਵਿਆਂ ਵਿਚ ਰੂਸ ਵਿਚ ਹੋਈ। ਅਸਲ ਵਿਚ ਪਾਪੂਲਿਸਟ ਵਿਚਾਰਧਾਰਾ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨਾ ਮਾਰਕਸਵਾਦ ਦਾ। ਖੇਤੀ ਦੇ ਸਵਾਲ/ਸੰਕਟ ਦੀ ਪਾਪੂਲਿਸਟ ਧਾਰਨਾ ਖੇਤੀ ਸਵਾਲ ਅਤੇ ਸੰਕਟ ਦੇ ਹੱਲ ਦੇ ਦੋ ਇਤਿਹਾਸਿਕ ਮਹਾਂ ਬਿਰਤਾਂਤ (ਪੂੰਜੀਵਾਦ ਤੇ ਸਮਾਜਵਾਦ) ਦੇ ਬੁੱਧੀਜੀਵੀਆਂ ਦੁਆਰਾ ਦਿੱਤੀਆਂ ਵਿਕਾਸਪੱਖੀ ਧਾਰਨਾਵਾਂ ਦੇ ਵਿਚਕਾਰ ਦੀ ਧਾਰਨਾ ਹੈ। ਖੇਤੀ ਪਾਪੂਲਿਸਟ ਵਿਚਾਰਧਾਰਾ ਦਾ ਉਭਾਰ ਅਤੇ ਵਿਕਾਸ ਇਸ ਦੇ ਪੈਰੋਕਾਰਾਂ ਦੀ ਕਿਸਾਨੀ ਪ੍ਰਤੀ ਹਮਦਰਦੀ ਅਤੇ ਭਾਵੁਕਤਾ ਵਿਚੋਂ ਨਿਕਲਦਾ ਹੈ। ਇਸ ਵਿਚਾਰਧਾਰਾ ਦੇ ਮੁੱਖ ਬੁੱਧੀਜੀਵੀ ਮਾਰਕਸ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਤਾਂ ਸਨ ਪਰ ਉਹ ਮਾਰਕਸ ਦੇ ਦਿੱਤੇ ਪੂੰਜੀਵਾਦ ਦੇ ਵਿਕਾਸ ਦੇ ਸਿਧਾਂਤਾਂ ਅਤੇ ਉਸ ਵਿਚ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਅਸੰਗਤੀ (incompatibility) ਤੋਂ ਇਨਕਾਰੀ ਸਨ। ਇਸ ਵਿਚਾਰਧਾਰਾ ਅਨੁਸਾਰ, ਛੋਟੀ ਤੇ ਦਰਮਿਆਨੀ ਕਿਸਾਨੀ ਪੂੰਜੀਵਾਦੀ (ਤੇ ਸਮਾਜਵਾਦੀ) ਆਰਥਿਕ ਢਾਂਚੇ ਵਿਚ ਵੀ ਆਪਣੀ ਹੋਂਦ ਨੂੰ ਬਣਾ ਕੇ ਰੱਖ ਸਕਦੀ ਹੈ। ਦੂਜੇ ਸ਼ਬਦਾਂ ਵਿਚ, ਖੇਤੀ ਪਾਪੂਲਿਸਟ ਬੁੱਧੀਜੀਵੀ ਵਰਗ ਛੋਟੀ ਅਤੇ ਦਰਮਿਆਨੀ ਕਿਸਾਨੀ ਦਾ ਅਧਿਐਨ ਇਸ ਨੂੰ ਪੂੰਜੀਵਾਦੀ ਵਿਕਾਸ ਅਤੇ ਸੰਗ੍ਰਹਿ (ਸਮਾਜਵਾਦੀ ਵਿਕਾਸ ਤੇ ਸੰਗ੍ਰਹਿ) ਤੋਂ ਵੱਖ ਕਰਕੇ ਕਰਦਾ ਹੈ। ਇਹ ਵਿਚਾਰਧਾਰਾ ਛੋਟੀ ਕਿਸਾਨੀ ਆਧਾਰਿਤ ਖੇਤੀ ਨੂੰ ਸੰਪੂਰਨ, ਵਿਸ਼ਵਵਿਆਪੀ ਅਤੇ ਆਜ਼ਾਦ ਸ਼੍ਰੇਣੀ ਦੇ ਰੂਪ ਵਿਚ ਪੇਸ਼ ਕਰਦੀ ਹੈ ਜਿਸ ਦਾ ਕਿਸੇ ਸਮਾਜ ਦੇ ਹਾਵੀ ਆਰਥਿਕ ਢਾਂਚੇ ਅਤੇ ਉਸ ਦੇ ਵਿਕਾਸ ਦੇ ਨਿਯਮਾਂ ਨਾਲ ਕੋਈ ਸੰਬੰਧ ਨਹੀਂ ਹੈ। ਇਹ ਕਿਸਾਨੀ ਦੇ ਅੰਦਰ ਦੀਆਂ ਵਿਰੋਧਤਾਈਆਂ ਅਤੇ ਆਰਥਿਕ ਨਾ-ਬਰਾਬਰੀ ਜੋ ਖੇਤੀ ਵਿਚ ਪੂੰਜੀਵਾਦੀ ਵਿਕਾਸ ਦਾ ਸਿੱਟਾ ਹਨ, ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਦੀ ਹੈ। ਇਹ ਵਿਚਾਰਧਾਰਾ ਆਪਣੇ ਆਪ ਨੂੰ ਪੂਰੀ ਕਿਸਾਨੀ (ਜਿਸ ਨੂੰ ਇਹ ਜਮਾਤ ਰਹਿਤ ਪੇਸ਼ ਕਰਦੀ ਹੈ) ਅਤੇ ਪੇਂਡੂ ਖੇਤ ਮਜ਼ਦੂਰਾਂ ਦਾ ਹਮਦਰਦ ਤੇ ਬੁੱਧੀਜੀਵੀ ਮਸੀਹਾ ਪੇਸ਼ ਕਰਦੀ ਹੈ। ਦੂਜੇ ਸ਼ਬਦਾਂ ਵਿਚ, ਇਹ ਵਿਚਾਰਧਾਰਾ ਛੋਟੀ ਤੇ ਦਰਮਿਆਨੀ ਕਿਸਾਨੀ ਦਾ ਭਾਵਨਾਤਮਕ ਸ਼ੋਸ਼ਣ ਕਰਦੀ ਹੈ। ਇਹ ਕਿਸਾਨੀ ਨੂੰ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਆਖ ਕੇ ਭਰਮਾਉਂਦੀ ਹੈ। ਇਹ ਪੇਂਡੂ ਰੂੜੀਵਾਦੀ ਮਿੱਥ ਜਿਸ ਵਿਚ ਪੇਂਡੂ ਭਾਈਚਾਰਕ ਸਾਂਝ ਜਿਵੇਂ ਭਾਸ਼ਾ, ਧਰਮ, ਰੀਤੀ-ਰਿਵਾਜ਼, ਪਹਿਰਾਵਾ, ਗੀਤ, ਪਰੰਪਰਾਵਾਂ ਆਦਿ ਨੂੰ ਆਰਥਿਕ ਵਿਕਾਸ ਅਤੇ ਆਰਥਿਕ ਲੋੜਾਂ ਤੋਂ ਵੱਧ ਮਹੱਤਵਪੂਰਨ ਬਣਾ ਕੇ ਪੇਸ਼ ਕਰਦੀ ਹੈ।



1950 ਤੋਂ ਬਾਅਦ ਅਮਰੀਕਾ ਅਤੇ ਹੋਰ ਪੂੰਜੀਵਾਦੀ ਮੁਲਕਾਂ ਨੇ ਤੀਜੀ ਦੁਨੀਆ ਦੇ ਦੇਸ਼ਾਂ ਵਿਚ ਸਮਾਜਵਾਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਸਮਾਜਵਾਦੀ ਕ੍ਰਾਂਤੀਆਂ ਨੂੰ ਰੋਕਣ ਲਈ ਖੇਤੀ ਪਾਪੂਲਿਸਟ ਵਿਚਾਰਧਾਰਾ ਨੂੰ ਖੂਬ ਉਤਸ਼ਾਹਿਤ ਕੀਤਾ। ਨਵ-ਪਾਪੂਲਿਜ਼ਮ ਦੇ ਆਰਥਿਕ ਸਿਧਾਂਤਕਾਰ ਚੇਨੋਵ (Chayanov) ਦੀਆਂ ਲਿਖਤਾਂ ਅਮਰੀਕਨ ਆਰਥਿਕ ਐਸੋਸੀਏਸ਼ਨ ਦੁਆਰਾ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ ਗਈਆਂ। ਇਨ੍ਹਾਂ ਲਿਖਤਾਂ ਨੇ ਖੇਤੀ ਪਾਪੂਲਿਜ਼ਮ ਨੂੰ ਆਰਥਿਕ ਤਰਕ ਮੁਹੱਈਆ ਕੀਤਾ। ਨਵ-ਪਾਪੂਲਿਸਟ ਲਿਖਤਾਂ ਨੇ ਨਵ-ਕਲਾਸੀਕਲ ਸਿਧਾਂਤਾ ਨੂੰ ਆਧਾਰ ਬਣਾ ਕੇ ਛੋਟੀ ਅਤੇ ਦਰਮਿਆਨੀ ਕਿਸਾਨੀ ਨੂੰ ਵੱਡੇ ਪੂੰਜੀਵਾਦੀ ਢਾਂਚੇ ਦੇ ਵਿਕਾਸ ਦੇ ਨਿਯਮਾਂ ਤੋਂ ਵੱਖ ਕਰਕੇ ਸਵੈ-ਨਿਰਭਰ ਕਿਸਾਨੀ ਅਤੇ ਉਸ ਤੋਂ ਮਹੱਤਵਪੂਰਨ ਵੱਡੀ ਕਿਸਾਨੀ ਨਾਲੋਂ ਵੱਧ ਕੁਸ਼ਲ ਕਿਸਾਨੀ ਦੇ ਰੂਪ ਵਿਚ ਪੇਸ਼ ਕੀਤਾ। ਉਪਰੋਕਤ ਦੋਵੇਂ ਧਾਰਨਾਵਾਂ ਤੋਂ ਇਲਾਵਾ ਇਸ ਵਿਚਾਰਧਾਰਾ ਨੂੰ ਤੀਜੀ ਦੁਨੀਆ ਦੇ ਮੁਲਕਾਂ ਵਿਚ ਵਿਕਸਿਤ ਕਰਨ ਲਈ ਤੀਜਾ ਵੱਡਾ ਯੋਗਦਾਨ ਉੱਤਰ-ਆਧੁਨਿਕਤਾਵਾਦ ਦਾ ਹੈ ਜਿਸ ਨੇ ਇਤਿਹਾਸ, ਵੱਡੇ ਬਿਰਤਾਂਤਾਂ, ਵਿਚਾਰਧਾਰਾ ਆਦਿ ਆਧਾਰਿਤ ਵਿਕਾਸ ਦੇ ਮਾਰਗ ਦੀ ਮਹੱਤਤਾ ਨੂੰ ਖੋਜ ਅਤੇ ਵਿਸ਼ਲੇਸ਼ਣ ਵਿਚੋਂ ਪੂਰੀ ਤਰ੍ਹਾਂ ਮਨਫੀ ਕਰ ਦਿੱਤਾ। ਇਸ ਦੇ ਨਾਲ-ਨਾਲ ਉੱਤਰ-ਆਧੁਨਿਕਤਾਵਾਦ ਨੇ ਪੂੰਜੀਵਾਦੀ ਢਾਂਚੇ ਵਿਚ ਖੋਜ ਅਤੇ ਅਧਿਐਨ ਲਈ ਉਨ੍ਹਾਂ ਸਮੱਸਿਆਵਾਂ ਨੂੰ ਮੁੱਖ ਬਣਾ ਦਿੱਤਾ ਜੋ ਪੂੰਜੀਵਾਦ ਦੇ ਸੰਗ੍ਰਹਿ ਅਤੇ ਤਰਕ ਨੂੰ ਸਵਾਲ ਨਾ ਕਰ ਕੇ ਉਸ ਲਈ ਲਾਹੇਵੰਦ ਹਨ। ਇਸ ਸਾਰੀ ਪ੍ਰਕਿਰਿਆ ਵਿਚ ਇਸ ਵਿਚਾਰਧਾਰਾ ਨੇ ਪੂੰਜੀਵਾਦੀ ਢਾਂਚੇ ਦੇ ਅਧਿਐਨ ਨੂੰ ਖੋਜ ਅਤੇ ਅਧਿਐਨ ਕਾਰਜਾਂ ਵਿਚੋਂ ਉੱਕਾ ਹੀ ਖਤਮ ਕਰ ਦਿੱਤਾ ਹੈ।

ਅਜੋਕੀ ਪਾਪੂਲਿਸਟ ਵਿਚਾਰਧਾਰਾ ਉਪਰੋਕਤ ਵਿਚਾਰਧਾਰਾਵਾਂ (ਨਵ-ਪਾਪੂਲਿਜ਼ਮ, ਨਵ-ਕਲਾਸੀਕਲ ਅਤੇ ਉੱਤਰ-ਆਧੁਨਿਕਤਾਵਾਦ) ਦਾ ਸੁਮੇਲ ਹੈ। ਇਸ ਵਿਚਾਰਧਾਰਾ ਦੇ ਖਾਸੇ ਅਤੇ ਇਸ ਦੀ ਵਿਗਿਆਨਕ ਪੜਚੋਲ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਵਿਚਾਰਧਾਰਾ ਅਗਾਂਹਵਧੂ ਵਿਚਾਰਧਾਰਾ ਨਹੀਂ ਸਗੋਂ ਆਰਥਿਕ ਖੜੋਤ ਦੀ ਵਿਚਾਰਧਾਰਾ ਹੈ। ਇਹ ਖੇਤੀ ਦੇ ਸਵਾਲ/ਸੰਕਟ ਦਾ ਹੱਲ ਕਰਨ ਦੀ ਬਜਾਇ ਉਸ ਨੂੰ ਬਣਾ ਕੇ ਰੱਖਣ ਅਤੇ ਮਜ਼ਬੂਤ ਕਰਨ ਵਿਚ ਜ਼ਿਆਦਾ ਦਿਲਚਸਪੀ ਰੱਖਦੀ ਹੈ। ਖੇਤੀ ਪਾਪੂਲਿਸਟਾਂ ਦਾ ਇੱਕ ਵਰਗ ਖੇਤੀ ਖੇਤਰ ਦੀ ਆਧੁਨਿਕਤਾ ਦਾ ਤਾਂ ਹਾਮੀ ਹੋ ਸਕਦਾ ਹੈ ਪਰ ਆਧੁਨਿਕਤਾ ਦੇ ਮਾਡਲ (ਪੂੰਜੀਵਾਦ ਅਤੇ ਸਮਾਜਵਾਦ) ਦਾ ਵਿਰੋਧੀ ਹੀ ਰਹਿੰਦਾ ਹੈ। ਦੂਜੇ ਸ਼ਬਦਾਂ ਵਿਚ ਖੇਤੀ ਪਾਪੂਲਿਸਟ ਵਿਚਾਰਧਾਰਾ ਪਿਛਾਂਹਖਿੱਚੂ ਵਿਚਾਰਧਾਰਾ ਹੈ ਜੋ ਖੇਤੀਬਾੜੀ ਦੇ ਸਵਾਲ/ਸੰਕਟ ਨੂੰ ਆਰਥਿਕ ਰੋਮਾਂਸਵਾਦ ਅਤੇ ਸਭਿਆਚਾਰਕ ਮਿੱਥ ਦਾ ਨਿਰਮਾਣ ਕਰਕੇ ਬਣਾਈ ਰੱਖਣਾ ਚਾਹੁੰਦੀ ਹੈ। ਆਰਥਿਕ ਰੋਮਾਂਸਵਾਦੀ ਅਤੇ ਪਾਪੂਲਿਸਟ ਸਭਿਆਚਾਰਕ ਮਿੱਥ ਇੱਕ ਦੂਜੇ ਦੇ ਪੂਰਕ ਹਨ। ਇਹ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਵਾਰ-ਵਾਰ ਦੇਸ਼ ਦਾ ਅੰਨਦਾਤਾ ਕਹਿ ਕੇ ਨਵਾਜਦੇ ਹਨ ਅਤੇ ਇਸ ਭਾਵਨਾਤਕ, ਮਿਥਿਹਾਸਕ ਝੂਠੀ ਸ਼ਾਨ ਅਤੇ ਮਾਣ ਦੇ ਬੋਝ ਥੱਲੇ ਇਨ੍ਹਾਂ ਜਮਾਤਾਂ ਦੀ ਗੁਰਬਤ ਨੂੰ ਹੋਰ ਗਹਿਰਾ ਕਰ ਦਿੰਦੇ ਹਨ। ਖੇਤੀ ਪਾਪੂਲਿਸਟ ਵਿਚਾਰਧਾਰਾ ਦੀਆਂ ਕੁਝ ਅਹਿਮ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ ਜੋ ਪੰਜਾਬ ਵਿਚ ਖੇਤੀ ਮਾਹਰਾਂ ਦੀਆਂ ਲਿਖਤਾਂ ਦੀ ਨਿਸ਼ਾਨਦੇਹੀ ਅਤੇ ਵਿਗਿਆਨਕ ਪੜਚੋਲ ਕਰਨ ਵਿਚ ਕਾਫੀ ਸਹਾਇਕ ਸਿੱਧ ਹੋਣਗੀਆਂ:

1) ਖੇਤੀ ਪਾਪੂਲਿਸਟ ਵਿਚਾਰਧਾਰਾ ਸਰਕਾਰ ਦੁਆਰਾ ਬਣਾਈਆਂ ਗਈਆਂ ਉਨ੍ਹਾਂ ਸਾਰੀਆਂ ਨੀਤੀਆਂ ਅਤੇ ਕਾਨੂੰਨਾਂ ਦਾ ਵਿਰੋਧ ਕਰਦੀ ਹੈ ਜੋ ਕਿਸੇ ਵੀ ਤਰੀਕੇ ਨਾਲ ਖੇਤੀ ਖੇਤਰ ਨੂੰ ਪ੍ਰਭਾਵੀ ਆਰਥਿਕ ਢਾਂਚੇ ਦਾ ਹਿੱਸਾ ਬਣਾਉਣਾ ਚਾਹੁੰਦੀਆਂ ਹਨ ਜਾਂ ਉਸ ਨੂੰ ਆਰਥਿਕ ਢਾਂਚੇ ਦੇ ਵਿਕਾਸ ਦੇ ਨਿਯਮਾਂ ਅਨੁਸਾਰ ਤਬਦੀਲ ਕਰਨਾ ਚਾਹੁੰਦੀਆਂ ਹਨ ਪਰ ਇਹ ਵਿਚਾਰਧਾਰਾ ਉਸ ਆਰਥਿਕ ਢਾਂਚੇ (ਪੂੰਜੀਵਾਦ) ਜਿਸ ਵਿਚ ਸਰਕਾਰ ਆਰਥਿਕ ਢਾਂਚੇ ਦਾ ਸਿਰਫ ਉੱਪਰੀ ਢਾਂਚਾ (ਸੁਪਰ ਸਟਰੱਕਚਰ) ਹੈ ਦਾ ਪੁਰਜ਼ੋਰ ਵਿਰੋਧ ਨਹੀਂ ਕਰਦੀ। ਜੇ ਇਹ ਵਿਚਾਰਧਾਰਾ ਉਸ ਆਰਥਿਕ ਢਾਂਚੇ ਦਾ ਵਿਰੋਧ ਵੀ ਕਰਦੀ ਹੈ ਤਾਂ ਉਸ ਦਾ ਆਧਾਰ ਆਰਥਿਕ ਜਾਂ ਕੋਈ ਹੋਰ ਅਗਾਂਹਵਧੂ ਆਰਥਿਕ ਬਦਲ ਨਹੀਂ ਹੁੰਦਾ।

2) ਖੇਤੀ ਪਾਪੂਲਿਸਟ ਵਿਚਾਰਧਾਰਾ ਸੁਧਾਰਵਾਦੀ ਅਤੇ ਰਿਆਇਤਾਂ ਮੰਗਣ ਦੀ ਵਿਚਾਰਧਾਰਾ ਹੈ ਜੋ ਕ੍ਰਾਂਤੀ ਦੁਆਰਾ ਆਰਥਿਕ ਅਤੇ ਸਿਆਸੀ ਤਬਦੀਲੀ ਦੇ ਮਾਰਗ ਦੀ ਹਾਮੀ ਨਹੀਂ। ਇਹ ਮੌਜੂਦਾ ਆਰਥਿਕ ਅਤੇ ਸਿਆਸੀ ਢਾਂਚੇ ਵਿਚ ਰਹਿ ਕੇ ਹੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਵੱਡੇ ਹਿੱਸੇ ਨੂੰ ਉਸੇ ਤਰ੍ਹਾਂ ਪਿੰਡਾਂ ਵਿਚ ਬਣਾਈ ਰੱਖਣ ਲਈ ਲਗਾਤਾਰ ਰਿਆਇਤਾਂ ਦੀ ਮੰਗ ਕਰਦੀ ਰਹਿੰਦੀ ਹੈ। ਦੂਜੇ ਸ਼ਬਦਾਂ ਵਿਚ, ਇਸ ਵਿਚਾਰਧਾਰਾ ਦਾ ਕਿਸਾਨੀ ਸਵਾਲ/ਸੰਕਟ ਦਾ ਸਥਾਈ ਹੱਲ ਲੱਭਣ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

3) ਇਹ ਖੇਤੀ ਸੰਕਟ/ਸਵਾਲ ਦੇ ਹੱਲ ਲਈ ਸ਼ਹਿਰੀਕਰਨ ਅਤੇ ਉਦਯੋਗੀਕਰਨ ਦੇ ਮਾਰਗਾਂ ਜੋ ਪੂੰਜੀਵਾਦ ਤੇ ਸਮਾਜਵਾਦ, ਦੋਹਾਂ ਵਿਚ ਮਹੱਤਵਪੂਰਨ ਹਨ, ਨੂੰ ਪਿੰਡਾਂ ਅਤੇ ਕਿਸਾਨੀ ਵਿਰੋਧੀ ਪੇਸ਼ ਕਰਦੀ ਹੈ।

4) ਖੇਤੀ ਪਾਪੂਲਿਸਟ ਅਰਥ-ਸ਼ਾਸਤਰੀ ਅਤੇ ਖੇਤੀ ਸਭਿਆਚਾਰ ਪਾਪੂਲਿਸਟ ਬੁੱਧੀਜੀਵੀ ਵਰਗ ਪਿੰਡਾਂ ਦੀਆਂ ਗਰੀਬ ਜਮਾਤਾਂ ਨੂੰ ਪਿੰਡਾਂ ਦੇ ਸਭਿਆਚਾਰ ਦਾ ਰਾਖਾ ਅਤੇ ਚਿੰਨ੍ਹ ਮੰਨਦੇ ਹਨ। ਉਹ ਉਨ੍ਹਾਂ ਦੀ ਗਰੀਬੀ ਦੇ ਅਸਲ ਕਾਰਨਾਂ ਨੂੰ ਉਜਾਗਰ ਕਰਨ ਦੀ ਬਜਾਇ, ਖੇਤੀ ਨੂੰ ਵਾਰ-ਵਾਰ ਉਨ੍ਹਾਂ ਦਾ ਸਭਿਆਚਾਰਕ ਵਿਰਸਾ ਕਹਿ ਕੇ ਉਨ੍ਹਾਂ ਦਾ ਭਾਵਨਾਤਮਕ ਸ਼ੋਸ਼ਣ ਕਰਦੇ ਹਨ।

5) ਖੇਤੀ ਪਾਪੂਲਿਸਟ ਬੁੱਧੀਜੀਵੀ ਪਿੰਡਾਂ ਅੰਦਰਲੀ ਆਰਥਿਕ ਨਾ-ਬਰਾਬਰੀ ਦਾ ਜਮਾਤੀ ਵਿਸ਼ਲੇਸ਼ਣ ਕਰਨ ਦੀ ਬਜਾਇ ਜਾਤੀ, ਲਿੰਗਕ, ਖੇਤਰ ਆਦਿ ਆਧਾਰਿਤ ਉੱਤਰ-ਆਧੁਨਿਕਤਾਵਾਦੀ ਵਿਸ਼ਲੇਸ਼ਣ ਕਰਨਾ ਜ਼ਿਆਦਾ ਮਹੱਤਵਪੂਰਨ ਸਮਝਦੇ ਹਨ। ਇਨ੍ਹਾਂ ਦੇ ਵਿਸ਼ਲੇਸ਼ਣ ਵਿਚ ਪੂੰਜੀਵਾਦ ਦੇ ਵਿਕਾਸ ਦੇ ਨਿਯਮਾਂ ਅਤੇ ਅੰਦਰੂਨੀ ਵਿਰੋਧਤਾਈਆਂ ਜਿਨ੍ਹਾਂ ਦਾ ਖਾਸਾ ਆਰਥਿਕ ਨਾ-ਬਰਾਬਰੀ ਹੈ, ਹਿੱਸਾ ਨਾ ਹੋਣ ਕਾਰਨ ਉਨ੍ਹਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਪੂੰਜੀਵਾਦ ਦਾ ਵਿਰੋਧੀ ਨਾ ਹੋ ਕੇ ਉਸ ਦਾ ਪੂਰਕ ਹੋ ਨਿੱਬੜਦਾ ਹੈ।

## ਪੰਜਾਬ ਦੀ ਖੇਤੀ ਪਾਪੂਲਿਸਟ ਵਿਚਾਰਧਾਰਾ ਦੀ ਪੜਚੋਲ

ਜੇ ਅਸੀਂ ਪੰਜਾਬ ਵਿਚ ਲੰਮੇ ਸਮੇਂ ਤੋਂ ਚੱਲ ਰਹੇ ਕਿਸਾਨੀ ਸਵਾਲ/ਸੰਕਟ ਅਤੇ ਸਮਕਾਲੀ ਕਿਸਾਨੀ ਅੰਦੋਲਨ ਦੌਰਾਨ ਪੰਜਾਬੀ ਬੁੱਧੀਜੀਵੀਆਂ ਦੀਆਂ ਲਿਖਤਾਂ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਉਨ੍ਹਾਂ ਵਿਚੋਂ ਜ਼ਿਆਦਤਰ ਲਿਖਤਾਂ ਪਾਪੂਲਿਸਟ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸੀ

***(ਬਾਕੀ ਸਫਾ 30 'ਤੇ)***

# ...ਤੇ ਹੁਣ ਵਿਆਹ ਦੀ ਉਮਰ ਵਧਾਉਣ ਦੀ ਸਿਆਸਤ

ਪਿਛਲੇ ਦਿਨੀਂ ਭਾਰਤ ਸਰਕਾਰ ਨੇ ਔਰਤਾਂ ਦੇ ਵਿਆਹ ਦੀ ਉਮਰ ਅਠਾਰਾਂ ਤੋਂ ਇੱਕੀ ਵਰ੍ਹਿਆਂ ਤੱਕ ਵਧਾਉਣ ਦੀ ਤਜਵੀਜ਼, ਬਿੱਲ ਦੇ ਰੂਪ ਵਿਚ ਲੋਕ ਸਭਾ ਵਿਚ ਪੇਸ਼ ਕੀਤੀ। ਕਈ ਪਾਰਲੀਮੈਂਟ ਮੈਂਬਰਾਂ ਵੱਲੋਂ ਇਸ ਦੀ ਮੁਖਾਲਫਿਤ ਤੋਂ ਬਾਅਦ ਬਿੱਲ ਨੂੰ ਅਗਲੀ ਕਾਰਵਾਈ ਲਈ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ। ਸਰਕਾਰ ਦੇ ਇਸ ਫੈਸਲੇ ਨਾਲ ਔਰਤਾਂ ਅਤੇ ਮਰਦਾਂ, ਦੋਹਾਂ ਲਈ ਹੀ ਵਿਆਹ ਦੀ ਤੈਅ ਉਮਰ ਇੱਕੀ ਵਰ੍ਹੇ ਹੋ ਜਾਵੇਗੀ। ਪਹਿਲੀ ਨਜ਼ਰੇ ਇਹ ਬਿੱਲ ਸਾਕਾਰਤਮਕ ਤਬਦੀਲੀ ਜਾਪਦੀ ਹੈ ਪਰ ਇਸ ਨਾਲ ਸੰਬੰਧਿਤ ਕਈ ਨੁਕਤਿਆਂ ਬਾਰੇ ਚਰਚਾ ਦੀ ਲੋੜ ਹੈ।



**ਡਾ. ਸੁਮਨਦੀਪ ਕੌਰ**
ਫੋਨ: +91-94179-34984

ਔਰਤਾਂ ਦੇ ਵਿਆਹ ਦੀ ਉਮਰ ਵਿਚ ਵਾਧਾ ਕਰਨ ਦਾ ਮੁੱਖ ਤਰਕ ਨਵ-ਜਨਮੇ ਬੱਚਿਆਂ ਤੇ ਮਾਵਾਂ ਦੀ ਮੌਤ ਦਰ ਵਿਚ ਵਾਧਾ ਅਤੇ ਉਨ੍ਹਾਂ ਦੇ ਪੋਸ਼ਣ ਸੰਬੰਧੀ ਦਿੱਤਾ ਗਿਆ ਹੈ। ਕਿਹਾ ਗਿਆ ਹੈ ਕਿ ਅਠਾਰਾਂ ਸਾਲ ਦੀ ਉਮਰ ਤੱਕ ਗਰਭਵਤੀ ਔਰਤ ਜਾਂ ਨਵ-ਜਨਮੇ ਜਾਤਕ ਲਈ ਜਾਨ ਦਾ ਖਤਰਾ ਵਧੇਰੇ ਹੋ ਸਕਦਾ ਹੈ; ਹਾਲਾਂਕਿ ਗਰਭਪਾਤ ਦੌਰਾਨ ਔਰਤਾਂ ਜਾਂ ਬੱਚੇ ਦੀ ਮੌਤ ਦੇ ਖਤਰੇ ਦਾ ਇਕੋ-ਇਕ ਕਾਰਨ ਉਮਰ ਨਹੀਂ। ਬੱਚੇ ਨੂੰ ਜਨਮ ਦਿੰਦੇ ਸਮੇਂ ਮਾਂ ਦੀ ਜਾਨ ਜਾਣ ਪਿੱਛੇ ਕਈ ਕਾਰਨ ਹੋ ਸਕਦੇ ਹਨ; ਮਸਲਨ, ਬੱਚੇ ਨੂੰ ਜਨਮ ਦੇਣ ਦੌਰਾਨ ਜ਼ਿਆਦਾ ਖੂਨ ਦਾ ਵਹਾਅ ਜੋ ਅਨੀਮੀਆ ਤੋਂ ਪੀੜਤ ਮਹਿਲਾਵਾਂ ਵਿਚ ਹੋਣ ਦਾ ਵਧੇਰੇ ਖਦਸ਼ਾ ਹੁੰਦਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇ-4 (2015) ਦੀ ਰਿਪੋਰਟ ਅਨੁਸਾਰ, ਗਰਭਵਤੀ ਔਰਤਾਂ ਵਿਚੋਂ ਲਗਭਗ ਪੰਜਾਹ ਫੀਸਦ ਅਨੀਮੀਆ ਦਾ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਇਲਾਵਾ ਜਨਤਕ ਸਿਹਤ ਬੁਨਿਆਦੀ ਢਾਂਚਾ, ਬੇਹੱਦ ਗਰੀਬੀ, ਪ੍ਰੋਟੀਨ ਭਰਪੂਰ ਪੋਸ਼ਕ ਆਹਾਰ ਦੀ ਕਮੀ ਅਤੇ ਭੋਜਨ ਅਸੁਰੱਖਿਆ ਆਦਿ ਅਜਿਹੇ ਕਾਰਨ ਹਨ ਜੋ ਜ਼ੱਚਾ-ਬੱਚਾ ਦੀ ਮੌਤ ਦਰ ਤੇ ਅਸਰਅੰਦਾਜ਼ ਹੁੰਦੇ ਹਨ।

ਕੋਵਿਡ-19 ਮਹਾਮਾਰੀ ਦੌਰਾਨ ਹੇਠਲੇ ਵਰਗ ਲਈ ਭੋਜਨ ਪ੍ਰਾਪਤੀ ਦੇ ਵਸੀਲਿਆਂ ਵਿਚ ਪੈਦਾ ਹੋਈ ਅਸੁਰੱਖਿਆ ਕਾਰਨ ਅਨੀਮੀਆ, ਕੁਪੋਸ਼ਣ ਆਦਿ ਦੇ ਵਧਣ ਦੇ ਖਦਸ਼ੇ ਵਧੇ ਹਨ। ਲਿਹਾਜ਼ਾ, ਮਹਿਜ਼ ਉਮਰ ਵਧਾਉਣ ਦੀ ਥਾਂ ਸਰਕਾਰ ਅਨੀਮੀਆ ਤੇ ਕੁਪੋਸ਼ਣ ਦੀ ਰੋਕਥਾਮ, ਯਕੀਨੀ ਭੋਜਨ ਸੁਰੱਖਿਆ, ਗਰਭਵਤੀ ਔਰਤਾਂ ਲਈ ਵਿਸ਼ੇਸ਼ ਆਹਾਰ ਮੁਹੱਈਆ ਕਰਵਾਉਣ ਵੱਲ ਸਾਰਥਿਕ ਕਦਮ ਉਠਾ ਸਕਦੀ ਸੀ।

ਮੁਲਕ ਵਿਚ ਬਾਲ ਵਿਆਹ ਗੈਰ-ਕਾਨੂੰਨੀ ਹੈ ਲੇਕਿਨ ਬਹੁਤ ਸਾਰੇ ਪੇਂਡੂ ਜਾਂ ਗਰੀਬ ਸ਼ਹਿਰੀ ਪਰਿਵਾਰ ਲੜਕੀ ਦਾ ਵਿਆਹ ਤੈਅ ਕੀਤੀ ਉਮਰ ਤੋਂ ਪਹਿਲਾਂ ਕਰਨ ਨੂੰ ਹੀ ਸਹਿਜ ਅਤੇ ਸਹੀ ਮੰਨਦੇ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇ-5 ਦੀ ਇਕ ਰਿਪੋਰਟ ਅਨੁਸਾਰ, 2015-16 ਵਿਚ ਬਾਲ ਵਿਆਹ ਦਰ 27 ਫੀਸਦ ਅਤੇ 2019-20 ਵਿਚ ਇਹ ਦਰ 23 ਫੀਸਦ ਦਰਜ ਹੋਈ। ਅਠਾਰਾਂ ਸਾਲ ਦੀ ਤੈਅ ਉਮਰ ਤੱਕ ਜਦੋਂ ਬਾਲ ਵਿਆਹ ਦੀ ਫੀਸਦ 23 ਸੀ, ਤਾਂ ਸੁਭਾਵਿਕ ਹੈ ਕਿ ਅਠਾਰਾਂ ਤੋਂ ਵਧਾ ਕੇ ਇੱਕੀ ਵਰ੍ਹੇ ਉਮਰ ਮਿਥਣ ਨਾਲ ਇਸ ਫੀਸਦ ਵਿਚ ਹੋਰ ਇਜ਼ਾਫਾ ਹੋਵੇਗਾ। ਉਦਾਹਰਨ ਵਜੋਂ, ਜਦੋਂ ਵਿਆਹ ਦੀ ਉਮਰ ਵਧਾਉਣ ਸੰਬੰਧੀ ਬਿੱਲ ਦਾ ਅਜੇ ਐਲਾਨ ਹੀ ਹੋਇਆ ਸੀ, ਹਰਿਆਣਾ ਦੇ ਮੇਵਾਤ ਖਿੱਤੇ ਵਿਚ 18-19 ਦਸੰਬਰ 2021 ਨੂੰ ਅਠਾਰਾਂ ਤੋਂ ਵੀਹ ਵਰ੍ਹਿਆਂ ਦੀ ਉਮਰ ਦੇ ਤਕਰੀਬਨ 450 ਜੋੜਿਆਂ ਦੇ ਵਿਆਹ ਹੋਏ ਜੋ ਆਮ ਨਾਲੋਂ ਜਿਆਦਾ ਸੀ। ਸੋ, ਬਾਲ ਵਿਆਹ ਦੀ ਫੀਸਦ ਘਟਾਉਣ ਲਈ ਵਿਆਹ ਦੀ ਉਮਰ ਵਧਾਉਣਾ ਕਿਸੇ ਵੀ ਪਾਸੇ ਤੋਂ ਸਾਰਥਿਕ ਕਦਮ ਨਹੀਂ ਜਾਪਦਾ ਬਲਕਿ ਇਸ ਲਈ ਬਹੁ-ਪੱਖੀ ਨਜ਼ਰੀਆ ਅਪਣਾਉਣ ਦੀ ਲੋੜ ਹੈ ਜਿਸ ਵਿਚ ਗੁੰਝਲਦਾਰ ਸਮਾਜਿਕ, ਆਰਥਿਕ, ਲਿੰਗਕ ਅਤੇ ਖੇਤਰੀ ਪੱਖਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

ਵਿਆਹ ਦੀ ਉਮਰ ਦੇ ਵਾਧੇ ਨੂੰ ਔਰਤਾਂ ਦੇ ਨਿੱਜੀ ਸੰਬੰਧਾਂ ਉੱਤੇ ਰਿਆਸਤ ਅਤੇ ਪਰਿਵਾਰ ਦੇ ਪੈਤ੍ਰਿਕ ਕੰਟਰੋਲ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਜਿਸ ਤਰ੍ਹਾਂ ਲਵ ਜਹਾਦ ਦੇ ਕੇਸਾਂ ਵਿਚ ਸਾਹਮਣੇ ਆਇਆ ਹੈ, ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਪਹਿਲਕਦਮੀ ਲੜਕੀਆਂ ਨੂੰ ਉਨ੍ਹਾਂ ਦੇ ਪ੍ਰਜਣਨ ਸੰਬੰਧੀ ਅਧਿਕਾਰਾਂ ਤੋਂ ਵਾਂਝੇ ਰੱਖਣ ਅਤੇ ਆਪਣੀ ਚੋਣ ਮੁਤਾਬਕ ਸਾਥੀ ਚੁਣਨ ਦੀ ਆਜ਼ਾਦੀ ਕੁਚਲਣ ਦੀ ਸੋਚੀ ਸਮਝੀ ਕੋਸ਼ਿਸ਼ ਵੀ ਹੋ ਸਕਦੀ ਹੈ। ਨਤੀਜੇ ਵਜੋਂ ਇਸ ਨਾਲ ਅੰਤਰ-ਜਾਤੀ ਜਾਂ ਅੰਤਰ-ਧਰਮ ਵਿਆਹ ਕਰਵਾਉਣਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਮਸਲਨ, ਬਿਲ ਦੇ ਐਲਾਨ ਤੋਂ ਬਾਅਦ ਹਰਿਆਣਾ ਦੇ ਨੂਹ ਜ਼ਿਲ੍ਹੇ ਵਿਚ ਹਫਤੇ ਦੇ ਅਖੀਰ ਵਿਚ ਅਦਾਲਤ ਵਿਚ ਅੰਤਰ-ਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਦਰਜ ਕੀਤਾ ਗਿਆ। ਜੇਕਰ ਕੋਈ ਨੌਜਵਾਨ ਲੜਕੀ ਇੱਕੀ ਵਰ੍ਹਿਆਂ ਤੋਂ ਪਹਿਲਾਂ ਅੰਤਰ-ਜਾਤੀ ਜਾਂ ਅੰਤਰ-ਧਰਮ ਵਿਆਹ ਕਰਵਾਉਣ ਦਾ ਚੇਤੰਨ ਫੈਸਲਾ ਕਰਦੀ ਹੈ ਅਤੇ ਅਜਿਹੀ ਹਾਲਤ ਵਿਚ ਉਸ ਦਾ ਪਰਿਵਾਰ ਜਾਂ ਸਮਾਜ ਉਸ ਦੇ ਇਸ ਫੈਸਲੇ ਦੀ ਮੁਖਾਲਫਿਤ ਕਰਦਾ ਹੈ ਤਾਂ ਉਸ ਲਈ ਇਸ ਕਾਨੂੰਨ ਕਰਕੇ ਇਹ ਲੜਾਈ ਲੜਨੀ ਹੋਰ ਵੀ ਮੁਸ਼ਕਿਲ ਹੋ ਜਾਵੇਗੀ। ਸਵਾਲ ਹੈ ਕਿ ਜੇ ਵਿਆਹ ਦਾ ਫੈਸਲਾ ਬਾਲਗ ਲੜਕੀ ਅਤੇ ਲੜਕੇ ਦੀ ਆਪਸੀ ਸਹਿਮਤੀ ਉੱਪਰ ਆਧਾਰਿਤ ਹੈ ਤਾਂ ਉਨ੍ਹਾਂ ਨੂੰ ਇਸ ਅਧਿਕਾਰ ਤੋਂ ਹੋਰ ਤਿੰਨ ਸਾਲ ਵਾਂਝੇ ਰੱਖਿਆ ਜਾਣਾ ਜਾਇਜ਼ ਹੈ?



ਵਿਆਹ ਦੀ ਉਮਰ ਦੇ ਨਾਲ ਨਾਲ ਸਹਿਮਤੀ ਦੀ ਉਮਰ (ਏਜ ਆਫ ਕੰਸੈਂਟ) ਵੀ ਇਸ ਬਿੱਲ ਨਾਲ ਸੰਬੰਧਿਤ ਅਹਿਮ ਨੁਕਤਾ ਹੈ। ਜ਼ਿਆਦਾਤਰ ਮੁਲਕਾਂ ਵਿਚ ਸਹਿਮਤੀ ਦੀ ਉਮਰ 11 ਤੋਂ 21 ਵਰ੍ਹਿਆਂ ਤੱਕ ਹੈ; ਜਿਵੇਂ, ਬਹਿਰੀਨ ਤੇ ਦੱਖਣੀ ਕੋਰੀਆ ਵਿਚ ਔਰਤਾਂ ਲਈ ਸਹਿਮਤੀ ਦੀ ਉਮਰ ਕ੍ਰਮਵਾਰ ਇੱਕੀ ਤੇ ਵੀਹ ਸਾਲ ਹੈ। ਇਸ ਦੇ ਉਲਟ ਜਿਨ੍ਹਾਂ ਮੁਲਕਾਂ ਵਿਚ ਸਹਿਮਤੀ ਦੀ ਉਮਰ ਲਈ ਕੋਈ ਕਾਨੂੰਨ ਨਹੀਂ, ਉੱਥੇ ਨੌਜਵਾਨ ਲੜਕੀਆਂ-ਲੜਕਿਆਂ ਲਈ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧਾਂ ਬਾਰੇ ਮੁਸ਼ਕਿਲਾਂ ਖੜ੍ਹੀਆਂ ਹੋ ਜਾਂਦੀਆਂ ਹਨ ਕਿਉਂਕਿ ਅਜਿਹੇ ਮੁਲਕਾਂ ਵਿਚ ਲੜਕੀਆਂ ਦੁਆਰਾ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧ ਬਨਾਉਣ ਦੀ ਸਮਾਜ ਵਲੋਂ ਮੁਖਾਲਫਿਤ ਕੀਤੀ ਜਾਂਦੀ ਹੈ। ਅਸੀਂ ਵੀ ਅਜਿਹੇ ਮੁਲਕ ਵਿਚ ਰਹਿ ਰਹੇ ਹਾਂ ਜਿਸ ਵਿਚ ਜ਼ਿਆਦਾਤਰ ਸਮਾਜਿਕ ਕਦਰਾਂ-ਕੀਮਤਾਂ ਪਿਛਾਂਹ-ਖਿੱਚੂ ਹਨ। ਇੱਥੇ ਵਿਆਹ ਤੋਂ ਪਹਿਲਾਂ ਕਿਸੇ ਲੜਕੀ ਲਈ ਜਿਨਸੀ ਸੰਬੰਧ ਬਣਾਉਣਾ ਸਮਾਜ ਵੱਲੋਂ ਪ੍ਰਵਾਨਿਤ ਨਹੀਂ। ਵਿਆਹ ਦੀ ਉਮਰ ਵਿਚ ਵਾਧਾ ਕਰਨਾ ਨੌਜਵਾਨਾਂ ਦੇ ਜਿਨਸੀ ਸੰਬੰਧਾਂ ਨੂੰ ਵੀ ਪ੍ਰਭਾਵਿਤ ਕਰੇਗਾ ਕਿਉਂਕਿ ਇਸ ਨਾਲ ਉਨ੍ਹਾਂ ਦੀ ਲਿੰਗਕਤਾ, ਖਾਸ ਕਰਕੇ ਲੜਕੀਆਂ, ਉੱਪਰ ਸਮਾਜ ਅਤੇ ਮਾਪਿਆਂ ਦੇ ਕੰਟਰੋਲ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਇੱਕ ਪਾਸੇ ਅਦਾਲਤ ਵੱਲੋਂ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ; ਦੂਜੇ ਪਾਸੇ, ਕੀ ਹੁਣ ਵਿਆਹ ਦੀ ਉਮਰ ਦੇ ਨਾਲ ਨਾਲ ਸਹਿਮਤੀ ਦੀ ਉਮਰ ਵੀ ਅਠਾਰਾਂ ਸਾਲ ਹੀ ਰਹੇਗੀ, ਜਾਂ ਇਹ ਵੀ ਇੱਕੀ ਸਾਲ ਹੋ ਜਾਵੇਗੀ, ਇਸ ਬਾਰੇ ਸਭ ਅਸਪੱਸ਼ਟ ਹੈ।

ਸਿੱਖਿਆ ਅਤੇ ਦੇਰੀ ਨਾਲ ਵਿਆਹ ਸਿੱਧੇ ਰੂਪ ਚ ਆਪਸ ਵਿਚ ਜੁੜੇ ਹੋਏ ਹਨ। ਅੰਕੜੇ ਦਿਖਾਉਂਦੇ ਹਨ ਕਿ ਜੋ ਲੜਕੀਆਂ ਬਾਰ੍ਹਵੀਂ ਜਾਂ ਇਸ ਤੋਂ ਉਚੇਰੀ ਸਿੱਖਿਆ ਪ੍ਰਾਪਤ ਕਰਦੀਆਂ ਹਨ, ਉਹ ਦੂਜੀਆਂ ਲੜਕੀਆਂ ਦੇ ਮੁਕਾਬਲੇ ਦੇਰੀ ਨਾਲ ਵਿਆਹ ਕਰਵਾਉਂਦੀਆਂ ਹਨ। ਲੜਕੀਆਂ ਦੇ ਪੜ੍ਹਨ ਅਤੇ ਇਸ ਤੋਂ ਬਾਅਦ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਤਾਂ ਹੀ ਮਜ਼ਬੂਤ ਹੋ ਸਕਦੇ ਹਨ, ਜੇ ਉਨ੍ਹਾਂ ਦੇ ਨੇੜੇ ਸਕੂਲ, ਕਾਲਜ, ਉਚੇਰੀ ਸਿੱਖਿਆ ਲਈ ਯੂਨੀਵਰਸਿਟੀਆਂ, ਕਫਾਇਤੀ ਪੱਧਰ ਤੇ ਹੋਸਟਲ ਅਤੇ ਉਨ੍ਹਾਂ ਲਈ ਆਵਾਜਾਈ ਦੇ ਉਚੇਚੇ ਸਾਧਨ ਮੌਜੂਦ ਹੋਣ। ਸਿੱਖਿਆ ਤੋਂ ਬਾਅਦ ਲੜਕੀਆਂ ਲਈ ਰੁਜ਼ਗਾਰ ਦੀ ਗਾਰੰਟੀ ਮੁਹੱਈਆ ਹੁੰਦੀ ਹੈ ਜਾਂ ਨਹੀਂ। ਜਿੰਨੀ ਦੇਰ ਤੱਕ ਔਰਤਾਂ ਦੀ ਸਿੱਖਿਆ ਅਤੇ ਰੋਜ਼ਗਾਰ ਦੀ ਦਿਸ਼ਾ ਵਿਚ ਠੋਸ ਕਦਮ ਨਹੀਂ ਚੁੱਕੇ ਜਾਂਦੇ, ਮੁਲਕ ਵਿਚ ਲਿੰਗਕ ਬਰਾਬਰੀ ਭਰਮ ਹੀ ਰਹੇਗਾ। ਸਮਾਜ ਵਿਚ ਬਹੁਤ ਸਾਰੀਆਂ ਲੜਕੀਆਂ ਆਪਣੇ ਸੁਪਨੇ ਸਾਕਾਰ ਕਰਨ ਲਈ ਸਮਾਜਿਕ ਅਤੇ ਸੱਭਿਆਚਾਰਕ ਬੰਧਨ ਤੋੜ ਰਹੀਆਂ ਹਨ ਪਰ ਇਸ ਮੁਲਕ ਵਿਚ ਬਰਾਬਰ ਮੌਕੇ ਸਾਰੀਆਂ ਲੜਕੀਆਂ ਨੂੰ ਨਹੀਂ ਮਿਲਦੇ, ਉਨ੍ਹਾਂ ਨੂੰ ਮਰਦ-ਪ੍ਰਧਾਨਗੀ ਵਾਲੇ ਨਾ-ਬਰਾਬਰ ਸਮਾਜ ਵਿਚ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਲੜਕਾ ਜੰਮਣ ਨੂੰ ਤਰਜੀਹ ਦੇਣ ਕਰਕੇ ਲੜਕੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਜਿਸ ਦਾ ਨਤੀਜਾ ਕੁਪੋਸ਼ਣ ਅਤੇ ਉਨ੍ਹਾਂ ਦੇ ਕਮਜ਼ੋਰ ਵਿਕਾਸ ਦੇ ਰੂਪ ਵਿਚ ਨਿਕਲਦਾ ਹੈ। ਸੱਭਿਆਚਾਰਕ ਅਤੇ ਸਮਾਜਿਕ ਬੰਧਨ ਉਨ੍ਹਾਂ ਲਈ ਆਪਣੀ ਚੋਣ ਕਰਨ ਦੇ ਰਾਹ ਵਿਚ ਵੀ ਅੜਿਕਾ ਬਣਦੇ ਹਨ। ਸਾਧਾਰਨ ਤੌਰ ਤੇ ਪਰਿਵਾਰ ਵਿਚ ਲੜਕੀ ਲਈ 'ਠੀਕ' ਰਿਸ਼ਤਾ ਲੱਭਣ ਨੂੰ ਹੀ ਮੁੱਖ ਮਕਸਦ ਅਤੇ ਪ੍ਰਾਪਤੀ ਮੰਨ ਲਿਆ ਜਾਂਦਾ ਹੈ ਜਿਵੇਂ ਉਸ ਦਾ ਜਨਮ ਮਹਿਜ਼ ਵਿਆਹ ਕਰਵਾਉਣ ਲਈ ਹੀ ਹੋਇਆ ਹੋਵੇ। ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਲੜਕੀਆਂ ਲਈ ਅਜਿਹੇ ਮੌਕੇ ਅਤੇ ਸਮਾਜਿਕ ਮਾਹੌਲ ਸਿਰਜਿਆ ਜਾਵੇ ਕਿ ਉਹ ਕਿਸ ਨਾਲ, ਕਦੋਂ ਵਿਆਹ ਕਰਵਾਉਣਾ ਚਾਹੁੰਦੀਆਂ ਹਨ ਜਾਂ ਨਹੀਂ ਕਰਵਾਉਣਾ ਚਾਹੁੰਦੀਆਂ ਹਨ, ਇਸ ਦਾ ਫੈਸਲਾ ਉਹ ਆਪਣੀ ਸਮਝ ਦੇ ਆਧਾਰ ਤੇ ਕਰ ਸਕਣ।

ਜਯਾ ਜੇਤਲੀ ਦੀ ਇਸ ਫੈਸਲੇ ਬਾਰੇ ਟਿੱਪਣੀ ਬਹੁਤ ਸਾਧਾਰਨ ਅਤੇ ਗੁਮਰਾਹਕੁਨ ਹੈ। ਉਸ ਦਾ ਕਹਿਣਾ ਹੈ ਕਿ ਟਾਸਕ ਫੋਰਸ ਦੁਆਰਾ ਲੜਕੀਆਂ ਦੇ ਵਿਆਹ ਦੀ ਉਮਰ ਵਧਾਉਣ ਸੰਬੰਧੀ ਕੀਤੇ ਫੈਸਲੇ ਨੂੰ ਸੋਲਾਂ ਯੂਨੀਵਰਸਿਟੀਆਂ ਦੇ ਸਾਰੇ ਧਰਮਾਂ ਨਾਲ ਸੰਬੰਧਿਤ ਅਤੇ ਪਿਛੜੇ ਵਿਦਿਆਰਥੀਆਂ ਦੇ ਨਾਲ ਨਾਲ ਪੰਦਰਾਂ ਗੈਰ-ਸਰਕਾਰੀ ਸੰਸਥਾਵਾਂ ਦਾ ਭਾਰੀ ਸਮਰਥਨ ਹਾਸਿਲ ਹੋਇਆ ਹੈ। ਭਾਰਤ ਜਿਹੇ ਬਹੁ-ਸੱਭਿਆਚਾਰਕ ਗਣਤੰਤਰੀ ਰਾਜ ਵਿਚ ਉਪਰੋਕਤ ਸਰਵੇ ਦੀਆਂ ਕਈ ਸੀਮਾਵਾਂ ਹਨ। ਸੋਲਾਂ ਯੂਨੀਵਰਸਿਟੀਆਂ ਅਤੇ ਪੰਦਰਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਗੈਰ-ਸਰਕਾਰੀ ਸੰਸਥਾਵਾਂ ਵਿਭਿੰਨ ਵਰਗਾਂ ਦੀਆਂ ਪ੍ਰਤੀਨਿਧ ਨਹੀਂ ਹੋ ਸਕਦੀਆਂ। ਯੂਨੀਵਰਸਿਟੀ ਦੇ ਵਿਦਿਆਰਥੀ ਆਪਣੇ ਹਾਲਾਤ ਕਰਕੇ ਚੋਣਵੇਂ ਵਰਗ ਵਿਚ ਸ਼ਾਮਿਲ ਹੋ ਜਾਂਦੇ ਹਨ, ਇਸ ਕਰਕੇ ਵਿਆਹ ਦੀ ਆਦਰਸ਼ਕ ਉਮਰ ਨਿਸ਼ਚਿਤ ਕਰਨ ਲਈ ਕਿਸੇ ਚੋਣਵੇਂ ਵਰਗ ਦੇ ਵਿਚਾਰਾਂ ਉੱਪਰ ਨਿਰਭਰ ਕਰਨਾ ਨੌਜਵਾਨ ਔਰਤਾਂ ਦੇ ਆਪਣੀ ਜ਼ਿੰਦਗੀ ਸੰਬੰਧੀ ਚੇਤੰਨ ਫੈਸਲਾ ਕਰਨ ਦੇ ਅਧਿਕਾਰ ਨੂੰ ਅੱਖੋਂ ਪਰੋਖੇ ਕਰਨਾ ਹੈ। ਕਾਬਿਲੇ-ਏ-ਗੌਰ ਹੈ ਕਿ ਜਿਨ੍ਹਾਂ ਗੈਰ-ਸਰਕਾਰੀ ਸੰਸਥਾਵਾਂ ਨੇ 2020 ਵਿਚ ਇਸ ਫੈਸਲੇ ਸੰਬੰਧੀ ਆਪਣਾ ਵਿਰੋਧ ਦਰਜ ਕਰਵਾਇਆ, ਉਨ੍ਹਾਂ ਦੀਆਂ ਆਵਾਜ਼ਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ।

ਕਾਨੂੰਨੀ ਸੁਧਾਰ ਜ਼ਰੂਰੀ ਹੋ ਸਕਦੇ ਹਨ ਪਰ ਇਹ ਧਿਆਨ ਰੱਖਣਾ ਲਾਜ਼ਮੀ ਹੈ ਕਿ ਇਹ ਅਜਿਹੇ ਰਵੱਈਏ ਨੂੰ ਹੱਲਾਸ਼ੇਰੀ ਨਾ ਦੇਣ ਜਿਸ ਵਿਚ ਔਰਤਾਂ ਨੂੰ ਮਹਿਜ਼ ਉਦਾਸੀਨ (ਪੈਸਿਵ) ਪ੍ਰਾਪਤਕਰਤਾ ਹੀ ਮੰਨ ਲਿਆ ਜਾਵੇ ਅਤੇ ਉਨ੍ਹਾਂ ਦੇ ਹਿੱਤ ਨੂੰ ਸਿਰਫ ਵਿਆਹ ਨਾਲ ਜੋੜ ਕੇ ਜਾਂ ਮਾਂ ਦੇ ਰੂਪ ਵਿਚ ਹੀ ਦੇਖਿਆ ਜਾਵੇ। ਸਮੇਂ ਦੇ ਨਾਲ ਨਾਲ ਔਰਤਾਂ ਦੁਆਰਾ ਨਵੇਂ ਖੇਤਰਾਂ ਵਿਚ ਕੰਮ ਕਰਨ ਦੀਆਂ ਖਵਾਹਿਸ਼ਾਂ ਸਾਹਮਣੇ ਅਨੇਕਾਂ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਕਾਨੂੰਨੀ ਮੁਸ਼ਕਿਲਾਂ ਹਨ। ਸਰਕਾਰਾਂ ਨੂੰ ਉਨ੍ਹਾਂ ਲਈ ਜ਼ਿਆਦਾ ਮੌਕੇ ਮੁਹੱਈਆ ਕਰਨ ਦਾ ਰਾਹ ਮੋਕਲਾ ਕਰਨਾ ਚਾਹੀਦਾ ਹੈ। ਸਹੀ ਮਾਇਨਿਆਂ ਵਿਚ ਔਰਤਾਂ ਦੇ ਸ਼ਕਤੀਕਰਨ ਅਤੇ ਪ੍ਰਜਣਨ ਦੇ ਅਧਿਕਾਰ ਦੇ ਸਨਮਾਨ ਲਈ ਨਿਆਂਸੰਗਕਿਤਾ ਦੇ ਸੁਆਲ ਨੂੰ ਵੀ ਮੁਖਾਤਿਬ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਵਰਗ ਦੀਆਂ ਔਰਤਾਂ ਨੂੰ ਸਿੱਖਿਆ ਅਤੇ ਨੌਕਰੀਆਂ ਦੇਣ, ਕਰੀਅਰ ਕੌਂਸਲਿੰਗ, ਜਨਤਕ ਥਾਵਾਂ ਉੱਪਰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਮਾਪਿਆਂ ਤੇ ਸਮਾਜ ਦੀਆਂ ਵਿਆਹ ਸੰਬੰਧੀ ਰੂੜੀਵਾਦੀ ਧਾਰਨਾਵਾਂ ਬਦਲਣ ਦੀ ਦਿਸ਼ਾ ਵਿਚ ਕੰਮ ਕਰਨਾ ਸ਼ਾਮਿਲ ਹੈ। ਇਸ ਨਾਲ ਔਰਤਾਂ ਦੇ ਵਿਆਹ ਦੀ ਉਮਰ ਕਾਨੂੰਨੀ ਰੂਪ ਵਿਚ ਵਧਾਉਣ ਦੀ ਲੋੜ ਨਹੀਂ ਪਵੇਗੀ।

---

## ਸੁਰਿੰਦਰ ਸੋਹਲ ਰਚਿਤ ਇਬਾਰਤ ਦੀ ਚੁਪ ਨਾਲ ਖਿੜਦਿਆਂ

*(ਸਫਾ 23 ਦਾ ਬਾਕੀ)*

ਨਕਲੀ ਸਨੋਅ ਦਾ ਮੰਜ਼ਰ ਉਸ ਨੂੰ ਪਰੇਸ਼ਾਨ ਕਰਦਾ। ਕੁਦਰਤ ਨਾਲ਼ ਹੋ ਰਹੀ ਛੇੜ-ਖਾਨੀ ਦੀ ਚੀਸ ਉਸ ਦੀਆਂ ਕਵਿਤਾਵਾਂ 'ਚ ਸਮਾਨੰਤਰ ਤੁਰਦੀ।

ਪਰ ਹੱਥਲੀ ਕਵਿਤਾ 'ਚ ਕਰੁਣਾ ਰਸ ਦੀ ਕਿਤੇ ਡੂੰਘੇਰੀ ਸੱਚਾਈ। 'ਪਹਿਲੀ ਜਨਵਰੀ' ਕਵਿਤਾ ਪੜ੍ਹ ਕੇ ਤਾਂ ਨਵੇਂ ਸਾਲ ਦੀਆਂ ਵਧਾਈਆਂ, ਨਿਊ ਯੀਅਰ ਈਵ ਦੇ ਜਸ਼ਨ ਕਿਧਰੇ ਗੁਆਚ ਜਾਂਦੇ ਨੇ। 'ਮੌਤੋਂ ਭੁੱਖ ਬੁਰੀ...' ਇਸ ਢਿੱਡ ਖ਼ਾਤਿਰ ਕਈ ਵਾਰੀ ਆਪਣੇ ਅਸੂਲਾਂ, ਕਾਇਦਿਆਂ, ਅਕੀਦਿਆਂ ਵਿਚ 'ਟਵਿਸਟ' ਲਿਆਉਣਾ ਰੂਹ ਨੂੰ ਧੁਰ ਅੰਦਰੋਂ ਹਲੂਣਦਾ। ਇਥੇ ਪਾਠਕ ਨੂੰ ਰਹਾਓ ਲੈਣਾ ਪਵੇਗਾ। ਵਕਤ ਹੋਣ ਦੇ ਬਾਵਜੂਦ ਵੀ ਪਾਠਕ 'ਚ ਅਗਲੀ ਕਵਿਤਾ ਦੇ ਰੂ-ਬ-ਰੂ ਹੋਣ ਦੀ ਆਂਗਸ ਨਹੀਂ ਬਚਦੀ। ਜਿਵੇਂ ਡਾਕੀਏ ਤੋਂ ਮਿਲੀਆਂ ਕਈ ਚਿੱਠੀਆਂ ਵਿਚੋਂ ਇਕ ਚਿੱਠੀ ਏਨੀ ਉਦਾਸ ਖ਼ਬਰ ਸੁਣਾ ਦੇਵੇ ਤਾਂ ਅਗਲਾ ਖ਼ਤ ਚਾਹੇ ਰਾਜ਼ੀ-ਖ਼ੁਸ਼ੀ ਦਾ ਹੀ ਹੋਵੇ ਪਰ ਖੋਲ੍ਹਣ ਤੋਂ ਭੈਅ ਆਉਂਦਾ। ਜਦੋਂ ਸਿਰ 'ਤੇ ਪੈਂਦੀ 'ਲੀਜ਼' ਦੀ ਸਨੋਅ ਵਿਚ ਅਣਕਿਆਸਿਆ, ਅਣ-ਚਾਹਿਆ, ਕੋਫ਼ਤ ਭਰਿਆ ਹੁੰਗਾਰਾ ਵੀ ਹਵਾ ਦੇ ਨਿੱਘੇ ਬੁੱਲੇ ਵਾਂਗ ਮੰਨਣਾ ਪੈਂਦਾ ਤਾਂ ਉਸ ਲਾਚਾਰ ਰੂਹ ਦੇ ਅੰਦਰ ਦਾ ਕੀ ਮੰਜ਼ਰ ਹੋਏਗਾ? ਸੁਰਿੰਦਰ ਤੋਂ ਵੱਧ ਕੋਈ ਨਹੀਂ ਮਹਿਸੂਸ ਕਰ ਸਕਦਾ। ਇਸੇ ਲਈ ਤਾਂ ਉਸ ਦੀ ਸੋਚ ਇਸ ਤੱਥ ਦੀ ਨਿਸ਼ਾਨਦੇਹੀ ਕਰਦੀ- 'ਮੈਂ ਨਿਰਾ ਟੈਕਸੀ ਡਰਾਈਵਰ ਨਹੀਂ ਕੁਝ ਹੋਰ ਵੀ ਹਾਂ।' ਇਸੇ ਲਈ ਉਸ ਨੂੰ ਲੰਬੇ ਨਹੁੰਆਂ ਵਾਲ਼ੀ ਕੁੜੀ ਦੇ 'ਕੀਅ-ਬੋਰਡ' 'ਤੇ ਵੱਜ ਰਹੇ ਹੱਥਾਂ ਦੀ ਸਿੰਫਨੀ ਤੋਤੇ ਦੇ ਅੰਬੀਆਂ ਟੁੱਕਣ ਦੀ ਟਿਕ-ਟਿਕ ਵਾਂਗ ਜਾਪਦੀ। ਵਾਹ! ਕਿਆ ਕਮਾਲ। ਉਦਾਸੀ ਦੇ ਆਲਮ ਦਾ ਕਥਾਰਸਿਸ ਕਰਨ ਲਈ ਮੇਰੀ ਸੋਚ ਪਿਛਲ-ਪੈਰੀਂ ਤੁਰਨ ਲੱਗੀ। ਇਹ ਜ਼ਰੂਰੀ ਵੀ ਹੁੰਦਾ ਤਾਂ ਜੁ ਅਗਲੀ ਪੁਲਾਂਘ ਭਰਪੂਰਤਾ ਨਾਲ ਪੁੱਟੀ ਜਾ ਸਕੇ।

'ਮੌਲ 'ਚ ਘੁੰਮਣ' ਦੇ ਸੱਚ 'ਚੋਂ ਅਸੀਂ ਵੀ ਇੰਝ ਹੀ ਲੰਘਦੇ ਹਾਂ ਪਰ ਮਹਿਸੂਸ ਨਹੀਂ ਕਰਦੇ। ਆਪਣੇ ਅੰਦਰ ਹੰਢਾਉਂਦੇ ਨਹੀਂ। ਸੱਚਮੁੱਚ ਖ਼ਾਲੀ ਜ਼ਿਹਨ ਤੇ ਭਰੇ ਲਿਫ਼ਾਫ਼ੇ ਲੈ ਕੇ ਹਵਾ 'ਚ ਤੀਰ ਛੱਡਦੇ ਰਹਿੰਦੇ ਹਾਂ।

ਰੰਗ-ਬਰੰਗੇ ਅਲੰਕਾਰਾਂ ਨਾਲ਼ ਪਰੋਤੀ 'ਨਿਊਯਾਰਕ-1' ਕਵਿਤਾ ਦੇਖੋ:

ਸ਼ਾਮ ਵੇਲੇ ਬਿਲਡਿੰਗਾਂ ਵਿਚਾਕਰ ਦੀ
ਜਾਪਦਾ ਸੂਰਜ ਇਵੇਂ
ਜਿਸ ਤਰ੍ਹਾਂ ਗੋਰੀ ਨੇ
ਆਪਣੇ ਆਸ਼ਕ ਦਾ ਦਿਲ
ਪਹਿਨਿਆਂ ਹੋਏ ਗਲ਼ 'ਚ ਲਾਕਟ ਵਾਂਙ

ਅੱਗੇ ਇਕ ਹੋਰ ਉਪਮਾ ਅਲੰਕਾਰ ਦੀ ਝਲਕ:

ਰਾਤ ਨੂੰ ਜਾਪਣ ਇਹ ਉਚੀਆਂ ਬਿਲਡਿੰਗਾਂ
ਹਬਸ਼ਣਾਂ ਦੇ ਜਿਸਮ ਤੇ ਜਿਉਂ
ਕੱਚ-ਕੌਡਾਂ ਦੇ ਲਿਬਾਸ

ਪਤਾ ਨਹੀਂ ਕਿਹੜੀ ਕਰਤਾਰੀ ਸ਼ਕਤੀ ਆ ਕੇ ਇਹੋ-ਜਿਹੇ ਵਿਲੱਖਣ ਮੈਟਾਫਰ ਸੁਰਿੰਦਰ ਦੀ ਸੋਚ ਵਿਚ ਮਲ੍ਹਕੜੇ ਜਿਹੇ ਟਿਕਾ ਜਾਂਦੀ ਤੇ ਉਹ ਸਹਿਜ ਨਾਲ ਹੀ ਕਵਿਤਾ 'ਚ ਪਰੋ ਦਿੰਦਾ। ਕਦੀ-ਕਦੀ ਜੀਅ ਕਰਦੈ ਕਿ ਉਹਦੇ ਕੋਲੋਂ ਰੱਬ ਨੂੰ ਵਸ ਕਰਨ ਦਾ ਨੁਸਖ਼ਾ ਤਾਂ ਪੁੱਛਾਂ।

'ਪਰ ਇਹ ਸਾਰੇ ਦ੍ਰਿਸ਼ ਮਾਣਨ ਵਾਸਤੇ
ਨਾ ਕਿਸੇ ਦੇ ਕੋਲ ਭੋਰਾ ਵਿਹਲ...'

ਇਹ ਸਤਰਾਂ ਪੜ੍ਹਦਿਆਂ ਕਾਲਜ ਵੇਲੇ ਦੀਨਰੀ ਡੈਵੀਜ਼ ਦੀ ਕਵਿਤਾ 'ਲਈਯਰ' ਦੀਆਂ ਸਤਰਾਂ ਮੇਰੇ ਜ਼ਿਹਨ 'ਚ ਘੁੰਮੀਆਂ ਨੇ:

ਵਟ ਇਜ਼ ਦਿਸ ਲਾਈਫ਼ ਫੁੱਲ ਆਫ਼ ਕੇਅਰ
ਵੀਵ ਨੋ ਟਾਈਮ ਟੂ ਸਟੈਂਡ ਐਂਡ ਸ਼ੇਅਰ

'ਨਿਊਯਾਰਕ-2' ਫਿਰ ਕਾਲਜ ਦਿਨਾਂ ਤੋਂ ਵੀ ਪਾਰ ਬਾਲ-ਪਣ ਦੇ ਵਰ੍ਹਿਆਂ 'ਚ ਲੈ ਤੁਰੀ। ਜਦੋਂ ਲੂੰਬੜੀ ਉਚੀਆਂ ਛਾਲਾਂ ਮਾਰ ਕੇ ਮਿੱਠੇ ਅੰਗੂਰਾਂ ਤਕ ਪਹੁੰਚਣਾ ਚਾਹੁੰਦੀ ਸੀ। ਹਥਲੀ ਕਵਿਤਾ ਪੜ੍ਹ ਕੇ ਅੱਜ ਭੁੱਖੀ ਲੂੰਬੜੀ ਵਾਲ਼ੀ ਕਹਾਣੀ ਦੀ ਸਾਰਥਿਕਤਾ ਦਾ ਅਨੁਭਵ ਹੋਇਆ। ਕਈ ਵਾਰੀ ਮਨ-ਪਸੰਦ ਚੀਜ਼ਾਂ ਵਕਤ ਵਾਂਗ ਹੱਥੋਂ ਤਿਲਕ ਜਾਂਦੀਆਂ ਹਨ ਤਾਂ ਅਸੀਂ ਸਵੈ-ਮਾਣ ਬਚਾਈ ਰੱਖਣ ਲਈ 'ਬਲੇਮ-ਗੇਮ' ਖੇਡਦੇ ਹਾਂ। ਬਿਹਤਰ ਕਿ ਜਿੰਨਾ ਹਿੱਸਾ ਸਾਡੇ ਭਾਗੀਂ, ਉਸ ਦਾ ਆਨੰਦ ਮਾਣੀਏਂ। ਗ਼ੋਤੇ ਖਾਂਦਾ ਬੰਦਾ ਤਿਣਕੇ ਦਾ ਸਹਾਰਾ ਵੀ ਭਾਲ਼ੇਗਾ ਤੇ ਹੋਰ ਕੀ ਕਰੇਗਾ। ਖੱਟੇ ਅੰਗੂਰਾਂ ਵਾਂਗ ਏਨਾ ਹੀ ਕਾਫ਼ੀ ਕਿ ਟੀ ਸ਼ਰਟ 'ਤੇ 'ਆਈ ਲਵ ਨਿਊ ਯਾਰਕ' ਲਿਖਵਾ ਲੈਣਾ।

'ਓਕੇਰੀਅਮ ਦੇਖਦਿਆਂ...' ਸੁਰਿੰਦਰ ਨੇ ਗੁਰਬਾਣੀ ਦਾ ਤੱਤ-ਸਾਰ ਸਹਿਜੇ ਹੀ ਯਥਾਰਥਕ ਰੰਗਣ ਦੇ ਕੇ ਬਿਆਨ ਕਰ ਦਿੱਤਾ:

'ਸੀਮਤ ਪਾਣੀ ਨੂੰ ਅਥਾਹ ਸਮੁੰਦਰ ਸਮਝ
ਮਸਤ ਮੱਛੀਆਂ ਤੈਰ ਰਹੀਆਂ ਨੇ
ਸੀਮਤ ਜੀਵਨ ਨੂੰ ਅਸੀਮ ਸਮਝ
ਮਸਤ ਹੋਏ ਲੋਕ ਦੇਖ ਰਹੇ ਨੇ ਮੱਛੀਆਂ...।'

'ਡੌਲਫਿਨ' ਦਾ ਨੱਚਣਾ ਫੇਰ ਸਾਡੀ ਸੀਮਤ ਮਿਆਦ ਵੱਲ ਇਸ਼ਾਰਾ:

'ਮਾਟੀ ਕੋ ਪੁਤਰਾ ਕੈਸੇ ਨਚਤੁ...।'

'ਲੋਵੀਨ' ਦੇ ਉਤਸਵ ਵਿਚ ਅਸੀਂ ਬੜੇ ਉਤਸ਼ਾਹ ਨਾਲ ਭਾਗੀਦਾਰ ਬਣਦੇ ਹਾਂ। ਚਾਹੇ ਸਵਾਂਗ ਬਣੇ ਬੱਚਿਆਂ ਨੂੰ ਘਰ ਦੀ ਦਹਿਲੀਜ਼ ਤੋਂ ਮਿੱਠੀਆਂ ਕੈਂਡੀਆਂ ਨਾਲ ਨਿਵਾਜ਼ ਕੇ, ਚਾਹੇ ਖ਼ੁਦ ਘਰ ਦੇ ਨਿੱਕੇ ਜੀਆਂ ਨੂੰ ਸਵਾਂਗ ਬਣਾ ਕੇ ਅਸੀਂ ਹਮਸਾਇਆਂ ਦੇ ਦਰਾਂ ਤਕ ਜਾ ਆਈਏ ਪਰ ਇਹ ਅਹਿਸਾਸ ਕਦੇ ਸਾਡੇ ਲਾਗਿਉਂ ਨਹੀਂ ਲੰਘਿਆ। ਜੈਸੀ ਦ੍ਰਿਸ਼ਟੀ-ਵੈਸੀ ਸ੍ਰਿਸ਼ਟੀ ਨੂੰ ਰੂਪਮਾਨ ਕਰਨ ਵਾਲ਼ੇ ਇਹ ਦ੍ਰਿਸ਼ ਕਵੀ ਨੂੰ ਹੀ ਨਜ਼ਰ ਆ ਸਕਦੇ ਹਨ।

ਗਾਗਰ 'ਚ ਸਾਗਰ ਭਰੀ ਖਲੋਤੀ ਇਸ ਖ਼ਾਮੋਸ਼ ਇਬਾਰਤ ਵਿਚੋਂ ਇਕ ਹੋਣਹਾਰ ਵਿਦਵਾਨ ਲਈ ਸਗਵੀਂ ਦੀ ਸਗਵੀਂ ਪੀ. ਐੱਚ. ਡੀ. ਨਿਕ਼ਲਦੀ। ਮੈਂ ਤਾਂ ਅਦਬੀ ਸਲੀਕੇ ਦੀ ਵਿਸ਼ਾ ਮਾਹਿਰ ਨਹੀਂ ਹਾਂ ਬਸ ਇਨ੍ਹਾਂ ਨੂੰ ਪੜ੍ਹ ਕੇ ਭਾਵਨਾਵਾਂ ਦਾ ਜੋ ਵੇਗ ਆਪ-ਮੁਹਾਰੇ ਮੇਰੇ ਅੰਦਰ ਵਹਿ ਤੁਰਿਆ, ਮੈਂ ਕਾਗ਼ਜ਼ 'ਤੇ ਉਤਾਰਨ ਦੀ ਅਣਥੱਕ ਕੋਸ਼ਿਸ਼ ਵਿਚ ਲੱਗ ਗਈ। ਫਿਰ ਵੀ ਬਹੁਤ ਕੁਝ ਮੈਂ ਪਾਠਕਾਂ ਦੀ ਉਤਸੁਕਤਾ ਲਈ ਬਿਨਾ ਛੋਹੇ ਛੱਡ ਰਹੀ ਹਾਂ। ਕਹਿੰਦੇ ਨੇ ਕਿਸੇ ਦੇ ਸੁਭਾਅ, ਕਿਰਦਾਰ, ਖ਼ਾਨਦਾਨ ਦਾ ਪਤਾ ਉਸ ਦੀ ਬੋਲੀ (ਗੁਫ਼ਤਗੂ) ਤੋਂ ਲੱਗ ਜਾਂਦਾ। ਤੁਹਾਨੂੰ ਪਿਛੋਕੜ ਖੋਜਣ ਦੀ ਲੋੜ ਨਹੀਂ ਹੁੰਦੀ।

ਪ੍ਰਤੱਖ ਨੂੰ ਪ੍ਰਮਾਣ ਕੀ? ਜਿਹੜੇ ਸਾਹਿਤਕਾਰ ਨੇ 'ਬਾਰਨਜ਼ ਐਂਡ ਨੋਬਲ' ਦੀ ਬਾਤ ਪਾਈ ਹੋਵੇ, 'ਪਬਲਿਕ ਲਾਇਬ੍ਰੇਰੀ' ਦਾ ਜ਼ਿਕਰ ਛੇੜਿਆ ਹੋਵੇ, ਜਿਸ ਨੂੰ ਕਿਤਾਬਾਂ ਦੇ ਰੈਕ ਕੋਹਤੂਰ ਲਗਦੇ ਹੋਣ, ਕਿਤਾਬਾਂ ਦੀ ਥਾਂ ਲਟ-ਲਟ ਬ਼ਲਦੇ ਫ਼ਰਿਸ਼ਤਿਆਂ ਦੇ ਜ਼ਿਹਨਾਂ 'ਚ ਖ਼ੁਦਾ ਦਾ ਪੈਗ਼ਾਮ ਨਜ਼ਰੀ ਪਵੇ, ਉਸ ਦਾ ਸਿਰਨਾਵਾਂ ਕਿਧਰੇ ਹੋਰ ਲੱਭਣ ਦੀ ਲੋੜ ਨਹੀਂ, ਉਹਦੇ ਮਸਤਕ ਵਿਚ ਹੀ ਦਗ਼ਦਾ ਹੁੰਦਾ। ਉਹਦੇ ਬੋਲਾਂ 'ਚ ਲਰਜ਼ਦਾ ਹੁੰਦਾ। ਇਹੋ ਜਿਹੀ ਰੂਹ ਹੀ ਕਾਇਨਾਤ ਦੀ ਲਿਖੀ ਹੋਈ ਬ੍ਰਹਿਮੰਡ ਦੀ ਲਿੱਪੀ, ਸੁੰਨ ਦੀ ਬੋਲੀ ਸਮਝਣ ਅਗਰਸਰ ਹੁੰਦੀ। ਇਹ ਮੇਰਾ ਕਿਆਸ ਨਹੀਂ, ਸਾਰਥਕ ਦਾਅਵਾ। ਆਮੀਨ!

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

# ਨਾਬਰ ਪੱਤਰਕਾਰ ਅਮਰਿੰਦਰ ਗਿੱਧਾ

ਅਮਰਿੰਦਰ ਗਿੱਦਾ ਦੀ ਪੁਸਤਕ ਪੜ੍ਹ ਕੇ ਮੈਂ ਉਹਦਾ ਨਾਂ ਹੀ ਅਮਰਿੰਦਰ ਨਾਬਰ ਰੱਖ ਲਿਆ ਹੈ। ਨਾਬਰ ਦਾ ਮਤਲਬ ਹੈ ਅਣਖੀ, ਬਾਗ਼ੀ, ਵਿਦਰੋਹੀ। ਹੁਣ ਉਹ ਨਿਊਜ਼ੀਲੈਂਡੀਆ ਬਣਿਆ ਹੋਇਐ। ਉਸ ਦੀ ਖੇਡ ਪੁਸਤਕ ਦਾ ਨਾਂ ਹੈ 'ਭਾਰਤੀ ਹਾਕੀ ਦੇ ਨਾਬਰ'। ਇਸ ਵਿਚ ਉਸ ਨੇ ਹਾਕੀ ਦੇ ਨਾਬਰ ਖਿਡਾਰੀਆਂ, ਨਾਬਰ ਕੋਚਾਂ ਤੇ ਨਾਬਰ ਖੇਡ ਪ੍ਰਮੋਟਰਾਂ ਦੀਆਂ ਬਾਤਾਂ ਪਾਈਆਂ ਹਨ, ਜਿਵੇਂ ਉਹ ਵੀ ਦੁੱਲੇ ਭੱਟੀ ਦੇ ਭਰਾ ਹੋਣ! ਸ਼ੁਕਰ ਹੈ ਉਹ ਜੰਮਣ ਵੇਲੇ ਨਾਬਰ ਨਹੀਂ ਹੋਇਆ। ਜਣੇਪਾ ਸੁੱਖੀ ਸਾਂਦੀ ਹੋ ਗਿਆ। ਨਾਬਰ ਹੋ ਬਹਿੰਦਾ ਤਾਂ ਨਿਊਜ਼ੀਲੈਂਡੀਆ ਕਿਵੇਂ ਬਣਦਾ? ਉਥੇ ਆਪਣੇ ਕੰਮ ਕਾਰ ਨਾਲ ਖੇਡ ਮੀਡੀਆਕਾਰੀ ਦਾ ਸ਼ੌਕ ਵੀ ਪਾਲਦਾ ਹੈ ਤੇ ਬੱਲੇ-ਬੱਲੇ ਵੀ ਕਰਵਾਈ ਜਾਂਦਾ ਹੈ। ਕਦੇ ਹਾਕੀ ਤੇ ਕਦੇ ਕ੍ਰਿਕਟ ਦੇ ਮੈਚਾਂ ਦੀ ਕੁਮੈਂਟਰੀ ਕਰਦਾ ਹੈ। ਕਦੇ ਕਿਸੇ ਅਖ਼ਬਾਰ ਨੂੰ ਖੇਡ ਰਿਪੋਰਟਾਂ ਭੇਜ ਦਿੰਦੈ। ਕਦੇ ਦੇਸ਼ ਵੀ ਗੇੜਾ ਮਾਰ ਜਾਂਦੈ।

ਉਸ ਦਾ ਜਨਮ ਸ. ਮੋਹਨ ਸਿੰਘ ਗਿੱਦਾ ਤੇ ਸਰਦਾਰਨੀ ਸੁਰਜੀਤ ਕੌਰ ਦੇ ਘਰ ਪਿੰਡ ਸੁੱਜੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਹੋਇਆ ਸੀ। ਅਜੇ ਬਚਪਨ 'ਚ ਸੀ ਕਿ ਹਾਕੀ ਦੀ ਖੇਡ ਵੱਲ ਖਿੱਚਿਆ ਗਿਆ। ਖੇਡ ਪ੍ਰੇਮੀ ਪਿਤਾ ਉਸ ਨੂੰ ਹਾਕੀ ਦਾ ਤਕੜਾ ਖਿਡਾਰੀ ਬਣਾਉਣ ਦੇ ਹੱਕ ਵਿਚ ਸੀ ਪਰ ਮਾਤਾ ਅਧਿਆਪਕਾ ਹੋਣ ਕਰਕੇ ਚਾਹੁੰਦੀ ਸੀ ਕਿ ਪੁੱਤਰ ਪੜ੍ਹਾਈ ਕਰ ਕੇ ਪੈਰਾਂ ਸਿਰ ਖੜ੍ਹਾ ਹੋਵੇ। ਅਧਿਆਪਕ ਮਾਪੇ ਇੰਜ ਹੀ ਸੋਚਦੇ ਹਨ।

ਅਮਰਿੰਦਰ ਅਜੇ ਕਾਲਜ ਵਿਚ ਪੜ੍ਹਦਾ ਸੀ ਕਿ ਹਾਕੀ ਖੇਡਣੀ ਛੱਡ ਕੇ ਹਾਕੀ ਦੀ ਪੱਤਰਕਾਰੀ ਨਾਲ ਖੇਡਣ ਲੱਗ ਪਿਆ। ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਜਲੰਧਰ ਤੋਂ ਪੱਤਰਕਾਰੀ ਦੀ ਮਾਸਟਰ ਡਿਗਰੀ ਹਾਸਲ ਕਰ ਕੇ ਅਖ਼ਬਾਰਾਂ ਦੇ ਰਿਪੋਰਟਰ ਵਜੋਂ ਬਗਾਵਤਾਂ ਕਰਨ ਲੱਗਾ। ਉਸ ਦਾ ਵੱਡਾ ਭਰਾ ਮਨਦੀਪ ਸਿੰਘ ਤੇ ਸੀਨੀਅਰ ਦੋਸਤ ਅਰੁਨਦੀਪ ਪੱਤਰਕਾਰੀ ਦੀ ਸ਼ੁਰੂਆਤ ਸਮੇਂ ਉਸ ਦੇ ਪ੍ਰੇਰਨਾ ਸ੍ਰੋਤ ਬਣੇ। ਇਹ ਉਹਦੀ ਜ਼ਿੰਦਗੀ ਦਾ ਅਜਿਹਾ ਮੋੜ ਸੀ ਕਿ ਉਹ ਆਪਣੀ ਖਿਡਾਰੀ ਬਣਨ ਦੀ ਚਾਹਤ ਤਾਂ ਪੂਰੀ ਨਹੀਂ ਸੀ ਕਰ ਸਕਦਾ ਪਰ ਖੇਡਾਂ ਨਾਲ ਜੁੜੇ ਰਹਿਣ ਦੀ ਰੀਝ ਜ਼ਰੂਰ ਪੂਰੀ ਕਰ ਸਕਦਾ ਸੀ। ਉਸ ਨੂੰ ਖੇਡ ਲੇਖਕ ਨਵਦੀਪ ਸਿੰਘ ਗਿੱਲ ਨਾਲ ਮਿਲਣ ਦੇ ਮੌਕੇ ਮਿਲੇ, ਜਿਸ ਨਾਲ ਉਹਦੀ ਖੇਡ ਲੇਖਣੀ ਵਿਚ ਹੋਰ ਨਿਖਾਰ ਆਉਂਦਾ ਗਿਆ। ਜਲੰਧਰ 'ਚ ਖੇਡ ਪੱਤਰਕਾਰੀ ਕਰਦਿਆਂ ਉਸ ਨੂੰ ਸਾਬਕਾ ਓਲੰਪਿਕ ਖਿਡਾਰੀਆਂ ਨਾਲ ਇੰਟਰਵਿਊ ਕਰਨ ਦੇ ਮੌਕੇ ਮਿਲਦੇ ਰਹੇ। ਫਿਰ ਉਹ ਪਰਦੇਸ ਉਡਾਰੀ ਮਾਰ ਗਿਆ।

2007 'ਚ ਨਿਊਜ਼ੀਲੈਂਡ ਚਲੇ ਜਾਣ ਪਿੱਛੋਂ ਉਹ ਕੁਝ ਦੇਰ ਪੱਤਰਕਾਰੀ ਤੋਂ ਦੂਰ ਰਿਹਾ। 2010 'ਚ ਉਹਦੀ ਪਤਨੀ ਅੰਮ੍ਰਿਤਪ੍ਰੀਤ ਨੇ ਉਹਦਾ ਖੇਡਾਂ ਪ੍ਰਤੀ ਰੁਝਾਨ ਵੇਖਦਿਆਂ ਉਸ ਦਾ ਨਾਮ ਰੇਡੀਓ ਸਪਾਈਸ ਨਿਊਜ਼ੀਲੈਂਡ 'ਚ ਖੇਡਾਂ ਦਾ ਪ੍ਰੋਗਰਾਮ ਪੇਸ਼ ਕਰਨ ਲਈ ਲਿਖਵਾ ਦਿੱਤਾ। ਉਹ ਪ੍ਰੋਗਰਾਮ ਉਸ ਨੇ 2010 ਤੋਂ 2015 ਤਕ ਪੇਸ਼ ਕੀਤਾ। ਇਸ ਸਫ਼ਰ ਦੌਰਾਨ ਉਸ ਨੂੰ ਅੰਤਰਰਾਸ਼ਟਰੀ ਹਾਕੀ ਤੇ ਕ੍ਰਿਕਟ ਦੇ ਮੁਕਾਬਲੇ ਬਤੌਰ ਰੇਡੀਓ ਪੇਸ਼ਕਾਰ ਪੇਸ਼ ਕਰਨ ਦੇ ਮੌਕੇ ਮਿਲੇ। ਇੰਜ ਉਹ ਅੰਤਰਰਾਸ਼ਟਰੀ ਖੇਡ ਪੱਤਰਕਾਰ ਬਣ ਗਿਆ।

ਉਸ ਦੀ ਪਲੇਠੀ ਪੁਸਤਕ 'ਭਾਰਤੀ ਹਾਕੀ ਦੇ ਨਾਬਰ' ਵਿਚ ਭਾਰਤੀ ਹਾਕੀ ਦੇ ਨਾਬਰੀ ਕਿਰਦਾਰ ਦੀਆਂ ਬਾਤਾਂ ਪਾਈਆਂ ਗਈਆਂ ਹਨ। ਨਾਬਰ ਭਾਵੇਂ ਭਾਰਤੀ ਹਾਕੀ ਟੀਮ ਦਾ ਕਪਤਾਨ ਰਿਹਾ ਹੋਵੇ, ਟੀਮ ਦਾ ਅਹਿਮ ਖਿਡਾਰੀ ਹੋਵੇ, ਕੋਚ ਰਿਹਾ ਹੋਵੇ, ਹਾਕੀ ਅਕਾਡਮੀ ਹੋਵੇ, ਹਾਕੀ ਪ੍ਰੇਮੀ ਪਰਿਵਾਰ ਹੋਵੇ ਜਾਂ ਫਿਰ ਇਹੋ ਜਿਹਾ ਕੋਈ ਵਿਅਕਤੀ ਹੋਵੇ ਜਿਸ ਨੇ ਸਰਕਾਰੀ ਨੌਕਰੀ ਨੂੰ ਠੋਕਰ ਮਾਰ ਕੇ ਰੁਜ਼ਗਾਰ ਹੀ ਹਾਕੀ ਦੀ ਭੇਟ ਚੜ੍ਹਾ ਦਿੱਤਾ ਹੋਵੇ। ਪੱਤਰਕਾਰੀ 'ਚ ਲਗਭਗ ਦਸ ਸਾਲ ਦੇ ਤਜਰਬੇ ਤੋਂ ਬਾਅਦ ਖੇਡਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਉਸ ਨੇ ਇਹ ਕਿਤਾਬ ਪਾਠਕਾਂ ਦੇ ਸਨਮੁਖ ਕੀਤੀ ਹੈ। ਕਿਤਾਬ ਵਿਚੋਂ ਪੇਸ਼ ਹੈ ਇਕ ਖਿਡਾਰੀ ਦੀ ਹੱਡ ਬੀਤੀ:

### ਆਪਣੇ ਬਲ 'ਤੇ ਜੂਝਣ ਵਾਲਾ ਬਲਜੀਤ

ਬਲਜੀਤ ਸਿੰਘ ਪਹਿਲਾਂ ਫਾਰਵਰਡ ਖਿਡਾਰੀ ਵਜੋਂ ਹਾਕੀ ਖੇਡਦਾ ਹੁੰਦਾ ਸੀ। ਫਾਰਵਰਡ ਤੋਂ ਗੋਲਕੀਪਰ ਬਣਨ ਬਾਰੇ ਉਹ ਦੱਸਦਾ ਹੈ ਕਿ 1995-96 'ਚ ਸਾਡੀ ਟੀਮ ਦਿੱਲੀ ਜੂਨੀਅਰ ਟੂਰਨਾਮੈਂਟ ਖੇਡਣ ਗਈ। ਉਸ ਸਮੇਂ ਮੈਂ ਫਾਰਵਰਡ ਖੇਡਦਾ ਸੀ। ਸਾਡੀ ਟੀਮ ਦੇ ਗੋਲਕੀਪਰ ਦੀ ਉਮਰ ਮੈਡੀਕਲ ਟੈਸਟ 'ਚ ਇੱਕੀ ਸਾਲਾਂ ਤੋਂ ਵੱਧ ਨਿਕਲ ਗਈ। ਰਾਤੋ-ਰਾਤ ਸਵਾਲ ਖੜ੍ਹਾ ਹੋ ਗਿਆ ਕਿ ਅਗਲੇ ਦਿਨ ਮੈਚ 'ਚ ਗੋਲਕੀਪਰ ਕੌਣ ਖੜ੍ਹੇਗਾ? ਮੈਂ ਆਪਣੇ ਕੋਚ ਨੂੰ ਕਿਹਾ ਕਿ ਮੈਨੂੰ ਗੋਲਕੀਪਰ ਖੜ੍ਹਾ ਕਰ ਦਿਓ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ। ਫਿਰ ਟੀਮ ਦੇ ਬਾਕੀ ਖਿਡਾਰੀਆਂ ਤੋਂ ਪੁੱਛਿਆ ਗਿਆ। ਕੋਈ ਵੀ ਗੋਲਕੀਪਰ ਵਜੋਂ ਖੇਡਣ ਨੂੰ ਤਿਆਰ ਨਹੀਂ ਸੀ। ਫਿਰ ਕੋਚ ਨੇ ਮੈਨੂੰ ਹੀ ਕਿਹਾ, 'ਚੱਲ ਬਲਜੀਤ, ਤੂੰ ਹੀ ਗੋਲਕੀਪਰ ਖੇਡੀਂ।'

ਉਸ ਦਿਨ ਤੋਂ ਬਾਅਦ ਬਲਜੀਤ ਨੇ ਮੁੜ ਕੇ ਕਦੇ ਵੀ ਪਿੱਛੇ ਨਹੀਂ ਦੇਖਿਆ ਤੇ ਗੋਲਕੀਪਰ ਹੀ ਖੇਡਿਆ। ਬਲਜੀਤ ਇਕ ਅਜਿਹਾ ਕਿਰਦਾਰ ਹੈ, ਜਿਸ ਲਈ ਆਤਮ ਸਨਮਾਨ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਇਸ ਦੀਆਂ ਕਈ ਉਦਾਹਰਨਾਂ ਉਸ ਦੀ ਜ਼ਿੰਦਗੀ 'ਚੋਂ ਮਿਲ ਜਾਂਦੀਆਂ ਹਨ। ਸ਼ਾਇਦ ਇਸੇ ਲਈ ਉਸ ਨੇ ਆਪਣੀ ਟੀਮ ਦੇ ਗੋਲਕੀਪਰ ਦੇ ਬਾਹਰ ਹੋਣ ਤੋਂ ਬਾਅਦ ਆਪ ਗੋਲਕੀਪਰ ਬਣਨ ਦੀ ਜ਼ਿੰਮੇਵਾਰੀ ਲਈ, ਜੋ ਬਾਅਦ ਵਿਚ ਉਹਦੇ ਖੇਡ ਕਰੀਅਰ ਨੂੰ ਹੀ ਲੈ ਬੈਠੀ।



ਅਮਰਿੰਦਰ ਗਿੱਦਾ

2000 ਦੇ ਆਸ-ਪਾਸ ਜਦ ਬਲਜੀਤ ਜੂਨੀਅਰ ਹਾਕੀ ਕੱਪ ਲਈ ਰਾਸ਼ਟਰੀ ਪੱਧਰ ਦੇ ਟ੍ਰੇਨਿੰਗ ਕੈਂਪ 'ਚ ਸੀ ਤਾਂ ਉਸ ਦਾ ਬੀ.ਏ. ਭਾਗ ਦੂਜੇ ਦਾ ਇਮਤਿਹਾਨ ਆ ਗਿਆ। ਉਸ ਨੇ ਕੈਂਪ ਦੇ ਕੋਚ ਕੋਲੋਂ ਛੁੱਟੀ ਜਾਣ ਦੀ ਆਗਿਆ ਮੰਗੀ ਤਾਂ ਕਿ ਉਹ ਇਮਤਿਹਾਨ ਦੇ ਸਕੇ। ਉਸ ਨੂੰ ਕਾਫੀ ਕੁਝ ਬੁਰਾ-ਭਲਾ ਸੁਣਨਾ ਪਿਆ ਕਿ ਹਾਕੀ ਨੇ ਹੀ ਤੈਨੂੰ ਸਭ ਕੁੱਝ ਦੇਣੈ, ਪੜ੍ਹਾਈ ਤਾਂ ਪਛੜ ਕੇ ਵੀ ਚਲਦੀ ਰਹੇਗੀ ਵਗੈਰਾ-ਵਗੈਰਾ। ਉਸ ਨੇ ਸਭ ਕੁਝ ਸਬਰ ਨਾਲ ਸੁਣਿਆ ਪਰ ਫਿਰ ਵੀ ਇਮਤਿਹਾਨ 'ਚ ਬੈਠਣ ਦੀ ਆਪਣੀ ਹਿੰਡ ਨਾ ਛੱਡੀ। ਉਸ ਨੇ ਇਮਤਿਹਾਨ ਦੇ ਦਿੱਤਾ, ਜਿਸ ਦੀ ਸਜ਼ਾ ਇਹ ਮਿਲੀ ਕਿ ਬਾਅਦ ਵਿਚ ਉਸ ਨੂੰ ਕਦੇ ਵੀ ਜੂਨੀਅਰ ਕੈਂਪ ਲਈ ਸੱਦਾ ਨਾ ਮਿਲਿਆ। ਇੰਜ ਖੇਡਣ ਨਾਲ ਪੜ੍ਹਦੇ ਰਹਿਣ ਦੀ ਉਸ ਨੂੰ ਬੜੀ ਵੱਡੀ ਸਜ਼ਾ ਮਿਲੀ ਪਰ ਬਲਜੀਤ ਲਈ ਇਹ ਘਟਨਾ ਕੋਈ ਜ਼ਿਆਦਾ ਦੁਖਦਾਇਕ ਸਾਬਤ ਨਾ ਹੋਈ, ਕਿਉਂਕਿ ਉਹ ਇਸ ਤੋਂ ਵੀ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਦਾ ਰਿਹਾ।


ਸਾਲ 2009 'ਚ ਬਲਜੀਤ ਦੇ ਇੱਕ ਅਜਿਹੀ ਸੱਟ ਲੱਗੀ, ਜਿਸ ਨਾਲ ਉਹਦੀ ਸੱਜੀ ਅੱਖ ਬੁਰੀ ਤਰ੍ਹਾਂ ਨੁਕਸਾਨੀ ਗਈ। ਸੱਟ ਤੋਂ ਬਾਅਦ ਉਸ ਨੇ ਪਹਿਲਾਂ ਆਪਣੇ ਵਿਭਾਗ ਦੀ ਟੀਮ 'ਚ ਜਗ੍ਹਾ ਹਾਸਲ ਕਰਨ ਲਈ ਮਿਹਨਤ ਕੀਤੀ, ਫਿਰ ਟੀਮ 'ਚ ਖੇਡਣ ਲਈ, ਫਿਰ ਰਾਜ ਪੱਧਰ ਲਈ ਤੇ ਫਿਰ ਰਾਸ਼ਟਰ ਪੱਧਰ ਲਈ। ਬਲਜੀਤ ਕਹਿੰਦਾ ਹੈ ਕਿ ਇਹ ਸਫ਼ਰ ਸੌਖਾ ਨਹੀਂ ਸੀ। ਇਸ ਘਟਨਾ ਤੋਂ ਬਾਅਦ ਵੀ ਉਸ ਨੇ ਖੇਡ ਨਹੀਂ ਛੱਡੀ। ਉਸ ਨੇ ਆਪਣੀ ਖੇਡ, ਹੌਸਲੇ, ਲਗਨ, ਪਰਿਵਾਰ ਦੇ ਸਾਥ ਅਤੇ ਸਖ਼ਤ ਮਿਹਨਤ ਨਾਲ ਉਨ੍ਹਾਂ ਖੇਡ ਅਧਿਕਾਰੀਆਂ ਨੂੰ ਜਵਾਬ ਦੇਣਾ ਚਾਹਿਆ, ਜਿਨ੍ਹਾਂ ਨੇ ਉਸ ਨਾਲ ਵਾਪਰੀ ਘਟਨਾ ਤੋਂ ਬਾਅਦ ਜਾਣ-ਬੁੱਝ ਕੇ ਅੱਖਾਂ ਮੀਚ ਲਈਆਂ ਸਨ। ਬਲਜੀਤ ਦੇ ਨਾਬਰ ਕਿਰਦਾਰ ਨੂੰ ਸਮਝਣ ਲਈ ਉਸ ਨਾਲ ਵਾਪਰੀ ਘਟਨਾ ਤੋਂ ਬਾਅਦ ਉਸ ਨਾਲ ਹੋਏ ਵਿਹਾਰ ਦਾ ਹਰ ਪੱਖ ਜਾਣਨਾ ਜ਼ਰੂਰੀ ਹੈ।

ਜੁਲਾਈ 2009 ਵਿਚ ਬਲਜੀਤ ਪੁਣੇ ਵਿਖੇ ਭਾਰਤੀ ਹਾਕੀ ਟੀਮ ਦੇ ਨੈਸ਼ਨਲ ਕੈਂਪ ਵਿਚ ਸੀ, ਜਿੱਥੇ ਭਾਰਤੀ ਹਾਕੀ ਟੀਮ ਦੇ ਗੋਲਕੀਪਰਾਂ ਦੇ ਕੋਚ ਰੋਮੀਓ ਜੇਮਜ਼ ਸਨ। ਰੋਮੀਓ ਜੇਮਜ਼ ਭਾਰਤੀ ਟੀਮ ਦੇ ਖ਼ੁਦ ਗੋਲਕੀਪਰ ਰਹੇ ਸਨ, ਪਰ ਹਾਕੀ ਛੱਡਣ ਤੋਂ ਬਾਅਦ ਉਨ੍ਹਾਂ ਗੋਲਫ ਖੇਡਣੀ ਸ਼ੁਰੂ ਕਰ ਦਿੱਤੀ ਸੀ। ਜਦ ਉਹ ਭਾਰਤੀ ਟੀਮ ਦੇ ਗੋਲਕੀਪਰ ਕੋਚ ਬਣੇ ਤਾਂ ਉਨ੍ਹਾਂ ਨੇ ਆਪਣਾ ਗੋਲਫ ਦਾ ਸ਼ੌਕ ਵੀ ਨਾਲ ਲੈ ਆਂਦਾ। ਖ਼ੈਰ, ਆਪਣੀ ਟੀਮ ਦੇ ਗੋਲਕੀਪਰਾਂ ਦੀ ਸਰੀਰਕ ਫੁਰਤੀ ਵਧਾਉਣ ਲਈ ਗੋਲਫ ਦੀ ਗੇਂਦ ਨਾਲ ਹਲਕੀਆਂ ਹਿੱਟਾਂ ਮਾਰ ਰਹੇ ਸਨ ਤੇ ਟੀਮ ਦੇ ਗੋਲਕੀਪਰ ਉਨ੍ਹਾਂ ਹਿੱਟਾਂ ਨੂੰ ਰੋਕ ਰਹੇ ਸਨ। ਬਲਜੀਤ ਸਮੇਤ ਹੋਰ ਗੋਲਕੀਪਰਾਂ ਵਿਚਕਾਰ ਇੱਕ ਮੁਕਾਬਲਾ ਚੱਲ ਰਿਹਾ ਸੀ। ਬਲਜੀਤ ਪਹਿਲਾ ਮੁਕਾਬਲਾ ਜਿੱਤ ਚੁੱਕਾ ਸੀ ਅਤੇ ਦੂਸਰੇ ਮੁਕਾਬਲੇ 'ਚ ਕਾਫੀ ਬਿਹਤਰੀਨ ਖੇਡ ਰਿਹਾ ਸੀ। ਕੋਚ ਗੋਲਫ ਦੀਆਂ ਗੇਂਦਾਂ ਨੂੰ ਨਿਰੰਤਰ ਹਿੱਟਾਂ ਮਾਰ ਰਹੇ ਸਨ ਅਤੇ ਸਾਹਮਣੇ ਬਲਜੀਤ ਸੀ। ਕੋਚ ਦੀ ਹਾਕੀ 'ਚੋਂ ਇੱਕ ਹਿੱਟ ਤੇਜ਼ੀ ਨਾਲ ਨਿਕਲੀ, ਜੋ ਸਿੱਧੀ ਬਲਜੀਤ ਦੀ ਸੱਜੀ ਅੱਖ 'ਤੇ ਜਾ ਵੱਜੀ। ਗੋਲਫ ਦੀ ਗੇਂਦ ਹਾਕੀ ਦੀ ਗੇਂਦ ਦੇ ਮੁਕਾਬਲੇ ਛੋਟੀ ਹੋਣ ਕਾਰਨ ਬਲਜੀਤ ਵੱਲੋਂ ਪਾਏ ਹਾਕੀ ਹੈਲਮਟ ਨਾਲ ਨਾ ਰੁਕੀ। ਗੇਂਦ ਵੱਜਣ ਸਾਰ ਹੀ ਬਲਜੀਤ ਨੂੰ ਅਹਿਸਾਸ ਹੋਇਆ ਕਿ ਸੱਟ ਜ਼ਿਆਦਾ ਲੱਗ ਗਈ ਹੈ। ਅੱਖ 'ਤੇ ਵੱਡਾ ਕੱਟ ਆ ਗਿਆ ਸੀ। ਇਸ ਪੂਰੇ ਵਰਤਾਰੇ 'ਚ ਹਾਕੀ ਦੇ ਨਿਯਮਾਂ ਦੀ ਉਲੰਘਣਾ ਤਾਂ ਹੋਈ, ਪਰ ਬਲਜੀਤ ਅਜੇ ਤਕ ਇਹ ਸੰਤਾਪ ਭੋਗ ਰਿਹਾ ਹੈ। ਫਿਰ ਵੀ ਜਿਸ ਜ਼ਿੰਦਾਦਿਲੀ ਨਾਲ ਉਸ ਨੇ ਆਪਣੇ ਆਪ ਨੂੰ ਵਾਪਸ ਸਥਾਪਿਤ ਕੀਤਾ ਉਸ 'ਤੇ ਬਲਜੀਤ ਵੀ ਮਾਣ ਕਰਦਾ ਹੈ ਤੇ ਉਸ ਦਾ ਨਾਬਰ ਕਿਰਦਾਰ ਜਾਣਨ ਤੋਂ ਬਾਅਦ ਹੋਰ ਵੀ ਉਸ 'ਤੇ ਮਾਣ ਕਰਨਗੇ।

ਇਸ ਸੱਟ ਲਈ ਕੋਈ ਵੀ ਤਿਆਰ ਨਹੀਂ ਸੀ, ਨਾ ਮੈਡੀਕਲ ਅਮਲਾ, ਨਾ ਬਲਜੀਤ ਅਤੇ ਨਾ ਹੀ ਉਸ ਦਾ ਕੋਚ ਰੋਮੀਓ ਜੇਮਜ਼। ਭਾਰਤੀ ਹਾਕੀ ਟੀਮ ਦੇ ਇਸ ਨੈਸ਼ਨਲ ਕੈਂਪ ਵਿਚ ਖਿਡਾਰੀ ਦੇ ਸਰੀਰਕ ਨੁਕਸਾਨ ਦੀ ਪੂਰਤੀ ਲਈ ਬਣਾਏ ਨਿਯਮਾਂ ਨੂੰ ਛਿੱਕੇ ਟੰਗਿਆ ਗਿਆ। ਮੈਡੀਕਲ ਅਮਲੇ ਦੇ ਨਾਲ ਕੋਈ ਵੀ ਐਂਬੂਲੈਂਸ ਨਹੀਂ ਸੀ, ਜਿਸ ਕਰਕੇ ਬਲਜੀਤ ਨੂੰ ਟੈਕਸੀ 'ਤੇ ਪੂਣੇ ਦੇ ਸਾਂਚੇਤੀ ਹਸਪਤਾਲ ਲਿਜਾਇਆ ਗਿਆ। ਹਸਪਤਾਲ ਪਹੁੰਚਣ ਤਕ ਲਗਭਗ ਇੱਕ ਘੰਟਾ ਲੱਗਾ। ਬਲਜੀਤ ਦੀ ਅੱਖ ਦੇ ਕੋਰਨੀਏ ਦਾ ਇਲਾਜ ਸਾਂਚੇਤੀ ਹਸਪਤਾਲ ਵਿਖੇ ਹੋਇਆ, ਪਰ ਰੈਟੀਨਾ ਦੇ ਇਲਾਜ ਨੂੰ ਲੈ ਕੇ ਡਾਕਟਰ ਝਿਜਕ ਰਹੇ ਸਨ। ਬਲਜੀਤ ਨੂੰ ਅਗਲੇ ਦਿਨ ਪੁਣੇ ਤੋਂ ਏਮਸ ਭੇਜ ਦਿੱਤਾ ਗਿਆ। ਉਥੇ ਵੀ ਕਾਫੀ ਟੈਸਟ ਕੀਤੇ ਗਏ, ਪਰ ਰੈਟੀਨਾ ਦਾ ਕੋਈ ਇਲਾਜ ਨਾ ਹੋਇਆ, ਜਦਕਿ 18 ਦਿਨ ਬਲਜੀਤ ਏਮਸ ਵਿਖੇ ਦਾਖਲ ਰਿਹਾ। ਇਨ੍ਹਾਂ 18 ਦਿਨਾਂ ਬਾਰੇ ਦੱਸਦਿਆਂ ਬਲਜੀਤ ਨੇ ਕਿਹਾ ਕਿ ਜਦ ਮੈਨੂੰ ਲੱਗਾ ਮੇਰਾ ਸਹੀ ਇਲਾਜ ਨਹੀਂ ਹੋ ਰਿਹਾ ਤਾਂ ਇੱਕ ਵਾਰ ਮੈਨੂੰ ਆਪਣੇ ਆਪ 'ਤੇ ਕਾਬੂ ਰੱਖਣਾ ਮੁਸ਼ਕਿਲ ਹੋ ਗਿਆ ਸੀ। ਇਸੇ ਦੌਰਾਨ ਆਪਣੇ ਦੋਸਤਾਂ-ਮਿੱਤਰਾਂ ਨੂੰ ਕਿਹਾ ਕਿ ਪਤਾ ਕਰੋ ਇਸ ਸੱਟ ਦਾ ਬਿਹਤਰ ਇਲਾਜ ਕਿੱਥੋਂ ਹੋ ਸਕਦਾ ਹੈ? ਮੈਂ ਆਪਣੀ ਮਾੜੀ ਆਰਥਿਕਤਾ ਅਨੁਸਾਰ ਵੀ ਆਪਣਾ ਇਲਾਜ ਕਰਵਾਉਣ ਲਈ ਤਿਆਰ ਸੀ।

ਸੱਟ ਲੱਗਣ ਤੋਂ 20-25 ਦਿਨਾਂ ਬਾਅਦ ਬਲਜੀਤ ਨੂੰ ਇਲਾਜ ਲਈ ਸਰਕਾਰੀ ਖਰਚੇ 'ਤੇ ਅਮਰੀਕਾ ਭੇਜਿਆ ਗਿਆ। ਅਮਰੀਕਾ 'ਚ ਬਲਜੀਤ ਸਭ ਤੋਂ ਪਹਿਲਾਂ ਜੌਹਨ ਹੈਪਕਿੰਸ ਹਸਪਤਾਲ ਗਿਆ ਪਰ ਉਥੇ ਕੋਈ ਗੱਲ ਨਾ ਬਣੀ। ਯਾਰਾਂ-ਦੋਸਤਾਂ ਦੀ ਸਲਾਹ ਨਾਲ ਡਾਕਟਰ ਮੌਰਿਸ ਕੋਲ ਪਹੁੰਚੇ। ਡਾਕਟਰ ਮੌਰਿਸ ਨੇ ਅਮਰੀਕਾ 'ਚ 9/11 ਦੇ ਅਤਿਵਾਦੀ ਹਮਲੇ 'ਚ ਜ਼ਖ਼ਮੀ ਹੋਏ ਕਈ ਲੋਕਾਂ ਦੀਆਂ ਅੱਖਾਂ ਦੀ ਰੋਸ਼ਨੀ ਵਾਪਸ ਮੋੜ ਲਿਆਂਦੀ ਸੀ। ਡਾਕਟਰ ਨਾਲ ਸੱਟ ਤੇ ਉਦੋਂ ਤੱਕ ਹੋਏ ਇਲਾਜ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਕਿਹਾ, 'ਸਾਡੀ ਕੋਈ ਗਰੰਟੀ ਨਹੀਂ ਕਿ ਸੱਜੀ ਅੱਖ ਦੀ ਨਿਗ੍ਹਾ ਵਾਪਿਸ ਆ ਜਾਵੇ ਪਰ ਅਸੀਂ ਇਲਾਜ ਕਰਾਂਗੇ ਅਤੇ ਫਿਰ ਕੁਝ ਦੱਸ ਸਕਾਂਗੇ।' ਡਾਕਟਰ ਨੇ ਕਿਹਾ ਕਿ ਤੁਸੀਂ ਪਹਿਲਾਂ ਹੀ ਇੱਕ ਮਹੀਨਾ ਖ਼ਰਾਬ ਕਰ ਚੁੱਕੇ ਹੋ। ਖ਼ੈਰ, ਇਲਾਜ ਸ਼ੁਰੂ ਹੋਇਆ ਅਤੇ ਬਲਜੀਤ ਦੀ ਪਹਿਲੀ ਸਰਜਰੀ ਹੋਈ। ਇਸ ਸਰਜਰੀ ਤੋਂ ਬਾਅਦ ਪਹਿਲੀ ਵਾਰ ਬਲਜੀਤ ਨੇ ਆਪਣੀ ਸੱਜੀ ਅੱਖ ਨਾਲ ਆਪਣਾ ਹੱਥ ਹਿੱਲਦਾ ਦੇਖਿਆ। ਇਸੇ ਹੱਥ ਨਾਲ ਅਤੇ ਇਸੇ ਅੱਖ ਦੇ ਤਾਲਮੇਲ ਨਾਲ ਹੀ ਬਲਜੀਤ ਨੇ ਭਾਰਤੀ ਹਾਕੀ ਟੀਮ ਨਾਲ ਸੁਨਹਿਰੀ ਦਿਨ ਦੇਖੇ ਸਨ ਜਦ ਏਸ਼ੀਅਨ ਚੈਂਪੀਅਨਸ਼ਿਪ 'ਚ ਬਲਜੀਤ ਨੇ ਕੋਰਿਆਈ ਟੀਮ ਦੇ ਤੇਜ਼-ਤਰਾਰ ਹਮਲੇ ਚਕਨਾਚੂਰ ਕੀਤੇ ਸਨ। ਇਸ ਸਰਜਰੀ ਤੋਂ ਪਹਿਲਾਂ ਬਲਜੀਤ ਦੀ ਸੱਜੀ ਅੱਖ ਅੱਗੇ ਬਿਲਕੁਲ ਹਨ੍ਹੇਰਾ ਸੀ।

ਡਾਕਟਰ ਮੌਰਿਸ ਮੁਤਾਬਕ ਬਲਜੀਤ ਦੀ ਅੱਖ ਦੇ ਇਲਾਜ ਲਈ ਅਜੇ ਦੋ ਹੋਰ ਪੜਾਅ ਬਾਕੀ ਸਨ ਪਰ ਸਮੇਂ ਦੀ ਸਰਕਾਰ ਨੇ ਬਲਜੀਤ ਤੋਂ ਬਿਨਾਂ ਪੁੱਛੇ, ਡਾਕਟਰ ਦੀ ਸਲਾਹ ਨੂੰ ਪਾਸੇ ਰੱਖ ਕੇ ਭਾਰਤ ਵਾਪਸੀ ਦੀ ਟਿਕਟ ਕਰਵਾ ਦਿੱਤੀ। ਬਲਜੀਤ ਨੇ ਕੁਝ ਸਵਾਲ ਕੀਤੇ ਪਰ ਉਸ ਨੂੰ ਮੌਕੇ 'ਤੇ ਭਰੋਸਾ ਦਿਵਾਇਆ ਗਿਆ ਕਿ ਉਸ ਦਾ ਇਲਾਜ ਭਾਰਤ 'ਚ ਕਰਵਾਇਆ ਜਾਵੇਗਾ।




ਪੁਸਤਕ ਭਾਰਤੀ ਹਾਕੀ ਦੇ ਨਾਬਰ ਦਾ ਮੁਖੜਾ

ਬਲਜੀਤ ਨੇ ਯਕੀਨ ਕਰ ਲਿਆ ਅਤੇ ਵਾਪਸ ਭਾਰਤ ਆ ਗਿਆ। ਭਾਰਤ ਆਉਂਦਿਆਂ ਉਸ ਨੇ ਆਪਣੇ ਇਲਾਜ ਦੀ ਗੱਲ ਕੀਤੀ ਪਰ ਕਿਸੇ ਨੇ ਉੱਤਾ ਨਾ ਵਾਚਿਆ। ਬਲਜੀਤ ਨੇ ਉਮੀਦ ਨਾ ਛੱਡੀ ਤੇ ਨਾ ਹੀ ਕਿਸੇ 'ਤੇ ਉਂਗਲ ਚੁੱਕੀ ਕਿਉਂਕਿ ਉਸ ਨੂੰ ਉਮੀਦ ਸੀ ਕਿ ਦੇਸ਼ ਜਾਂ ਹਾਕੀ ਦੇ ਹੁਕਮਰਾਨ ਕੁੱਝ ਨਾ ਕੁੱਝ ਜ਼ਰੂਰ ਕਰਨਗੇ। ਉਸ ਨੇ ਤਤਕਾਲੀ ਹਾਕੀ ਹੁਕਮਰਾਨਾਂ ਅਤੇ ਕੇਂਦਰੀ ਖੇਡ ਮੰਤਰੀ ਦੇ ਦਫਤਰਾਂ ਦੇ ਬਹੁਤ ਚੱਕਰ ਲਾਏ। ਉਨ੍ਹਾਂ ਨੇ ਕਿਹਾ, 'ਤੂੰ ਸਾਡੇ ਖ਼ਿਲਾਫ ਮੀਡੀਆ ਕੋਲ ਬਹੁਤ ਬੋਲਿਆ, ਹੁਣ ਤੂੰ ਖ਼ੁਦ ਹੀ ਆਪਣਾ ਇਲਾਜ ਕਰਵਾ, ਅਸੀਂ ਤੇਰਾ ਇਲਾਜ ਜ਼ਿੰਦਗੀ ਭਰ ਨਹੀਂ ਕਰਵਾ ਸਕਦੇ।' ਬਲਜੀਤ ਨੇ ਕਿਹਾ, 'ਜਦ ਮੈਂ ਇਹ ਬੋਲ ਸੁਣੇ ਤਾਂ ਮੈਨੂੰ ਲੱਗਿਆ ਕਿ ਕਿਵੇਂ ਇੱਕ ਖਿਡਾਰੀ ਨੂੰ ਸਮਝੇ ਬਿਨਾਂ ਹੀ ਉਸ ਨੂੰ ਫਤਵਾ ਦੇ ਦਿੱਤਾ ਗਿਆ।' ਬਲਜੀਤ ਉਹ ਖਿਡਾਰੀ ਹੈ, ਜਿਸ ਨੇ ਇੱਕ ਅੱਖ ਨਾਲ ਵੀ ਹਾਕੀ ਖੇਡਣੀ ਜਾਰੀ ਰੱਖੀ ਤੇ ਪਹਿਲਾਂ ਨਾਲੋਂ ਬਿਹਤਰੀਨ ਗੋਲਕੀਪਰ ਹੋਣ ਦੇ ਐਵਾਰਡ ਜਿੱਤੇ। ਇਸ ਦੌਰਾਨ ਫੈਡਰੇਸ਼ਨ ਵਲੋਂ ਵੀ ਕਾਫੀ ਵਾਅਦੇ ਕੀਤੇ ਗਏ ਸਨ, ਪਰ ਉਸੇ ਸਮੇਂ ਭਾਰਤੀ ਹਾਕੀ ਦੀ ਫੈਡਰੇਸ਼ਨ 'ਚ ਵੀ ਕਾਫੀ ਤਬਦੀਲੀਆਂ ਆ ਰਹੀਆਂ ਸਨ, ਜਿਸ ਕਾਰਨ ਬਹੁਤੇ ਬਲਜੀਤ ਦੀ ਸੱਟ ਭੁੱਲ ਚੁੱਕੇ ਸਨ।

ਬਲਜੀਤ ਪੰਜਾਬ ਸਰਕਾਰ ਕੋਲੋਂ ਵੀ ਮਦਦ ਲੈਣ ਲਈ ਗਿਆ ਪਰ ਮਿਲੇ ਸਿਰਫ ਲਾਰੇ। ਸੱਟ ਦੇ ਪੂਰੇ ਘਟਨਾਕ੍ਰਮ ਦੌਰਾਨ ਤਤਕਾਲੀ ਮੁੱਖ ਮੰਤਰੀ ਨੇ ਕਿਹਾ ਸੀ ਕਿ ਬਲਜੀਤ ਪੀਜੀਆਈ ਵਿਖੇ ਦਾਖਲ ਹੈ, ਜਦਕਿ ਬਲਜੀਤ ਦਾ ਇਲਾਜ ਏਮਸ ਵਿਖੇ ਚੱਲ ਰਿਹਾ ਸੀ। ਬਲਜੀਤ ਨੂੰ ਮਦਦ ਲੈਣ ਗਏ ਨੂੰ ਇਥੋਂ ਤਕ ਵੀ ਸੁਣਨ ਨੂੰ ਮਿਲਿਆ ਕਿ ਅਸੀਂ ਉਸ ਦੀ ਮਦਦ ਕਿਉਂ ਕਰੀਏ? ਉਹ ਕਿਹੜਾ ਪੰਜਾਬ ਵੱਲੋਂ ਖੇਡਿਆ। ਖ਼ੈਰ ਇੰਨਾ ਕੁੱਝ ਹੋਣ ਦੇ ਬਾਵਜੂਦ ਵੀ ਉਸ ਨੇ ਹਾਕੀ ਖੇਡਣੀ ਨਾ ਛੱਡੀ ਅਤੇ ਨਾ ਹੀ ਹੌਂਸਲਾ। ਪੰਜਾਬ ਦੇ ਰਾਜਨੀਤਕ ਹਾਲਾਤ 'ਚ ਖਿਡਾਰੀਆਂ ਦੀ ਹਾਲਤ ਬਾਰੇ ਬੋਲਦੇ ਬਲਜੀਤ ਕਹਿੰਦਾ ਹੈ ਕਿ ਨੇਤਾ ਲੋਕ ਪੰਜਾਬ 'ਚ ਆਪਣੀਆਂ ਵੋਟਾਂ ਬਚਾਉਣ ਲਈ ਸਰਕਾਰੀ ਬੱਸ 'ਚੋਂ ਡਿੱਗੇ ਬੰਦੇ ਨੂੰ ਤਾਂ ਨੌਕਰੀ ਦੇ ਦੇਣਗੇ, ਭਾਵੇਂ ਉਹ ਕੋਈ ਵੀ ਹੋਵੇ, ਪਰ ਪੰਜਾਬ ਦੇ ਖਿਡਾਰੀ ਨਾਲ ਅਜਿਹਾ ਕੁੱਝ ਹੋਵੇ ਤਾਂ ਕੋਈ ਸਾਰ ਨਹੀਂ ਲੈਂਦਾ। ਬਲਜੀਤ ਨੂੰ ਭਾਰਤੀ ਖ਼ਾਸ ਕਰ ਪੰਜਾਬ ਦੇ ਸੀਨੀਅਰ ਖਿਡਾਰੀਆਂ ਨਾਲ ਵੀ ਸ਼ਿਕਵਾ ਹੈ ਕਿ ਕਿਸੇ ਨੇ ਵੀ ਉਸ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ।

ਬਲਜੀਤ ਦੇ ਹੁਣ ਤਕ ਹੋਏ ਇਲਾਜ ਨਾਲ ਉਹ ਆਪਣੀ ਸੱਜੀ ਅੱਖ ਨਾਲ ਸਿਰਫ ਇੱਕ-ਡੇਢ ਮੀਟਰ ਤਕ ਹੀ ਦੇਖ ਸਕਦਾ ਹੈ। ਕਿਸੇ ਪਾਸਿਓਂ ਵੀ ਕੋਈ ਆਸ ਦੀ ਕਿਰਨ ਨਾ ਦਿਖਣ ਕਾਰਨ ਉਸ ਨੇ ਮਨ ਬਣਾ ਲਿਆ ਕਿ ਇਸੇ ਤਰ੍ਹਾਂ ਹੀ ਹਾਕੀ 'ਚ ਵਾਪਸੀ ਕਰੇਗਾ। ਜੁਲਾਈ 2009 'ਚ ਸੱਟ ਲੱਗਣ ਤੋਂ ਬਾਅਦ ਮਾਰਚ 2010 'ਚ ਬਲਜੀਤ ਵਾਪਸ ਆਪਣੀ ਗੋਲਕੀਪਰ ਦੀ ਕਿੱਟ ਪਾ ਕੇ ਮੈਦਾਨ 'ਚ ਆ ਗਿਆ। ਉਸ ਨੇ ਦੱਸਿਆ ਕਿ ਇਹ ਵੀ ਇੰਨਾ ਸੌਖਾ ਨਹੀਂ ਸੀ। ਉਸ ਨੂੰ ਆਪਣੇ ਵਿਭਾਗ ਨੂੰ ਵੀ ਸਾਬਤ ਕਰਨਾ ਪਿਆ ਕਿ ਉਹ ਅਜੇ ਵੀ ਹਾਕੀ ਖੇਡ ਸਕਦਾ ਹੈ। ਉਸ ਸਮੇਂ ਉਸ ਦੀ ਨੌਕਰੀ ਵੀ ਖ਼ਤਰੇ 'ਚ ਸੀ। ਵਿਭਾਗ ਦੇ ਕੁਝ ਅਧਿਕਾਰੀਆਂ ਨੇ ਕਿਹਾ, ਜਾਂ ਨੌਕਰੀ ਕਰੋ ਨਹੀਂ ਛੱਡ ਦਿਓ, ਕਿਉਂਕਿ ਹਾਕੀ ਤਾਂ ਹੁਣ ਖੇਡੀ ਨਹੀਂ ਜਾਣੀ। ਇਥੇ ਬਲਜੀਤ ਨੇ ਹੌਸਲਾ ਨਾ ਛੱਡਿਆ ਅਤੇ ਇੱਕ ਮੌਕਾ ਹੋਰ ਦੇਣ ਦੀ ਗੱਲ ਕਹੀ ਅਤੇ ਖਰਾ ਨਾ ਉੱਤਰਨ 'ਤੇ ਕਿਹਾ "ਫਿਰ ਜਿਵੇਂ ਕਹੋਗੇ ਮੈਂ ਕਰਾਂਗਾ"।

ਬਲਜੀਤ ਨੇ ਪਹਿਲਾਂ ਨਾਲੋਂ ਵੀ ਜ਼ਬਰਦਸਤ ਖੇਡ ਦਿਖਾਈ ਅਤੇ ਆਪਣੇ ਵਿਭਾਗ ਦੀ ਟੀਮ 'ਚ ਉਸ ਨੂੰ ਵਾਪਸ ਜਗ੍ਹਾ ਮਿਲ ਗਈ। ਉਸ ਨੇ ਸਾਰੇ ਵੱਡੇ ਟੂਰਨਾਮੈਂਟ ਖੇਡਣੇ ਸ਼ੁਰੂ ਕਰ ਦਿੱਤੇ। ਪੀਐਸਐਲ 'ਚ ਉਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ (ਬਾਕੀ ਸਫਾ 28 'ਤੇ)

ਕਹਾਣੀ

# ਤਾਈ ਨਿਹਾਲੀ

**ਉਘੇ ਲਿਖਾਰੀ ਮਰਹੂਮ ਸੰਤੋਖ ਸਿੰਘ ਧੀਰ ਦੀ ਕਹਾਣੀ 'ਤਾਈ ਨਿਹਾਲੀ' ਜੰਗ ਦੀ ਤਬਾਹੀ ਦੇ ਮੰਜ਼ਰ ਪੇਸ਼ ਕਰਦੀ ਹੈ ਅਤੇ ਲੋਕਾਂ ਨੂੰ ਜੰਗਬਾਜ਼ ਸਿਆਸਤਦਾਨਾਂ ਤੇ ਸਰਕਾਰਾਂ ਤੋਂ ਬਚਣ ਦਾ ਹੋਕਾ ਦਿੰਦੀ ਹੈ। ਜੰਗ ਸਦਾ ਹੀ ਆਮ ਬੰਦੇ ਨੂੰ ਨਪੀੜਦੀ ਆਈ ਹੈ। ਇਸ ਰਚਨਾ ਅੰਦਰ ਸੰਸਾਰ ਭਰ ਵਿਚ ਚੱਲੀ ਅਮਨ ਲਹਿਰ ਦੀਆਂ ਲਹਿਰਾਂ ਦੀ ਝਲਕ ਮਿਲਦੀ ਹੈ।**



**ਸੰਤੋਖ ਸਿੰਘ ਧੀਰ**

ਬਨੇਰੇ ਉਤੇ ਕਾਂ ਬੋਲਿਆ।

"ਤੀਰ...ਕਾਨਿਆਂ...।"

ਤਾਈ ਨਿਹਾਲੀ ਨੇ ਫਿਟਕਾਰਦੇ ਹੱਥ ਨਾਲ ਕਾਂ ਨੂੰ ਉਡਾ ਦਿਤਾ।

ਕਾਂ ਉਡ ਗਿਆ ਪਰ ਤਾਈ ਦੇ ਕਾਲਜੇ ਨੂੰ ਜਾਣੋਂ ਹੌਲ ਪੈ ਗਿਆ। ਢਿੱਡ ਦੇ ਪਾਲੇ ਨੇ ਉਹਦੇ ਬੋਦੇ ਸਰੀਰ ਨੂੰ ਕਾਂਬਾ ਛੇੜ ਦਿਤਾ। ਤੇ ਤਾਈ ਦੀਆਂ ਅੱਖਾਂ ਸਾਹਮਣੇ ਪੰਜ ਵਰ੍ਹੇ ਪਹਿਲਾਂ ਦਾ ਸਮਾਂ ਕਿਸੇ ਭਿਆਨਕ ਗਿਰਝ ਵਾਂਗ ਆਪਣੇ ਖੰਭ ਫੜਫੜਾਉਣ ਲਗਿਆ। ਖੰਭ, ਜਿਨ੍ਹਾਂ ਤਾਈ ਦੇ ਕੋਠੇ ਉਤੇ ਹਨੇਰਾ ਕਰ ਦਿੱਤਾ ਸੀ।

ਪੰਜ ਵਰ੍ਹੇ ਪਹਿਲਾਂ ਇਕ ਸ਼ਾਮ ਤਾਈ ਨੂੰ ਡਾਕੀਆ ਇਕ ਬੰਦ ਚਿੱਠੀ ਦੇ ਗਿਆ ਸੀ। ਕਿਵੇਂ ਔਸੀਆਂ ਪੌਣ ਪਿਛੋਂ ਤਾਈ ਨੂੰ ਉਹ ਚਿਠੀ ਆਈ ਸੀ; ਜਿਹੜੀ ਉਹਦੇ ਜੀ ਵਿਚ ਉਹਦੇ ਜਿਊਣ ਜੋਗੇ ਪੁੱਤ ਵਲੋਂ ਸੁੱਖ-ਸਾਂਦ ਦੀ ਹੋਵੇਗੀ। ਪਰ ਉਹ ਚਿਠੀ ਕਮਾਨ-ਅਫਸਰ ਵਲੋਂ ਨਿਕਲੀ ਸੀ ਜੋ ਲੜਾਈ ਵਿਚੋਂ ਉਹਦੇ ਪੁੱਤ ਦੇ ਮਰਨ ਦੀ ਚੰਦਰੀ ਖਬਰ ਲੈ ਕੇ ਆਈ ਸੀ। ਉਸ ਦਿਨ ਵੀ ਤਾਈ ਦੇ ਕੋਠੇ ਉਤੇ ਕਾਂ ਬੋਲਿਆ ਸੀ।

ਤਾਈ ਨਿਹਾਲੀ ਨਿਕੀਆਂ ਨਿਕੀਆਂ ਗੱਲਾਂ ਦੇ ਵਹਿਮ ਵਿਚਾਰਦੀ। ਘਰੋਂ ਤੁਰਦੀ ਨੂੰ ਜੇ ਅਗੋਂ ਪਾਣੀ ਦਾ ਘੜਾ ਜਾਂ ਚੂਹੜਾ ਮਿਲ ਪੈਂਦਾ ਤਾਂ ਉਹ ਸਿਧ ਮਨਾਉਂਦੀ। ਪਰ ਜੇ ਪਾਥੀਆਂ, ਲੱਕੜਾਂ, ਬਾਹਮਣ, ਨੰਬਰਦਾਰ, ਜਾਂ ਕੋਈ ਸਿਰ ਉਤੇ ਖਾਲੀ ਟੋਕਰਾ ਚੁਕੀ ਟੱਕਰ ਜਾਂਦਾ, ਤਾਂ ਉਹ ਝਟ ਪਿਛੇ ਮੁੜ ਪੈਂਦੀ।

ਪਹਿਲੀਆਂ ਵਿਚ ਉਹ ਕਾਂ ਦੇ ਕੁਰਲਾਣ ਨੂੰ ਏਨਾ ਮੰਦਾ ਨਹੀਂ ਸੀ ਜਾਣਦੀ, ਉਹ ਸਮਝਦੀ ਕਿ ਬੜੀ ਹਦ ਕੋਈ ਪ੍ਰਾਹੁਣਾ ਆ ਜਾਏਗਾ ਜਿਸ ਦੀ ਖੇਚਲ ਉਹ ਔਖੀ ਸੌਖੀ ਝੱਲ ਲਏਗੀ। ਪਰ ਹੁਣ ਉਹ ਕਾਂ ਨੂੰ ਇਕ ਜਮਦੂਤ ਮੰਨਦੀ ਜਿਸ ਦੇ ਸੰਘ ਵਿਚ ਉਹਦੇ ਪੁਤ ਦੀ ਮੌਤ ਕੁਰਲਾਈ ਸੀ।

ਕਰਤਾਰ ਦੀ ਮੌਤ ਨੇ ਤਾਈ ਨੂੰ ਹਰਾ ਦਿਤਾ- ਪਲੋਠੀ ਦਾ ਤੂੜੇ ਵਰਗਾ ਕਮਾਊ ਪੁੱਤ ਟੱਬਰ ਨੂੰ ਰੁਲਦਾ ਛਡ ਕੇ ਮਰ ਗਿਆ ਸੀ- ਤਾਏ ਦੀ ਛਾਤੀ ਵਿਚ ਟੋਇਆ ਪੈ ਗਿਆ ਜਿਸ ਟੋਏ ਵਿਚ ਉਹਦਾ ਨਿੱਕਾ ਪੁਤ ਬਲਵੰਤ ਸਾਰਾ ਹੀ ਨਿਘਰਿਆ ਪਿਆ ਸੀ। ਤੇ ਇਹ ਟੋਇਆ ਪੂਰਿਆ ਵੀ ਕਿਵੇਂ ਜਾ ਸਕਦਾ ਸੀ?

ਹਾਂ, ਤਾਈ ਨੂੰ ਏਨਾ ਹੌਕਾ ਜ਼ਰੂਰ ਹੈ ਕਿ ਉਹਦਾ ਲੱਠ ਵਰਗਾ ਪੁਤ ਜੁਆਨਾਂ ਦੀ ਮੌਤ ਕਦੇ ਨਾ ਮਰਦਾ, ਜੇ ਉਹ ਫੌਜ ਵਿਚ ਭਰਤੀ ਹੋ ਕੇ ਜੰਗ ਨੂੰ ਨਾ ਜਾਂਦਾ। 'ਸੱਜਰੇ ਲਹੂ ਵਲ ਝਾਕਣ ਦਾ ਹੀਆ ਮੌਤ ਵਿਚ ਕਿਥੇ!' ਇਹ ਖਿਆਲ ਉਹਦੇ ਅਚੇਤ ਮਨ ਵਿਚੋਂ ਲੰਘ ਕੇ ਨਿਸ਼ਚਾ ਕਰਾਉਂਦਾ, ਜਦ ਕਦੇ ਉਹ ਆਪਣੀਆਂ ਪੂਣੀ-ਚਿਟੀਆਂ ਉਲਝੀਆਂ ਲਿਟਾਂ ਵਿਚ ਕੰਬਦੀਆਂ ਉਂਗਲਾਂ ਵਾਹੁੰਦੀ।

ਉਸ ਨੂੰ ਇਹ ਪੱਕ ਸੀ ਕਿ ਉਹਦਾ ਪੁੱਤ ਕਦੇ ਭਰਤੀ ਨਾ ਹੁੰਦਾ, ਜੇ ਸਰਕਾਰ ਉਹਨੂੰ ਜ਼ੋਰੋ-ਜ਼ੋਰੀ ਨਾ ਲਿਜਾਂਦੀ। "ਨੌਕਰੀ ਕੀ ਸਾਨੂੰ ਤਾਰ ਦੂ", ਉਹ ਕਈ ਵਾਰ ਆਖਦੀ ਹੁੰਦੀ। ਉਹ ਸਮਝਦੀ ਸੀ ਕਿ ਜਿਹੜੇ ਉਨ੍ਹਾਂ ਕੋਲ ਚਾਰ ਸਿਆੜ ਹਨ, ਉਨ੍ਹਾਂ ਵਿਚੋਂ ਉਹ, ਉਹਦਾ ਕਾਮਾ ਪੁੱਤ, ਹਾੜ੍ਹੀਆਂ ਤੇ ਸੌਣੀਆਂ ਨੂੰ ਸੂਤ ਕੇ ਦਾਣਿਆਂ ਨਾਲ ਕੋਠਾ ਭਰ ਲਿਆ ਕਰੇਗਾ। ਉਹਦੀ ਮੁਟਿਆਰ ਨੂੰਹ ਸੂਫ ਦਾ ਘੱਗਰਾ ਤੇ ਜਰੀ ਦੀ ਨੋਕਾਂ ਵਾਲੀ ਜੁਤੀ ਪਾ ਕੇ ਠੁਮ ਠੁਮ ਕਰਦੀ ਉਹਨੂੰ ਖੇਤਾਂ ਵਿਚ ਰੋਟੀ ਦੇਣ ਜਾਇਆ ਕਰੇਗੀ। ਪਰ ਇਉਂ ਹੋ ਨਾ ਸੀ ਸਕਿਆ- ਸਰਕਾਰ ਨੇ ਉਹਨੂੰ ਤੇ ਉਹਦੇ ਪੁੱਤ ਨੂੰ ਨੰਬਰਦਾਰ ਦੀਆਂ ਅੱਖਾਂ 'ਚੋਂ ਲਾਲੀਆਂ ਤਾੜੀਆਂ ਤੇ ਥਾਣੇਦਾਰ ਦੇ ਮੂੰਹ ਵਿਚੋਂ ਗਾਹਲਾਂ ਕਢੀਆਂ ਸਨ: "ਹਰਾਮਜ਼ਾਦੀ ਬਕਤੀ ਹੈ...ਸੂਰ ਕਾ ਬੱਚਾ...।" ਤੇ ਸਰਕਾਰ ਨੇ ਪਿੰਡ ਦੇ ਦਰਵਾਜ਼ੇ, ਪਰ੍ਹੇ ਦੇ ਸਾਹਮਣੇ, ਪੁਲਿਸ ਦੇ ਦੈਂਤਾਂ ਵਰਗੇ ਹੱਥਾਂ ਨਾਲ ਉਹਦੇ ਅਲੂੰਏ ਪੁੱਤ ਨੂੰ ਗਲ ਹੱਥ ਮਾਰ ਕੇ ਅੱਗੇ ਲਾ ਲਿਆ ਸੀ ਤੇ ਉਹ ਕਿੰਨਾ ਚਿਰ, ਭਰੇ ਹੋਏ ਗਚ ਨਾਲ ਦੂਰ ਹੋਈ ਜਾਂਦੇ ਪੁੱਤ ਨੂੰ ਹਵਾ ਵਿਚ ਤੱਕਦੀ ਰਹੀ ਸੀ।

ਇਕ ਆਥਣੇ ਚਰ੍ਹੀ ਦੀਆਂ ਪੂਲੀਆਂ ਸੁੱਟਣ ਲਈ ਤਾਈ ਜਦ ਕੋਠੇ ਚੜ੍ਹਨ ਲੱਗੀ ਤਾਂ ਉਹਨੇ ਦੇਖਿਆ: ਕੋਠੇ ਉਤੇ ਬੂਥੀਆਂ ਚੁੱਕੀ ਕੁੱਤੇ ਰੋ ਰੋ ਕੇ ਲਿਟਾਂ ਤੋੜ ਰਹੇ ਹਨ। ਤਾਈ ਨੂੰ ਜਾਪਿਆ, ਜਿਵੇਂ ਦੁਨੀਆ ਉਤੇ ਕਾਲ ਮੂੰਹ ਅੱਡੀ ਖਲੋਤਾ ਹੈ! ਉਹਦਾ ਵਿਸ਼ਵਾਸ ਸੀ ਕਿ ਕਾਲੇ ਕੁੱਤਿਆਂ ਨੂੰ ਪਹਿਲਾਂ ਦਿਸ ਪੈਂਦਾ ਹੈ-ਜੇ ਕੁੱਤੇ ਰੋਂਦੇ ਹੋਣ ਤਾਂ ਦੁਨੀਆ 'ਤੇ ਜ਼ਰੂਰ ਕੋਈ ਕਹਿਰ ਟੁੱਟਣਾ ਹੁੰਦਾ ਹੈ। ਤੇ ਤਾਈ ਨਹੀਂ ਸੀ ਚਾਹੁੰਦੀ ਕਿ ਉਸ ਨੂੰ ਹੁਣ ਜਹਾਨ ਉਤੇ ਕਿਸੇ ਵੀ ਕਹਿਰ ਦੀ ਸੋਅ ਪਵੇ। ਉਹਨੇ ਕਾਠ ਦੀ ਪੌੜੀ ਦੇ ਸਿਖਰਲੇ ਡੰਡੇ ਤੋਂ ਲਲਕਾਰਿਆ:

"ਖੜ੍ਹਾ ਥੋਡੇ ਦਾਦੇ ਮਗ੍ਹਾਂ...।"

ਤਾਈ ਤਾਂ ਚਾਹੁੰਦੀ ਸੀ: ਉਹਦੇ ਕੁੱਬੀਆਂ, ਧੁਆਂਖੀਆਂ ਕੜੀਆਂ ਦੀਆਂ ਥੰਮ੍ਹੀਆਂ ਤੇ ਖਲੋਤੀ ਛੱਤ ਵਾਲੇ ਗਰੀਬੜੇ ਜਿਹੇ ਘਰ ਵਿਚ ਅਮਨ ਰਹੇ। ਕੋਈ ਕੁਸੱਗਣ ਉਹ ਘਰ ਵਿਚ ਨਾ ਹੋਣ ਦਿੰਦੀ। ਥਾਂ ਸੰਭਰਨ ਵੇਲੇ ਆਪਣੀ ਵਿਚਾਰੀ ਜਿਹੀ ਨੂੰਹ ਨੂੰ ਉਹ ਨਿਤ ਚਿਤਾਰਦੀ: 'ਨੀ ਕਰਨੈਲ ਕੁਰੇ, ਦੇਖੀਂ ਪੁੱਤ, ਸੂਹਣ ਖੜ੍ਹੀ ਨਾ ਰੱਖੀਂ...!'

ਮਛੋਹਰ ਇੱਲਤੀ ਨੂੰ ਜੋ ਖੇਤੋਂ ਘਰ ਆਉਂਦਿਆਂ ਕਦੇ ਸੱਪ ਦੀ ਕੁੰਜ, ਕਾਵਾਂ ਦੇ ਆਂਡੇ, ਮੋਰਾਂ ਦੇ ਖੰਭ ਜਾਂ ਕੁਝ ਹੋਰ ਅਲਸੂੰ-ਪਲਸੂੰ ਚੁਕ ਲਿਆਉਂਦਾ ਸੀ, ਇਕ ਦਿਨ ਸੇਹ ਦਾ ਤੱਕਲਾ ਚੁਕ ਲਿਆਉਣ ਤੇ ਤਾਈ ਨੇ ਝਿੜਕਿਆ:

"ਦੁਰ ਬੇ ਚੰਦਰਿਆ...ਜਾ ਸਿਟ ਆ ਉਥੇ ਈ ਜਿਥੋਂ ਲਿਆਇਐਂ-ਦੇਸਿਆ ਹੋਇਆ...!"

ਤਾਈ ਦੇ ਪਿੰਡ ਤੋਂ ਸਵਾ ਕੁ ਮੀਲ ਦੀ ਵਾਟ 'ਤੇ ਇਕ ਮੰਡੀ ਹੈ ਜਿਥੇ ਕੋਈ ਨਿਕਾ ਮੋਟਾ ਸੌਦਾ ਲੈਣ ਉਹ ਜਾਂਦੀ ਹੁੰਦੀ ਸੀ। ਮੰਡੀ ਦੇ ਰਾਹ ਵਿਚ ਜਰਨੈਲੀ ਸੜਕ ਪੈਂਦੀ ਹੈ। ਇਕ ਦਿਨ ਜਦ ਉਹ ਮੰਡੀ ਗਈ ਤਾਂ ਸੜਕ ਪਾਰ ਕਰਨ ਲਈ ਉਹਨੂੰ ਉਰਲੇ ਪਾਸੇ ਕਿੰਨਾ ਚਿਰ ਖੜ੍ਹਨਾ ਪਿਆ। ਲੰਮੀ ਕਤਾਰ ਵਿਚ ਮਿੱਟੀ ਰੰਗੀਆਂ ਮਿੱਡੀਆਂ ਲਾਰੀਆਂ ਰਿੰਗ ਰਿੰਗ ਕੇ ਲੰਘ ਰਹੀਆਂ ਸਨ ਜਿਨ੍ਹਾਂ ਵਿਚ ਖਾਕੀ ਵਰਦੀਆਂ ਵਾਲੇ ਜੁਆਨ ਫੌਜੀ ਬੈਠੇ ਸਨ...ਕਿੰਨੀਆਂ ਅੱਖਾਂ ਦੇ ਤਾਰੇ-ਕਿੰਨੀਆਂ ਮਾਂਗਾਂ ਦੇ ਸੰਧੂਰ-ਕਿੰਨੇ ਬਲੌਰਾਂ ਦੇ ਲਾਡ-ਤਾਈ ਦੀ ਜਾਨ ਲੁਛ ਗਈ ਤੇ ਉਹਦੀਆਂ ਆਂਦਰਾਂ ਫੁੜਕ ਪਈਆਂ:

"ਹੇ ਬਾਹਗਰੂ-ਹੁਣ ਤਾਂ ਜਗ ਵਿਚ ਠੰਡ ਠੇਹਰ ਰਖੀਂ...।"

ਸੂਰਜ ਦੀ ਟਿੱਕੀ ਨਾਲ ਘੜਿਆਲ ਖੜਕਿਆ, ਘੜਿਆਲ 'ਚੋਂ ਟਣਕਾਰਾਂ ਫੁਟ ਕੇ ਕਿਰਨਾਂ ਵਾਂਗ ਪਿੰਡ ਦੀਆਂ ਗਲੀਆਂ ਵਿਚ ਲਹਿਰ ਗਈਆਂ।

"ਤੀਜੀ ਜੰਗ...।"

ਪਿੰਡ ਦੇ ਵੱਡੇ ਦਰਵਾਜ਼ੇ ਵੱਲੋਂ ਤਾਈ ਦੇ ਕੰਨ ਵਲੇਲ ਪਈ। ਪਲ ਦੀ ਪਲ ਤਾਈ ਘਾਬਰ ਗਈ- ਲੜਾਈ ਜਾਣ ਸੱਚਮੁਚ ਉਹਦੇ ਪਿੰਡ ਵਿਚ ਗਰਜ ਰਹੀ ਸੀ- ਤੇ ਉਹਨੂੰ ਹਥਾਂ ਪੈਰਾਂ ਦੀ ਪੈ ਗਈ।

"ਬੇ ਪੁਤ ਬੰਤ, ਬੇ ਅੰਦਰ ਬੜ ਜਾ ਬੇ ਸੋਹਣਿਆਂ...ਉਹਦੀਆਂ ਫਿੜੀਫਿੜੀ ਕਰਦੀਆਂ ਆਂਦਰਾਂ ਜਿਵੇਂ ਚੀਕ ਉਠੀਆਂ। ਪਰ ਤੁਰਤ ਹੀ ਤਾਈ ਦੇ ਅੰਦਰ ਕੋਈ ਕਲਵਲ ਹੋਈ-ਦੂਜੇ ਹੀ ਪਲ ਤਾਈ ਦੇ ਬੁੱਲ੍ਹਾਂ 'ਚੋਂ ਚੰਗਿਆੜੇ ਝੜਨ ਲੱਗੇ:

"ਦੇਖਾਂ ਤਾਂ ਕੇਹੜਾ ਨਪੁੱਤਾ ਸਾਡੇ ਪਿੰਡ ਜੰਗ ਲੌਣ ਆਇਐ...!" ਉਹਦੇ ਅੰਦਰ ਉਹਦੀ ਹਸਤੀ ਜਾਗ ਪਈ, ਧਰਤੀ ਜਿੰਨੀ ਮਹਾਨ ਉਹਦੀ ਹਸਤੀ, ਉਹਦੀ ਨਤਾਕਤੀ, ਬਲ ਵਿਚ ਬਦਲ ਗਈ। ਉਹ ਕੰਧ ਵਰਗੇ ਹੀਏ ਨਾਲ ਗਲੀਓ ਗਲੀ ਦਰਵਾਜ਼ੇ ਵਲ ਨੂੰ ਤੁਰ ਗਈ।

"ਜੰਗ-ਬਾਜ਼...।"

ਪਿੱਪਲ, ਨਿੰਮ ਤੇ ਬਰੋਟੇ ਦੀ ਤ੍ਰਿਬੈਣੀ ਹੇਠਲੇ ਚੌਂਤਰੇ ਉਤੇ ਚੜ੍ਹਦੀ ਉਮਰ ਦੇ ਗੱਭਰੂ ਨੇ ਅੰਬਰੀ ਰੰਗ ਦੇ ਝੰਡੇ ਨੂੰ ਉਚਾ ਕਰਦਿਆਂ ਲਲਕਾਰਿਆ:

"ਮੁਰਦਾਬਾਦ।"

ਪਿੰਡ ਦੇ ਸਾਰੇ ਲੋਕਾਂ ਨੇ ਗਰਜਿਆ-ਬੁੱਢੇ, ਤੀਵੀਆਂ ਤੇ ਜੁਆਨ-ਸਾਰਿਆਂ ਨੇ।

ਅਚੰਭੇ ਨਾਲ ਤਾਈ ਦੇ ਕੰਨ ਖੜ੍ਹੇ ਹੋ ਗਏ।

"ਅਮਨ-ਅਮਨ।"



ਇਕ ਮੁਟਿਆਰ ਨੇ ਦੰਦਲ-ਦਾਤੀ ਨੂੰ ਉਚਾ ਕਰਦਿਆਂ ਬਰੀਕ ਬੁੱਲ੍ਹਾਂ 'ਚੋਂ ਆਖਿਆ ਜੋ ਬਲਦਾਂ ਲਈ ਸਾਵੀ ਚਰ੍ਹੀ ਦੀਆਂ ਪੂਲੀਆਂ ਖੋਤ ਕੇ ਲਿਆ ਰਹੀ ਸੀ, ਜਿਸ ਨੇ ਭਾਰ ਨੂੰ ਉਥੇ ਹੀ ਸੁੱਟ ਦਿੱਤਾ, ਤੇ ਅਣਵਾਹੇ ਵਾਲਾਂ ਵਿਚ ਘਾਹ ਦੀਆਂ ਸਾਵੀਆਂ ਤਿੜ੍ਹਾਂ ਅਜੇ ਉਲਝੀਆਂ ਹੋਈਆਂ ਸਨ।

"ਅਸੀਂ ਤੀਜੀ ਜੰਗ ਨਹੀਂ ਹੋਣ ਦਿਆਂਗੇ!"

ਇਕ ਮੁੰਡੇ ਨੇ ਆਖਿਆ ਜਿਸ ਦੇ ਘੁੰਗਰਾਲੇ ਪਟਿਆਂ ਉਤੇ ਰਾਹਾਂ ਦੀ ਧੂੜ ਹੱਸ ਰਹੀ ਸੀ।

ਇਕ ਹੋਰ ਮਸ-ਫੁਟਾ, ਕਣਕ ਦੇ ਦਾਣਿਆਂ ਵਰਗਾ ਮੁੜ੍ਹਕਾ ਜਿਸ ਦੇ ਮੱਥੇ ਉਤੇ ਸੀ, ਗਰਜਿਆ:

"ਏਸ਼ੀਆ 'ਚੋਂ ਨਿਕਲ ਜਾਓ...

ਇਕ ਕਵੀ ਨੇ ਗੀਤ ਗਾਵਿਆ:

"ਸਾਡੇ ਛੈਲ ਛਬੀਲੇ ਗੱਭਰੂ,<br>
ਹੁਣ ਖਾ ਨਹੀਂ ਸਕਦੀ ਲਾਮ।<br>
ਅਸੀਂ ਜੰਗ ਨੂੰ ਜਾਣ ਵਾਲੀਆਂ,<br>
ਕਰ ਦਿਆਂਗੇ ਰੇਲਾਂ ਜਾਮ।"

ਤ੍ਰਿਬੈਣੀ ਦੇ ਪੱਤੇ ਫਰ-ਫਰਾਏ, ਤਾਈ ਦੇ ਦਿਲ ਨੂੰ ਇਕ ਠੰਡਾ ਝੋਲਾ ਆਇਆ। ਉਹਨੇ ਮਨ ਹੀ ਮਨ ਵਿਚ ਦੇਖਿਆ: ਉਹਦੇ ਅਲ੍ਹੜ ਬੰਤੇ ਨੂੰ ਕੇਡੀ ਜੁਆਨੀ ਚੜ੍ਹ ਰਹੀ ਹੈ।

"ਅਸੀਂ ਅਮਨ ਦੇ ਰਾਖੇ ਹਾਂ...!"

ਤੋਤਲੀ ਬੋਲੀ ਵਿਚ ਦੁੱਧ ਦੇ ਦੰਦਾਂ ਨੇ ਆਖਿਆ, ਤੇ ਨਿਕੇ ਜਿਹੇ ਹੱਥ ਨੇ ਪਹਿਲੀ ਜਮਾਤ ਦਾ ਕੈਦਾ ਤ੍ਰਿਬੈਣੀ ਦੀਆਂ ਕੱਚੀਆਂ ਲਗਰਾਂ ਵੱਲ ਉਚਾ ਕੀਤਾ।

ਲੋਕ ਕੀਲੇ ਬੈਠ ਸਨ। ਤ੍ਰਿਬੈਣੀ ਦੇ ਹਰੇ ਕਚੂਚ ਪੱਤੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲਿਚ ਲਿਚ ਕਰਦੇ ਸਨ।

ਤਾਈ ਸਭ ਕੁਝ ਨਿਸਚੇ ਨਾਲ ਸੁਣ ਰਹੀ ਸੀ। ਉਸ ਨਿਸਚੇ ਨਾਲ ਜਿਹੜਾ ਨੂੰਹ ਦੇ ਸੁਹਾਗਣ ਹੋਣ ਵਿਚ ਹੋ ਸਕਦਾ ਹੈ-ਜੋ ਪੁਤਲੀ ਵਿਚ ਅੱਖ ਦਾ ਤਾਰਾ ਲਿਸ਼ਕਣ ਨਾਲ ਹੋ ਸਕਦਾ ਹੈ-ਜੋ ਹਿੱਕ ਦਾ ਟੋਇਆ ਪੂਰੇ ਜਾਣ ਵਿਚ ਹੋ ਸਕਦਾ ਹੈ। ਤਾਈ ਭਰਪੂਰ ਹੋਈ ਬੈਠੀ ਸੀ-ਉਹਦੇ ਵਿਚ ਕਿੰਨੀ ਸ਼ਕਤੀ ਹੈ-ਉਹਨੂੰ ਜਾਪਿਆ, ਸਾਰੇ ਉਹਦੇ ਪਿੰਡ ਦੇ ਹੀ ਤਾਂ ਮੁੰਡੇ ਨੇ ਜੋ ਥੜ੍ਹੇ ਉਤੇ ਆਪ ਆ ਕੇ ਬੋਲਦੇ ਨੇ: ਵਿਹੜੇ ਵਾਲਿਆਂ ਦਾ ਜੀਤ, ਗਰੇਵਾਲਾ ਦਾ ਜਗੀਰ, ਤੇ ਅਹੁ ਬਾਹਰਲੇ ਵਾਸ ਦਾ ਕਵੀ ਮੁੰਡਾ- ਸਾਰੇ ਉਹਦੇ ਹੱਥਾਂ ਵਿਚ ਪਲੇ ਹੋਏ। ਤਾਈ ਫੁਲ ਫੁਲ ਜਾਂਦੀ ਸੀ।

ਇਕ ਚੋਬਰ ਥੜ੍ਹੇ ਉਤੇ ਤਣ ਕੇ ਖੜ੍ਹੋ ਗਿਆ। ਸੰਸਾਰ ਦੀ ਅਮਨ ਕਮੇਟੀ ਵੱਲੋਂ ਉਹਨੇ ਐਟਮ-ਬੰਬ ਨੂੰ ਰੋਕਣ ਦੀ ਅਪੀਲ ਪੜ੍ਹ ਕੇ ਸੁਣਾਈ। ਸੌਖੀ ਪੇਂਡੂ ਬੋਲੀ ਵਿਚ ਅਪੀਲ ਦਾ ਭਾਵ ਖੋਲ੍ਹ ਕੇ ਸਮਝਾਇਆ, ਤੇ ਲਹਿਲਹਾਂਦੀਆਂ ਮੁਟਿਆਰ ਫਸਲਾਂ, ਹਸਦੇ ਵਸਦੇ ਘਰਾਂ, ਬੱਚਿਆਂ ਦੀ ਮਹਿਕਦੀ ਮੁਸਕਾਣ ਤੇ ਝੰਮ ਝੰਮ ਕਰਦੀ ਸਾਰੀ ਦੁਨੀਆ ਦਾ ਵਾਸਤਾ ਪਾ ਕੇ, ਦਿਲਾਂ ਦੇ ਨੇਕ ਲੋਕਾਂ ਨੂੰ ਅਪੀਲ ਉਤੇ ਦਸਤਖਤ ਕਰਨ ਤੇ ਅੰਗੂਠੇ ਲਾਉਣ ਲਈ ਆਖਿਆ।

ਜੰਗ ਦੀਆਂ ਗੱਲਾਂ ਸੁਣ ਕੇ ਪਲ ਦੀ ਪਲ ਤਾਈ ਦੇ ਖਿਆਲ ਵਿਚ ਕਰਤਾਰ ਦੀ ਮੌਤ-ਝਾਕੀ ਉਭਰਨ ਲੱਗੀ...ਦੂਰ ਦੁਰਾਡੇ ਦੇਸ਼ਾਂ ਵਿਚ-ਸੱਤਾਂ ਸਮੁੰਦਰਾਂ ਤੋਂ ਪਾਰ-ਜੰਗ ਦਾ ਖ਼ੂਨੀ ਮੋਰਚਾ..."ਟੀਂ"... ਕਰਦੀ ਚੰਦਰੀ ਗੋਲੀ...ਤੇ ਉਹਦੇ ਜਿਗਰ ਦਾ ਟੁਕੜਾ ਚੰਘਿਆੜ ਕੇ ਧਰਤੀ ਉਤੇ ਲੋਟਣੀਆਂ ਲੈਣ ਲੱਗਾ...ਤੇ ਤਾਈ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ, ਉਸ ਦੇ ਘਰ ਉਤੇ ਸੂਰਜ ਡੁੱਬ ਗਿਆ ਸੀ।

'ਦੂਜੀ ਜੰਗ ਕਰਤਾਰ ਨੂੰ ਲੈ ਗਈ-ਤੀਜੀ ਜੰਗ ਹੁਣ ਫੇਰ ਮੂੰਹ ਅੱਡੀਂ ਖਲੋਤੀ ਹੈ...!' ਇਸ ਖਿਆਲ ਨਾਲ ਤਾਈ ਦੇ ਪੁਰਾਣੇ ਸਰੀਰ ਉਤੇ ਹੌਲ ਦੀਆਂ ਕੰਬਣੀਆਂ ਤੁਰਨ ਲਗੀਆਂ। ਬਲਵੰਤ ਉਹਦੇ ਘਰ ਦਾ ਦੀਵਾ, ਤੇ ਤਾਈ ਚਾਹੁੰਦੀ ਸੀ: ਰਹਿੰਦੀ ਦੁਨੀਆ ਤਕ ਉਹਦੇ ਘਰ ਵਿਚ ਦੀਵਾ ਬਲਦਾ ਰਹੇ।

ਤਾਈ ਨੇ ਆਪਣੇ ਅੰਗੂਠੇ ਵਲ ਗੰਭੀਰ ਤੇ ਨਿਰਣੇ ਭਰੀਆਂ ਨਜ਼ਰਾਂ ਨਾਲ ਦੇਖਿਆ, ਤਾਈ ਦੀਆਂ ਅੱਖਾਂ ਮੁਸਕਰਾਈਆਂ, ਜਿਵੇਂ ਖਿਜ਼ਾਂ ਦੇ ਅਖੀਰ ਉਤੇ ਬਹਾਰ ਦਾ ਪਹਿਲਾ ਬੁੱਲਾ ਰੁਮਕਦਾ ਹੈ। ਤਾਈ ਨੂੰ ਆਪਣੇ ਅੰਗੂਠੇ ਦੇ ਬਲ ਦਾ ਪਤਾ ਲੱਗਿਆ।

ਦੂਰ ਜਿਹੇ, ਖੁੰਡਾਂ ਉਤੇ ਬੈਠ ਮੁਸ਼ਟੰਡਿਆਂ ਨੇ ਪੁਲਿਸ ਦੀ ਸ਼ਹਿ ਪਾ ਕੇ 'ਹਿੜ ਹਿੜ' ਲਾਈ।

"ਛੀ...ਹ-ਹਟਾ ਲੈਣਗੇ ਬਈ ਇਹ ਜੰਗ- ਏਹਨਾਂ ਦਸਤਖਤਾਂ ਨਾਲ ਜੰਗ ਭਲਾ ਹਟ ਜੂ...? ਚੁੱਕੀ ਫਿਰਦੇ ਨੇ ਕਾਗਤੀਆਂ...ਐਟਮ ਬੰਬ ਨ੍ਹੀਂ ਬਈ ਇਨ੍ਹਾਂ ਚੱਲਣ ਦੇਣਾ...ਮਾਂ ਦਿਆਂ ਸੂਰਮਿਆਂ ਨੇ...।" ਨੰਬਰਦਾਰ ਗੱਜਣ ਸਿੰਘ ਬੁੜ-ਬੁੜਾਇਆ, ਜਿਸ ਨੇ ਦੂਜੀ ਜੰਗ ਵਿਚ ਪਿੰਡ ਦੇ ਮੁੰਡੇ ਭਰਤੀ ਕਰਾ ਕੇ ਸਰਕਾਰ ਤੋਂ ਬਾਰ ਵਿਚ ਮੁਰੱਬਾ ਬਖਸ਼ੀਸ਼ ਲਿਆ ਸੀ।

"ਚੰਗਾ ਸਗੋਂ, ਅਸੀਂ ਤਾਂ ਕਹਿਨੇ ਆਂ ਜੰਗ ਛੇਤੀ ਲੱਗੇ...ਦੁਨੀਆ ਭੁੱਖੀ ਤਾਂ ਨਾ ਮਰੇ...!" ਸਫੇਦਪੋਸ਼ ਕੁੰਢਾ ਸਿੰਘ ਤੇ ਨਿੱਕੂ ਮਲ ਸ਼ਾਹੂਕਾਰ ਠਿਲਾਂ ਕਰਦੇ ਸਨ, ਜਿਨ੍ਹਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਵਿਚ ਝੂਠੀਆਂ ਗਵਾਹੀਆਂ, ਵੱਢੀਆਂ ਤੇ ਮੁਖਬਰੀਆਂ ਦੀ ਬੋ ਉਭਾਰੀ ਹੋਈ ਸੀ।

"ਕੋਈ ਨਾ ਲਾਇਓ ਲੋਕੋ 'ਗੂਠੇ 'ਗਾਠੇ...ਐਵੇਂ ਵਰਗਲਾਉਂਦੇ ਨੇ ਥੋਨੂੰ ਇਹ ਰੂਸ ਦੇ ਜੰਟ...।" ਹਰਾ ਕੂਹਣੀਮਾਰ ਪਰੇ ਕੁ ਨੂੰ ਪਏ ਟੁੱਟੇ ਜਿਹੇ ਗੋਡੇ ਦੀ ਪਿੰਜਣੀ ਉਤੋਂ ਬਿਰਕਿਆ।

ਹੋਛੀ ਹਿੜ ਹਿੜ ਵੱਲ ਕਿਸੇ ਧਿਆਨ ਨਾ ਦਿੱਤਾ।

ਤ੍ਰਿਬੈਣੀ ਦੇ ਕੂਲੇ ਪੱਤਿਆਂ ਵਿਚ ਇਕ ਤਿੱਖਾ ਬੁੱਲਾ ਫੜਫੜਾਇਆ। ਥੜ੍ਹੇ ਉਤੇ ਖਲੋਤੇ ਕਵੀ ਦੇ ਬੁੱਲ੍ਹਾਂ 'ਚੋਂ ਲੋਕਾਂ ਦੀ ਤਾਕਤ ਵੰਗਾਰਦੀ ਸੀ:

ਸਾਡੇ ਫੁੱਲਾਂ ਦਾ ਸੂਹਾ ਸੂਹਾ ਰੰਗ ਵੇ,<br>
ਜੰਗਬਾਜ਼ਾ ਓ ਵੈਰੀਆ!<br>
ਸਾਥੋਂ ਦੂਰੋਂ-ਦੂਰੋਂ ਦੀ ਲੰਘ ਵੇ!<br>
ਸਾਡੇ ਖੇਤਾਂ 'ਚ ਨਿੱਕੇ-ਨਿੱਕੇ ਟਿਬੜੇ,<br>
ਛੋਹ ਕੇ ਭਿਟ ਨਾ ਦਈਂ,<br>
ਤੇਰੇ ਪੈਰ ਲਹੂ ਨਾਲ ਲਿਬੜੇ!

ਇਕ ਚਿਟ-ਕਪੜੀਏ ਜਿਹੜਾ ਪੁਲਿਸ ਦੇ ਸਿਪਾਹੀਆਂ ਦੇ ਵਿਚਾਲੇ ਭਰੀਆਂ ਹੋਈਆਂ ਬੰਦੂਕਾਂ ਦੀ ਓਟ ਵਿਚ ਮੰਜੇ ਉਤੇ ਝੂਠ-ਮੂਠ ਦਾ ਆਕੜਿਆ ਬੈਠਾ ਸੀ, ਨੇ ਛੇਤੀ-ਛੇਤੀ ਪਿਨਸਲ ਨਾਲ ਕੁਝ ਕਾਗਜ਼ ਉਤੇ ਲਿਖਿਆ। ਤਾਈ ਨਿਹਾਲੀ ਉਸ ਵਲ ਪਾੜ ਖਾਣੀਆਂ ਅੱਖਾਂ ਨਾਲ ਦੇਖਣ ਲੱਗੀ: ਤਾਈ ਨੂੰ ਪਤਾ ਸੀ ਕਿ ਅੰਗਰੇਜ਼ ਦੇ ਰਾਜ ਵੇਲੇ, ਜਦੋਂ ਕਾਂਗਰਸ ਆਜ਼ਾਦੀ ਮੰਗਦੀ ਹੁੰਦੀ ਸੀ, ਤੇ ਉਹਦੇ ਪਿੰਡ ਇਸੇ ਥਾਂ ਜਲਸਾ ਹੋਇਆ ਸੀ ਤਾਂ ਉਦੋਂ ਵੀ ਇਸ ਖੁਫੀਏ ਨੇ ਚੁਗਲੀ ਲਿਖ ਕੇ ਸਰਕਾਰ ਨੂੰ ਭੇਜੀ ਸੀ, ਤੇ ਉਹਦੇ ਪਿੰਡ ਦੇ ਤਿੰਨ ਮੁੰਡੇ ਕੈਦ ਹੋ ਗਏ ਸਨ। ਹੁਣ ਆਜ਼ਾਦੀ ਮਿਲਣ ਪਿਛੋਂ, ਜਦ ਰਾਜ ਕਾਂਗਰਸ ਦਾ ਹੋ ਗਿਆ ਤਾਂ ਉਹੀ ਖੁਫੀਆ ਅੱਜ ਫੇਰ ਉਨ੍ਹਾਂ ਦੇ ਅਮਨ ਦੇ ਜਲਸੇ ਵਿਚ ਬੈਠਾ ਡਾਇਰੀ ਲਿਖ ਰਿਹਾ ਹੈ!

ਤਾਈ ਹਰਖ ਨਾਲ ਸਿਰਾਂ ਦੀ ਪੱਧਰ ਵਿਚੋਂ ਧੌਣ ਚੁਕ ਤੇ ਖੁਫੀਏ ਵਲ ਕੈਰੀਆਂ ਅੱਖਾਂ ਨਾਲ ਕਚੀਚੀ ਵੱਟ ਕੇ ਬੋਲੀ:

"ਤੈਨੂੰ ਕੀਹਨੇ ਸੱਦਿਐ ਬੇ, ਨੂਣ ਹਰਾਮੀਆਂ...?"

ਸਾਰੇ ਲੋਕਾਂ ਨੇ ਪੁਲਿਸ ਵੱਲ ਨਫਰਤ ਨਾਲ ਦੇਖਿਆ। ਥਾਣੇਦਾਰ ਨੂੰ ਅੱਗ ਲੱਗ ਗਈ। ਪਿਸਤੌਲ ਨੂੰ ਹੱਥ ਪਾ ਕੇ ਉਹ ਕਿੱਲ੍ਹਿਆ:

"ਬੰਦ ਕਰੋ, ਇਸ ਪਖੰਡ ਨੂੰ- ਦਸਖਤ, ਦਸਖਤ। ਲੋਕਾਂ ਵਿਚ ਬਦਅਮਨੀ ਫੈਲ ਰਹੀ ਹੈ!"

"ਕੌਣ ਜੰਮਿਐ ਏ ਸਾਡੇ ਜਲਸੇ ਨੂੰ ਰੋਕਣ ਵਾਲਾ...?" ਤਾਈ ਗਰਜ ਉਠੀ। ਜਲਸੇ ਵਿਚ ਬੈਠੇ ਗਭਰੂਆਂ ਦੇ ਡੌਲੇ ਫਰਕਣ ਲੱਗੇ, ਤੇ ਸ਼ਮਲਿਆਂ ਵਾਲੇ ਕਈ ਲਟਬੌਰੇ ਤੰਬਿਆਂ ਦੇ ਲਾਂਗੜੇ ਮਾਰ ਕੇ ਤਣ ਗਏ।

"ਹੁਸ਼ਿਆਰ...!"

ਇਕ ਹੁਕਮ ਹੋਰ ਕੜਕਿਆ।

ਬੰਦੂਕਾਂ ਹਵਾ ਵਿਚ ਤਣ ਗਈਆਂ।

"ਖੜ੍ਹੋ ਥੋਡੇ ਮਾਂ...ਮਸ਼ਕਰਿਆਂ ਦੇ ਟੁੱਟ ਜਾਣੇ...ਜਿਸ ਧਰਤੀ ਦਾ ਖਾਂਦੇ ਓ, ਉਸੇ ਨਾਲ ਧਰੋਹ...!" ਬਿਜਲੀ ਵਾਂਗ ਕੜਕਦੀ ਤਾਈ ਨੇ ਬਾਹਾਂ ਪਸਾਰ ਕੇ ਪੁਲਸੀਆਂ ਨੂੰ ਲਲਕਾਰਾ ਮਾਰਿਆ।

ਥੜ੍ਹੇ ਉਤੋਂ ਨਾਅਰੇ ਲੱਗੇ:

"ਸਿਪਾਹੀ ਸਾਡੇ ਸਾਥੀ ਨੇ!"

"ਅਫਸਰ ਸਾਡੇ ਵੈਰੀ ਨੇ!"

ਥਾਣੇਦਾਰ ਛਿੱਥਾ ਪੈ ਗਿਆ। ਸਿਪਾਹੀ ਦਹਿਲ ਗਏ...ਬੰਦੂਕਾਂ ਦੇ ਮੂੰਹ ਮੁੜ ਗਏ।

ਤਾਈ ਨੇ ਭਰੇ ਇਕੱਠ ਵੱਲ ਬਾਂਹ ਉਲਾਰ ਕੇ ਆਖਿਆ:

"ਆਓ ਨੀ ਕੁੜੀਓ, ਆਓ ਵੇ ਮੁੰਡਿਓ, ਨੀਂ ਕਰਨੈਲ ਕੁਰੇ...ਆ ਬੇ ਬੰਤ- ਸਾਰੇ ਕਾਗਤ 'ਤੇ 'ਗੂਠੇ ਲਾਓ...!" ਤਾਈ ਦੇ ਪਸ਼ਮ ਵਰਗੇ ਚਿੱਟੇ ਵਾਲ ਸਾਊ ਪੰਛੀ ਦੇ ਪਰਾਂ ਵਾਂਗ ਫਰ-ਫਰਾਏ ਤੇ ਉਹਨੇ ਅੱਗੇ ਵਧ ਕੇ, ਸਭ ਤੋਂ ਪਹਿਲਾਂ ਕਾਗ਼ਜ਼ 'ਤੇ ਆਪਣਾ ਅੰਗੂਠਾ ਲਾ ਦਿੱਤਾ।

ਤ੍ਰਿਬੈਣੀ ਦੀਆਂ ਸਿਖਰਲੀਆਂ ਟਹਿਣੀਆਂ ਵਿਚ ਬੱਦਲੀ ਖੰਭ ਫੜ-ਫੜਾਏ, ਹਰੇ ਪੱਤਿਆਂ 'ਚੋਂ 'ਵਾਜ ਆਈ:

"ਘੁਗੂੰ-ਘੂੰ- ਘੁਗੂੰ-ਘੂੰ।"

# ਨੇਕੀ ਵਿਚ ਅਡੋਲ ਭਰੋਸਾ ਜਥੇਦਾਰ ਜੰਗੀਰ ਸਿੰਘ ਪੂਹਲਾ

**ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।**

## ਮਾਨਸ ਤੋਂ ਦੇਵਤਾ

ਇਹ 1966 ਦੀ ਗੱਲ ਹੈ। ਸਾਡੇ ਰਾਮਪੁਰਾ ਫੂਲ ਦੇ ਐਮ. ਐਲ. ਏ. ਮਾਸਟਰ ਬਾਬੂ ਸਿੰਘ ਤੇ ਮੈਂ ਬਠਿੰਡੇ ਦੇ ਬਾਜ਼ਾਰ ਵਿਚ ਜਾ ਰਹੇ ਸੀ। ਅੱਗੋਂ ਜਥੇਦਾਰ ਜੰਗੀਰ ਸਿੰਘ ਪੂਹਲਾ ਮਿਲ ਗਏ। ਉਹ ਕਾਫ਼ੀ ਵੱਡੇ ਅਕਾਲੀ ਆਗੂ ਸਨ। ਕਈ ਦਹਾਕਿਆਂ ਤੱਕ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਜੇ ਮੈਂ ਭੁਲਦਾ ਨਹੀਂ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗ਼ਜ਼ੈਕਟਿਵ ਦੇ ਮੈਂਬਰ ਵੀ ਰਹੇ। ਮਾਸਟਰ ਜੀ ਕਮਿਊਨਿਸਟ ਪਾਰਟੀ ਦੇ ਆਗੂ ਸਨ ਅਤੇ ਫੂਲ ਹਲਕੇ ਤੋਂ ਕਈ ਵਾਰ ਐਮ. ਐਲ. ਏ. ਚੁਣੇ ਗਏ ਸਨ। ਉਨ੍ਹਾਂ ਦੀ ਜਿੱਤ ਵਿਚ ਕਮਿਊਨਿਸਟ ਪਾਰਟੀ ਦੇ ਉਸ ਸਮੇਂ ਦੇ ਲੋਕ-ਹਿਤੈਸ਼ੀ ਰੂਪ ਤੋਂ ਇਲਾਵਾ ਉਨ੍ਹਾਂ ਦਾ ਸ਼ਰੀਫ਼-ਸਾਊ ਇਨਸਾਨ ਹੋਣਾ ਵੀ ਵੱਡੀ ਭੂਮਿਕਾ ਨਿਭਾਉਂਦਾ ਸੀ। ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਕਿ ਸਾਨੂੰ ਇਕ ਮਨੁੱਖ ਵਜੋਂ ਉਨ੍ਹਾਂ ਵਿਰੁੱਧ ਬੋਲਣ ਲਈ ਕਝ ਵੀ ਨਹੀਂ ਮਿਲਦਾ। ਮਾਸਟਰ ਜੀ ਨਾਲ ਮੇਰੀ ਹੀ ਨੇੜਤਾ ਨਹੀਂ ਸੀ ਸਗੋਂ ਸਾਡੇ ਪਰਿਵਾਰ ਵੀ ਇਕ ਦੂਜੇ ਦੇ ਨੇੜੇ ਸਨ।



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**

ਸਾਡੇ ਤਿੰਨਾਂ ਦੇ ਪਿੰਡਾਂ, ਪੂਹਲਾ, ਫੂਲ ਤੇ ਪਿੱਥੋ, ਦਾ ਇਕ ਦੂਜੇ ਨਾਲੋਂ ਕੁਛ-ਕੁਛ ਕੋਹਾਂ ਦਾ ਫ਼ਾਸਲਾ ਸੀ। ਕੁਦਰਤੀ ਗੱਲ ਸੀ, ਮੈਂ ਤਾਂ ਪੂਹਲਾ ਜੀ ਨੂੰ ਇਲਾਕੇ ਦੇ ਇਕ ਜਾਣੇ-ਪਛਾਣੇ ਆਗੂ ਹੋਣ ਸਦਕਾ ਜਾਣਦਾ ਸੀ ਪਰ ਅਜਿਹਾ ਕੋਈ ਸਬੱਬ ਕਦੀ ਨਹੀਂ ਸੀ ਬਣਿਆ ਕਿ ਉਹ ਮੈਨੂੰ ਜਾਣਨ ਲਗਦੇ। ਮੈਂ ਉਨ੍ਹਾਂ ਨੂੰ ਫ਼ਤਿਹ ਬੁਲਾ ਚੁੱਪ ਕਰ ਕੇ ਥੋੜ੍ਹਾ ਜਿਹਾ ਪਾਸੇ ਖਲੋ ਗਿਆ ਅਤੇ ਉਹ ਦੋਵੇਂ ਗੱਲੀਂ ਲੱਗ ਗਏ।

ਮਾਸਟਰ ਬਾਬੂ ਸਿੰਘ ਤੇ ਜਥੇਦਾਰ ਜੰਗੀਰ ਸਿੰਘ ਪੂਹਲਾ ਸਨ ਤਾਂ ਵੱਖ-ਵੱਖ ਪਾਰਟੀਆਂ ਵਿਚ। ਜਥੇਦਾਰ ਪੂਹਲਾ ਤਾਂ, ਸਾਫ਼ ਹੀ ਹੈ, ਪੱਕੇ ਅਕਾਲੀ ਸਨ ਤੇ ਮਾਸਟਰ ਜੀ ਪੱਕੇ ਕਮਿਊਨਿਸਟ ਸਨ। ਪਰ ਦੋਵੇਂ ਸੁੱਚੇ ਪੰਜਾਬੀ ਸਭਿਆਚਾਰ ਦੇ ਵੀ ਪੱਕੇ ਸਨ ਜਿਸ ਵਿਚ ਰਿਸ਼ਤਿਆਂ ਨੂੰ ਇਨਸਾਨੀਅਤ ਦੀ ਸਾਂਝ ਮਿਥਦੀ ਹੈ, ਕੋਈ ਹੋਰ ਸੋਚ ਨਹੀਂ। ਓਦੋਂ ਅਜੇ ਸਿਆਸਤ ਹੁਣ ਵਾਂਗ ਨਿੱਜੀ ਦੁਸ਼ਮਣੀਆਂ ਦਾ ਆਧਾਰ ਵੀ ਨਹੀਂ ਸੀ ਬਣਨ ਲੱਗੀ। ਸਿਆਸੀ ਲੋਕਾਂ ਦੀ ਬੋਲ-ਬਾਣੀ ਵਿਚ ਏਨਾ ਨਿਘਾਰ ਨਹੀਂ ਸੀ ਆਇਆ, ਜਿੰਨਾ ਹੁਣ ਦੇਖਣ ਨੂੰ ਮਿਲਦਾ ਹੈ। ਕਿਸੇ ਵਿਰੋਧੀ ਸਿਆਸਤਦਾਨ ਵਿਰੁੱਧ ਮੰਦਾ ਬੋਲਣ ਤੋਂ ਪਹਿਲਾਂ ਉਹ ਆਪਣੀ ਇੱਜ਼ਤ ਦਾ ਖ਼ਿਆਲ ਕਰਦੇ ਸਨ। ਸੋਚਦੇ, ਲੋਕ ਮੇਰੇ ਬਾਰੇ ਕੀ ਕਹਿਣਗੇ ਕਿ ਕਿਹੋ ਜਿਹੀਆਂ ਘਟੀਆ ਗੱਲਾਂ ਕਰ ਰਿਹਾ ਹੈ। ਸਾਡੇ ਇਲਾਕੇ ਦੇ ਆਮ ਲੋਕਾਂ ਵਿਚ ਵੀ ਉਨ੍ਹਾਂ ਦੋਵਾਂ ਦਾ ਭਲੇ ਪੁਰਸ਼ਾਂ ਵਜੋਂ ਮਾਣ-ਸਤਿਕਾਰ ਸੀ।

ਕੁਝ ਸਮਾਂ ਪਹਿਲਾਂ ਕੈਰੋਂ ਸਰਕਾਰ ਨੇ ਮੈਨੂੰ ਪੰਜਾਬ ਵਿਚ ਟੀਚਰਜ਼ ਯੂਨੀਅਨ ਜਥੇਬੰਦ ਕਰਨ ਵਾਲੇ ਮੋਢੀਆਂ ਵਿਚੋਂ ਹੋਣ ਕਰਕੇ ਅਤੇ ਖੱਬੇਪੱਖੀ ਵਿਚਾਰਾਂ ਕਰਕੇ, ਖਾਸ ਕਰਕੇ ਮਾਸਟਰ ਜੀ ਨਾਲ ਨੇੜਤਾ ਸਦਕਾ, ਨੌਕਰੀਓਂ ਹਟਾ ਦਿੱਤਾ ਸੀ। ਰਾਮਪੁਰਾ ਫੂਲ ਦੇ ਇਕ ਸੀ. ਆਈ. ਡੀ. ਅਧਿਕਾਰੀ ਜਗਸੀਰ ਸਿੰਘ ਨੇ ਮੈਨੂੰ ਕਿਹਾ, 'ਤੇਰੇ ਬਾਰੇ ਉਪਰ ਰਾਏ ਚੰਗੀ ਨਹੀਂ ਤੇ ਮੈਥੋਂ ਤੇਰੀਆਂ ਸਰਗਰਮੀਆਂ ਬਾਰੇ ਰਿਪੋਰਟ ਮੰਗੀ ਗਈ ਹੈ। ਜੇ ਤੂੰ ਲਿਖ ਕੇ ਦੇ ਦੇਵੇਂ ਕਿ ਅੱਗੇ ਤੋਂ 'ਮਾਸਟਰ ਬਾਬੂ ਸਿੰਘ ਨਾਲ ਮੈਂ ਕੋਈ ਸਬੰਧ ਨਹੀਂ ਰੱਖਾਂਗਾ', ਮੈਂ ਰਿਪੋਰਟ ਤੇਰੇ ਪੱਖ ਵਿਚ ਭੇਜ ਦੇਵਾਂਗਾ। ਨਹੀਂ ਤਾਂ ਮੈਂ ਮਾਸਟਰ ਬਾਬੂ ਸਿੰਘ ਤੇ ਕਮਿਊਨਿਸਟ ਪਾਰਟੀ ਨਾਲ ਤੇਰੇ ਸਬੰਧਾਂ ਬਾਰੇ ਸੱਚੋ-ਸੱਚ ਲਿਖ ਭੇਜਾਂਗਾ ਤੇ ਇਓਂ ਸ਼ਾਇਦ ਤੇਰੀ ਨੌਕਰੀ ਵੀ ਚਲੀ ਜਾਵੇ!'

ਮੈਂ ਜਵਾਬ ਦਿੱਤਾ, 'ਕੱਲ੍ਹ ਨੂੰ, ਮੰਨ ਲੈ, ਤੇਰੇ ਉਪਰਲੇ ਕਹਿਣ, ਮਾਂ-ਪਿਉ ਭੈਣ-ਭਰਾਵਾਂ ਨਾਲ ਸਬੰਧ ਨਾ ਰੱਖ, ਮੈਂ ਸਭ ਨਾਲੋਂ ਸਬੰਧ ਤੋੜ ਲਵਾਂ?'

ਕੁਝ ਦਿਨਾਂ ਮਗਰੋਂ ਮੇਰੀ ਨੌਕਰੀ ਦੇ ਖ਼ਾਤਮੇ ਦਾ ਪੱਤਰ ਮੇਰੇ ਸਕੂਲ ਪਹੁੰਚ ਗਿਆ। ਮੈਂ ਕੋਈ ਦਸ ਸਾਲ ਤੋਂ ਸਰਕਾਰੀ ਅਧਿਆਪਕ ਲਗਿਆ ਹੋਇਆ ਸੀ ਅਤੇ ਅਜਿਹੇ 'ਦੋਸ਼' ਕਾਰਨ ਨੌਕਰੀਓਂ ਕੱਢਿਆ ਜਾਣ ਵਾਲਾ ਪੰਜਾਬ-ਭਰ ਵਿਚੋਂ ਪਹਿਲਾ ਅਧਿਆਪਕ ਸੀ। ਮੇਰੇ ਮਗਰੋਂ ਲੇਖਕ ਅਜੀਤ ਪੱਤੋ ਸਮੇਤ ਸਾਰੇ ਪੰਜਾਬ ਵਿਚੋਂ ਕਈ ਅਧਿਆਪਕ ਹਟਾ ਦਿੱਤੇ ਗਏ। ਜਦੋਂ ਕੋਈ ਮੇਰੀ ਨੌਕਰੀ ਚਲੀ ਜਾਣ ਦਾ ਅਫ਼ਸੋਸ ਕਰਦਾ, ਮੈਂ ਬਰਕਤ ਰਾਮ ਯੁਮਨ ਦਾ ਇਹ ਸ਼ਿਅਰ ਸੁਣਾ ਦਿੰਦਾ:

ਭਰੀ ਮਹਿਫ਼ਿਲ 'ਚੋਂ ਮੈਨੂੰ ਈ ਉਠਾਇਆ ਜਾ ਰਿਹਾ ਚੁਣ ਕੇ,
ਭਰੀ ਮਹਿਫ਼ਿਲ 'ਚੋਂ ਚੁਣਿਆ ਜਾਣ ਵਿਚ ਵੀ ਮਾਣ ਕਿੰਨਾ ਏ!

ਸਬੱਬ ਅਜਿਹਾ ਬਣਿਆ ਕਿ ਉਸ ਸਮੇਂ ਕੁੜੀਆਂ ਦੇ ਸਕੂਲਾਂ ਨੂੰ ਸਾਇੰਸ ਟੀਚਰ ਕੁੜੀਆਂ ਨਹੀਂ ਸਨ ਮਿਲਦੀਆਂ ਕਿਉਂਕਿ ਸਾਇੰਸ ਪੜ੍ਹੀ ਹੋਈ ਕੁੜੀ ਨੂੰ ਝੱਟ ਸਰਕਾਰੀ ਨੌਕਰੀ ਮਿਲ ਜਾਂਦੀ ਸੀ। ਬੀ. ਏ., ਬੀ. ਟੀ. ਕਰਨ ਤੋਂ ਪਹਿਲਾਂ ਮੈਂ ਐਫ਼. ਐਸ-ਸੀ. ਕੀਤੀ ਹੋਈ ਸੀ। ਮੰਡੀ ਫੂਲ ਛੋਟਾ ਜਿਹਾ ਸ਼ਹਿਰ ਸੀ, ਮੇਰੀ ਨੌਕਰੀ ਚਲੀ ਜਾਣ ਦੀ ਖ਼ਬਰ ਸਭ ਨੂੰ ਪਤਾ ਲੱਗ ਗਈ। ਛੇਤੀ ਹੀ 'ਮੇਰੀ ਸ਼ਰਾਫ਼ਤ ਬਾਰੇ ਤਸੱਲੀ ਕਰ ਕੇ' ਮੈਨੂੰ ਐਸ. ਡੀ. ਕੰਨਿਆ ਮਹਾਵਿਦਿਆਲਾ ਵਾਲਿਆਂ ਨੇ ਬੁਲਾ ਲਿਆ।

ਜਦੋਂ ਪੂਹਲਾ ਜੀ ਨਾਲ ਇਹ ਮੁਲਾਕਾਤ ਹੋਈ, ਓਦੋਂ ਮੈਂ ਕੰਨਿਆ ਮਹਾਂਵਿਦਿਆਲਾ ਵਿਚ ਸਾਇੰਸ ਅਧਿਆਪਕ ਲੱਗਿਆ ਹੋਇਆ ਸੀ। ਨੌਕਰੀਓਂ ਹਟਾਏ ਜਾਣ ਮਗਰੋਂ ਮੈਂ ਐਮ. ਏ. ਵੀ ਪਾਸ ਕਰ ਗਿਆ ਸੀ। ਗੱਲਾਂ ਕਰਦਿਆਂ ਸ਼ਾਇਦ ਜਥੇਦਾਰ ਜੀ ਨੂੰ ਮੇਰਾ ਚੁੱਪ ਕਰ ਕੇ ਪਾਸੇ ਜਿਹੇ ਖੜ੍ਹੇ ਰਹਿਣਾ ਠੀਕ ਨਾ ਲੱਗਿਆ। ਉਨ੍ਹਾਂ ਨੇ ਮੈਨੂੰ ਗੱਲਬਾਤ ਵਿਚ ਸ਼ਾਮਲ ਕਰਨ ਲਈ ਮਾਸਟਰ ਜੀ ਨੂੰ ਪੁੱਛਿਆ, 'ਇਹ ਕਾਕਾ?'

ਮਾਸਟਰ ਜੀ ਮੇਰਾ ਨਾਂ ਤੇ ਪਿੰਡ ਦੱਸ ਕੇ ਕਹਿਣ ਲੱਗੇ, 'ਇਹ ਆਪਣੀ ਮੰਡੀ ਦੇ ਕੁੜੀਆਂ ਦੇ ਸਕੂਲ ਵਿਚ ਪੜ੍ਹਾਉਂਦਾ ਹੈ ਤੇ ਇਹਨੇ ਹੁਣੇ-ਹੁਣੇ ਚੰਗੇ ਨੰਬਰਾਂ ਨਾਲ ਐਮ.ਏ. ਕੀਤੀ ਹੈ।'

ਮਾਸਟਰ ਜੀ ਦੀ ਗੱਲ ਸੁਣਦਿਆਂ ਹੀ ਪੂਹਲਾ ਜੀ ਨੇ ਮੇਰੇ ਮੋਢੇ ਉਤੇ ਹੱਥ ਰੱਖਿਆ, 'ਕਾਕਾ, ਜੇ ਤੂੰ ਚੰਗੇ ਨੰਬਰਾਂ ਨਾਲ ਐਮ. ਏ. ਕੀਤੀ ਹੋਈ ਹੈ, ਸਕੂਲ ਵਿਚ ਕਿਉਂ ਲੱਗਿਆ ਹੋਇਆ ਹੈਂ? ਸੰਤ ਜੀ ਨੇ ਆਪਣੇ ਇਲਾਕੇ ਦੇ ਭਲੇ ਵਾਸਤੇ ਦਮਦਮਾ ਸਾਹਿਬ ਕਾਲਜ ਖੋਲ੍ਹਿਆ ਹੈ, ਤੂੰ ਆਪਣੇ ਕਾਲਜ ਵਿਚ ਆ।...ਸਾਡੀ ਮੀਟਿੰਗ ਹੋਈ ਸੀ। ਪ੍ਰੋਫ਼ੈਸਰ ਰੱਖਣੇ ਨੇ। ਅਖ਼ਬਾਰਾਂ ਵਿਚ ਵੀ ਇਸ਼ਤਿਹਾਰ ਆ ਜਾਊ। ਤੂੰ ਅਰਜ਼ੀ ਭੇਜਣੀ ਨਾ ਭੁੱਲੀਂ।...ਭਾਈ, ਜੇ ਤੇਰੇ ਵਰਗੇ ਇਲਾਕੇ ਦੇ ਮੁੰਡੇ ਆਪਣੇ ਕਾਲਜ ਵਿਚ ਪੜ੍ਹਾਉਣ ਨਹੀਂ ਲੱਗਣਗੇ, ਸ਼ਹਿਰੀਆਂ ਜਾਂ ਦੂਰ ਤੋਂ ਆਇਆਂ ਨੇ ਤਾਂ ਇਥੇ ਅਜੇ ਸੁਖ-ਸਹੂਲਤਾਂ ਦੀ ਘਾਟ ਦੇਖ ਕੇ ਟਿਕਣ ਤੋਂ ਪਹਿਲਾਂ ਭੱਜਣ ਦੀ ਤਿਆਰੀ ਕਰਨ ਲੱਗ ਪੈਣੀ ਹੈ। ਆਪਣੇ ਬੰਦੇ ਹੋਣਗੇ ਤਾਂ ਉਨ੍ਹਾਂ ਦੇ ਦਿਲ ਵਿਚ ਇਲਾਕੇ ਦੇ ਕਾਲਜ ਦਾ ਦਰਦ ਤਾਂ ਹੋਊ।'

ਮੈਂ ਨਵੀਂ-ਨਵੀਂ ਐਮ. ਏ. ਕੀਤੀ ਸੀ। ਕਿਸੇ ਕਾਲਜ ਵਿਚ ਲੈਕਚਰਾਰ ਲੱਗਣ ਦਾ ਤਾਂ ਸੁਫ਼ਨਾ ਵੀ ਅਜੇ ਮਨ ਵਿਚ ਜਾਗਿਆ ਨਹੀਂ ਸੀ ਤੇ ਪੂਹਲਾ ਜੀ ਆਪ ਮੈਨੂੰ ਲੈਕਚਰਾਰ ਲੱਗਣ ਦਾ ਸੱਦਾ ਦੇ ਰਹੇ ਸਨ। ਮੈਨੂੰ ਭਲਾ ਹੋਰ ਕੀ ਚਾਹੀਦਾ ਸੀ! ਮੈਂ ਕਿਹਾ, 'ਜੀ, ਇਸ਼ਤਿਹਾਰ ਆ ਜਾਵੇ, ਮੈਂ ਅਰਜ਼ੀ ਭੇਜ ਦੇਊਂ।'

ਸੰਤ ਜੀ ਤੋਂ ਉਨ੍ਹਾਂ ਦਾ ਭਾਵ ਸੰਤ ਫ਼ਤਿਹ ਸਿੰਘ ਤੋਂ ਸੀ। ਉਹ ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਹੀ ਨਹੀਂ, ਸਰਬੋ-ਸਰਬਾ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਉਨ੍ਹਾਂ ਦੀ ਭਾਰੀ ਬਹੁਸੰਮਤੀ ਸੀ। ਉਨ੍ਹਾਂ ਨੇ ਆਪਣਾ ਟਿਕਾਣਾ ਭਾਵੇਂ ਰਾਜਸਥਾਨ ਵਿਚ ਗੁਰਦੁਆਰਾ ਸਾਹਿਬ ਬੁੱਢਾ ਜੌਹੜ ਬਣਾਇਆ ਹੋਇਆ ਸੀ, ਪਰ ਉਨ੍ਹਾਂ ਦਾ ਜਨਮ-ਨਗਰ ਬਦਿਆਲਾ ਮੇਰੇ ਪਿੰਡ ਪਿੱਥੋ ਤੋਂ ਕੁੱਲ ਦੋ ਕੋਹ ਵਾਟ ਸੀ। ਸਾਡੇ ਇਲਾਕੇ ਦਾ ਭਲਾ ਹਮੇਸ਼ਾ ਉਨ੍ਹਾਂ ਦੇ ਧਿਆਨ ਵਿਚ ਰਹਿੰਦਾ।

ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਦੀ ਚਿਰਾਂ-ਪੁਰਾਣੀ ਮੰਗ ਪੂਰੀ ਕਰਦਿਆਂ ਦਮਦਮਾ ਸਾਹਿਬ, ਤਲਵੰਡੀ ਸਾਬੋ ਨੂੰ ਤਖ਼ਤ ਵਜੋਂ ਮਾਨਤਾ ਦਿਵਾਈ। ਜਿਵੇਂ ਕਿ ਸਰਬ-ਗਿਆਤ ਹੈ, ਇਥੇ ਲਗਭਗ ਨੌਂ ਮਹੀਨੇ ਨਿਵਾਸ ਕਰ ਕੇ ਦਸਮੇਸ਼ ਪਿਤਾ ਨੇ ਪੰਜਵੇਂ ਗੁਰੂ ਜੀ ਦੀ ਸੰਪਾਦਿਤ ਬੀੜ ਵਿਚ ਨੌਵੇਂ ਗੁਰੂ ਸਾਹਿਬ ਦੀ ਬਾਣੀ ਜੋੜ ਕੇ ਗ੍ਰੰਥ ਸਾਹਿਬ ਦਾ ਹੁਣ ਪ੍ਰਕਾਸ਼ਮਾਨ ਹੁੰਦਾ ਸਰੂਪ ਤਿਆਰ ਕੀਤਾ। ਏਨੇ ਸਮੇਂ ਵਿਚ ਪੰਥ ਦੀ ਅਗਵਾਈ ਲਈ ਉਨ੍ਹਾਂ ਦਾ ਸਮੇਂ-ਸਮੇਂ ਹੁਕਮਨਾਮੇ ਜਾਰੀ ਕਰਨਾ ਤਾਂ ਸੁਭਾਵਿਕ ਸੀ ਹੀ। ਇਸੇ ਕਰਕੇ ਇਸ ਸਥਾਨ ਨੂੰ ਤਖ਼ਤ ਐਲਾਨੇ ਜਾਣ ਦੀ ਇਲਾਕੇ ਦੇ ਲੋਕਾਂ ਦੀ ਮੰਗ ਚਿਰਾਂ-ਪੁਰਾਣੀ ਸੀ।

ਦੂਜਾ ਵੱਡਾ ਕੰਮ ਸੰਤ ਜੀ ਨੇ ਦਸਮੇਸ਼ ਪਿਤਾ ਦੇ ਵਚਨ 'ਕਿਸੇ ਸਮੇਂ ਇਹ ਸਥਾਨ ਗੁਰੂ-ਕੀ-ਕਾਸ਼ੀ ਬਣੇਗਾ ਤੇ ਗਿਆਨ ਦਾ ਚਾਨਣ ਫ਼ੈਲਾਵੇਗਾ' ਉਤੇ ਫੁੱਲ ਚੜ੍ਹਾਉਂਦਿਆਂ ਇਥੇ ਗੁਰੂ ਕਾਸ਼ੀ ਕਾਲਜ ਖੋਲ੍ਹਿਆ। ਸੰਤ ਜੀ ਦੇ ਇਸੇ ਬੁਨਿਆਦੀ ਕਦਮ ਦਾ ਫਲ ਹੈ ਕਿ ਅੱਜ ਦਮਦਮਾ ਸਾਹਿਬ ਉਚੀ ਵਿੱਦਿਆ ਦੀਆਂ ਕਈ ਸੰਸਥਾਵਾਂ ਦਾ ਕੇਂਦਰ ਬਣ ਚੁੱਕਿਆ ਹੈ।

ਪੂਹਲਾ ਜੀ ਦੀ ਸ਼ਹਿਰੀਆਂ ਤੇ ਦੂਰ ਦਿਆਂ ਪਰੋਫ਼ੈਸਰਾਂ ਦੇ ਨਾ ਟਿਕਣ ਦੀ ਗੱਲ ਦਾ ਵੀ ਨਰੋਆ ਆਧਾਰ ਸੀ। ਕਾਲਜ ਦੀ ਇਮਾਰਤ ਵੀ ਅਜੇ ਉਸਰ ਰਹੀ ਸੀ ਅਤੇ ਲੈਕਚਰਾਰਾਂ ਦੇ ਰਿਹਾਇਸ਼ੀ ਕੁਆਰਟਰ ਅਧੂਰੇ ਵੀ ਸਨ ਤੇ ਥੋੜ੍ਹੇ ਵੀ। ਪੈਰਾਂ ਹੇਠ ਰੇਤਲਾ ਖੇਤ ਸੀ। ਚਾਰ-ਦੀਵਾਰੀ ਤੋਂ ਸੱਖਣੇ ਤਿੰਨ ਕਮਰੀਏ ਕੁਆਰਟਰ ਦੇ ਰਸੋਈ-ਗੁਸਲਖਾਨੇ ਵਾਲੇ ਅਗਲੇ ਦੋ ਕਮਰੇ ਵਿਆਹੇ ਪ੍ਰੋਫ਼ੈਸਰਾਂ ਲਈ ਸਨ ਤੇ ਵੱਖਰੀ ਆਵਾਜਾਈ ਵਾਲਾ ਪਿਛਲਾ ਤੀਜਾ ਕਮਰਾ ਕਿਸੇ ਛੜੇ-ਛਾਂਟ ਪ੍ਰੋਫ਼ੈਸਰ ਨੂੰ ਦਿੱਤਾ ਜਾਂਦਾ ਸੀ। ਸਾਡੇ ਤੀਜੇ ਕਮਰੇ ਵਿਚ ਅੱਗੇ ਚੱਲ ਕੇ ਨਾਵਲਕਾਰ ਤੇ ਫ਼ਿਲਮ-ਨਿਰਮਾਤਾ ਬਣਿਆ ਬੂਟਾ ਸਿੰਘ ਸ਼ਾਦ ਰਹਿੰਦਾ ਸੀ ਜਿਸ ਦਾ ਓਦੋਂ ਵੀ ਕਹਾਣੀਕਾਰ ਵਜੋਂ ਵਾਹਵਾ ਨਾਂ ਸੀ।

ਸਭ ਤੋਂ ਡਰਾਉਣੀ-ਭਜਾਉਣੀ ਗੱਲ ਇਹ ਸੀ ਕਿ ਕੁਆਰਟਰਾਂ ਦੇ ਅੱਗੋਂ ਖੇਤਾਂ ਨੂੰ ਭੀੜਾ ਜਿਹਾ ਰੇਤਲਾ ਰਾਹ ਜਾਂਦਾ ਸੀ ਅਤੇ ਰਾਹ ਦੇ ਪਾਰ ਸ਼ਮਸ਼ਾਨ ਸੀ। ਵੱਡਾ ਪਿੰਡ ਹੋਣ ਕਰਕੇ ਮਹੀਨੇ ਵੀਹੀਂ ਦਿਨੀਂ ਚਿਤਾ ਬਲਦੀ ਹੀ ਰਹਿੰਦੀ ਜੋ ਖਾਸ ਕਰ ਕੇ ਰਾਤ ਨੂੰ ਬਹੁਤ ਭਿਆਨਕ ਲਗਦੀ। ਅਜਿਹੇ ਦਿਨ ਸਾਡੇ ਹਿੰਦੀ ਦੇ ਪਰੋਫ਼ੈਸਰ ਸੇਖੋਂ ਤਾਂ ਸੂਰਜ ਨੂੰ ਡੁਬਦਾ ਦੇਖ ਕੇ ਲੋਹੇ ਦਾ ਪੰਜ-ਫੁੱਟਾ ਸਰੀਆ ਫੜ ਲੈਂਦੇ ਸਨ ਤੇ ਸੌਣ ਲੱਗੇ ਵੀ ਉਹਨੂੰ ਆਪਣੇ ਨਾਲ ਹੀ ਬਿਸਤਰੇ ਵਿਚ ਪਾਉਂਦੇ ਸਨ। ਸਵੇਰੇ ਉਠ ਕੇ ਉਹ ਉਸ ਨੂੰ ਕਮਰੇ ਵਿਚ ਇਕ ਖੂੰਜੇ ਸਾਂਭ ਦਿੰਦੇ ਸਨ। ਉਨ੍ਹਾਂ ਨੂੰ ਕਿਸੇ ਨੇ ਦੱਸਿਆ ਹੋਇਆ ਸੀ ਕਿ ਸੂਰਜ ਛਿਪਦਾ ਦੇਖ ਕੇ ਪਰੇਤ ਬਾਹਰ ਨਿੱਕਲ ਆਉਂਦੇ ਹਨ ਜੋ ਸਿਰਫ਼ ਲੋਹੇ ਤੋਂ ਡਰਦੇ ਹੋਏ ਬੰਦੇ ਦੇ ਨੇੜੇ ਨਹੀਂ ਆਉਂਦੇ।

ਖ਼ੈਰ, ਇਸ਼ਤਿਹਾਰ ਛਪਿਆ, ਮੈਂ ਅਰਜ਼ੀ ਭੇਜੀ, ਇੰਟਰਵਿਊ ਹੋਈ ਅਤੇ ਮੈਂ ਲੈਕਚਰਾਰ ਲੱਗ ਗਿਆ। ਇੰਟਰਵਿਊ ਵੇਲੇ ਜਥੇਦਾਰ ਪੂਹਲਾ ਵੀ ਸ਼ਾਮਲ ਸਨ। ਉਹ ਕਾਲਜ ਕਮੇਟੀ ਦੇ ਖ਼ਜ਼ਾਨਚੀ ਸਨ। ਤਿੰਨ-ਚਾਰ ਹਫ਼ਤਿਆਂ ਮਗਰੋਂ ਉਹ ਮੈਨੂੰ ਕਾਲਜ ਵਿਚ ਤੁਰੇ ਜਾਂਦੇ ਮਿਲ ਗਏ ਤਾਂ ਬੜੇ ਨਿੱਘ ਨਾਲ ਪੇਸ਼ ਆਏ। ਉਹ ਬਹੁਤ ਖ਼ੁਸ਼ ਸਨ ਕਿ ਇਲਾਕੇ ਦੇ ਇਕ ਮੁੰਡੇ ਨੂੰ ਚੰਗੀ ਨੌਕਰੀ ਮਿਲ ਗਈ ਸੀ ਤੇ ਕਾਲਜ ਨੂੰ ਇਕ ਅਜਿਹਾ ਪ੍ਰੋਫ਼ੈਸਰ ਮਿਲ ਗਿਆ ਸੀ ਜੀਹਦੇ ਛੇਤੀ ਕੀਤਿਆਂ ਕਾਲਜ ਛੱਡ ਕੇ ਜਾਣ ਦਾ ਡਰ ਨਹੀਂ ਸੀ। ਉਨ੍ਹਾਂ ਨੇ ਬੜੀ ਅਪਣੱਤ ਨਾਲ ਪੁੱਛਿਆ, 'ਕਾਕਾ ਕੋਈ ਸਮੱਸਿਆ ਤਾਂ ਨਹੀਂ? ਜੇ ਕੋਈ ਤਕਲੀਫ਼ ਹੋਵੇ, ਦੱਸਣ ਤੋਂ ਸੰਗੀਂ ਨਾ।'

ਮੈਂ ਕਿਹਾ, 'ਨਹੀਂ ਜੀ, ਕੋਈ ਤਕਲੀਫ਼ ਨਹੀਂ। ਸਭ ਠੀਕ ਹੈ।'

ਉਨ੍ਹਾਂ ਨੂੰ ਜਿਵੇਂ ਇਕਦਮ ਕੋਈ ਖ਼ਿਆਲ ਆਇਆ। ਕਹਿਣ ਲੱਗੇ, 'ਕਾਕਾ, ਮੰਨ ਲਓ, ਕਿਸੇ ਕਾਰਨ ਤੈਨੂੰ ਕਦੇ ਮੇਰੀ ਲੋੜ ਪਵੇ, ਮੈਂ ਕੀ ਪਤਾ, ਕਿਥੇ ਹੋਵਾਂ। ਪਿੰਡ, ਅੰਮ੍ਰਿਤਸਰ, ਚੰਡੀਗੜ੍ਹ ਜਾਂ ਹੋਰ ਕਿਤੇ! ਮੈਂ ਇਕ ਕੰਮ ਕਰਦਾ ਹਾਂ...'

ਉਨ੍ਹਾਂ ਨੇ ਹੱਥ ਵਿਚ ਫੜਿਆ ਹੋਇਆ ਛੋਟਾ ਜਿਹਾ ਬੈਗ ਖੋਲ੍ਹਿਆ ਅਤੇ ਉਸ ਵਿਚੋਂ ਇਕ ਨਵਾਂ ਪੋਸਟ ਕਾਰਡ ਕੱਢਿਆ। ਉਸ ਦੇ ਅੰਤ ਉਤੇ ਆਪਣੇ ਦਸਖ਼ਤ ਕਰ ਕੇ ਮੈਨੂੰ ਦਿੰਦਿਆਂ ਬੋਲੇ, 'ਲੈ ਇਹ ਸਾਂਭ ਕੇ ਰੱਖ। ਜੇ ਪ੍ਰਿੰਸੀਪਲ ਸਾਹਿਬ ਤਾਈਂ ਕੋਈ ਕੰਮ ਹੋਵੇ ਤੇ ਮੈਥੋਂ ਕਹਾਉਣ ਦੀ ਲੋੜ ਹੋਵੇ, ਮੇਰੇ ਵੱਲੋਂ ਇਹ ਕਾਰਡ ਲਿਖ ਕੇ ਉਨ੍ਹਾਂ ਦੇ ਨਾਂ ਡਾਕ ਵਿਚ ਪਾ ਦੇਈਂ। ਜੇ ਉਹ ਮੈਨੂੰ ਪੁੱਛਣਗੇ, ਮੈਂ ਕਹਿ ਦੇਊਂ, ਹਾਂ, ਮੈਂ ਲਿਖਿਆ ਸੀ।'

ਉਹ ਮੇਰਾ ਮੋਢਾ ਥਾਪੜ ਕੇ ਤੁਰ ਗਏ। ਮੈਂ ਉਨ੍ਹਾਂ ਦੀ ਇਸ ਅਨੋਖੀ ਕਰਨੀ ਤੋਂ ਹੈਰਾਨ ਹੀ ਰਹਿ ਗਿਆ। ਮੈਂ ਸੋਚਿਆ, ਇਸ ਭਲੇ ਪੁਰਸ਼ ਨੂੰ ਇਹ ਅਹਿਸਾਸ ਹੈ, ਇਸ ਮੁੰਡੇ ਨੂੰ ਕਾਲਜ ਵਿਚ ਮੈਂ ਲੈ ਕੇ ਆਇਆ ਹਾਂ, ਇਸ ਕਰਕੇ ਇਹ ਧਿਆਨ ਰੱਖਣਾ ਮੇਰਾ ਫ਼ਰਜ਼ ਹੈ ਕਿ ਇਹਨੂੰ ਕਿਸੇ ਕਿਸਮ ਦੀ ਕੋਈ ਤਕਲੀਫ਼ ਨਾ ਹੋਵੇ! ਨਾਲ ਹੀ ਮੈਂ ਹੈਰਾਨ ਹੋਇਆ ਖਲੋਤਾ ਦਸਖ਼ਤ ਕਰ ਕੇ ਦਿੱਤੇ ਕੋਰੇ ਕਾਰਡ ਨੂੰ ਉਲਟ-ਪਲਟ ਕੇ ਦੇਖਣ ਲੱਗਿਆ। ਕੋਈ ਨਿਰਮਲ-ਚਿੱਤ ਮਨੁੱਖ ਹੀ ਇਕ ਅਣਜਾਣੇ ਬੰਦੇ ਉਤੇ ਇਉਂ ਭਰੋਸਾ ਕਰ ਸਕਦਾ ਹੈ। ਏਨਾ ਤਾਂ ਉਹ ਵੀ ਜਾਣਦੇ ਸਨ ਕਿ ਜੇ ਮੈਂ ਚਾਹਾਂ, ਕਾਰਡ ਦੀ ਦੁਰਵਰਤੋਂ ਵੀ ਕਰ ਸਕਦਾ ਹਾਂ ਤੇ ਇਉਂ ਉਨ੍ਹਾਂ ਨੂੰ ਵੀ ਕਿਸੇ ਕਸੂਤੀ ਹਾਲਤ ਵਿਚ ਫਸਾ ਸਕਦਾ ਹਾਂ। ਪਰ ਆਪ ਭਰੋਸੇਜੋਗ ਸੱਜਣ ਹੋਣ ਸਦਕਾ ਉਨ੍ਹਾਂ ਨੂੰ ਮਨੁੱਖ ਦੀ ਮੂਲ ਚੰਗਿਆਈ ਵਿਚ ਅਡੋਲ ਭਰੋਸਾ ਸੀ। ਉਨ੍ਹਾਂ ਦਾ ਮੱਤ ਸੀ, ਜੇ ਉਹ ਆਪ ਕਿਸੇ ਦਾ ਬੁਰਾ ਨਹੀਂ ਸਨ ਚਿਤਵਦੇ ਤੇ ਭਰੋਸਾ ਨਹੀਂ ਸਨ ਤੋੜਦੇ, ਕੋਈ ਉਨ੍ਹਾਂ ਦਾ ਬੁਰਾ ਕਿਉਂ ਚਿਤਵੇਗਾ ਤੇ ਭਰੋਸਾ ਕਿਉਂ ਤੋੜੇਗਾ!

ਅੱਜ ਦੇ ਗੰਧਲੇ ਹੋਏ ਸਮਾਜਿਕ ਹਾਲਾਤ ਵਿਚ ਜਦੋਂ ਮਨੁੱਖ ਤੋਂ ਭਰੋਸਾ ਡੋਲਣ ਲਗਦਾ ਹੈ, ਮੈਂ ਪੂਹਲਾ ਜੀ ਦਾ ਕਾਰਡ ਕੱਢ ਕੇ ਨਿਹਾਰਨ ਲਗਦਾ ਹਾਂ ਜੋ ਮੈਂ ਬੜੇ ਅਦਬ ਨਾਲ ਇਕ ਅਮੋਲ ਵਸਤ ਵਜੋਂ ਸੰਭਾਲ ਕੇ ਰੱਖਿਆ ਹੋਇਆ ਹੈ।

---

## ਨਾਬਰ ਪੱਤਰਕਾਰ ਅਮਰਿੰਦਰ ਗਿੱਧਾ

*(ਸਫਾ 26 ਦਾ ਬਾਕੀ)*

ਅਤੇ ਜਿਸ ਵੀ ਟੀਮ ਵੱਲੋਂ ਖੇਡਿਆ, ਉਹ ਹਮੇਸ਼ਾ ਹੀ ਪਹਿਲੀਆਂ ਤਿੰਨ ਟੀਮਾਂ 'ਚ ਰਹੀ। ਆਪਣੇ ਵਿਭਾਗ ਵੱਲੋਂ ਖੇਡਦਿਆਂ ਬਲਜੀਤ ਬੈਸਟ ਗੋਲਕੀਪਰ ਚੁਣਿਆ ਗਿਆ ਅਤੇ ਇਸੇ ਆਧਾਰ 'ਤੇ ਉਸ ਨੂੰ ਪੰਜਾਬ ਦੀ ਟੀਮ 'ਚ ਜਗ੍ਹਾ ਮਿਲੀ। ਬਲਜੀਤ ਬਹੁਤ ਵਧੀਆ ਖੇਡ ਰਿਹਾ ਸੀ ਤੇ ਉਸ ਨੂੰ ਇੱਕ ਵਾਰ ਫਿਰ ਰਾਸ਼ਟਰੀ ਕੈਂਪ ਲਈ ਬੁਲਾਇਆ ਗਿਆ। ਕੈਂਪ ਦੇ ਅਧਿਕਾਰੀਆਂ 'ਚ ਉਸ ਸਮੇਂ ਕਰਨਲ ਬਲਬੀਰ ਸਿੰਘ ਵੀ ਸ਼ਾਮਲ ਸਨ, ਜਿਨ੍ਹਾਂ ਨੇ ਕਿਹਾ, 'ਬਲਜੀਤ, ਤੂੰ ਬਾਕੀ ਗੋਲਕੀਪਰਾਂ ਦੇ ਮੁਕਾਬਲੇ ਬਹੁਤ ਵਧੀਆ ਖੇਡ ਰਿਹਾ ਹੈਂ ਪਰ ਕੁਝ ਅਧਿਕਾਰੀ ਤੇਰੀ ਅੱਖ 'ਤੇ ਲੱਗੀ ਸੱਟ ਕਾਰਨ ਤੈਨੂੰ ਫਿੱਟ ਨਹੀਂ ਸਮਝਦੇ।' ਇਹ ਸੁਣ ਕੇ ਬਲਜੀਤ ਨੇ ਆਪਣਾ ਪੱਖ ਰੱਖਣਾ ਅਤੇ ਅਧਿਕਾਰੀਆਂ ਦਾ ਪੱਖ ਜਾਨਣਾ ਚਾਹਿਆ। ਸਵਾਲ-ਜਵਾਬ ਹੋਏ ਪਰ ਬਲਜੀਤ ਉਨ੍ਹਾਂ ਦੇ ਜਵਾਬਾਂ ਤੋਂ ਸੰਤੁਸ਼ਟ ਨਾ ਹੋਇਆ ਅਤੇ ਕੈਂਪ ਤੋਂ ਬਾਅਦ ਹੋਣ ਵਾਲੇ ਟ੍ਰਾਇਲ ਦਿੱਤੇ ਬਿਨਾਂ ਕੈਂਪ ਛੱਡ ਕੇ ਵਾਪਸ ਆ ਗਿਆ। ਬਲਜੀਤ ਨੇ ਕਿਹਾ, 'ਮੈਂ ਬਹੁਤ ਸਵਾਲ ਕੀਤੇ, ਜੇਕਰ ਮੇਰੀ ਖੇਡ ਮਾੜੀ ਹੈ ਤਾਂ ਦੱਸੋ, ਪਰ ਮੇਰੇ ਨਾਲ ਇਸ ਤਰ੍ਹਾਂ ਨਾ ਕਰੋ।' ਉਹ ਅੱਜ ਵੀ ਹਾਕੀ ਖੇਡਦਾ ਹੈ ਤੇ ਉਹ ਵੀ ਭਾਰਤੀ ਹਾਕੀ ਦੇ ਢਾਂਚੇ 'ਚ। ਜੇ ਉਹ ਰਾਸ਼ਟਰੀ ਪੱਧਰ 'ਤੇ ਖੇਡ ਸਕਦਾ ਹੈ ਤਾਂ ਭਾਰਤ ਲਈ ਅੰਤਰਰਾਸ਼ਟਰੀ ਪੱਧਰ 'ਤੇ ਕਿਉਂ ਨਹੀਂ? ਇਸ ਗੱਲ ਦਾ ਜਵਾਬ ਬਲਜੀਤ ਨੂੰ ਅੱਜ ਤਕ ਨਹੀਂ ਮਿਲਿਆ।

ਤਰਕਸ਼ੀਲ ਬਲਜੀਤ ਗੱਲਬਾਤ ਦੌਰਾਨ ਇੱਕ ਹੋਰ ਤਰਕ ਰੱਖਦਾ ਹੈ। ਉਸ ਨੇ ਕਿਹਾ, 'ਹਾਕੀ 'ਚ ਵਾਪਸੀ ਕਰਨਾ ਚਾਹੁੰਦਾ ਸੀ ਤਾਂ ਕਿ ਮੈਂ ਭਾਰਤੀ ਟੀਮ ਲਈ ਮੁੜ ਤੋਂ ਖੇਡ ਸਕਾਂ। ਮੈਂ ਕ੍ਰਿਕਟ ਦੇ ਖਿਡਾਰੀ ਨਵਾਬ ਪਟੌਦੀ ਤੋਂ ਪ੍ਰਭਾਵਿਤ ਹੋਇਆ ਸੀ, ਜੋ ਇਕ ਅੱਖ ਨਾਲ ਖੇਡਦਾ ਰਿਹਾ ਸੀ ਪਰ ਸਾਡੇ ਹੁਕਮਰਾਨਾਂ 'ਚ ਫਰਕ ਹੈ।' ਉਸ ਦੇ ਮੁਤਾਬਕ ਹੁਣ ਭਾਰਤ 'ਚ ਗੋਲਕੀਪਰਾਂ ਨੂੰ ਕੋਈ ਵੀ ਗੋਲਫ ਦੇ ਗੇਂਦ ਨਾਲ ਅਭਿਆਸ ਨਹੀਂ ਕਰਵਾਉਂਦਾ, ਉਮੀਦ ਕਰਦੇ ਹਾਂ ਕਿ ਇਹ ਇਸੇ ਤਰ੍ਹਾਂ ਰਹੇ, ਕਿਉਂਕਿ ਹਰ ਕੋਈ ਬਲਜੀਤ ਜਿੰਨਾ ਸਿਰੜੀ ਨਹੀਂ ਹੁੰਦਾ। ਬਲਜੀਤ ਤਰਕ ਨਾਲ ਹਰ ਗੱਲ ਦਾ ਜਵਾਬ ਦਿੰਦਾ ਹੈ। ਸ਼ਾਇਦ ਇਸੇ ਤਰਕ ਵਾਲੀ ਸੋਚ ਨਾਲ ਉਸ ਨੂੰ ਮੁੜ ਤੋਂ ਹਾਕੀ ਦੇ ਮੈਦਾਨ 'ਚ ਸਫਲ ਗੋਲਕੀਪਰ ਬਣਨ 'ਚ ਮਦਦ ਮਿਲੀ। ਉਹ ਹੌਸਲੇ ਨਾਲ ਗੱਲ ਕਰਦਾ ਕਹਿੰਦਾ ਹੈ, 'ਦੇਖੋ ਭਾਜੀ ਇੱਕ ਜਣੇ ਨੂੰ ਖਿਡਾਰੀ ਬਣਨ 'ਚ ਬਹੁਤ ਸਮਾਂ ਲੱਗਦਾ ਅਤੇ ਸਮੇਂ ਦੇ ਨਾਲ-ਨਾਲ ਉਸ ਦੀ ਆਪਣੀ ਮਿਹਨਤ ਅਤੇ ਉਸ ਦੇ ਪਰਿਵਾਰ ਦੀ ਘਾਲਣਾ ਵੀ ਹੁੰਦੀ ਹੈ।'

ਜੁਲਾਈ ਦੇ ਮਹੀਨੇ ਕੀਤੀ ਇਸ ਗੱਲਬਾਤ ਦੌਰਾਨ ਆਪਣੇ ਮੱਥੇ 'ਤੇ ਆਏ ਹਲਕੇ ਜਿਹੇ ਪਸੀਨੇ ਨੂੰ ਸਾਫ ਕਰਦਿਆਂ ਬਲਜੀਤ ਨੇ ਕਿਹਾ, 'ਭਾਅ ਜੀ ਅੱਖ ਗੁਆਉਣ ਨਾਲ ਮੇਰਾ ਬੇਹੱਦ ਨੁਕਸਾਨ ਹੋਇਆ। ਇੱਕ ਅੱਖ ਨਾਲ ਹਾਕੀ ਦੀ ਖੇਡ 'ਚ ਵਾਪਸੀ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ।' ਇੰਟਰਵਿਊ ਦੌਰਾਨ ਸਵਾਲ ਕਰਦਿਆਂ ਮੈਂ ਬਲਜੀਤ ਨੂੰ ਪੁੱਛਿਆ ਕਿ ਅਜੇ ਵੀ ਦਰਦ ਹੁੰਦੀ ਹੈ ਅੱਖ 'ਚ? ਤਾਂ ਬਲਜੀਤ ਪੰਜ-ਦਸ ਸਕਿੰਟ ਰੁਕਣ ਤੋਂ ਬਾਅਦ ਸਰਕਾਰੀ ਵਰਤਾਰੇ ਦਾ ਮੁਲਾਂਕਣ ਕਰਦਿਆਂ ਬਹੁਤ ਹੀ ਸਹੀ ਜਵਾਬ ਦਿੰਦਾ ਕਹਿੰਦਾ ਹੈ, 'ਜੇ ਸਹੀ ਪੁੱਛੋ ਤਾਂ ਸੱਟ ਲੱਗਣ ਤੋਂ ਬਾਅਦ ਜਿਸ ਤਰ੍ਹਾਂ ਮੇਰੇ ਇਲਾਜ ਨੂੰ ਲੈ ਕੇ ਲਾਰੇ ਲਾਏ ਗਏ, ਉਨ੍ਹਾਂ ਦਾ ਦੁੱਖ ਜ਼ਿਆਦਾ ਹੁੰਦਾ ਹੈ।' ਬਾਕੀ ਬਚੇ ਇਲਾਜ ਬਾਰੇ ਪੁੱਛੇ ਜਾਣ 'ਤੇ ਬਲਜੀਤ ਕਹਿੰਦਾ ਹੈ ਕਿ ਜਦੋਂ ਹਾਕੀ ਸਮਾਂ ਦੇਵੇਗੀ, ਜ਼ਰੂਰ ਕਰਾਵਾਂਗਾ ਤੇ ਨਾਲ ਹੀ ਹੱਸਦੇ ਹੋਏ ਕਹਿੰਦਾ ਹੈ, 'ਭਾਅ ਜੀ ਤੁਹਾਨੂੰ ਪਤਾ ਪੰਜਾਬੀ 'ਚ ਕਹਿੰਦੇ ਨੇ ਹੁਣ ਵਿਆਹ ਹੋ ਗਿਆ, ਹੁਣ ਕੀਹਨੇ ਦੇਖਣਾ।' ਖ਼ੈਰ, ਮੁੱਦੇ ਦੀ ਗੱਲ 'ਤੇ ਵਾਪਸ ਆਉਂਦਿਆਂ ਬਲਜੀਤ ਕਹਿੰਦਾ ਹੈ ਕਿ ਅਜੇ ਇੱਕ ਕਾਸਮੈਟਿਕ ਸਰਜਰੀ ਹੋਣੀ ਬਾਕੀ ਹੈ ਅਤੇ ਉਹ ਕਰਵੇਗਾ ਵੀ। ਬਾਹਰੋਂ ਪੈਸੇ ਇਕੱਠੇ ਕਰਨ ਬਾਰੇ ਪੁੱਛਿਆ ਤਾਂ ਉਸ ਨੇ ਅੱਧ ਵਿਚਾਲੇ ਸਵਾਲ ਨੂੰ ਟੋਕਦਿਆਂ ਕਿਹਾ ਨਾ ਭਾਅ ਜੀ ਮੰਗਣਾ ਨਹੀਂ, ਜੇ ਆਪ ਕਰਨੇ ਜੋਗਾ ਹੋਵਾਂਗਾ ਤਾਂ ਕਰਵਾ ਲਵਾਂਗਾ ਨਹੀਂ ਤਾ ਇਸੇ ਤਰ੍ਹਾਂ ਠੀਕ ਹੈ। ਬਲਜੀਤ ਅੰਦਰੋਂ ਹਾਕੀ ਖਤਮ ਨਹੀਂ ਹੋਈ ਅਤੇ ਨਾ ਕਦੇ ਹੋਵੇਗੀ ਕਿਉਂਕਿ ਉਸ ਦੀ ਇਹੀ ਚਾਹਤ ਹੈ ਕਿ ਉਹ ਆਉਂਦੇ ਸਮੇਂ 'ਚ ਨੌਜਵਾਨ ਖਿਡਾਰੀਆਂ ਨੂੰ ਹਾਕੀ ਦੇ ਗੁਰ ਸਿਖਾਉਂਦਾ ਰਹੇ। ਹਾਕੀ ਇੰਡੀਆ ਨੇ 2014 'ਚ ਸ਼ੁਰੂ ਕੀਤੇ ਸਾਲਾਨਾ ਐਵਾਰਡ 'ਚ ਬਲਜੀਤ ਦੇ ਨਾਮ 'ਤੇ ਇੱਕ ਐਵਾਰਡ ਸ਼ੁਰੂ ਕੀਤਾ ਹੈ। ਇਸ ਐਵਾਰਡ ਤਹਿਤ ਭਾਰਤ ਦੇ ਬੈਸਟ ਗੋਲਕੀਪਰ ਨੂੰ ਪੰਜ ਲੱਖ ਰੁਪਏ ਦਾ ਇਨਾਮ ਦਿੱਤਾ ਜਾਂਦਾ ਹੈ। ਬਲਜੀਤ ਇਸ ਉੱਦਮ ਤੋਂ ਖ਼ੁਸ਼ ਹੈ ਕਿਉਂਕਿ ਇਨ੍ਹਾਂ ਐਵਾਰਡਾਂ 'ਚ ਧੰਨਰਾਜ ਪਿੱਲੇ ਅਤੇ ਧਿਆਨ ਚੰਦ ਵਰਗੇ ਖਿਡਾਰੀਆਂ ਦੇ ਨਾਵਾਂ 'ਤੇ ਵੱਖ-ਵੱਖ ਵਰਗਾਂ ਦੇ ਐਵਾਰਡ ਦਿੱਤੇ ਜਾਂਦੇ ਹਨ। ਜਿਨ੍ਹਾਂ ਅੱਖਾਂ ਨਾਲ ਬਲਜੀਤ ਨੇ ਭਾਰਤ ਦਾ ਨਾਮ ਰੋਸ਼ਨ ਕਰਨ ਦੇ ਸੁਪਨੇ ਦੇਖੇ ਸਨ, ਅੱਜ ਉਨ੍ਹਾਂ ਅੱਖਾਂ 'ਚੋਂ ਇੱਕ ਅੱਖ ਗਵਾਉਣ ਦੇ ਬਾਵਜੂਦ ਭਾਰਤੀ ਹਾਕੀ ਦੇ ਤਤਕਾਲੀ ਹੁਕਮਰਾਨਾਂ ਦੀਆਂ ਅੱਖਾਂ ਨਹੀਂ ਖੁੱਲ੍ਹੀਆਂ।

ਬਲਜੀਤ ਭਾਵੇਂ ਆਪਣੀ ਸੱਜੀ ਅੱਖ ਨਾਲ ਰੰਗ ਨਹੀਂ ਪਛਾਣ ਸਕਦਾ ਪਰ ਆਪਣੇ ਪੁੱਤਰ ਅਰਜੁਨ ਪ੍ਰਤਾਪ ਸਿੰਘ ਦੀ ਜ਼ਿੰਦਗੀ 'ਚ ਉਹ ਹਾਕੀ ਦੇ ਹੀ ਰੰਗ ਭਰਨੇ ਚਾਹੁੰਦਾ ਹੈ। ਆਓ ਅਸੀਸਾਂ ਦੇਈਏ ਕਿ ਉਹਦੀ ਇਹ ਇੱਛਾ ਪੂਰੀ ਹੋਵੇ!

# 'ਜਦੋਂ ਦੇਸ ਤੇ ਜੱਟ ਤਿਆਰ ਹੋਏ...'

## ਕਿਸਾਨ ਮੋਰਚੇ ਦੀ ਸ਼ਾਨਾਮੱਤੀ ਜਿੱਤ ਪਿੱਛੋਂ ਸਭ ਨਿਗਾਹਾਂ ਚੋਣ ਮੈਦਾਨ ਵੱਲ

'ਵਾਰਿਸ ਹੱਕ ਦੇ ਥੋਂ ਜਦ ਹੱਕ ਖੁੱਥਾ, ਅਰਸ਼ ਰੱਬ ਦਾ ਤਦੋਂ ਤਰਥੱਲਿਆ ਈ।'

ਕਿਸਾਨ ਸੰਘਰਸ਼ ਉਦੋਂ ਸ਼ੁਰੂ ਹੋਇਆ, ਜਦੋਂ ਲੋਕਾਂ ਨੇ ਮਹਿਸੂਸ ਕੀਤਾ ਕਿ ਮੋਦੀ ਹਕੂਮਤ ਨੇ ਹੁਣ ਉਨ੍ਹਾਂ ਦੇ ਗਲਮੇ ਨੂੰ ਹੱਥ ਪਾ ਲਿਆ ਹੈ। ਕਿਸਾਨ ਆਗੂਆਂ ਨੇ ਹਰ ਮੁਸ਼ਕਿਲ ਦਾ ਮੁਕਾਬਲਾ ਕੀਤਾ ਅਤੇ ਉਹ ਇਸ ਵਿਚੋਂ ਸਾਬਤ-ਕਦਮੀਂ ਜੇਤੂ

**ਹਜ਼ਾਰਾ ਸਿੰਘ ਮਿਸੀਸਾਗਾ**
**ਫੋਨ: (905)795-3428**

ਹੋ ਕੇ ਨਿਕਲੇ। ਕਿਸਾਨਾਂ ਨੂੰ ਬਦਨਾਮ ਕਰਨ ਦੀਆਂ ਸਭ ਚਾਲਾਂ ਫੇਲ੍ਹ ਹੋਈਆਂ। ਕਿਸਾਨਾਂ ਦੇ ਸਪੱਸ਼ਟ ਬਿਰਤਾਂਤ, ਸਾਫਗੋਈ, ਏਕਤਾ, ਤਿਆਗ, ਜਬਰ ਸਾਹਵੇਂ ਨਾਬਰੀ ਅਤੇ ਕੁਰਬਾਨੀ ਦੇ ਜਜ਼ਬੇ ਨੇ ਦੇਸ਼ ਦੇ ਲੋਕਾਂ ਨੂੰ ਝੰਜੋੜਿਆ ਅਤੇ ਉਹ ਸੰਘਰਸ਼ ਦੀ ਹਮਾਇਤ ਵਿਚ ਨਿੱਤਰ ਪਏ। ਕਿਸਾਨਾਂ ਦੇ ਸਿਦਕ ਕਾਰਨ ਗੱਲ, 'ਹੌਲੀ ਹੌਲੀ ਬਣ ਗਿਆ, ਮਿੱਤਰਾਂ ਦਾ ਗਮ ਲੋਕਾਂ ਦਾ ਗਮ', ਵਾਲੀ ਬਣ ਗਈ ਅਤੇ ਕਿਸਾਨ ਸੰਘਰਸ਼ ਦੇਸ਼ ਵਿਆਪੀ ਲੋਕ ਸੰਘਰਸ਼ ਬਣ ਗਿਆ, ਜਿਸ ਵਿਚ ਮਜ਼ਦੂਰਾਂ, ਗਾਇਕਾਂ, ਕਲਾਕਾਰਾਂ, ਲਿਖਾਰੀਆਂ, ਬੁੱਧੀਜੀਵੀਆਂ, ਵਿਦੇਸ਼ ਰਹਿੰਦੇ ਪੰਜਾਬੀਆਂ ਆਦਿ ਨੇ ਭਰਪੂਰ ਯੋਗਦਾਨ ਪਾਇਆ।

ਕਿਸਾਨਾਂ ਨੂੰ ਸੰਘਰਸ਼ ਦੌਰਾਨ ਸਾਲ ਭਰ ਕਹਿਰ ਦੀ ਸਰਦੀ, ਬਰਸਾਤ ਅਤੇ ਸਖ਼ਤ ਗਰਮੀ ਝੱਲਣੀ ਪਈ ਪਰ ਉਹ ਅਡੋਲ ਅਤੇ ਅਡਿੱਗ ਰਹੇ। ਇਸ ਦੌਰਾਨ ਸੱਤ ਸੌ ਤੋਂ ਵੱਧ ਕਿਸਾਨਾਂ ਦੀਆਂ ਮੌਤਾਂ ਵੀ ਹੋਈਆਂ। ਅੰਤ ਨੂੰ ਸੰਘਰਸ਼ ਸਫਲ ਹੋਇਆ ਅਤੇ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਮੰਨ ਲਈ, ਜਿਸ ਨਾਲ ਸੰਘਰਸ਼ ਦਾ ਇਕ ਪੜਾਅ ਖਤਮ ਹੋ ਗਿਆ। ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ, 'ਹਰ ਪੜਾਅ ਹੈ ਸੁਨੇਹਾ ਅਗਲਿਆਂ ਪੜਾਵਾਂ ਦਾ', ਅਨੁਸਾਰ ਸੰਘਰਸ਼ ਨੇ ਕੁਦਰਤੀ ਹੀ ਹੁਣ ਅਗਲੇ ਪੜਾਅ ਵੱਲ ਚੱਲਣਾ ਹੈ। ਦੇਸ਼ ਵਿਆਪੀ ਕਿਸਾਨ ਸੰਘਰਸ਼ ਦਾ ਅਗਲਾ ਪੜਾਅ ਕੀ ਹੋਏਗਾ, ਇਸ ਬਾਰੇ ਤਾਂ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ ਪਰ ਪੰਜਾਬ ਦੀ ਸਥਿਤੀ ਬਾਕੀ ਦੇਸ਼ ਨਾਲੋਂ ਵੱਖਰੀ ਹੋਣ ਕਾਰਨ ਕਿਸਾਨਾਂ ਸਾਹਮਣੇ ਸੂਬੇ ਵਿਚ ਆ ਰਹੀਆਂ ਚੋਣਾਂ ਨਾਲ ਨਜਿੱਠਣ ਦਾ ਪੜਾਅ ਅਹਿਮ ਹੈ।

ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਨੇ ਸੂਬੇ ਨੂੰ ਹਰ ਪੱਖੋਂ ਕਮਜ਼ੋਰ ਕਰ ਦਿੱਤਾ ਹੈ। ਹਰ ਵਰਗ ਬੈਚੇਨ ਅਤੇ ਪ੍ਰੇਸ਼ਾਨ ਹੈ ਵਿਦਿਆਰਥੀ, ਮੁਲਾਜ਼ਮ, ਮਜ਼ਦੂਰ, ਕਿਸਾਨ ਸਭ ਸੜਕਾਂ 'ਤੇ ਮੁਜ਼ਾਹਰੇ ਕਰ ਰਹੇ ਹਨ। ਸੂਬੇ ਦੇ ਸਰੋਤ ਲੁੱਟੇ ਜਾ ਰਹੇ ਹਨ। ਨੌਜੁਆਨ ਵਿਦੇਸ਼ਾਂ ਨੂੰ ਜਾ ਰਹੇ ਹਨ। ਰਵਾਇਤੀ ਪਾਰਟੀਆਂ ਨੇ ਸੂਬੇ ਦੇ ਲੋਕਾਂ ਨੂੰ ਧਿਆਨ ਵਿਚ ਰੱਖ ਕੇ ਨਾ ਨੀਤੀਆਂ ਬਣਾਈਆਂ ਅਤੇ ਨਾ ਬਣਾਉਣ ਦੀ ਨੀਅਤ ਹੈ। ਉਨ੍ਹਾਂ ਨੂੰ ਅਜਿਹਾ ਕਰਨ ਦੀ ਲੋੜ ਵੀ ਕੀ ਹੈ? ਉਨ੍ਹਾਂ ਨੇ ਆਪਣੇ ਬੱਚੇ ਵਿਦੇਸ਼ਾਂ ਵਿਚ ਪੜ੍ਹਉਣੇ ਹਨ, ਇਲਾਜ ਸਰਕਾਰੀ ਖਰਚੇ 'ਤੇ ਬਾਹਰੋਂ ਕਰਾਉਣਾ ਹੈ, ਸੂਬੇ ਵਿਚ ਤਾਂ ਸਿਰਫ ਲੋਕਾਂ 'ਤੇ ਰਾਜ ਹੀ ਕਰਨਾ ਹੈ। ਨਤੀਜੇ ਵਜੋਂ ਸਕੂਲਾਂ, ਕਾਲਜਾਂ, ਹਸਪਤਾਲਾਂ ਦਾ ਬੁਰਾ ਹਾਲ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਨੇ ਲੋਕਾਂ ਦਾ ਤ੍ਰਾਹ ਕੱਢਿਆ ਪਿਆ ਹੈ। ਹਾਲਾਤ, ***'ਵਾਰਿਸ ਸ਼ਾਹ ਕੁਸੰਭੇ ਦੇ ਫੋਕ ਵਾਂਗੂੰ ਸਾਡਾ ਓੜਕਾਂ ਰਸਾਂ ਨਿਚੋੜਿਆ ਈ'***, ਵਰਗੇ ਬਣੇ ਪਏ ਹਨ।

ਰਵਾਇਤੀ ਪਾਰਟੀਆਂ ਝੂਠੇ ਵਾਅਦੇ ਕਰ ਕੇ ਰਾਜ ਭਾਗ ਹਥਿਆਉਣ ਕਾਰਨ ਸਵਾਲਾਂ ਦੇ ਘੇਰੇ ਵਿਚ ਹਨ। ਅਕਾਲੀ ਦਲ ਦਾ ਪ੍ਰਧਾਨ ਦੋ ਸੰਵਿਧਾਨ ਰੱਖਣ ਦੇ ਮੁਕੱਦਮੇ ਵਿਚ ਜ਼ਮਾਨਤ ਕਰਵਾ ਚੁੱਕਾ ਹੈ ਅਤੇ ਉਸ ਦਾ ਰਿਸ਼ਤੇਦਾਰ ਮਜੀਠੀਆ ਨਸ਼ਾ ਤਸਕਰੀ ਦੇ ਕੇਸ ਵਿਚ ਜ਼ਮਾਨਤ ਕਰਾਉਣ ਲਈ ਲੁਕਿਆ ਫਿਰਦਾ ਹੈ। ਰਾਜ ਕਰ ਰਹੀ ਕਾਂਗਰਸ ਦਾ ਪਿਛਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਭਾਜਪਾ ਦੀ ਝੋਲੀ ਜਾ ਪਿਆ ਹੈ। ਲੋਕਾਂ ਨੂੰ ਹੁਣ ਕੋਈ ਸ਼ੱਕ ਨਹੀਂ ਹੈ ਕਿ ਕੈਪਟਨ, ਭਾਜਪਾ, ਅਕਾਲੀ ਸਭ ਇੱਕ-ਦੂਸਰੇ ਦੇ ਹਿੱਤਾਂ ਦਾ ਖਿਆਲ ਰੱਖਦੇ ਹਨ ਨਾ ਕਿ ਆਮ ਸਾਧਾਰਨ ਲੋਕਾਂ ਦਾ।

ਅਜਿਹੇ ਮਾਹੌਲ ਵਿਚ ਆ ਰਹੀਆਂ ਸੂਬਾਈ ਚੋਣਾਂ ਅਹਿਮ ਹਨ। ਕਿਸਾਨ ਜਥੇਬੰਦੀਆਂ ਵੱਲੋਂ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦੇ ਐਲਾਨ ਨੇ ਇੱਕ ਨਵੀਂ ਉਮੀਦ ਜਗਾਈ ਹੈ। ਕਿਸਾਨਾਂ ਦੀ ਇਹ ਧਿਰ ਸੰਯੁਕਤ ਸਮਾਜ ਮੋਰਚੇ ਦੇ ਨਾਂ ਹੇਠ ਚੋਣਾਂ ਵਿਚ ਉੱਤਰੀ ਹੈ। ਇਸ ਧਿਰ ਨੇ ਕਿਸਾਨ ਸੰਘਰਸ਼ ਰਾਹੀਂ ਸਮਾਜਿਕ ਏਕਤਾ ਅਤੇ ਲੋਕਤੰਤਰੀ ਸੰਘਰਸ਼ ਦਾ ਜੋ ਨਮੂਨਾ ਪੇਸ਼ ਕੀਤਾ ਹੈ, ਉਹ ਰਵਾਇਤੀ ਪਾਰਟੀਆਂ ਦੇ ਵਿਹਾਰ ਦੇ ਬਿਲਕੁਲ ਉਲਟ ਹੈ। ਹੁਣ ਜਦ ਸੰਯੁਕਤ ਕਿਸਾਨ ਮੋਰਚਾ ਚੋਣਾਂ ਲੜਨ ਲਈ ਕੁੱਦ ਪਿਆ ਹੈ ਤਾਂ ਬਹੁਤ ਲੋਕ ਉਤਸ਼ਾਹ ਵਿਚ ਹਨ ਅਤੇ ਕਈਆਂ ਦੇ ਕੁੱਝ ਸ਼ੰਕੇ ਅਤੇ ਸਵਾਲ ਵੀ ਹਨ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਚੋਣਾਂ ਲੜਨ ਦੀ ਥਾਂ ਜਨਤਕ ਦਬਾਅ ਵਾਲਾ ਗਰੁੱਪ ਹੀ ਬਣੇ ਰਹਿਣਾ ਚਾਹੀਦਾ ਹੈ ਅਤੇ ਆਪਣੀਆਂ ਮੰਗਾਂ ਸਰਕਾਰਾਂ 'ਤੇ ਦਬਾਅ ਪਾ ਕੇ ਹੀ ਮਨਵਾਉਣੀਆਂ ਚਾਹੀਦੀਆਂ ਹਨ ਪਰ ਇਹ ਤਰਕ ਪੂਰਾ ਠੀਕ ਨਹੀਂ, ਜੋ ਮੰਗਾਂ ਦਬਾਅ ਪਾ ਕੇ ਮਨਵਾਈਆਂ ਜਾ ਸਕਦੀਆਂ ਹਨ, ਉਹ ਆਪਣੀ ਸਰਕਾਰ ਹੋਣ 'ਤੇ ਬਿਨਾਂ ਸੰਘਰਸ਼ ਤੋਂ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਜੇ ਸਰਕਾਰਾਂ ਲੋਕ ਪੱਖੀ ਹੋਣ ਤਾਂ ਲੰਮੇ ਸੰਘਰਸ਼ਾਂ ਦੀ ਲੋੜ ਹੀ ਨਾ ਪਵੇ। ਜਨਤਕ ਦਬਾਅ ਲਈ ਚੇਤੰਨ ਸ਼ਹਿਰੀਆਂ ਅਤੇ ਲੋਕ ਪੱਖੀ ਮੀਡੀਆ ਦੇ ਨਾਲ-ਨਾਲ ਵਿਧਾਨ ਸਭਾਵਾਂ ਅੰਦਰ ਪ੍ਰਭਾਵਸ਼ਾਲੀ ਵਿਰੋਧੀ ਧਿਰਾਂ ਦਾ ਹੋਣਾ ਵੀ ਜ਼ਰੂਰੀ ਹੈ। ਜੇ ਸੰਯੁਕਤ ਮੋਰਚੇ ਦੀ ਸਰਕਾਰ ਨਾ ਵੀ ਬਣੇ ਤਾਂ ਵੀ ਇਸ ਧਿਰ ਦੇ ਚੁਣ ਕੇ ਭੇਜੇ ਉਮੀਦਵਾਰ ਬਾਹਰਲੇ ਪ੍ਰੈਸ਼ਰ ਗਰੁੱਪ ਲਈ ਸਹਾਈ ਹੋ ਸਕਦੇ ਹਨ। ਲੋਕਤੰਤਰ ਵਿਚ ਜਨਤਕ ਸੰਘਰਸ਼ ਦੇ ਹਮਾਇਤੀ ਵਿਧਾਨ ਸਭਾਵਾਂ ਦੇ ਅੰਦਰ ਵੀ ਹੋਣੇ ਜ਼ਰੂਰੀ ਹਨ।




ਸੰਯੁਕਤ ਸਮਾਜ ਮੋਰਚੇ ਦੇ ਆਗੂਆਂ ਨੇ ਕਿਸਾਨ ਸੰਘਰਸ਼ ਦੌਰਾਨ ਆਪਣਾ ਬਿਰਤਾਂਤ ਘੜਨ, ਏਕਤਾ ਬਣਾਈ ਰੱਖਣ ਅਤੇ ਸਾਂਝੇ ਫੈਸਲੇ ਕਰਨ ਵੇਲੇ ਜਿਸ ਯੋਗਤਾ ਦਾ ਸਬੂਤ ਦਿੱਤਾ ਹੈ, ਉਹ ਸਰਾਹੁਣਯੋਗ ਹੈ। ਜੇ ਇਹੋ ਯੋਗਤਾ ਸੰਯੁਕਤ ਸਮਾਜ ਮੋਰਚੇ ਦੀ ਟੀਮ ਉਸਾਰਨ ਵਿਚ ਵਰਤੀ ਗਈ ਤਾਂ ਇਹ ਮੋਰਚਾ ਰਵਾਇਤੀ ਪਾਰਟੀਆਂ ਮੁਕਾਬਲੇ ਮਜ਼ਬੂਤ ਧਿਰ ਬਣ ਕੇ ਉੱਭਰੇਗਾ। ਕਿਸਾਨ ਸੰਘਰਸ਼ ਦੌਰਾਨ ਆਈ ਚੇਤਨਤਾ ਕਾਰਨ ਸੰਘਰਸ਼ ਨਾਲ ਜੁੜੇ ਲੋਕ ਮੁੜ ਰਵਾਇਤੀ ਪਾਰਟੀਆਂ ਨਾਲ ਜੁੜਨ ਦੀ ਥਾਂ ਕੋਈ ਨਵਾਂ ਸਿਹਤਮੰਦ ਰਾਜਸੀ ਬਦਲ ਤਲਾਸ਼ ਰਹੇ ਸਨ। ਸੰਯੁਕਤ ਸਮਾਜ ਮੋਰਚਾ ਉਨ੍ਹਾਂ ਨੂੰ ਇਹ ਬਦਲ ਦੇ ਰਿਹਾ ਹੈ। ਇਸ ਮੋਰਚੇ ਨੂੰ ਬਹੁਤੀ ਤਿਆਰੀ ਦੀ ਲੋੜ ਨਹੀਂ। ਇਸ ਮੋਰਚੇ ਦਾ ਇੰਜਣ ਤਾਂ ਸੰਘਰਸ਼ ਕਾਰਨ ਪਹਿਲਾਂ ਹੀ ਗਰਮ ਹੈ। ਲੋਕ ਸਰਗਰਮ ਹਨ ਅਤੇ ਸਿਆਸੀ ਤਬਦੀਲੀ ਲਈ ਇੱਛੁਕ ਹਨ।

ਮੋਰਚੇ ਸਾਹਮਣੇ ਵੱਡਾ ਇਮਤਿਹਾਨ ਹੈ ਯੋਗ ਉਮੀਦਵਾਰਾਂ ਦੀ ਚੋਣ। ਜੇ ਉਮੀਦਵਾਰਾਂ ਦੀ ਚੋਣ ਸਮੇਂ ਪਰਿਵਾਰਵਾਦ ਅਤੇ ਲਿਹਾਜ਼ਦਾਰੀਆਂ ਦੀ ਥਾਂ ਉਮੀਦਵਾਰਾਂ ਦੀ ਯੋਗਤਾ ਅਤੇ ਲੋਕਾਂ ਲਈ ਕੰਮ ਕਰਨ ਦੀ ਭਾਵਨਾ ਸਾਹਮਣੇ ਰੱਖੀ ਗਈ ਤਾਂ ਲੋਕ ਇਸ ਨੂੰ ਤਬਦੀਲੀ ਦਾ ਆਗਾਜ਼ ਸਮਝ ਕੇ ਮੋਰਚੇ ਦੀ ਹਮਾਇਤ ਵਿਚ ਜ਼ਰੂਰ ਆਉਣਗੇ। ਇਸ ਦੇ ਨਾਲ ਹੀ ਉਮੀਦਵਾਰਾਂ ਦਾ ਪਿਛੋਕੜ ਬੇਦਾਗ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਵੀ ਹੋਣਾ ਚਾਹੀਦਾ ਹੈ। ਚੰਗੇ ਉਮੀਦਵਾਰਾਂ ਦੀ ਚੋਣ ਹੀ ਮੋਰਚੇ ਦੀ ਅੱਧੀ ਜਿੱਤ ਸਾਬਤ ਹੋਵੇਗੀ।

ਇਸ ਤੋਂ ਅਗਲਾ ਕਦਮ ਹੈ ਚੋਣ ਮੈਨੀਫੈਸਟੋ। ਕਿਸਾਨ ਸੰਘਰਸ਼ ਦੇ ਬਿਰਤਾਂਤ ਉੱਪਰ ਹੋ ਰਹੇ ਸਭ ਘਾਤਕ ਹਮਲਿਆਂ ਨੂੰ ਪਛਾੜਨ ਲਈ ਇੱਕ ਯੋਧੇ ਵਜੋਂ ਲੜਨ ਵਾਲੇ ਸਰਦਾਰ ਮਲਵਿੰਦਰ ਸਿੰਘ ਮਾਲੀ ਦਾ ਵਿਚਾਰ ਹੈ ਕਿ ਪੰਜਾਬ ਦੀਆਂ ਚੋਣਾਂ ਲੜਨ ਵਾਲੀ ਹਰ ਧਿਰ ਕੋਲ ਪੰਜਾਬ ਵਾਸਤੇ ਕੋਈ ਨਾ ਕੋਈ ਰੋਡ ਮੈਪ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਇਹ ਗੱਲ ਬਿਲਕੁਲ ਠੀਕ ਹੈ ਕਿ ਰੋਡ ਮੈਪ ਤੋਂ ਬਿਨਾਂ ਰਾਜਸੀ ਤਾਕਤ ਹਾਸਲ ਕਰਨ ਦੀਆਂ ਗੱਲਾਂ ਕਰਨਾ ਪੰਜਾਬ ਦੀ ਭਲਾਈ ਦੀ ਥਾਂ ਆਪਣੀ ਭਲਾਈ ਕਰਨ ਵਾਲੀ ਗੱਲ ਹੀ ਹੋਵੇਗੀ। ਇਸ ਵਾਸਤੇ ਸੰਯੁਕਤ ਮੋਰਚੇ ਨੂੰ ਕੋਈ ਲਾਗੂ ਕਰਨਯੋਗ ਠੋਸ ਚੋਣ ਮੈਨੀਫੈਸਟੋ ਵੀ ਬਣਾਉਣਾ ਪਵੇਗਾ। ਜੇ ਨੀਅਤ ਸਾਫ ਹੋਵੇ ਤਾਂ ਇਹ ਕੰਮ ਔਖਾ ਨਹੀਂ। ਕੁੱਝ ਕੰਮ ਫੌਰੀ ਕਰਨ ਵਾਲੇ ਹੋਣਗੇ ਅਤੇ ਕੁੱਝ ਲੰਮੇ ਸਮੇਂ ਦੀ ਯੋਜਨਾ ਵਾਲੇ। ਲੋਕਾਂ ਨੂੰ ਰਾਹਤ ਦੇਣ ਲਈ ਪ੍ਰਸ਼ਾਸਨਿਕ ਤਬਦੀਲੀਆਂ ਵੀ ਜ਼ਰੂਰੀ ਹਨ। ਅੰਤ ਨੂੰ ਨਿਸ਼ਾਨਾ ਕਾਨੂੰਨ ਦਾ ਰਾਜ ਬਹਾਲ ਕਰਨ ਦਾ ਹੋਣਾ ਚਾਹੀਦਾ ਹੈ। ਪੰਜਾਬ ਸਿਰ ਕਰਜ਼ਾ ਕੋਈ ਵੱਡੀ ਗੱਲ ਨਹੀਂ ਹੈ। ਵਿਕਾਸ ਕਾਰਜਾਂ ਅਤੇ ਕਰਜ਼ੇ ਦੀ ਅਦਾਇਗੀ ਲਈ ਪੰਜਾਬ ਤੋਂ ਬਣੇ ਅਮੀਰਾਂ ਦੀ ਅਮੀਰੀ 'ਤੇ ਟੈਕਸ ਲਾ ਕੇ ਬਹੁਤ ਪੈਸਾ ਇਕੱਠਾ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ 50 ਲੱਖ ਸਾਲਾਨਾ ਤੋਂ ਵੱਧ ਆਮਦਨ ਵਾਲਿਆਂ 'ਤੇ 5% ਟੈਕਸ ਅਤੇ ਪੰਜ ਕਰੋੜ ਤੋਂ ਵੱਧ ਦੀ ਜਾਇਦਾਦ 'ਤੇ 1% ਟੈਕਸ ਲਗਾ ਕੇ ਪੰਜਾਬ ਦੇ ਅਮੀਰਾਂ ਦਾ ਸੂਬੇ ਦੇ ਵਿਕਾਸ ਵਿਚ ਯੋਗਦਾਨ ਪਵਾਇਆ ਜਾ ਸਕਦਾ ਹੈ।

ਭਾਵੇਂ ਕਈ ਕਿਸਾਨ ਜਥੇਬੰਦੀਆਂ ਚੋਣਾਂ ਤੋਂ ਬਾਹਰ ਰਹਿਣ ਦੀ ਗੱਲ ਕਰ ਰਹੀਆਂ ਹਨ ਪਰ ਕੀ ਚੋਣਾਂ ਦੌਰਾਨ ਇਨ੍ਹਾਂ ਜਥੇਬੰਦੀਆਂ ਨਾਲ ਸੰਘਰਸ਼ ਵਿਚ ਜੁੜੇ ਰਹੇ ਲੋਕ ਭਾਜਪਾ ਵਰਗੀਆਂ ਪਾਰਟੀਆਂ ਨੂੰ ਵੋਟ ਪਾਉਣ ਲਈ ਰਾਜ਼ੀ ਹੋ ਜਾਣਗੇ? ਬਿਲਕੁਲ ਨਹੀਂ। ਉਨ੍ਹਾਂ ਲਈ ਹੁਣ ਰਵਾਇਤੀ ਪਾਰਟੀਆਂ ਨੂੰ ਵੋਟ ਪਾਉਣਾ ਤਾਂ, ***'ਵਾਰਿਸ ਸ਼ਾਹ ਜਿਉਂ ਸੰਖੀਆ ਚੂਹਿਆਂ ਨੂੰ ,ਸੰਖ ਮੁੱਲਾਂ ਨੂੰ ਬਾਂਗ ਜਿਉਂ ਬਾਂਗ ਬਾਹਮਣਾ ਨੀ'***, ਵਾਲੀ ਗੱਲ ਹੋਈ ਪਈ ਹੈ। ਐਸੇ ਹਾਲਾਤ ਵਿਚ ਉਹ ਸੰਘਰਸ਼ ਵਿਚ ਰਹੀ ਆਪਣੀ ਸਾਥੀ ਧਿਰ ਨਾਲ ਹੀ ਖੜ੍ਹਨਗੇ। ਵੱਡੀ ਸੰਭਾਵਨਾ ਇਹ ਹੈ ਕਿ ਸੰਯੁਕਤ ਮੋਰਚੇ ਵੱਲੋਂ ਚੋਣ ਮੁਹਿੰਮ ਸ਼ੁਰੂ ਹੁੰਦਿਆਂ ਹੀ ਤਬਦੀਲੀ ਪਸੰਦ ਲੋਕਾਂ ਦੀ ਹਮਾਇਤ ਦਾ ਤੂਫਾਨ ਇਸ ਦੀ ਹਮਾਇਤ ਵਿਚ ਝੁੱਲ ਪਵੇ। ਰਵਾਇਤੀ ਪਾਰਟੀਆਂ ਤੋਂ ਬਦਜ਼ਨ ਹੋਏ ਲੋਕਾਂ ਦੀ ਹਾਲਤ, ***'ਵਾਰਿਸ ਸ਼ਾਹ ਬਣੀ ਹੁਣ ਬਹੁਤ ਔਖੀ, ਅੱਗੇ ਸੁੱਝਦਾ ਕਹਿਰ ਕਹਿਲੂਰ ਹੈ ਜੀ'***, ਵਰਗੀ ਬਣੀ ਪਈ ਹੈ। ਤਬਦੀਲੀ ਦੇ ਇੱਛੁਕ ਲੋਕ ਇਸ ਮੋਰਚੇ ਤੋਂ ਬਿਨਾਂ ਹੋਰ ਕਿਸ ਨੂੰ ਵੋਟ ਪਾਉਣਗੇ?

ਸੰਯੁਕਤ ਮੋਰਚੇ ਦੀ ਲੀਡਰਸ਼ਿਪ ਜੇ ਕਿਸਾਨ ਸੰਘਰਸ਼ ਵਾਂਗ ਆਪਣੀ ਦਿਆਨਤਦਾਰੀ ਬਣਾਈ ਰੱਖੇ ਤਾਂ ਪੰਜਾਬ ਦੇ ਲੋਕ ਬੁੱਲ੍ਹੇ ਸ਼ਾਹ ਦੇ ਕਥਨ, ***'ਭੁਰਿਆਂ ਵਾਲੇ ਰਾਜੇ ਕੀਤੇ'***, ਨੂੰ ਮੁੜ ਸੱਚ ਕਰ ਕੇ ਲੋਕ ਸਰੋਕਾਰਾਂ ਤੋਂ ਉਪਰਾਮ ਰਵਾਇਤੀ ਸਿਆਸੀ ਧਿਰਾਂ ਨੂੰ, ***'ਮੁਗਲਾਂ ਜ਼ਹਿਰ ਪਿਆਲੇ ਪੀਤੇ'***, ਦੀ ਭਾਵਨਾ ਅਨੁਸਾਰ ਧੂੜ ਵੀ ਚਟਾ ਸਕਦੇ ਹਨ।

ਜਿਵੇਂ ਕਿਸਾਨ ਮੋਰਚੇ ਨੂੰ ਲੀਹੋਂ ਲਾਹੁਣ ਵਾਲੀਆਂ ਸਾਰੀਆਂ ਚਾਲਾਂ ਅਤੇ ਧਿਰਾਂ ਨਾਕਾਮ ਹੋਈਆਂ ਹਨ, ਉਸੇ ਤਰ੍ਹਾਂ ਸੰਯੁਕਤ ਸਮਾਜ ਮੋਰਚੇ ਨੂੰ ਬਦਨਾਮ ਕਰਨ ਦੇ ਯਤਨ ਹੋਣਗੇ, ਕਈ ਤਰ੍ਹਾਂ ਦੇ ਸਿਆਸੀ ਘਚੌਲੇ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਹੋਣਗੀਆਂ। ਉਮੀਦ ਹੈ ਕਿ ਕਿਸਾਨ ਸੰਘਰਸ਼ ਕਾਰਨ ਪੈਦਾ ਹੋਈ ਚੇਤਨਾ ਇਨ੍ਹਾਂ ਕੁ-ਚਾਲਾਂ ਨੂੰ ਅਸਫਲ ਕਰ ਕੇ ਨਵਾਂ ਇਤਿਹਾਸ ਲਿਖੇਗੀ ਅਤੇ ਵਾਰਿਸ ਸ਼ਾਹ ਦਾ ਇਹ ਕਥਨ, ***' ਜਦ ਦੇਸ ਤੇ ਜੱਟ ਤਿਆਰ ਹੋਏ, ਘਰੋ ਘਰੀ ਜਾਨ ਵੀ ਸਰਕਾਰ ਹੋਈ'***, ਮੁੜ ਦੁਹਰਾਇਆ ਜਾ ਸਕਦਾ ਹੈ, ਜ਼ਰਾ ਦ੍ਰਿੜ ਤਬੀਅਤ ਦੀ ਲੋੜ ਹੈ। ਦੁਸ਼ਯੰਤ ਕੁਮਾਰ ਦੀ ਐਮਰਜੈਂਸੀ ਦੇ ਕਾਲੇ ਦਿਨਾਂ ਦੌਰਾਨ ਲਿਖੀ ਗਜ਼ਲ ਦੇ ਇਹ ਬੋਲ ਯਾਦ ਆ ਰਹੇ ਹਨ:

ਕੌਨ ਕਹਿਤਾ ਹੈ ਆਕਾਸ਼ ਮੇਂ ਸੁਰਾਗ ਨਹੀਂ ਹੋ ਸਕਤਾ,'
ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ।'

### ਅਜੋਕੀ ਮੀਰੀ ਪੀਰੀ

ਮੀਰਾਂ ਦੇ ਹੈ ਤਾਬਿਆ ਪੀਰੀ,
ਤੇ ਧਰਮੀ ਅਸਥਾਨ ਦੁਹਾਈ
ਕੁਨਬਾ ਪਰਵਰ ਲੋਕਾਂ ਦੀ,
ਬਣ ਗਈ ਹੈ ਇਹ ਸ਼ਾਨ ਦੁਹਾਈ
ਮੰਦਰ ਮਸਜਿਦ ਗੁਰੂਦੁਆਰੇ,
ਹੁੰਦੇ ਪਏ ਹੈਰਾਨ ਦੁਹਾਈ
ਸੱਚੀ ਪੁੱਛੋ ਧਰਮ ਦੇ ਨਾਂ 'ਤੇ,
ਚਲਦੀ ਹੈ ਦੁਕਾਨ ਦੁਹਾਈ।

ਪੰਥ ਪੰਜਾਬ ਦਾ ਵਾਸਤਾ ਪਾ ਕੇ,
ਮੀਰੀ ਸੰਗਤ ਤੋੜ ਰਹੀ ਹੈ
ਗੁਰੂਆਂ ਦੀ ਸਭ ਕਰੀ ਕਰਾਈ,
ਲਾਲਚ ਦੇ ਵਸ ਰੋੜ੍ਹ ਰਹੀ ਹੈ
ਪੰਜਾਬ ਦੀ ਆਭਾ ਉਨਤੀ ਨੂੰ ਇਹ,
ਪੁੱਠੇ ਪੈਰੀਂ ਤੋਰ ਰਹੀ ਹੈ
ਮੋਹ ਮਾਇਆ ਵਿਚ ਪਰਚੀ ਹੋਈ,
ਆਪਣਾ ਖਾਤਾ ਜੋੜ ਰਹੀ ਹੈ।

ਅਵਲ ਅੱਲਾ ਨੂਰ ਉਪਾਇਆ,
ਦੇ ਜੋ ਨਾਅਰੇ ਮਾਰ ਰਹੇ ਨੇ
ਸਾਂਝੇ ਨੂਰ ਦੀ ਉਪਜ ਨੂੰ ਦੇਖੋ,
ਕਰ ਇਹ ਤਾਰੋ-ਤਾਰ ਰਹੇ ਨੇ

ਧਰਮ-ਕਰਮ ਦਾ ਨਾਮ ਵਰਤ ਕੇ,
ਆਪਣਾ ਬੁੱਤਾ ਸਾਰ ਰਹੇ ਨੇ
ਹਰ ਇੱਕ ਪੰਜੀਂ ਸਾਲੀਂ ਇੰਝ ਹੀ,
ਬਣਦੇ ਪਏ ਹੁਸ਼ਿਆਰ ਰਹੇ ਨੇ।

ਰੋਕਣ ਲਈ ਬੇਅਦਬੀਆਂ ਮੁੜ ਕੇ,
ਝੂਠੀਆਂ ਕਸਮਾਂ ਚੁੱਕਣ ਵਾਲੇ
ਭਾਜਪਾ ਦੇ ਰੱਥ ਉਤੇ ਬਹਿ ਕੇ,
ਗਲੀ ਗਲੀ ਵਿਚ ਬੁੱਕਣ ਵਾਲੇ
ਗਿਰਗਿਟ ਵਾਂਗੂੰ ਰੰਗ ਬਦਲਦੇ,
ਇਹ ਤਾਂ ਨਹੀਓਂ ਰੁਕਣ ਵਾਲੇ
ਲੋੜ ਮੁਤਾਬਕ ਇਸ਼ਟ ਬਣਾਉਂਦੇ,
ਇਹ ਨੇ ਥਾਂ ਥਾਂ ਝੁਕਣ ਵਾਲੇ।

ਪੰਜਾਬ ਦੀ ਖੁਦਦਾਰੀ ਦੇ ਉਪਰ,
ਕੇਂਦਰ ਕਹੇ ਝੜਾਈ ਕਰਨੀ
ਦਿੱਲੀ ਤੋਂ ਕੋਈ ਝਾੜੂ ਲੈ ਕੇ,
ਕਹੇ ਪੰਜਾਬ ਸਫਾਈ ਕਰਨੀ
ਦੇਹਧਾਰੀਆਂ ਦੇ ਉਹ ਪੂਜਕ,
ਕਹਿੰਦੇ ਲੋਕ ਭਲਾਈ ਕਰਨੀ
ਪੱਖਪਾਤੀ ਨਾ ਹੋਵੀਂ 'ਢੇਸੀ',
ਤੂੰ ਕਲਮੀ ਅਗਵਾਈ ਕਰਨੀ।

***-ਕੁਲਵੰਤ ਸਿੰਘ 'ਢੇਸੀ'***

---

### ਪੋਹ ਦਾ ਮਹੀਨਾ

ਪੋਹ ਦਾ ਮਹੀਨਾ ਜ਼ਾਲਮ
ਅੱਤ ਦਾ ਕਮੀਨਾ,
ਜ਼ੋਰਾਵਰ ਤੇ ਫਤਿਹ ਸਿੰਘ
ਵਿਚ ਚਿਣੇ ਨੀਹਾਂ।
ਮਾਤਾ ਗੁਜਰੀ ਦੇ ਪੋਤਿਆਂ ਦਾ
ਕਹਿਣਾ ਤਾਣ ਸੀਨਾ,
ਅਸੀਂ ਜ਼ੁਲਮ ਤੇ ਜ਼ਬਰ ਅੱਗੇ
ਝੁਕਣਾ ਰੱਤੀ ਨਾ।
ਦਸਮੇਸ਼ ਗੁਰੂ ਗੱਲ ਕੀਤੀ ਹੈ
ਬਰਾਬਰੀ ਦੀ,
ਭੇਦ-ਭਾਵ ਸਭ ਮੇਟ ਦਿੱਤੇ
ਜਾਤ-ਪਾਤ ਦੇ।
ਨਾਂ ਨਾਲ 'ਸਿੰਘ' ਅਤੇ 'ਕੌਰ'
ਦੀ ਬਖਸ਼ ਪਦਵੀ,
ਨਿਰਾਲਾ ਪੰਥ ਸਾਜ
ਇੱਕ ਉਤਮ ਮਿਸਾਲ ਦੀ।
ਧਰਮਾਂ ਦੀ ਤੰਗ ਸੌੜੀ
ਸੋਚ ਤੋਂ ਉਪਰ ਉਠ,
ਕਿਸੇ ਨੂੰ ਨਾ ਆਖਦੇ
ਧਰਮ ਤਬਦੀਲ ਲਈ।
ਤਦੇ ਪੀਰ ਬੁੱਧੂ ਸ਼ਾਹ,
ਗਨੀ ਖਾਂ ਤੇ ਨਬੀ ਖਾਂ,
ਆਣ ਗੁਰੂ ਨਾਲ ਲੋੜ ਵੇਲੇ
ਹੋਏ ਸਹਾਈ ਸੀ।
ਸਾਰਾ ਸਰਬੰਸ
ਵਾਰ ਦਿੱਤਾ ਸਰਬੱਤ ਲਈ,
ਨੀਵੇਂ-ਉੱਚੇ ਅਮੀਰ-ਗਰੀਬ
ਦਾ ਸੁਆਲ ਨਹੀਂ।
ਜਿਹੜਾ ਵੀ ਅਣਖ ਲਈ ਤੇ
ਜ਼ੁਲਮ ਦੇ ਖਿਲਾਫ ਖੜ੍ਹੂ,
ਉਹੀ ਮੇਰਾ ਸਿੱਖ ਸੱਚਾ
ਹੋਏ ਕੇ ਦਿਖਾਏ ਜੀ।

***-ਕੁਲਵੰਤ ਸਿੰਘ ਸਹੋਤਾ***
***604-589-5919***

---

### ਪਟਨੇ 'ਚ ਚੰਨ ਚੜ੍ਹਿਆ

ਮਾਤਾ ਗੁਜਰੀ ਨੂੰ ਮਿਲਣ ਵਧਾਈਆਂ,
ਜੀ ਮਾਤਾ ਗੁਜਰੀ ਨੂੰ,
ਜੰਮਿਆ ਈ ਪੁੱਤ ਸੂਰਮਾ, ਜੀ ਸੂਰਮਾ
ਖੁਸ਼ੀ ਵਿਚ ਵੰਡੇ ਚੂਰਮਾ, ਜੀ ਚੂਰਮਾ।

ਚੰਨ ਚੜ੍ਹਿਆ ਸ਼ਹਿਰ ਵਿਚ ਪਟਨੇ,
ਜੀ ਚੰਨ ਚੜ੍ਹਿਆ,
ਬੁੱਧੂ ਸ਼ਾਹ ਕਰੇ ਸਿਜਦਾ,
ਸਿਜਦਾ ਸਿਜਦਾ,
ਵਾਲੀ ਦੋ ਜਹਾਨ ਦਾ ਕਹੇ ਦਿਸਦਾ,
ਜੀ ਦਿਸਦਾ।

ਲੜਾਈ ਚਿੜੀ ਤੇ ਬਾਜ਼ ਦੀ ਹੋਣੀ,
ਜੀ ਲੜਾਈ ਚਿੜੀ ਤੇ,
ਜ਼ਾਲਮਾਂ ਨੂੰ ਪਾਊ ਦੰਦਲਾਂ,
ਜੀ ਦੰਦਲਾਂ ਦੰਦਲਾਂ,
ਖੰਡਾ ਬਾਟਾ ਖੜਕੇਗਾ ਵਿਚ ਜੰਗਲਾਂ,
ਜੀ ਵਿਚ ਜੰਗਲਾਂ।

ਉਹਨੇ ਗਿੱਦੜਾਂ ਤੋਂ ਸ਼ੇਰ ਬਣਾਉਣੇ,
ਜੀ ਉਹਨੇ ਗਿੱਦੜਾਂ ਤੋਂ,
ਸੀਸ ਬਦਲੇ ਅੰਮ੍ਰਿਤ ਛਕਾਉਣੇ,
ਛਕਾਉਣੇ ਛਕਾਉਣੇ,
ਸੁੱਤੀ ਕੌਮ ਦੇ ਨੇ ਭਾਗ ਜਗਾਉਣੇ,
ਜੀ ਭਾਗ ਜਗਾਉਣੇ।

ਬਣੂੰ ਯੋਧਾ ਉਹ ਮਹਾਂ ਬਲਿਦਾਨੀ,
ਜੀ ਬਣੂੰ ਯੋਧਾ,
ਪਰਿਵਾਰ ਵਾਰ ਕੇ ਵਾਰੂ ਜ਼ਿੰਦਗਾਨੀ,
ਜ਼ਿੰਦਗਾਨੀ ਜ਼ਿੰਦਗਾਨੀ,
ਤਾਂਹੀ ਕਹਾਊਗਾ ਸਰਬੰਸ ਦਾਨੀ,
ਜੀ ਸਰਬੰਸ ਦਾਨੀ।

***-ਸੇਵਾ ਸਿੰਘ ਨੂਰਪੁਰੀ***

# ਪਿਆਰ ’ਚ ਪਈ ਨਫ਼ਰਤ ਦੀ ਦਰਾੜ ‘ਹੇਟਰਜ਼’

ਬਤੌਰ ਨਾਇਕ ਪੁਖਰਾਜ ਭੱਲਾ ਦੀ ਫ਼ਿਲਮ ‘ਹੇਟਰਜ਼’ ਚਲੰਤ ਸਿਨਮੇ ਤੋਂ ਹਟ ਕੇ ਨੌਜਵਾਨਾਂ ਦੇ ਅਜੋਕੇ ਦੌਰ ਦੀ ਫ਼ਿਲਮ ਹੈ, ਜੋ ਪਿਆਰ ਦੇ ਰਾਹਾਂ ’ਚ ਫਿੱਕੀਆਂ ਪਈਆਂ ਯਾਰੀਆਂ-ਦੋਸਤੀਆਂ ਦੀ ਗੱਲ ਕਰਦੀ ਅੱਜ ਦੇ ਯੂਥ ਨੂੰ ਇੱਕ ਚੰਗਾ ਸੁਨੇਹਾ ਦਿੰਦੀ ਹੈ। ਇਕ ਜ਼ਮਾਨਾ ਸੀ ਜਦ ਲੋਕ ਯਾਰੀ-ਦੋਸਤੀ ਦੀਆਂ ਕਸਮਾਂ ਖਾਂਦੇ ਸੀ। ਪੱਗ ਵਟਾ ਕੇ ਯਾਰੀਆਂ ਤੋਂ ਉਪਰ ਉਠ ਕੇ ਭਰਾਵਾਂ ਵਰਗਾ ਰਿਸ਼ਤਾ ਨਿਭਾਉਂਦੇ ਸੀ। ਔਖੇ ਵਕਤ ’ਚ ਬਰਾਬਰ ਖੜ੍ਹਦੇ ਸੀ ਪਰ ਅੱਜ ਨਾ ਉਹ ਸਮਾਂ ਰਿਹਾ ਹੈ ਤੇ ਨਾ ਹੀ ਉਹ ਯਾਰੀਆਂ...।




ਸੋਸ਼ਲ ਮੀਡੀਆ ਯੁੱਗ ਵਿਚ ਮਤਲਬ ਲਈ ਪੈਦਾ ਹੁੰਦੀਆਂ ਯਾਰੀਆਂ-ਦੋਸਤੀਆਂ ਬਾਰੇ ਚਾਨਣਾ ਪਾਉਂਦੀ ਇਹ ਫ਼ਿਲਮ ਤਿੰਨ ਦੋਸਤਾਂ ਦੀ ਕਹਾਣੀ ਹੈ, ਜੋ ਸਮਾਜ ਵਿਚ ਚੰਗਾ ਬਣ ਕੇ ਦੂਜਿਆਂ ਲਈ ਕੁਝ ਕਰਨ ਦੀ ਸੋਚ ਰੱਖਦੇ ਹਨ ਪ੍ਰੰਤੂ ਕੁਝ ਘਟਨਾਵਾਂ ਉਨ੍ਹਾਂ ਦੇ ਰਾਹ ‘ਚ ਅੜਿੱਕਾ ਬਣ ਕੇ ਉਨ੍ਹਾਂ ਦੀ ਸੋਚ ਬਦਲ ਦਿੰਦੀਆਂ ਹਨ।

ਰੰਜੀਵ ਸਿੰਗਲਾ ਪ੍ਰੋਡਕਸ਼ਨ ਦੀ ਇਸ ਫ਼ਿਲਮ ‘ਚ ਪੁਖਰਾਜ ਭੱਲਾ, ਪ੍ਰਭ ਗਰੇਵਾਲ, ਅੰਮ੍ਰਿਤ ਅੰਬੇ, ਲੱਕੀ ਧਾਲੀਵਾਲ, ਕਰਮ ਕੌਰ, ਸੀਮਾ ਕੌਸ਼ਲ, ਮਲਕੀਤ ਰੌਣੀ, ਜਗਦੀਪ ਰੰਧਾਵਾ, ਲਵ ਗਿੱਲ, ਸੰਜੂ ਸੋਲੰਕੀ, ਹਰਸਿਮਰਨ ਅੱਤਲੀ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਮਨਪ੍ਰੀਤ ਬਰਾੜ ਨੇ ਲਿਖੀ ਹੈ, ਸਕਰੀਨ ਪਲੇਅ ਪੰਕਜ ਵਰਮਾ ਤੇ ਡਾਇਲਾਗ ਭਿੰਦੀ ਤੋਲਾਵਾਲ ਨੇ ਲਿਖੇ ਹਨ। ਇਸ ਫ਼ਿਲਮ ਦਾ ਨਿਰਦੇਸ਼ਕ ਮਨਪ੍ਰੀਤ ਬਰਾੜ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਫ਼ਿਲਮੀ ਖੇਤਰ ਨਾਲ ਜੁੜਿਆ ਹੋਇਆ ਹੈ ਤੇ ਜਿਸ ਕੋਲ ਪਾਲੀਵੁੱਡ ਤੇ ਬਾਲੀਵੁਡ ਦੇ ਨਾਮੀ ਨਿਰਦੇਸ਼ਕਾਂ ਨਾਲ ਕੰਮ ਕਰਨ ਦਾ ਤਜਰਬਾ ਹੈ। ਫਿਲਮ ਦੇ ਨਿਰਮਾਤਾ ਰੰਜੀਵ ਸਿੰਗਲਾ ਹਨ, ਜੋ ਇਸ ਤੋਂ ਪਹਿਲਾਂ ‘ਲਾਵਾਂ ਫੇਰੇ‘, ‘ਮਿੰਦੋ ਤਹਿਸੀਲਦਾਰਨੀ‘, ‘ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ’ ਵਰਗੀਆਂ ਕਾਮੇਡੀ ਭਰਪੂਰ ਪਰਿਵਾਰਕ ਫ਼ਿਲਮਾਂ ਬਣਾ ਚੁੱਕੇ ਹਨ। ਫ਼ਿਲਮ ਦੇ ਐਗਜ਼ੀਕਿਊਟਰ ਪ੍ਰੋਡਿਊਸਰ ਰਾਜਿੰਦਰ ਕੁਮਾਰ ਗਾਗਾਹਰ ਹਨ। ਫ਼ਿਲਮ ਦੇ ਕ੍ਰਿਏਟਿਵ ਪ੍ਰੋਡਿਊਸਰ ਇੰਦਰ ਬਾਂਸਲ ਹਨ। ਫ਼ਿਲਮ ਦੀ ਫੋਟੋਗ੍ਰਾਫੀ ਅਜ਼ੀਜ਼ ਸਿਦੀਕੀ ਨੇ ਕੀਤੀ ਹੈ। ਫ਼ਿਲਮ ਦਾ ਸੰਗੀਤ ਜੱਗੀ ਸਿੰਘ ਨੇ ਤਿਆਰ ਕੀਤਾ ਹੈ ਤੇ ਗਾਇਕ ਹਾਰਬੀ ਸੰਧੂ ਹੈ। ‘ਯਾਰ ਜਿਗਰੀ ਕਸੂਤੀ ਡਿਗਰੀ’, ’ਗੋਲਕ ਬੁਗਨੀ ਬੈਂਕ ਤੇ ਬਟੂਆ’, ’ਅਫਸਰ’, ’ਜਿੰਨੇ ਜੰਮੇ ਸਾਰੇ ਨਿਕੰਮੇ’ ਫ਼ਿਲਮਾਂ ਕਰ ਚੁੱਕੇ ਪੁਖਰਾਜ ਭੱਲਾ ਦਾ ਇਸ ਫ਼ਿਲਮ ਰਾਹੀਂ ਇੱਕ ਨਵਾਂ ਰੂਪ ਨਜ਼ਰ ਆਇਆ ਹੈ। ਮਾਡਲਿੰਗ ਤੋਂ ਫ਼ਿਲਮਾਂ ਵੱਲ ਆਈ ਪ੍ਰਭ ਗਰੇਵਾਲ ਦਾ ਕੰਮ ਵੀ ਸਲਾਹੁਣਯੋਗ ਹੈ। ਲੱਕੀ ਧਾਲੀਵਾਲ, ਅੰਮ੍ਰਿਤ ਅੰਬੇ ਦੀ ਅਦਾਕਾਰੀ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਨਵੇਂ ਸਾਲ ਦੇ ਪਹਿਲੇ ਹਫ਼ਤੇ 7 ਜਨਵਰੀ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਪ੍ਰਤੀ ਦਰਸ਼ਕਾਂ ਦਾ ਚੰਗਾ ਉਤਸ਼ਾਹ ਨਜ਼ਰ ਆ ਰਿਹਾ ਹੈ।

***-ਸੁਰਜੀਤ ਜੱਸਲ***
***ਫੋਨ: 98146-07737***

## ਆਖਰੀ ਸ਼ਾਮ

ਬੀਤਦੇ ਸਾਲ ਦੀ ਆਖਰੀ ਸ਼ਾਮ!
ਤੈਨੂੰ ਮੇਰਾ ਸਲਾਮ,
ਨਵੇਂ ਵਰ੍ਹੇ ਦੀ ਦਹਿਲੀਜ਼ ’ਤੇ
ਲਿਆਉਣ ਦਾ ਤੇਰਾ ਬੜਾ ਅਹਿਸਾਨ!
ਆਖਰੀ ਸ਼ਾਮ!
ਤੈਥੋਂ ਕੋਈ ਸ਼ਿਕਵਾ ਨਹੀਂ ਹੈ।
ਮਗਰ ਇਹ ਜ਼ਰੂਰ ਹੈ ਕਹਿਣਾ,
ਹੌਸਲੇ ਫਿਰਕਾਪ੍ਰਸਤਾਂ ਦੇ
ਇਸ ਸਾਲ ਵੀ ਵਧੇ ਨੇ
ਉਹ ਦੇਸ਼ ਦੀ ਗੰਗਾ-ਯਮੁਨਾ ਤਹਿਜ਼ੀਬ ਨੂੰ
ਖੇਰੂੰ ਖੇਰੂੰ ਕਰਨ ’ਤੇ ਅੜੇ ਨੇ।
ਭੀੜ ਵਲੋਂ ਬੇਕਸੂਰਾਂ ਨੂੰ ਮਾਰਨ ਦੇ ਸਿਲਸਿਲੇ
ਇਸ ਵਰ੍ਹੇ ਵੀ ਜਾਰੀ ਰਹੇ ਨੇ।
ਸਿਆਸੀ ਆਗੂ ਇਸ ਸਾਲ ਵੀ
ਆਪਣੇ ਹਿੱਤਾਂ ਲਈ ਦੇਸ਼ ਦੇ ਲੋਕਾਂ ਨੂੰ
ਧਰਮ ਦੇ ਨਾਂ ’ਤੇ ਵੰਡਣ ਲਈ
ਤਤਪਰ ਰਹੇ ਨੇ।
ਬੇਰੁਜ਼ਗਾਰ ਯੁਵਾ ਇਸ ਵਰ੍ਹੇ ਵੀ
ਦਰ-ਬ-ਦਰ ਦੀਆਂ ਠੋਕਰਾਂ ਖਾਣ ਲਈ
ਮਜਬੂਰ ਬੜੇ ਨੇ,
ਵਧ ਰਹੀ ਮਹਿੰਗਾਈ ਦੇ ਸਿਲਸਿਲੇ
ਹਾਲੇ ਵੀ ਨਹੀਂ ਥੰਮੇ ਨੇ,
ਤੇ ਗਰੀਬਾਂ ਦੇ ਦਿਨ ਇਸ ਸਾਲ ਵੀ
ਪਿਛਲੇ ਵਰ੍ਹੇ ਵਰਗੇ ਰਹੇ ਨੇ।
ਸਮੱਸਿਆਵਾਂ ਤੋਂ ਧਿਆਨ
ਹਟਾਉਣ ਲਈ
ਅਕਸਰ ਮੀਡੀਆ ਘਰਾਨੇ
ਫਜ਼ੂਲ ਦੀਆਂ ਬਹਿਸਾਂ ’ਚ ਉਲਝੇ ਰਹੇ ਨੇ।
ਹਾਂ... ਸੱਚ!
ਪਿਛਲੇ ਸਾਲ ਤੋਂ ਧਰਨਿਆਂ ’ਤੇ ਬੈਠੇ
ਅੰਨਦਾਤਾ ਆਪਣੀ ਤਪੱਸਿਆ ਦਾ
ਫਲ ਪਾਉਣ ’ਚ ਸਫਲ ਰਹੇ ਨੇ।
ਤੇ ਸਾਲ ਦੇ ਅਖੀਰ ’ਚ ਫੈਲੇ
ਓਮੀਕਰੋਨ ਦੇ ਖਤਰੇ
ਨਵੇਂ ਵਰ੍ਹੇ ਦੇ ਬੂਹੇ ਖੜ੍ਹੇ ਨੇ।
ਬੀਤਦੇ ਸਾਲ ਦੀ ਆਖਰੀ ਸ਼ਾਮ
ਤੈਨੂੰ ਹਾਲੇ ਮੈਂ ਬਹੁਤ ਕੁਝ ਹੈ ਕਹਿਣਾ
ਪਰ ਤੇਰੇ ਕੋਲ ਮੇਰੀ ਗੱਲ ਸੁਣਨ ਦਾ
ਕਿੱਥੇ ਸਮਾਂ ਰਿਹਾ ਏ।
ਸੋ ਜਾਂਦੇ ਜਾਂਦੇ ਤੈਨੂੰ ਇਹੋ ਕਹਿਣਾ।
ਕਿ ਨਵੀਂ ਸਵੇਰ ਨੂੰ
ਮੇਰਾ ਸਲਾਮ ਕਹਿਣਾ।
ਤੇ ਨਾਲੇ ਇਹ ਪੈਗਾਮ ਕਹਿਣਾ...
ਕਿ ਮੇਰੀਆਂ ਉਹੋ!
ਸਵੇਰਾਂ-ਸ਼ਾਮਾਂ ਲੋਟਾ ਦੇ
ਸੁੱਖ-ਸ਼ਾਂਤੀ ਦੀਆਂ ’ਵਾਵਾਂ ਮੁੜ ਚਲਾ ਦੇ
ਦੇਸ਼ ਨੂੰ ਪਿਛਾਂਹਖਿੱਚੂ ਸੋਚਾਂ ਤੋਂ
ਨਿਜਾਤ ਦਿਵਾ ਦੇ
ਤੇ ਦੇਸ਼ ਅੰਦਰ ਫੈਲੀ ਅਸਥਿਰਤਾ ਨੂੰ
ਦੂਰ ਭਜਾ ਕੇ
ਸਥਿਰਤਾ ਲਿਆ ਦੇ।

***-ਮੁਹੰਮਦ ਅੱਬਾਸ ਧਾਲੀਵਾਲ***
***ਫੋਨ: 98552-59650***

# ਨਵੇਂ ਸਾਲ ਨੂੰ ‘ਜੀ ਆਇਆਂ ਨੂੰ’

ਭਾਵੇਂ ਹਰ ਨਵਾਂ ਚੜ੍ਹਦਾ ਦਿਨ ਨਵੀਆਂ ਉਮੰਗਾਂ ਅਤੇ ਨਵਾਂ ਉਤਸ਼ਾਹ ਲੈ ਕੇ ਆਉਂਦਾ ਹੈ, ਪਰ ਨਵੇਂ ਸਾਲ ਦਾ ਪਹਿਲਾ ਦਿਨ ਬਹੁਤ ਖ਼ਾਸ ਹੁੰਦਾ ਹੈ। ਨਵੇਂ ਸਾਲ ਦੇ ਪਹਿਲੇ ਦਿਨ ਦਾ ਜਸ਼ਨ ਮਨਾਉਣਾ, ਜ਼ਿੰਦਗੀ ਵਿਚ ਖੁਸ਼ੀਆਂ ਭਰਨ ਦਾ ਵਧੀਆ ਬਹਾਨਾ ਹੈ। ਸਾਲ 2021 ਬਹੁਤ ਸਾਰੀਆਂ ਖੱਟੀਆਂ-



**ਡਾ. ਸੰਦੀਪ ਸਿੰਘ ਮੁੰਡੇ**
**ਪ੍ਰਧਾਨ, ਰਾਜਸਥਾਨ ਪੰਜਾਬੀ ਐਸੋਸੀਏਸ਼ਨ**
**ਫੋਨ: 94136-52646**

ਮਿਠੀਆਂ ਅਭੁੱਲ ਤੇ ਅਮਿਟ ਯਾਦਾਂ ਛੱਡ ਕੇ ਇਤਿਹਾਸ ਬਣ ਗਿਆ ਹੈ। ਇਕ ਵਾਰ ਫਿਰ ਨਵਾਂ ਸਾਲ 2022 ਸਾਡੇ ਲਈ ਨਵੇਂ ਸੰਕਲਪ, ਨਵੀਂ ਸੋਚ, ਨਵੀਂ ਆਸ਼ਾ ਅਤੇ ਨਵੀਂ ਤਾਜ਼ਗੀ ਭਰਨ ਆਇਆ ਹੈ। ਸਾਨੂੰ ਬੀਤੇ ਵਰ੍ਹੇ ਦੀਆਂ ਅਭੁੱਲ ਯਾਦਾਂ ਨੂੰ ਮਨੋ-ਵਿਸਾਰ ਕੇ ਅਤੇ ਉਨ੍ਹਾਂ ਤੋਂ ਸਬਕ ਲੈਂਦੇ ਹੋਏ ਨਵੇਂ ਸਾਲ 2022 ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ।

ਸਾਲ 2020 ਵਿਚ ਪੈਦਾ ਹੋਈ ਮਹਾਮਾਰੀ ਕੋਵਿਡ-19 ਨੇ ਬਹੁਤ ਸਾਰੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਬਦਲਾਅ ਕਰ ਦਿੱਤੇ ਹਨ। ਇਸ ਨੇ ਸਾਨੂੰ ਜ਼ਿੰਦਗੀ ਜਿਊਣ ਦੇ ਕੁਝ ਨਵੇਂ ਨੁਕਤੇ ਵੀ ਸਿਖਾ ਦਿੱਤੇ ਹਨ। ਇਸ ਨੇ ਮਨੁੱਖਤਾ ਦਾ ਬਹੁਤ ਵੱਡਾ ਨੁਕਸਾਨ ਕੀਤਾ। ਇਸ ਸਮੇਂ ਦੌਰਾਨ ਥਿਰਕਦੇ, ਟੁੱਟਦੇ ਪਾਰਿਵਾਰਕ ਰਿਸ਼ਤੇ ਅਤੇ ਮਨੁੱਖਤਾ ਦਾ ਘਾਣ ਹੁੰਦਾ ਵੇਖਿਆ, ਭਾਵ ਜਿਨ੍ਹਾਂ ਦ੍ਰਿਸ਼ਾਂ ਨੂੰ ਅਸੀਂ ਦੇਖਣਾ ਨਹੀਂ ਚਾਹੁੰਦੇ, ਉਹ ਕੁਝ ਅੱਖੀਂ ਦੇਖਣਾ ਪਿਆ ਪਰ ਬਦਲਦੇ ਸਮੇਂ ਅਤੇ ਕੋਵਿਡ-19 ਦੀ ਮਹਾਮਾਰੀ ਦੇ ਸੰਤਾਪ ਤੋਂ ਬਾਅਦ ਆਈ ਤਬਦੀਲੀ ਨੂੰ ਅਸੀਂ ਲਗਭਗ ਸਵੀਕਾਰ ਕਰ ਲਿਆ ਹੈ।

ਪੁਰਾਣੇ ਸਮਿਆਂ ਵਿਚ ਨਵੇਂ ਸਾਲ ਦੇ ਪਹਿਲੇ ਦਿਨ ਨੂੰ ਪਵਿੱਤਰ ਮੰਨਿਆ ਜਾਂਦਾ ਸੀ। ਲੋਕ ਧਾਰਮਿਕ ਸਥਾਨਾਂ, ਮੰਦਰਾਂ, ਮਸਜਿਦਾਂ, ਚਰਚਾਂ ਅਤੇ ਗੁਰਦੁਆਰਿਆਂ ਵਿਚ ਜਾ ਕੇ ਸਰਬੱਤ ਦੇ ਭਲੇ ਅਤੇ ਚੰਗੇ ਕਰਮਾਂ ਲਈ ਅਰਦਾਸ ਕਰਦੇ ਸਨ। ਇਸ ਦਿਨ ਹਰ ਪੇਸ਼ੇ ਦੇ ਲੋਕ, ਨੌਕਰੀ ਕਰਨ ਵਾਲੇ ਕਾਮੇ, ਕਾਰੋਬਾਰੀ, ਵਿਦਿਆਰਥੀ, ਪੇਸ਼ੇਵਰ, ਬੱਚੇ, ਨੌਜਵਾਨ, ਬਜ਼ੁਰਗ ਅਤੇ ਔਰਤਾਂ ਨਵੇਂ ਸਾਲ ਕੁਝ ਨਾ ਕੁਝ ਨਵਾਂ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਦੇ ਸਨ। ਲੋਕ ਨਵੇਂ ਸਾਲ ਦੇ ਦਿਨ ਅਨਾਥ ਆਸ਼ਰਮ, ਬੇਸਹਾਰਾ ਅਤੇ ਬੁਢਾਪਾ ਘਰਾਂ ‘ਚ ਜਾ ਕੇ ਬੇਸਹਾਰਾਂ ਨੂੰ ਲੰਗਰ ਛਕਾਉਂਦੇ ਅਤੇ ਲੋੜਵੰਦਾਂ ਨੂੰ ਪੁੰਨ-ਦਾਨ ਕਰਿਆ ਕਰਦੇ ਸਨ।

ਸਾਨੂੰ ਵਿਸ਼ਵ ਦੇ ਲੋਕਾਂ ਦੇ ਨਾਲ ਨਵੇਂ ਸਾਲ 2022 ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ। ਅਸੀਂ ਆਪਣੇ ਦਿਲ ਵਿਚੋਂ ਈਰਖਾ, ਨਫ਼ਰਤ ਅਤੇ ਹਉਮੈ ਨੂੰ ਕੱਢ ਕੇ ਮਨ ਵਿਚ ਪੈਦਾ ਹੋਈਆਂ ਭੈੜੀਆਂ ਭਾਵਨਾਵਾਂ ਅਤੇ ਭੁਲੇਖੇ ਦੂਰ ਕਰ ਕੇ ਨਿਰਮਲ ਮਨ ਨਾਲ ਨਵੇਂ ਸਾਲ ਦੀਆਂ ਸੱਚੀਆਂ ਖ਼ੁਸ਼ੀਆਂ ਮਾਣ ਸਕਦੇ ਹਾਂ। ਨਵੇਂ ਸਾਲ ਮੌਕੇ ਸਾਨੂੰ ਆਪਣੇ ਆਪ ਨਾਲ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੀ ਮਾਨਵਤਾ ਨੂੰ ਆਦਰ-ਸਤਿਕਾਰ, ਪਿਆਰ ਅਤੇ ਖੁਸ਼ੀਆਂ ਵੰਡਦੇ ਹੋਏ ਸਾਰਿਆਂ ਦਾ ਖਿਆਲ ਰੱਖਾਂਗੇ। ਅਸੀਂ ਆਪਣੇ ਅੰਦਰ ਮਿਹਨਤ, ਹਿੰਮਤ, ਪਿਆਰ, ਲਗਨ, ਹੌਸਲਾ, ਦ੍ਰਿੜਤਾ, ਆਦਰ-ਸਤਿਕਾਰ ਆਦਿ ਗੁਣ ਪੈਦਾ ਕਰਾਂਗੇ। ਅਸੀਂ ਬਿਨਾਂ ਕਿਸੇ ਵਿਤਕਰੇ ਦੇ ਸਭ ਨਾਲ ਪਿਆਰ, ਇਮਾਨਦਾਰੀ, ਬੋਲ ਪੁਗਾਉਣੇ, ਗਿਲੇ ਸ਼ਿਕਵੇ ਨਾ ਕਰਨੇ, ਵਾਤਾਵਰਨ ਦੀ ਸਾਂਭ-ਸੰਭਾਲ, ਮਿੱਠੀ ਬੋਲ-ਬਾਣੀ ਆਦਿ ਜੀਵਨ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਪੈਦਾ ਕਰਾਂਗੇ।

ਜੇ ਅਸੀਂ ਸੰਸਾਰ ਦੇ ਭਲਾਈ ਕਾਰਜਾਂ ਵਿਚ ਨਿਰੰਤਰ ਰੁੱਝੇ ਹੋਏ ਹਾਂ, ਤਾਂ ਅਸੀਂ ਹਰ ਰੋਜ਼ ਨਵੇਂਪਨ, ਜੋਸ਼ ਅਤੇ ਉਤਸ਼ਾਹ ਨੂੰ ਅਨੁਭਵ ਕਰਦੇ ਹਾਂ। ਸਾਨੂੰ ਅਜੋਕੇ ਸਮੇਂ ਦੀ ਚੰਗੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੱਲ੍ਹ ਨੂੰ ਨਹੀਂ ਬਲਕਿ ਅੱਜ ਤੋਂ ਹੀ ਚੰਗੇ ਕੰਮ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਸਾਨੂੰ ਦੁਨੀਆ ਨੂੰ ਪਿਆਰ ਅਤੇ ਖੁਸ਼ੀ ਨਾਲ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਭਾਈਚਾਰਕ ਸਾਂਝ ਖਰਾਬ ਹੋਵੇ। ਕੋਵਿਡ-19 ਮਹਾਮਾਰੀ ਮਨੁੱਖਤਾ ‘ਤੇ ਆਈ ਵੱਡੀ ਆਫਤ ਹੈ, ਪਰ ਆਸ ਕਰਦੇ ਹਾਂ ਕਿ ਅਸੀਂ ਕਰੋਨਾ ਸੰਕਟ ਵਿਚੋਂ ਛੇਤੀ ਨਿਕਲਾਂਗੇ ਅਤੇ ਪਹਿਲਾਂ ਵਾਂਗ ਹੀ ਬੇਖੌਫ਼ ਹੋ ਕੇ ਆਪਣੇ ਜੀਵਨ ਦਾ ਆਨੰਦ ਮਾਣ ਸਕਾਂਗੇ। ਆਉ! ਇੱਕ ਵਾਰ ਫ਼ੇਰ ਬੀਤੇ ਵਰ੍ਹੇ ਦੀਆਂ ਕੌੜੀਆਂ ਯਾਦਾਂ ਨੂੰ ਭੁਲਾ ਕੇ ਨਵੇਂ ਸਿਰੇ ਤੋਂ ਨਵੇਂ ਸਾਲ ਦੀ ਸ਼ੁਰੂਆਤ ‘ਚ ਨਵੀਂ ਸ਼ਕਤੀ ਪੈਦਾ ਕਰ ਕੇ ਬੀਤੇ ਸਾਲ ਦੀਆਂ ਅਧੂਰੀਆਂ ਇੱਛਾਵਾਂ ਅਤੇ ਸੰਕਲਪਾਂ ਨੂੰ ਪੂਰਾ ਕਰੀਏ, ਦੂਸਰਿਆਂ ਦਾ ਹੌਸਲਾ ਬਣੀਏ, ਖੁਸ਼ੀਆਂ ਵੰਡੀਏ ਅਤੇ ਸਾਥ ਨਿਭਾਈਏ। ਆਪਣੀ ਸੋਚ ਉਚੇਰੀ ਕਰ ਮਿੱਥੇ ਟੀਚਿਆਂ ਨੂੰ ਪੂਰਾ ਕਰਨ ਲਈ ਦ੍ਰਿੜ ਇਰਾਦੇ ਨਾਲ ਕੰਮ ਕਰਨਾ ਆਰੰਭ ਕਰੀਏ। ਆਓ, ਮਿਲ ਕੇ ਇਕ ਵਾਰ ਫ਼ਿਰ ਬਦਲਦੇ ਹਾਲਾਤ ਨਾਲ ਆਪਣੇ ਕਦਮ ਮਿਲਾਉਂਦੇ ਹੋਏ ਨਵੇਂ ਸਾਲ 2022 ਨੂੰ ਜੀ ਆਇਆਂ ਕਹੀਏ।

# ਖੇਤੀਬਾੜੀ ਸੰਕਟ, ਕਿਸਾਨ ਅੰਦੋਲਨ ਅਤੇ ਪਾਪੂਲਿਜ਼ਮ

***(ਸਫਾ 24 ਦਾ ਬਾਕੀ)***

ਪਾਪੂਲਿਸਟਾਂ ਵਾਂਗ ਪੰਜਾਬੀ ਪਾਪੂਲਿਸਟ ਵੀ ਕਿਸਾਨੀ ਨਾਲ ਭਾਵੁਕਤਾ ਅਤੇ ਹਮਦਰਦੀ ਰੱਖਦੇ ਹਨ। ਪੰਜਾਬੀ ਪਾਪੂਲਿਸਟ ਬੁੱਧੀਜੀਵੀ ਵਰਗ ਜੋ ਪੰਜਾਬੀ ਅਖਬਾਰਾਂ ਅਤੇ ਰਸਾਲਿਆਂ ਵਿਚ ਪਿਛਲੇ ਲੰਮੇ ਸਮੇਂ ਤੋਂ (ਖਾਸ ਤੌਰ ‘ਤੇ ਕਿਸਾਨੀ ਅੰਦੋਲਨ ਦੌਰਾਨ) ਲਿਖ ਰਿਹਾ ਹੈ, ਉਹ ਵੱਖੋ-ਵੱਖਰੇ ਵਿਸ਼ਿਆਂ ਦੀ ਤਰਜਮਾਨੀ ਕਰਦਾ ਹੈ। ਅਖਬਾਰਾਂ ਦੇ ਸੰਪਾਦਕਾਂ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਤੱਕ ਨੇ ਪੂਰੀ ਇਮਾਨਦਾਰੀ ਨਾਲ ਆਪਣੇ ਆਪ ਨੂੰ ਕਿਸਾਨੀ ਅੰਦੋਲਨ ਦੇ ਸਮਰਥਕਾਂ ਵਜੋਂ ਪੇਸ਼ ਕਰਨ ਲਈ ਪੁਰਜ਼ੋਰ ਯਤਨ ਕੀਤਾ ਹੈ; ਉਂਜ, ਜੇ ਅਸੀਂ ਇਨ੍ਹਾਂ ਦੀਆਂ ਲਿਖਤਾਂ ਦੀ ਵਿਗਿਆਨਕ ਆਧਾਰ ‘ਤੇ ਪੜਚੋਲ ਕਰੀਏ ਤਾਂ ਭਾਵਨਾਤਮਕਵਾਦ, ਆਰਥਿਕ ਰੋਮਾਂਸਵਾਦ, ਪੇਂਡੂ ਸਭਿਆਚਾਰਕ ਇਕਜੁਟਤਾ ਦੀਆਂ ਮਿੱਥਾਂ ਅਤੇ ਉੱਤਰ-ਆਧੁਨਿਕਤਾਵਾਦ ਸਪੱਸ਼ਟ ਨਜ਼ਰ ਆਉਂਦੇ ਹਨ। ਪਿਛਲੇ ਇੱਕ ਸਾਲ ਦੇ ਅਖਬਾਰਾਂ ਦੀਆਂ ਲਿਖਤਾਂ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬੀ ਅਖਬਾਰਾਂ ਦੇ ਸੰਪਾਦਕਾਂ ਨੇ ਆਪ ਪਾਪੂਲਿਸਟ ਲਿਖਤਾਂ ਲਿਖਣ ਅਤੇ ਆਪਣੇ ਵਰਗੇ ਪਾਪੂਲਿਸਟ ਵਿਦਵਾਨਾਂ ਦੀਆਂ ਲਿਖਤਾਂ ਨੂੰ ਪ੍ਰਫੁੱਲਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਸਮੇਂ ਦੌਰਾਨ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਸੰਪਾਦਕਾਂ ਨੇ ਕਿਸੇ ਵੀ ਅਜਿਹੀ ਲਿਖਤ ਨੂੰ ਤਵੱਜੋਂ ਨਹੀਂ ਦਿੱਤੀ (ਜਾਂ ਅਜਿਹੀ ਲਿਖਤ ਲਿਖੀ ਹੀ ਨਹੀਂ ਗਈ) ਜੋ ਖੇਤੀ ਸਵਾਲ/ਸੰਕਟ ਅਤੇ ਕਿਸਾਨੀ ਅੰਦੋਲਨ ਦੀ ਕਿਸੇ ਹੋਰ ਵਿਚਾਰਧਾਰਾ (ਵਿਗਿਆਨਕ) ਦੇ ਆਧਾਰ ‘ਤੇ ਵੱਖਰੀ ਸਮਝ ਪੇਸ਼ ਕਰਦੀ ਹੋਵੇ। ਦੂਜੇ ਸ਼ਬਦਾਂ ਵਿਚ, ਪੰਜਾਬੀ ਅਖਬਾਰਾਂ ਵਿਚ ਬਹਿਸ ਤੇ ਪੜਚੋਲ ਜਿਸ ਦੁਆਰਾ ਕਿਸਾਨੀ ਅੰਦੋਲਨ ਨੇ ਸੇਧ ਲੈ ਕੇ ਖੇਤੀ ਸਵਾਲ/ਸੰਕਟ ਦੇ ਸਥਾਈ ਹੱਲ ਲਈ ਸੰਘਰਸ਼ ਵਿੱਢਣ ਲਈ ਪ੍ਰੇਰਨਾ ਲੈਣ ਦੇ ਨਾਲ-ਨਾਲ ਜਨਤਕ ਘੋਲ ਬਣਨ ਦੀਆਂ ਸੰਭਾਵਨਾਵਾਂ ਪੈਦਾ ਕਰਨੀਆ ਸਨ, ਨੂੰ ਕੋਈ ਤਵੱਜ਼ੋ ਨਹੀਂ ਦਿੱਤੀ। ਇੱਕੋ ਵਿਚਾਰਧਾਰਾ ਵਾਲੇ ਬੁੱਧੀਜੀਵੀਆਂ (ਪਾਪੂਲਿਜ਼ਮ/ਰੋਮਾਂਸਵਾਦ) ਦੇ ਲੇਖਾਂ ਦੀ ਭਰਮਾਰ ਅਤੇ ਵਾਰ-ਵਾਰ ਦੁਹਰਾਈਆਂ ਗੱਲਾਂ ਨੇ ਅਖਬਾਰਾਂ ਦੀ ਭੂਮਿਕਾ ‘ਤੇ ਤਾਂ ਸਵਾਲੀਆ ਨਿਸ਼ਾਨ ਲਗਾਇਆ ਹੀ ਹੈ ਸਗੋਂ ਪੰਜਾਬੀ ਬੁੱਧੀਜੀਵੀ ਵਰਗ ਦੀ ਕਿਸਾਨੀ ਸਵਾਲ/ਸੰਕਟ ਦੀ ਸਮਝ ਦੀ ਨਿਸ਼ਾਨਦੇਹੀ ਕਰਨ ਦੀ ਮਹੱਤਤਾ ਨੂੰ ਹੋਰ ਵੀ ਵਧਾ ਦਿੱਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਨੇ ਭਾਰਤ ਸਰਕਾਰ ਅਤੇ ਪੂੰਜੀਵਾਦੀ ਜਮਾਤ ਦੇ ਗੱਠਜੋੜ ਜੋ ਖੇਤੀ ਦੇ ਸਵਾਲ/ਸੰਕਟ ਨੂੰ ਨਵ-ਉਦਾਰਵਾਦੀ ਪੂੰਜੀਵਾਦ ਦੁਆਰਾ ਹੱਲ ਕਰਨ ਦਾ ਯਤਨ ਕਰਨਾ ਚਾਹੁੰਦਾ ਸੀ, ਨੂੰ ਕਿਸਾਨੀ ਅੰਦੋਲਨ ਦੌਰਾਨ ਆਮ ਲੋਕਾਈ ਦੇ ਸਾਹਮਣੇ ਲਿਆਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਪ੍ਰਸੰਗ ਵਿਚ ਪੰਜਾਬੀ ਬੁੱਧੀਜੀਵੀਆਂ ਦੀ ਵਿਚਾਰਧਾਰਾ ਕਿਸਾਨੀ ਸਵਾਲ/ਸੰਕਟ ਦੇ ਪੂੰਜੀਵਾਦੀ ਹੱਲ ਦੀ ਪੂਰੀ ਤਰ੍ਹਾਂ ਵਿਰੋਧੀ ਨਜ਼ਰ ਆਉਂਦੀ ਹੈ। ਅਜਿਹਾ ਕਰਨ ਕਰਕੇ ਇਹ ਮਾਰਕਸਵਾਦ ਦੇ ਨੇੜੇ ਵੀ ਜਾਪਦੀ ਹੈ ਪਰ ਇਨ੍ਹਾਂ ਦੀ ਵਿਗਿਆਨਕ ਪੜਚੋਲ ਤੋਂ ਇਹ ਗੱਲ ਸ਼ਪੱਸ਼ਟ ਹੋ ਜਾਵੇਗੀ ਕਿ ਇਹ ਮਾਰਕਸਵਾਦੀ ਤਾਂ ਉੱਕਾ ਹੀ ਨਹੀਂ ਹੈ; ਹਾਲਾਂਕਿ ਇਨ੍ਹਾਂ ਵਿਚੋਂ ਕੁਝ ਬੁੱਧੀਜੀਵੀ ਆਪਣੇ-ਆਪ ਨੂੰ ਕਿਸੇ ਨਾ ਕਿਸੇ ਪੱਧਰ ‘ਤੇ ਮਾਰਕਸਵਾਦੀ ਪੇਸ਼ ਕਰਨ ਦਾ ਯਤਨ ਵੀ ਕਰਦੇ ਹੋਣਗੇ ਪਰ ਸਮੱਸਿਆ ਇਹ ਹੈ ਕਿ ਇਨ੍ਹਾਂ ਦੀਆਂ ਲਿਖਤਾਂ ਵਿਚ ਕਿਤੇ ਵੀ ਮਾਰਕਸ ਅਤੇ ਮਾਰਕਸਵਾਦੀ ਵਿਚਾਰਧਾਰਕਾਂ (ਮਾਰਕਸ, ਏਂਗਲਜ਼, ਕਾਉਟਸਕੀ, ਲੈਨਿਨ, ਮਾਓ ਆਦਿ) ਦਾ ਜ਼ਿਕਰ ਜਾਂ ਹਵਾਲਾ ਤੱਕ ਨਹੀਂ ਮਿਲਦਾ।

ਅਜੋਕੇ ਬੁੱਧੀਜੀਵੀਆਂ ਵਿਚ ਮਾਰਕਸ ਅਤੇ ਮੌਲਿਕ ਮਾਰਕਸਵਾਦੀਆਂ ਦੀਆਂ ਲਿਖਤਾਂ ਨੂੰ ਸੋਵੀਅਤ ਸੰਘ ਦੇ ਖਾਤਮੇ ਤੱਕ ਸੀਮਤ ਕਰ ਦੇਣ ਦੀ ਰੁਚੀ ਅਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਉੱਕਾ ਹੀ ਅਣਗੌਲਿਆ ਕਰਨ ਦੇ ਰੁਝਾਨ ਆਮ ਦਿਖਾਈ ਦਿੰਦੇ ਹਨ ਪਰ ਇੱਥੇ ਇਹ ਗੌਰਤਲਬ ਹੈ ਕਿ ਸਿਧਾਂਤ (ਆਈਡੀਆ) ਅਤੇ ਉਸ ਦਾ ਅਭਿਆਸ/ਅਮਲ/ਵਿਹਾਰ (ਪ੍ਰੈਕਟਿਸ) ਦੋ ਵੱਖ-ਵੱਖ ਪਹਿਲੂ ਹਨ। ਕਿਸੇ ਵਿਚਾਰਧਾਰਾ ਦੇ ਅਭਿਆਸ/ਅਮਲ ਦੇ ਫੇਲ੍ਹ ਹੋਣ ਦਾ ਮਤਲਬ ਇਹ ਨਹੀਂ ਕਿ ਸਿਧਾਂਤ ਫੇਲ੍ਹ ਹੋ ਗਿਆ। ਇਸ ਲਈ ਉਨ੍ਹਾਂ ਬੁੱਧੀਜੀਵੀਆਂ ਲਈ ਜੋ ਸਮਾਜ ਨੂੰ ਕਿਸੇ ਵਿਕਾਸਪੱਖੀ ਅਤੇ ਸ਼ੋਸ਼ਣ ਰਹਿਤ ਮਾਰਗ ‘ਤੇ ਲਿਜਾਣਾ ਚਾਹੁੰਦੇ ਹਨ, ਅਹਿਮ ਹੈ ਕਿ ਉਹ ਮਾਰਕਸ ਅਤੇ ਮੌਲਿਕ ਮਾਰਕਸਵਾਦੀ ਲਿਖਤਾਂ ਨੂੰ ਸਮੇਂ ਦੀਆਂ ਚੁਣੌਤੀਆਂ ਨੂੰ ਮੁੱਖ ਰੱਖ ਕੇ ਨਵਿਆਉਣ ਦਾ ਯਤਨ ਕਰਨ। ਪਿਛਲੇ 30 ਸਾਲਾਂ ਤੋਂ ਪੰਜਾਬੀ ਬੁੱਧੀਜੀਵੀਆਂ ਵਿਚ ਮਾਰਕਸ ਅਤੇ ਮੌਲਿਕ ਮਾਰਕਸਵਾਦੀਆਂ ਦੀਆਂ ਲਿਖਤਾਂ ਨੂੰ ਨਵਿਆਉਣ ਦਾ ਯਤਨ ਕਰਨਾ ਤਾਂ ਦੂਰ ਦੀ ਗੱਲ, ਉਹ ਤਾਂ ਮਾਰਕਸਵਾਦੀ ਸਿਧਾਂਤ ਦੀ ਨਿਆਇਕ ਅਤੇ ਸ਼ੋਸ਼ਣ-ਰਹਿਤ ਸਮਾਜ ਸਿਰਜਣ ਲਈ ਮਹੱਤਤਾ ਤੋਂ ਵੀ ਕਿਨਾਰਾ ਕਰ ਚੁੱਕੇ ਹਨ।

ਜਦੋਂ ਕਿਸਾਨੀ ਅੰਦੋਲਨ ਦੌਰਾਨ ਇਹ ਬੁੱਧੀਜੀਵੀ ਵਰਗ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਖੇਤੀ ਕਾਨੂੰਨਾਂ ਵਿਰੁੱਧ ਲੜਨ ਲਈ ਪ੍ਰੇਰਦਾ ਨਜ਼ਰ ਆਉਂਦਾ ਸੀ ਤਾਂ ਉਹ ਅੰਦੋਲਨ ਨੂੰ ਪੂੰਜੀਵਾਦੀ ਢਾਂਚੇ ਦੇ ਆਰਥਿਕ ਤਰਕ ਅਤੇ ਖਾਸੇ ਵਿਰੁੱਧ ਪੇਸ਼ ਨਾ ਕਰਕੇ (ਜੋ ਛੋਟੀ/ਦਰਮਿਆਨੀ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਗੁਰਬਤ ਦਾ ਮੁੱਖ ਕਾਰਨ ਹਨ) ਖੇਤੀ ਕਾਨੂੰਨਾਂ ਅਤੇ ਸਰਕਾਰ ਦੀਆਂ ਖੇਤੀ ਖੇਤਰ ਵਿਰੁੱਧ ਨੀਤੀਆਂ ਤੱਕ ਹੀ ਸੀਮਤ ਕਰਨ ਵਿਚ ਸਹਾਈ ਹੋਇਆ ਹੈ; ਭਾਵੇਂ ਇਨ੍ਹਾਂ ਦੀਆਂ ਲਿਖਤਾਂ ਨੇ ਆਮ ਲੋਕਾਂ ਦੀ ਚੇਤਨਾ ਵਿਚ ਵਾਧਾ ਕਰਨ ਲਈ ਮਹੱਤਵਪੂਰਨ ਯੋਗਦਾਨ ਤਾਂ ਪਾਇਆ ਹੈ ਪਰ ਕਿਸਾਨੀ ਅੰਦੋਲਨ ਦੌਰਾਨ ਇਨ੍ਹਾਂ ਦੀਆਂ ਲਿਖਤਾਂ ਦੀ ਭੂਮਿਕਾ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਤੋਂ ਵੱਧ ਪੂੰਜੀਵਾਦੀ ਢਾਂਚੇ ਨਾਲ ਲੜਨ ਲਈ ਕੋਈ ਠੋਸ ਰਣਨੀਤੀ ਦੀ ਵਕਾਲਤ ਨਹੀਂ ਕਰਦੀਆਂ। ਕਿਸਾਨੀ ਅੰਦੋਲਨ ਦੌਰਾਨ ਅਤੇ ਪਿਛਲੇ 30 ਸਾਲਾਂ ਤੋਂ ਇਸ ਬੁੱਧੀਜੀਵੀ ਵਰਗ (ਜੋ ਪੰਜਾਬ ਦੇ ਖੇਤੀਬਾੜੀ ਖੇਤਰ ਦੇ ਮਾਹਰ ਸਮਝੇ ਜਾਂਦੇ ਹਨ) ਨੇ ਖੇਤੀ ਸਵਾਲ/ਸੰਕਟ ਦਾ ਕੋਈ ਸਥਾਈ ਹੱਲ ਲੱਭਣ/ਪੇਸ਼ ਕਰਨ ਦੀ ਕੋਸ਼ਿਸ ਨਹੀਂ ਕੀਤੀ। ਜੇ ਅਸੀਂ ਇਹ ਵੀ ਮੰਨ ਲਈਏ ਕਿ ਸਰਕਾਰੀ ਬੁੱਧੀਜੀਵੀਆਂ (ਜਿਨ੍ਹਾਂ ਨੇ ਕਿਸਾਨੀ ਸੰਕਟ ਨੂੰ ਹੱਲ ਕਰਨ ਲਈ ਖੇਤੀ ਕਾਨੂੰਨਾਂ ਦੀ ਤਰਜਮਾਨੀ ਕੀਤੀ ਹੈ) ਅਤੇ ਪਾਪੂਲਿਸਟ ਬੁੱਧੀਜੀਵੀਆਂ (ਜਿਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਦੀ ਆਲੋਚਨਾ ਕੀਤੀ ਹੈ) ਦੇ ਬੌਧਿਕ ਅਤੇ ਸਿਧਾਂਤਕ ਕਸ਼ਮਕਸ਼ ਦਾ ਧੁਰਾ ਕਿਸਾਨੀ ਸਵਾਲ/ਸੰਕਟ ਦਾ ਹੱਲ ਸੀ ਤਾਂ ਸਰਕਾਰੀ ਬੁੱਧੀਜੀਵੀਆਂ ਅਨੁਸਾਰ, ਸਰਕਾਰ ਇਨ੍ਹਾਂ ਤਿੰਨੇ ਕਾਨੂੰਨਾਂ ਦੁਆਰਾ ਖੇਤੀ ਸਵਾਲ/ਸੰਕਟ ਨੂੰ ਨਵ-ਉਦਾਰਵਾਦੀ ਪੂੰਜੀਵਾਦ ਦੇ ਖੇਤੀ ਖੇਤਰ ਵਿਚ ਪਸਾਰ ਦੁਆਰਾ ਹੱਲ ਕਰਨਾ ਚਾਹੁੰਦੀ ਸੀ; ਦੂਜੇ ਪਾਸੇ, ਪਾਪੂਲਿਸਟ ਬੁੱਧੀਜੀਵੀ ਜੋ ਇਸ ਦਾ ਵਿਰੋਧ ਕਰ ਰਹੇ ਸਨ, ਇਸ ਹੱਲ ਤੋਂ ਇਨਕਾਰੀ ਸਨ। ਉਂਜ, ਇਨ੍ਹਾਂ ਪਾਪੂਲਿਸਟ ਬੁੱਧੀਜੀਵੀਆਂ ਦੁਆਰਾ ਵੀ ਕੋਈ ਅਜਿਹਾ ਸਿਧਾਂਤ ਨਹੀਂ ਪੇਸ਼ ਕੀਤਾ ਗਿਆ ਜੋ ਸਰਕਾਰੀ ਹੱਲ ਦੀ ਪੜਚੋਲ ਕਰਨ ਦੇ ਨਾਲ-ਨਾਲ ਖੇਤੀ ਸਵਾਲ/ਸੰਕਟ ਦਾ ਕੋਈ ਸਥਾਈ ਹੱਲ ਕਰਨ ਦੀ ਸਮਰੱਥਾ ਰੱਖਦਾ ਹੋਵੇ। ਖੇਤੀਬਾੜੀ ਪਾਪੂਲਿਸਟ ਵਿਚਾਰਧਾਰਾ ਦੀ ਤਰਜਮਾਨੀ ਕਰਦੇ ਪੰਜਾਬੀ ਬੁੱਧੀਜੀਵੀ ਵਰਗ ਦੀਆਂ ਲਿਖਤਾਂ ਦੀ ਵਿਗਿਆਨਕ ਪੜਚੋਲ ਇਹ ਦਰਸਾਉਂਦੀ ਹੈ ਕਿ ਇਹ ਖੇਤੀ ਸਵਾਲ/ਸੰਕਟ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਣਾ ਚਾਹੁੰਦੇ ਹਨ। ਇਹ ਦੋਵੇਂ ਧਾਰਨਾਵਾਂ (ਸਰਕਾਰੀ ਤੇ ਪਾਪੂਲਿਸਟ) ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਗੁਰਬਤ ਦਾ ਕੋਈ ਸਥਾਈ ਹੱਲ ਨਹੀਂ ਦੇ ਰਹੀਆਂ। ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਦੇ ਤਰਕ ਦੀ ਵਿਗਿਆਨਕ ਪੜਚੋਲ ਨੂੰ ਮੁੱਖ ਰੱਖਦੇ ਹੋਏ ਅਸੀਂ ਉਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ: ਆਰਥਿਕ-ਸਿਆਸੀ ਪਾਪੂਲਿਸਟ ਅਤੇ ਸਭਿਆਚਾਰਕ ਪਾਪੂਲਿਸਟ।

ਇਸ ਬਾਰੇ ਚਰਚਾ ਅਸੀਂ ਅਗਲੇ ਅੰਕ ਵਿਚ ਕਰਾਂਗੇ। ***(ਚੱਲਦਾ)***

# ਮੁਢਲਾ ਫਿਲਮੀ ਝੱਸ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

*ਫਿਲਮੀ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਬਹੁਤ ਵਧੀਆ ਲਿਖਾਰੀ ਵੀ ਸੀ। ਉਸ ਨੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

ਸਭ ਤੋਂ ਪਹਿਲਾ ਫਿਲਮੀ ਅਨੁਭਵ ਮੈਨੂੰ ਸੱਤਾਂ-ਅੱਠਾਂ ਸਾਲਾਂ ਦੀ ਉਮਰ ਵਿਚ ਹੋਇਆ।

ਰਾਵਲਪਿੰਡੀ ਸ਼ਹਿਰ ਵਿਚ ਪਲੇਗ ਦਾ ਖਤਰਾ ਉੱਠ ਪਿਆ ਸੀ। ਮੇਰੀ ਮਾਂ ਨੇ ਘਰ ਵਿਚ ਚੂਹਾ ਟੱਪਦਾ ਵੇਖਿਆ। ਉਸੇ ਦਿਨ ਉਹ ਬੱਚਿਆਂ ਨੂੰ ਨਾਲ ਲੈ ਕੇ ਭੇਰੇ ਚਲੀ ਗਈ ਜੋ ਸਾਹਨੀਆਂ ਦਾ ਪੁਸ਼ਤੈਨੀ ਟਿਕਾਣਾ ਹੈ। ਇਥੇ ਸਾਹਨੀਆਂ ਦਾ ਆਪਣਾ ਅਲੱਗ ਮਹੱਲਾ ਹੈ, ਸੇਠੀਆਂ ਦਾ ਅਲੱਗ, ਤੇ ਇਸੇ ਤਰ੍ਹਾਂ ਹੋਰ ਸਾਰੀਆਂ ਖੁਖਰੈਣ ਖੱਤਰੀ ਜ਼ਾਤਾਂ ਦਾ ਅਲੱਗ। ਇਹ ਕਦੋਂ ਤੇ ਕਿੰਜ ਹੋਇਆ, ਰੱਬ ਜਾਣੇ।

ਮੇਰੀ ਮਾਂ ਨੇ ਸਾਨੂੰ ਸਰੀਰਕ ਤੌਰ 'ਤੇ ਤਾਂ ਸੁਰਖਿਅਤ ਕਰ ਲਿਆ ਪਰ ਮਾਨਸਿਕ ਤੌਰ 'ਤੇ ਬੜੇ ਸੰਗੀਨ ਖਤਰਿਆਂ ਵਿਚ ਧੱਕ ਦਿਤਾ। ਭੇਰਾ ਨਾਂ ਨੂੰ ਤਾਂ ਸ਼ਹਿਰ ਸੀ ਪਰ ਵਾਤਾਵਰਨ ਨਿਰਾਪੁਰਾ ਪੇਂਡੂ ਸੀ। ਅੱਜ ਕੱਲ੍ਹ ਦੇ ਪੇਂਡੂ ਵਾਤਾਵਰਨ ਦਾ ਅੰਗਰੇਜ਼ਾਂ ਵੇਲੇ ਦੇ ਵਾਤਾਵਰਨ ਨਾਲ ਕੋਈ ਮੁਕਾਬਲਾ ਨਹੀਂ। ਬੇਸ਼ੱਕ ਉਸ ਵੇਲੇ ਚੀਜ਼ਾਂ ਸਸਤੀਆਂ ਸਨ, ਆਰਥਕ ਨਿਸਚਿੰਤਤਾ ਵੀ ਵਧੇਰੇ ਸੀ ਪਰ ਪੁਲਿਸ ਤੇ ਅਫਸਰੀ ਦਹਿਸ਼ਤ ਹੱਦਾਂ ਟੱਪਦੀ ਸੀ। ਮਨੁੱਖ ਨਾਲ ਕੇਵਲ ਸਲੂਕ ਹੀ ਪਸ਼ੂ ਵਾਲਾ ਨਹੀਂ ਸੀ ਕੀਤਾ ਜਾਂਦਾ ਬਲਕਿ ਉਹਨੂੰ ਪਸ਼ੂ ਬਣਾ ਛੱਡਣ, ਉਸ ਅੰਦਰੋਂ ਸਾਰੀ ਸਭਿਆ ਮਨੁੱਖਤਾ ਖਤਮ ਕਰ ਦੇਣ ਦੀ ਵੀ ਉਸ ਨਿਜ਼ਾਮ ਨੇ ਪੂਰੀ ਵਿਉਂਤ ਬੰਨ੍ਹੀ ਹੋਈ ਸੀ। ਹਰ ਪ੍ਰਕਾਰ ਦੀ ਬਦਚਲਨੀ, ਜਹਾਲਤ ਤੇ ਨਹੂਸਤ ਨੂੰ ਸ਼ਹਿ ਦਿੱਤੀ ਜਾਂਦੀ ਸੀ। ਸ਼ਰੀਫਾਂ ਲਈ ਇੱਜ਼ਤ ਨਾਲ ਝੱਟ ਲੰਘਾਣਾ ਦਿਨ-ਬਦਿਨ ਮੁਸ਼ਕਿਲ ਹੋ ਰਿਹਾ ਸੀ। ਜਿਹੜੇ ਇਸ ਪ੍ਰਵਿਰਤੀ ਦਾ ਵਿਰੋਧ ਕਰ ਸਕਦੇ ਸਨ, ਉਹ ਧਨ-ਦੌਲਤ ਦੇ ਲਾਲਚ ਵਿਚ ਰਾਵਲਪਿੰਡੀ ਤੇ ਲਾਹੌਰ ਵਰਗੇ ਵਡੇ ਸ਼ਹਿਰਾਂ ਨੂੰ ਨੱਠ ਜਾਣ ਦੇ ਮੌਕਿਆਂ ਦੀ ਭਾਲ ਵਿਚ ਰਹਿੰਦੇ ਸਨ। ਗਿਰਾਵਟ ਦਾ ਪਰਚਮ ਦਿਨੋ-ਦਿਨ ਬੁਲੰਦ ਹੋ ਰਿਹਾ ਸੀ। 1947 ਵਿਚ ਪੰਜਾਬੀਆਂ ਨੇ ਤੀਵੀਆਂ ਵਿਰੁਧ ਜਿਸ ਵਹਿਸ਼ਤ ਦਾ ਸਬੂਤ ਦਿਤਾ, ਉਸ ਦੀ ਤਿਆਰੀ ਦਾ ਮੁੱਢ ਦੂਰ-ਦਰਸ਼ੀ ਅੰਗਰੇਜ਼ ਸਰਕਾਰ ਨੇ ਉਦੋਂ ਤੋਂ ਬੰਨ੍ਹਣਾ ਸ਼ੁਰੂ ਕੀਤਾ ਸੀ।

ਇਕ ਦਿਨ ਸਾਡੇ ਸਕੂਲ ਵਿਚ ਐਲਾਨ ਹੋਇਆ ਕਿ ਰਾਤੀਂ ਸਭਨਾਂ ਵਿਦਿਆਰਥੀਆਂ ਨੂੰ 'ਬਾਇਸਕੋਪ' ਵਿਖਾਣ ਲਈ ਲਿਜਾਇਆ ਜਾਏਗਾ। ਬਾਇਸਕੋਪ ਲਈ ਮੰਡੂਆ ਸਾਡੇ ਘਰ ਦੇ ਨੇੜੇ ਪਰ ਸ਼ਹਿਰੋਂ ਬਾਹਰ, ਇਕ ਮੈਦਾਨ ਵਿਚ ਕਨਾਤਾਂ ਲਾ ਕੇ ਬਣਾਇਆ ਗਿਆ ਸੀ। ਛੱਤ ਖੁੱਲ੍ਹੀ। ਇਸ ਲਈ ਸ਼ੋਅ ਰਾਤ ਨੂੰ ਤਾਰਿਆਂ ਹੇਠ ਹੁੰਦੇ ਸਨ। ਪਰਦੇ ਦੇ ਲਾਗੇ ਉਚੇ ਮਚਾਨ ਉਪਰ ਬੁਲਾਰਾ ਖੜ੍ਹਾ ਰਹਿੰਦਾ। ਫਿਲਮਾਂ ਬੋਲਦੀਆਂ ਨਹੀਂ ਸਨ। ਬਣ ਕੇ ਵੀ ਵਲੈਤੋਂ ਆਉਂਦੀਆਂ ਸਨ। ਬੁਲਾਰਾ ਉਨ੍ਹਾਂ ਦੀ ਕਹਾਣੀ ਨਾਲ-ਨਾਲ ਬਿਆਨ ਕਰਦਾ ਜਾਂਦਾ ਸੀ।

ਸਾਰਾ ਸਕੂਲ ਸ਼ੋਅ ਵੇਖਣ ਜਾ ਰਿਹਾ ਸੀ, ਮਾਸਟਰ ਅਤੇ ਹੈਡਮਾਸਟਰ ਵੀ; ਤੇ ਸਾਡੇ ਦੇਸ ਵਿਚ ਮਾਸਟਰਾਂ ਨੂੰ ਇਖਲਾਕੀ ਫਰਿਸ਼ਤੇ ਮੰਨਣ, ਭੇਡਾਂ ਨੂੰ ਭੇਡੀਏ ਦਾ ਆਸਾਨ ਸ਼ਿਕਾਰ ਬਣਾ ਦੇਣ ਦੀ ਪਰੰਪਰਾ ਪੁਰਾਣੀ ਹੈ। ਮਾਂ ਨੇ ਖੁਸ਼ੀ ਨਾਲ ਮੈਨੂੰ ਤੇ ਮੇਰੇ ਨਿੱਕੇ ਵੀਰ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ। ਸਕੂਲ ਵਾਲਿਆਂ ਨੂੰ ਸ਼ੋਅ ਅੱਧੀ ਟਿਕਟ ਉਤੇ ਵਿਖਾਇਆ ਜਾਣਾ ਸੀ। ਇਹ ਵੀ ਤਾਂ ਉਸ ਦੇ ਨਰੋਇਆ ਅਤੇ ਗੁਣਕਾਰੀ ਹੋਣ ਦਾ ਹੀ ਸਬੂਤ ਸੀ।

ਮੈਂ ਪੰਜਤਾਲੀ ਵਰ੍ਹੇ ਪਹਿਲਾਂ ਦੀ ਗੱਲ ਕਰ ਰਿਹਾ ਹਾਂ। ਉਸ ਫਿਲਮ ਦੀ ਕਹਾਣੀ ਬਾਰੇ ਏਨਾ ਹੀ ਯਾਦ ਹੈ ਕਿ ਉਹ ਜਸੂਸੀ ਜਿਹੀ ਸੀ ਪਰ ਜਿਹੜੀ ਗੱਲ ਮੈਨੂੰ ਬਹੁਤ ਚੰਗੀ ਤਰ੍ਹਾਂ ਯਾਦ ਹੈ, ਤੇ ਸਦਾ ਯਾਦ ਰਹੇਗੀ, ਉਹ ਇਹ ਕਿ ਅਦਾਕਾਰੀ ਕਰਦਿਆਂ ਨਾਇਕਾ ਕਈ ਝਾਕੀਆਂ ਵਿਚ ਇਕਦਮ ਅਲਫ ਨੰਗੀ ਹੋ ਜਾਂਦੀ ਸੀ; ਤੇ ਬੁਲਾਰਾ ਬੋਲਦਾ ਸੀ- "ਸਾਹਿਬਾਨ, ਖਿਆਲ ਰਖੀਏ, ਯੇ ਨੰਗੀ ਨਹੀਂ ਹੈ। ਅਬ ਇਸ ਨੇ ਜਾਦੂਈ ਪੋਸ਼ਾਕ ਪਹਿਨ ਲੀ ਹੈ ਜਿਸ ਕੀ ਮਦਦ ਸੇ ਯੇ ਕਹੀਂ ਭੀ ਜਾ ਸਕਤੀ ਹੈ। ਯੇ ਸਭ ਕੋ ਦੇਖ ਸਕਤੀ ਹੈ ਮਗਰ ਇਸ ਕੋ ਕੋਈ ਨਹੀਂ ਦੇਖ ਸਕਤਾ!"

ਸੰਭਵ ਹੈ, ਉਹ ਠੀਕ ਹੀ ਕਹਿੰਦਾ ਹੋਵੇ। ਨਗਨ ਅਵਸਥਾ ਵਿਚ ਉਸ ਮੇਮ ਦਾ ਮੂੰਹ ਤਾਂ ਸਫੈਦ ਰਹਿੰਦਾ ਸੀ ਪਰ ਸਰੀਰ ਸਾਰਾ ਕਾਲਾ ਹੋ ਜਾਂਦਾ ਸੀ; ਜਾਂ ਤਾਂ ਉਸ ਦੇ ਨੰਗੇ ਸਰੀਰ ਉਪਰ ਕਾਲਾ ਮੇਕ-ਅੱਪ ਮਲ ਦੇਂਦੇ ਹੋਣਗੇ, ਜਾਂ ਕੋਈ ਚੁਮਟਣੀ ਪੁਸ਼ਾਕ ਪਹਿਨਾ ਦੇਂਦੇ ਹੋਣਗੇ। ਨਾ ਤਾਂ ਸਾਡੇ ਹੈਡਮਾਸਟਰ ਤੇ ਨਾ ਹੀ ਉਪਸਥਿਤ ਸ਼ਰੀਫਾਂ ਵਿਚੋਂ ਹੋਰ ਕਿਸੇ ਨੇ ਏਸ ਅਸ਼ਲੀਲਤਾ ਦਾ ਵਿਰੋਧ ਕੀਤਾ। ਔਰਤਾਂ ਨੂੰ ਸਿਨੇਮੇ ਲੈ ਜਾਣ ਦਾ ਉਦੋਂ ਰਿਵਾਜ ਨਹੀਂ ਸੀ। ਐਵੇਂ ਰੌਲਾ-ਗੌਲਾ ਪਾ ਕੇ ਆਪਣਾ ਸਵਾਦ ਕਿਉਂ ਖਰਾਬ ਕੀਤਾ ਜਾਏ? ਬੁਲਾਰੇ ਨੇ ਕਹਿ ਜੁ ਦਿੱਤਾ ਕਿ ਉਹ ਨੰਗੀ ਨਹੀਂ। ਬੱਚੇ ਸਰਲ ਜੀਵ ਹੁੰਦੇ ਹਨ। ਉਨ੍ਹਾਂ ਅਵੱਸ਼ ਬੁਲਾਰੇ ਦੀ ਗੱਲ ਉਤੇ ਯਕੀਨ ਕਰ ਲਿਆ ਹੋਵੇਗਾ। ਇਸ ਤਰ੍ਹਾਂ ਇਖਲਾਕੀ ਸੱਟ ਵਜਣ ਦੀ ਕੋਈ ਖਾਸ ਸੰਭਾਵਨਾ ਨਾ ਰਹੀ। ਫੇਰ, ਆਪਣਾ ਮਜ਼ਾ ਕਿਉਂ ਖਰਾਬ ਕੀਤਾ ਜਾਏ। ਮੁਮਕਿਨ ਹੈ, ਕਿਸੇ ਵਿਅਕਤੀ ਨੂੰ ਉੱਠ ਕੇ ਵਿਰੋਧ ਕਰਨ ਦਾ ਖਿਆਲ ਆਇਆ ਵੀ ਹੋਵੇ ਪਰ ਆਲੇ-ਦੁਆਲੇ ਸਭਨਾਂ ਨੂੰ ਪਾਪ ਦਾ ਹਿੱਸੇਦਾਰ ਬਣਿਆ ਵੇਖ ਕੇ ਉਹ ਵੀ ਖਾਮੋਸ਼ ਹੀ ਰਹਿ ਗਿਆ, ਜਿਵੇਂ ਬਲੈਕ ਨਾ ਕਰਨਾ ਚਾਹੁੰਦੇ ਹੋਏ ਵੀ ਕਈ ਫਿਲਮਕਾਰ ਬਲੈਕ ਕਰਦੇ ਹਨ, ਜਿਵੇਂ ਸੰਨ ਸੰਤਾਲੀ ਵੇਲੇ, ਸੌ-ਸੌ ਮਰਦਾਂ ਨੂੰ ਕਿਸੇ ਬੇ-ਸਹਾਰਾ ਧੀ-ਭੈਣ ਨਾਲ ਸਰੇ-ਬਾਜ਼ਾਰ ਜ਼ਨਾਂ ਕਰਦਿਆਂ ਵੇਖ ਕੇ ਵੀ ਲੋਕ ਖਾਮੋਸ਼ ਹੀ ਰਹੇ। ਆਲਾ-ਦੁਆਲਾ ਬੜਾ ਬਲਵਾਨ ਹੁੰਦਾ ਹੈ, ਤੇ ਪੰਜਾਬੀਆਂ ਲਈ ਉਹ ਵਿਸ਼ੇਸ਼ ਤੌਰ 'ਤੇ ਇਖਲਾਕੀ ਕਮਜ਼ੋਰੀ ਦਾ ਕਾਰਨ ਬਣਿਆ ਹੈ।



ਰਾਵਲਪਿੰਡੀ ਦਾ ਇਤਿਹਾਸਕ ਰੋਜ਼ ਸਿਨੇਮਾ ਜਿੱਥੇ ਬਲਰਾਜ ਸਾਹਨੀ ਨੇ ਫਿਲਮ ਦੇਖੀ ਸੀ ਅਤੇ (ਸੱਜੇ) ਬਲਰਾਜ ਸਾਹਨੀ ਫਿਲਮ 'ਪਵਿੱਤਰ ਪਾਪੀ' ਵਿਚ ਆਪਣੇ ਪੁੱਤਰ ਪਰੀਕਸ਼ਤ ਨਾਲ।

ਮੈਨੂੰ ਨਹੀਂ ਯਾਦ, ਉਸ ਵੇਲੇ ਮੇਰੇ ਅੰਦਰ ਕੋਈ ਲਿੰਗ-ਭਾਵ ਜਾਗਰਤ ਹੋਇਆ ਸੀ ਜਾਂ ਨਹੀਂ ਪਰ ਮੱਸ ਫੁਟਣ ਦੇ ਦਿਨ ਬਹੁਤ ਦੂਰ ਨਹੀਂ ਸਨ; ਤੇ ਬਾਲਗ ਹੁੰਦਿਆਂ ਸਾਰ ਉਸ ਤੀਵੀਂ ਦੀਆਂ ਨੰਗੀਆਂ ਛਾਤੀਆਂ ਦੇ ਕਲੋਜ਼-ਅਪ ਮੇਰੇ ਲਈ ਲਿੰਗ ਵਾਸ਼ਨਾ ਦਾ ਲੱਜ਼ਤ ਭਰਿਆ ਸਾਮਾਨ ਬਣ ਗਏ। ਇਸ ਨਾਲ ਮੇਰੀ ਸਰੀਰਕ ਅਤੇ ਮਾਨਸਿਕ ਹਾਨੀ ਕਿੰਨੀ ਹੋਈ, ਮੈਂ ਨਹੀਂ ਕਹਿ ਸਕਦਾ ਪਰ ਲਾਭ ਕੋਈ ਨਹੀਂ ਹੋਇਆ, ਏਨਾ ਮੈਂ ਜ਼ਰੂਰ ਕਹਿ ਸਕਦਾ ਹਾਂ।

ਦੋ-ਚਾਰ ਦਿਨ ਮਗਰੋਂ, ਮੈਂ ਏਸ ਤੋਂ ਵੀ ਗਿਰੇ ਹੋਏ ਦਰਜੇ ਦੀ ਫਿਲਮ ਵੇਖੀ। ਸਾਡਾ ਰਸੋਈਆ ਮੈਨੂੰ ਨਾਲ ਲੈ ਕੇ ਮੰਡੂਏ ਦੀ ਕਨਾਤ ਦੇ ਪਿਛਵਾੜੇ ਦਰੱਖਤ ਉਤੇ ਚੜ੍ਹ ਗਿਆ, ਕਿਉਂਕਿ ਟਿਕਟ ਜੋਗੇ ਪੈਸੇ ਉਸ ਕੋਲ ਨਹੀਂ ਸਨ। ਦਰੱਖਤ ਕਨਾਤ ਤੋਂ ਦੂਰ ਸੀ ਪਰ ਪਰਦੇ ਉਤੇ ਚਲਦੀਆਂ ਤਸਵੀਰਾਂ ਸਾਨੂੰ ਚੰਗੀ ਤਰ੍ਹਾਂ ਦਿਖਾਈ ਦੇਂਦੀਆਂ ਸਨ। ਸ਼ੋਅ ਸ਼ੁਰੂ ਹੁੰਦਿਆਂ ਸਾਰ ਪਹਿਲੀ ਹੀ ਝਾਕੀ ਵਿਚ ਇਕ ਮਰਦ ਤੇ ਇਕ ਔਰਤ, ਕੁੱਤਿਆਂ ਵਰਗੀ ਨਿਰਲੱਜਤਾ ਨਾਲ, ਤੇ ਹੂ-ਬ-ਹੂ ਉਸੇ ਤਰ੍ਹਾਂ ਭੋਗ ਵਿਚ ਜੁਟ ਪਏ। ਮੇਰੇ ਲਈ ਇਹ ਬੜਾ ਹੀ ਭਿਆਨਕ ਦ੍ਰਿਸ਼ ਸੀ ਕਿਉਂਕਿ ਮੈਨੂੰ ਨਹੀਂ ਸੀ ਪਤਾ ਕਿ ਉਹ ਕੀ ਕਰ ਰਹੇ ਹਨ। ਮੈਂ ਜ਼ੋਰ-ਜ਼ੋਰ ਦੀ ਚੀਕ ਉਠਿਆ ਅਤੇ ਨੌਕਰ ਨੂੰ ਜੋ ਮੈਥੋਂ ਉਪਰ ਵਾਲੀ ਸ਼ਾਖ 'ਤੇ ਚੜ੍ਹਿਆ ਹੋਇਆ ਸੀ, ਪੈਰੋਂ ਫੜ ਕੇ ਹੇਠਾਂ ਧਰੀਕਣ ਲੱਗ ਪਿਆ। ਪਹਿਲਾਂ ਤਾਂ ਉਸ ਨੇ ਮੈਨੂੰ ਚੁੱਪ ਰਹਿਣ ਦੀ ਡਾਂਟ ਦਿਤੀ ਪਰ ਜਦੋਂ ਮੈਂ ਕਿਸੇ ਹੀਲੇ ਚੁੱਪ ਨਾ ਹੋਇਆ ਤਾਂ ਉਹ ਬੇ-ਦਿਲੀ ਨਾਲ ਹੇਠਾਂ ਲਹਿਣ ਉਤੇ ਮਜਬੂਰ ਹੋ ਗਿਆ।

ਉਸ ਵੇਲੇ ਉਸ ਦ੍ਰਿਸ਼ ਨਾਲ ਮੈਨੂੰ ਕੇਵਲ ਘ੍ਰਿਣਾ ਹੋਈ ਸੀ ਪਰ ਜਿਉਂ-ਜਿਉਂ ਮੈਂ ਬਾਲਗ ਹੁੰਦਾ ਗਿਆ, ਘ੍ਰਿਣਾ ਵਿਚ ਆਕਰਸ਼ਣ ਦਾ ਵੀ ਮਿਸ਼ਰਨ ਹੁੰਦਾ ਗਿਆ। ਮੈਨੂੰ ਅਫਸੋਸ ਹੋਣ ਲੱਗ ਪੈਂਦਾ, ਮੈਂ ਕਿਉਂ ਰਸੋਈਏ ਦਾ ਸੁਆਦ ਖਰਾਬ ਕੀਤਾ। ਥੋੜੇ ਕਿੰਨੇ ਚਿਰਾਂ ਬਾਅਦ ਵਿਚਾਰੇ ਨੂੰ ਜ਼ਿੰਦਗੀ ਵਿਚ ਕੋਈ ਸੁਆਦ ਨਸੀਬ ਹੋਇਆ ਸੀ!

ਇਹ ਸੀ ਫਿਲਮਾਂ ਨਾਲ ਮੇਰੀ ਸਭ ਤੋਂ ਪਹਿਲੀ ਮੁਲਾਕਾਤ। ਜੇ ਏਸ ਪਿਛੋਂ ਮੈਂ ਜੀਵਨ ਵਿਚ ਕੋਈ ਹੋਰ ਫਿਲਮ ਨਾ ਵੀ ਵੇਖੀ ਹੁੰਦੀ, ਤਾਂ ਵੀ ਕਹਿ ਸਕਦਾ ਸਾਂ ਕਿ ਇਸਤਰੀ ਨੂੰ ਕੇਵਲ ਪੁਰਸ਼ ਦੇ ਕਾਮ-ਭੁਖ-ਮਿਟਾਊ ਪਦਾਰਥ-ਰੂਪ ਵਿਚ ਵੇਖਣ ਦੀ ਸਿੱਖਿਆ ਮੈਨੂੰ ਬੜੀ ਪ੍ਰਬਲਤਾ ਨਾਲ ਦਿੱਤੀ ਜਾ ਚੁੱਕੀ ਸੀ।

ਅੱਜ ਦੇ ਜ਼ਮਾਨੇ ਵਿਚ ਪਿੰਡਾਂ ਵਿਚ ਅਜਿਹੀ ਦਲੇਰੀ ਨਾਲ ਨਗਨ-ਫਿਲਮਾਂ (ਜੋ ਖੁਫੀਆ ਅਤੇ ਗੈਰ-ਕਾਨੂੰਨੀ ਤੌਰ 'ਤੇ ਬਾਹਰ ਦੇ ਦੇਸ਼ਾਂ ਵਿਚੋਂ ਦਰਾਮਦ ਕੀਤੀਆਂ ਜਾਂਦੀਆਂ ਹਨ) ਵਿਖਾਣਾ ਸੰਭਵ ਨਹੀਂ ਪਰ ਅੱਜ ਵੀ ਪਿੰਡਾਂ ਦੇ ਨਿਰਦੋਸ਼ ਅਤੇ ਸਰਲ ਲੋਕਾਂ ਨੂੰ ਹੋਰ ਕਈ ਤਰੀਕਿਆਂ ਨਾਲ ਸ਼ਹਿਰੀ ਲਿੰਗ-ਗਿਰਾਵਟ ਦਾ ਸ਼ਿਕਾਰ ਬਣਾ ਕੇ ਖਰਾਬ ਕੀਤਾ ਜਾਂਦਾ ਹੈ। ਇਸ ਦਾ ਮੂਲ ਕਾਰਨ, ਸਿਖਿਅਤ ਵਰਗ ਦਾ ਅੰਗਰੇਜ਼ਾਂ ਦੀ ਚਾਲੂ ਕੀਤੀ ਪਿੰਡਾਂ ਵਲੋਂ ਉਪਰਾਮ ਰਹਿਣ ਦੀ ਨਿੰਦਨੀਕ ਨੀਤੀ ਉਪਰ ਅਜੇ ਵੀ ਅਮਲ ਕਰੀ ਜਾਣਾ ਹੈ। ਜੇ ਚੰਗੇ ਵਿਚਾਰਾਂ ਵਾਲੇ ਸ਼ਹਿਰੀ ਲੋਕ ਪਿੰਡਾਂ ਨਾਲ ਆਪਣਾ ਮੇਲ-ਮਿਲਾਪ ਕਾਇਮ ਰੱਖਣ ਤਾਂ ਲੁੱਚੇ ਸ਼ਹਿਰੀ ਅਨਸਰ ਨੂੰ ਬੇਧੜਕ ਹੋ ਕੇ ਪਿੰਡਾਂ ਵਿਚ ਖਰੂਦ ਮਚਾਣ ਦੀ ਖੁਲ੍ਹ ਨਾ ਮਿਲੇ; ਤੇ ਇੰਜ ਅਸੀਂ ਆਪਣੇ ਸੁਹਣੇ ਲੋਕ-ਨ੍ਰਿਤ ਅਤੇ ਲੋਕ-ਗੀਤ ਵੀ ਬਰਬਾਦ ਹੋਣ ਤੋਂ ਬਚਾ ਸਕੀਏ ਪਰ ਨਗਾਰਖਾਨੇ ਵਿਚ ਤੂਤੀ ਦੀ 'ਵਾਜ ਭਲਾ ਕੌਣ ਸੁਣਦਾ ਹੈ!

ਉਸ ਪਿਛੋਂ ਕਈ ਵਰ੍ਹੇ ਮੈਂ ਹੋਰ ਕੋਈ ਫਿਲਮ ਨਾ ਵੇਖੀ। ਰਾਵਲਪਿੰਡੀ ਸ਼ਹਿਰ ਵਿਚ ਉਦੋਂ ਕੋਈ ਸਿਨੇਮਾ ਨਹੀਂ ਸੀ। ਜ਼ਿਆਦਾ ਰਿਵਾਜ਼ ਥਿਏਟਰਾਂ ਦਾ ਸੀ। ਮੇਰੇ ਸਕੂਲ ਦੇ ਸਾਥੀ ਇਨ੍ਹਾਂ ਥਿਏਟਰਾਂ ਦੇ ਬਹੁਤ ਦਿਲਚਸਪ ਕਿੱਸੇ ਸੁਣਾਂਦੇ- ਪਰ ਮੇਰੇ ਪਿਤਾ ਜੀ ਕੱਟੜ ਆਰੀਆ ਸਮਾਜੀ ਸਨ, ਤੇ ਮੈਂ ਵੀ ਉਨ੍ਹਾਂ ਦੀ ਆਗਿਆ ਦਾ ਉਲੰਘਣ ਕਰਨ ਬਾਰੇ ਕਦੇ ਸੋਚ ਨਹੀਂ ਸਾਂ ਸਕਦਾ। ਇਹ ਮੇਰੇ ਜੀਵਨ ਦਾ ਬੜਾ ਧਰਮਾਕਲ ਯੁੱਗ ਸੀ। ਮੈਨੂੰ ਸੁਪਨੇ ਵੀ ਪਰਮਾਤਮਾ ਦੇ ਆਉਂਦੇ ਹੁੰਦੇ ਸਨ। ਇਕ ਸੁਪਨੇ ਵਿਚ ਮੈਂ ਭਗਵਾਨ ਨੂੰ ਪੂਰਬੀਆਂ ਵਾਲੀ ਦੁਪੱਲੀ ਟੋਪੀ ਪਾਈ ਆਪਣੇ ਮਕਾਨ ਦੀਆਂ ਪੌੜੀਆਂ ਵਿੱਚ ਬੈਠੇ ਦੇਖਿਆ।

ਜਦੋਂ ਮੈਂ ਦਸਵੀਂ ਜਮਾਤੇ ਚੜ੍ਹਿਆ ਤਾਂ 'ਰੂਪਰਟ ਆਫ ਹੈਂਟਜ਼ਾਂ' ਨਾਮਕ ਅੰਗਰੇਜ਼ੀ ਨਾਵਲ ਸਾਨੂੰ ਕੋਰਸ ਵਿੱਚ ਲੱਗਾ। ਅਚਾਨਕ ਇਕ ਦਿਨ ਖਬਰ ਉਡੀ ਕਿ ਸਾਰੀ ਜਮਾਤ, ਸਣੇ ਮਾਸਟਰ ਅਤੇ ਹੈਡਮਾਸਟਰ, ਸ਼ਹਿਰ ਵਿਚ ਪਹਿਲਾ ਸਿਨੇਮਾ 'ਰੋਜ਼' ਖੁੱਲ੍ਹਣ ਦੇ ਸਮਾਰੋਹ ਵਿਚ ਸ਼ਾਮਲ ਹੋਣ ਜਾ ਰਹੀ ਹੈ, ਤੇ ਫਿਲਮ ਵੀ 'ਰੂਪਰਟ ਆਫ ਹੈਂਟਜ਼ਾਂ' ਵਿਖਾਈ ਜਾਏਗੀ, ਜੋ ਸਾਡੇ ਕੋਰਸ ਵਿਚ ਲੱਗੀ ਹੋਈ ਸੀ।

ਕਿੰਨੇ ਚਲਾਕ ਹੁੰਦੇ ਹਨ ਸਰਮਾਏਦਾਰ!

ਮੇਰੇ ਪਿਤਾ ਜੀ ਮੰਘ ਦੇ ਕੋਲ ਟਹਿਲਦੇ ਕਿੰਨਾ ਚਿਰ ਸੋਚ ਵਿਚ ਡੁੱਬੇ ਰਹੇ ਕਿ ਮੈਨੂੰ ਜਾਣ ਦੀ ਇਜਾਜ਼ਤ ਦੇਣ ਜਾਂ ਨਾ। ਨਵਾਂ ਜ਼ਮਾਨਾ ਉਨ੍ਹਾਂ ਦੀ ਚੇਤਨਾ ਦੇ ਬੂਹੇ ਉਪਰ ਧੱਕੇ ਮਾਰ ਰਿਹਾ ਸੀ। ਬੂਹਾ ਖੋਲ੍ਹਣ ਕਿ ਨਾ, ਉਹ ਫੈਸਲਾ ਕਰਨੋਂ ਅਸਮਰਥ ਸਨ। ਅਖੀਰ ਉਨ੍ਹਾਂ ਹੈਡਮਾਸਟਰ ਨੂੰ ਘਰ ਬੁਲਾ ਕੇ ਪੁੱਛਿਆ। ਮੈਂ ਵੀ ਆਪਣੀ ਕਿਸਮਤ ਦਾ ਫੈਸਲਾ ਸੁਣਨ ਲਈ ਦੋਨਾਂ ਬਜ਼ੁਰਗਾਂ ਦੇ ਵਾਰਤਾਲਾਪ ਦਾ ਗਵਾਹ ਬਣਿਆ।

ਹੈਡਮਾਸਟਰ ਨੇ ਕਿਹਾ: "ਇੰਨੇ ਪੁਰਾਣੇ ਖਿਆਲਾਂ ਵਾਲੇ ਨਾ ਬਣੋ, ਲਾਲਾ ਜੀ। ਫਿਲਮਾਂ ਕੇਵਲ ਮਨੋਰੰਜਨ ਲਈ ਨਹੀਂ ਬਣਾਈਆਂ ਜਾਂਦੀਆਂ, ਉਹ ਤਾਂ ਇਕ ਕਲਾ ਹਨ। ਉਨ੍ਹਾਂ ਵਿਚੋਂ ਸਿੱਖਿਆ ਵੀ ਮਿਲਦੀ ਹੈ। ਇਹ ਫਿਲਮ ਤਾਂ ਸਕੂਲ ਵਿਚ ਕੋਰਸ ਵਿਚ ਲਗੀ ਕਿਤਾਬ ਦੇ ਆਧਾਰ 'ਤੇ ਬਣਾਈ ਗਈ ਹੈ। ਭਲਾ ਏਸ ਤੋਂ ਕੀ ਇਖਲਾਕੀ ਨੁਕਸਾਨ ਪਹੁੰਚ ਸਕਦਾ ਹੈ? ਬੱਚਿਆਂ ਲਈ ਏਸੇ ਕਰਕੇ ਤਾਂ ਟਿਕਟ ਅੱਧਾ ਕਰ ਦਿਤਾ ਗਿਆ ਹੈ। ਸ਼ਹਿਰ ਦੇ ਸਾਰੇ ਸਕੂਲਾਂ ਦੇ ਦਸਵੀਂ ਜਮਾਤ ਦੇ ਮੁੰਡੇ ਜਾ ਰਹੇ ਹਨ। ਨੁਕਸਾਨ ਤਾਂ ਨਾ ਜਾਣ ਵਿਚ ਹੋ ਸਕਦਾ ਹੈ, ਜਾਣ ਵਿਚ ਨਹੀਂ।"

ਪਿਤਾ ਜੀ ਨੇ ਇਜਾਜ਼ਤ ਦੇ ਦਿੱਤੀ।

ਅਜਿਹਾ ਸਮਾਰੋਹ ਕਦੇ ਕਿਸੇ ਵੇਖਿਆ ਨਹੀਂ ਸੀ ਜੋ ਉਸ ਦਿਨ 'ਰੋਜ਼' ਸਿਨੇਮਾ ਦੇ ਉਦਘਾਟਨ ਸਮੇਂ ਵਾਪਰਿਆ। ਅੰਗਰੇਜ਼ ਡਿਪਟੀ ਕਮਿਸ਼ਨਰ ਅਤੇ ਕਿਤਨੇ ਰਾਏ ਸਾਹਿਬ ਤੇ ਖਾਨ ਸਾਹਿਬ ਵੀ ਪਧਾਰੇ ਸਨ। ਸਿਨੇਮੇ ਦੇ ਮਾਲਕ ਨੂੰ ਹੋਰ ਕੀ ਚਾਹੀਦਾ ਸੀ? ਪਰ ਫਿਲਮ ਦੇ ਵਿਦਿਅਕ ਪੱਖ ਤੋਂ ਸਾਨੂੰ ਉੱਕਾ ਕੋਈ ਲਾਭ ਨਾ ਪਹੁੰਚਿਆ, ਕਿਉਂਕਿ ਜੋ ਕਹਾਣੀ ਪਰਦੇ ਉਤੇ ਵੇਖੀ, ਉਹ ਨਾਵਲ ਦੇ ਪਲਾਟ ਨਾਲੋਂ ਬਹੁਤ ਭਿੰਨ ਸੀ। ਹਾਂ, ਇਕ ਗੱਲ ਨੇ ਭਾਵੇਂ ਅਵੱਸ਼ ਪ੍ਰਭਾਵਿਤ ਕੀਤਾ। ਉਹ ਇਹ ਕਿ ਇਕੋ ਸ਼ਕਲ ਦੇ ਦੋ ਆਦਮੀ ਬਾਰ-ਬਾਰ ਨਾਇਕਾ ਦੀਆਂ ਚੁੰਮੀਆਂ ਲੈਂਦੇ ਸਨ। ਅਵੱਸ਼ ਹੈਡਮਾਸਟਰ ਸਾਹਿਬ ਨੂੰ ਵੀ ਇਹ ਗੱਲ ਇਤਰਾਜ਼ਯੋਗ ਮਹਿਸੂਸ ਹੋਈ ਹੋਵੇਗੀ, ਕਿਉਂਕਿ ਪਿਤਾ ਜੀ ਵਾਂਗ, ਉਹ ਵੀ ਕੱਟੜ ਆਰੀਆ ਸਮਾਜੀ ਸਨ, ਨਾਲੇ ਨਾਵਲ ਵਿਚ ਤਾਂ ਚੁੰਮੀਆਂ ਦਾ ਕੋਈ ਜ਼ਿਕਰ ਨਹੀਂ ਸੀ।

ਏਸ ਪਿਛੋਂ ਜਦੋਂ ਵੀ ਫਿਲਮ ਵੇਖਣੀ ਹੋਵੇ, ਪਿਤਾ ਜੀ ਨੂੰ ਇਹ ਆਖ ਕੇ ਕਾਇਲ ਕਰੀਦਾ ਸੀ ਕਿ ਉਹ ਉੱਤਮ ਦਰਜੇ ਦੇ ਇਖਲਾਕੀ ਨਾਵਲ ਉਪਰ ਆਧਾਰਿਤ ਹੈ। ਜੇ ਫੇਰ ਵੀ ਇਜਾਜ਼ਤ ਨਾ ਮਿਲਦੀ ਤਾਂ ਚੋਰੀ ਜਾਣ ਦਾ ਵੀ ਹੌਲੀ-ਹੌਲੀ ਹੌਸਲਾ ਹੋਣ ਲੱਗ ਪਿਆ।

'ਰੋਜ਼' ਸਿਨੇਮਾ ਸ਼ਹਿਰ ਅੰਦਰ ਸੀ। ਮਗਰੋਂ ਉਸ ਵਿਚ ਆਮ ਤੌਰ ਤੇ ਹਿੰਦੁਸਤਾਨੀ ਫਿਲਮਾਂ ਵਿਖਾਈਆਂ ਜਾਣ ਲੱਗ ਪਈਆਂ ਸਨ ਪਰ ਕਦੇ-ਕਦੇ ਐਲਮੋ ਲਿੰਕਨ ਆਦਿ ਦੀਆਂ ਅੰਗਰੇਜ਼ੀ ਲੜੀਵਾਰ ਫਿਲਮਾਂ ਵੀ ਆਉਂਦੀਆਂ ਸਨ। ਜਿਨ੍ਹਾਂ ਦੋ ਹਿੰਦੁਸਤਾਨੀ ਫਿਲਮਾਂ ਦਾ ਮੇਰੇ ਉਪਰ ਵਿਸ਼ੇਸ਼ ਅਸਰ ਪਿਆ, ਉਨ੍ਹਾਂ ਵਿਚੋਂ ਇਕ ਸੀ 'ਹੀਰ ਰਾਂਝਾ'। ਏਸ ਫਿਲਮ ਵਿਚ ਕੰਮ ਕਰਨ ਵਾਲਿਆਂ ਦੇ ਕਿਰਦਾਰਾਂ ਨੇ ਮੈਨੂੰ ਉਤਨਾ ਪ੍ਰਭਾਵਤ ਨਹੀਂ ਕੀਤਾ ਜਿਤਨਾ ਦਰੱਖਤ ਹੇਠਾਂ ਬੈਠ ਕੇ, ਠੰਗੋਰੇ ਵਜਾ ਕੇ, ਪਿੰਡ ਦੇ ਇਕੱਤਰਿਤ ਲੋਕਾਂ ਨੂੰ ਹੀਰ ਸੁਣਾਨ ਵਾਲੇ ਕਿੱਸਾ-ਗੋ ਨੇ। ਫਿਲਮ ਖਾਮੋਸ਼ ਸੀ ਪਰ ਕਿੱਸਾ-ਗੋ ਵਾਲੀ ਪਰਿਸਥਿਤੀ ਦਾ ਆਪਣਾ ਜਾਦੂਈ ਸੰਗੀਤ ਸੀ ਜਿਸ ਨੂੰ ਯਾਦ ਕਰਕੇ ਵਾਰ-ਵਾਰ ਮੇਰੇ ਗਲੇਡੂ ਭਰ ਆਉਂਦੇ ਸਨ।

ਇਕ ਹੋਰ ਫਿਲਮ ਸੀ 'ਅਨਾਰਕਲੀ'। ਇਸ ਵਿਚ ਸੁਲੋਚਨਾ (ਰੂਬੀ ਮੇਯਰਸ) ਦੀ ਅਪੂਰਬ ਸੁੰਦਰਤਾ ਦਾ ਮੇਰੇ ਉਪਰ ਲੋਹੜੇ ਦਾ ਅਸਰ ਪਿਆ। ਅਖੀਰਲੀ ਝਾਕੀ ਸੀ, ਅਨਾਰਕਲੀ ਦਾ ਸਾਰਾ ਸਰੀਰ ਦੀਵਾਰ ਵਿਚ ਚਿਣਿਆ ਜਾ ਚੁੱਕਿਆ ਹੈ। ਕੇਵਲ ਚਿਹਰਾ ਖੁੱਲ੍ਹਾ ਰਹਿ ਗਿਆ ਹੈ- ਇੱਟਾਂ ਵਿਚ ਘਿਰਿਆ, ਆਖਰਾਂ ਦਾ ਮਾਸੂਮ, ਸੁੰਦਰ, ਮਜ਼ਲੂਮ ਚਿਹਰਾ। ਅਕਬਰ ਆਖਰੀ ਇੱਟ ਜੜਨ ਦਾ ਹੁਕਮ ਸੁਣਾਨ ਤੋਂ ਪਹਿਲਾਂ ਕਿੰਨਾ ਚਿਰ ਸੋਚਾਂ ਵਿਚ ਡੁੱਬਿਆ ਟਹਿਲਦਾ ਰਹਿੰਦਾ ਹੈ। ਅਖੀਰ, ਮੂੰਹ ਫੇਰ ਕੇ ਹੱਥ ਦੇ ਇਸ਼ਾਰੇ ਨਾਲ ਉਹ ਹੁਕਮ ਦੇ ਹੀ ਛੱਡਦਾ ਹੈ। ਅਨਾਰਕਲੀ ਦੇ ਚਿਹਰੇ ਨੂੰ ਇੱਟ-ਗਾਰੇ ਨਾਲ ਪੋਚ ਦਿੱਤਾ ਜਾਂਦਾ ਹੈ। ਏਸ ਤੋਂ ਵਡਾ ਜ਼ੁਲਮ ਦੁਨੀਆ ਵਿਚ ਹੋਰ ਕੀ ਹੋ ਸਕਦਾ ਸੀ? ਮੈਂ ਕਿੰਨੀਆਂ ਰਾਤਾਂ ਸੌਂ ਨਾ ਸਕਿਆ। ਗਰਮੀਆਂ ਦੇ ਦਿਨ ਸਨ। ਅਸੀਂ ਉਪਰ ਕੋਠੇ 'ਤੇ ਸੌਂਦੇ ਹੁੰਦੇ ਸਾਂ। ਸਾਰੀ-ਸਾਰੀ ਰਾਤ ਮੇਰੇ ਦਿਲ ਵਿਚ ਚੀਸਾਂ ਤੇ ਕੁਰਲਾਹਟਾਂ ਉਠਦੀਆਂ ਰਹਿੰਦੀਆਂ। ਅਨਾਰਕਲੀ ਦੀ ਸੁੰਦਰਤਾ ਅਭੁੱਲ ਸੀ। ਉਹ ਕੇਵਲ ਪਰਦੇ ਉਤੇ ਖੇਡਣ ਵਾਲੀ ਪਰਛਾਈਂ ਨਹੀਂ ਸੀ, ਉਹ ਮੇਰੇ ਹਿਰਦੇ ਦੀਆਂ ਡੂੰਘਾਣਾਂ ਵਿਚ ਉਤਰੀ ਸਚਿਆਈ ਸੀ, ਮੇਰੇ ਜੀਵਨ ਦਾ ਅਨਿਖੜਵਾਂ ਭਾਗ। ਤੇ ਵਿਚਾਰੀ ਨੂੰ ਅਜਿਹੀ ਬੇ-ਦਰਦੀ ਨਾਲ ਮਾਰ ਦਿੱਤਾ ਗਿਆ ਸੀ। ਮੈਂ ਕਿਸੇ ਹਾਲ ਯਕੀਨ ਕਰਨ ਲਈ ਤਿਆਰ ਨਹੀਂ ਸਾਂ ਕਿ ਸੁਲੋਚਨਾ ਦੇ ਚਿਹਰੇ ਉਤੇ ਸੱਚ-ਮੁੱਚ ਇੱਟ ਨਹੀਂ ਸੀ ਧਰੀ ਗਈ, ਉਹ ਨਿਰੋਲ 'ਸਿਨੇਮਾ ਟ੍ਰਿਕ' ਸੀ। ਸ਼ਾਇਦ ਜੇ ਉਸ ਵੇਲੇ ਕੋਈ ਮੈਨੂੰ ਉਹ 'ਟ੍ਰਿਕ' ਸਮਝਾਉਣ ਲਗ ਪੈਂਦਾ ਤਾਂ ਮੈਂ ਉਹਦੇ ਮੂੰਹ 'ਤੇ ਧੱਫਾ ਕਢ ਮਾਰਦਾ। ਮੇਰੇ ਲਈ ਅਨਾਰਕਲੀ ਸੱਚ-ਮੁੱਚ ਮਰ ਗਈ ਸੀ! ਸੁਲੋਚਨਾ ਮਰ ਗਈ ਸੀ! ਮੇਰੀ ਦੁਨੀਆ ਤਾਰੀਕ ਹੋ ਗਈ ਸੀ!

ਪਰ ਸੁਲੋਚਨਾ ਹੁਣ ਵੀ ਜਿਊਂਦੀ ਜਾਗਦੀ ਹੈ, ਤੇ ਕਈ ਫਿਲਮਾਂ ਵਿਚ ਮੇਰੇ ਨਾਲ ਕੰਮ ਵੀ ਕਰ ਚੁੱਕੀ ਹੈ। ਜਦੋਂ ਵੀ ਮੈਂ ਉਸ ਨੂੰ ਆਪਣੇ ਉਸ ਅਲ੍ਹੜਪਣੇ ਦੇ ਪਾਗਲਪਨ ਬਾਰੇ ਦਸਦਾ ਹਾਂ, ਉਹ ਹੱਸ ਛਡਦੀ ਹੈ। ਅੱਜ ਮੈਂ ਆਪ ਫਿਲਮੀ ਕਲਾਕਾਰ ਹਾਂ ਅਤੇ ਉਸ ਦੇ 'ਹੱਸ ਛਡਣ' ਦਾ ਕਾਰਨ ਪੂਰੀ ਤਰ੍ਹਾਂ ਸਮਝਦਾ ਹਾਂ, ਫੇਰ ਵੀ ਜੀਅ ਚਾਹੁੰਦਾ ਹੈ, ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਸਮਝਾ ਸਕਾਂ ਕਿ ਮੇਰਾ ਉਹ ਪਾਗਲਪਨ ਕੋਈ ਮਜ਼ਾਕ ਨਹੀਂ ਸੀ, ਉਹ ਸਚ-ਮੁਚ ਮੇਰੇ ਜੀਵਨ ਦਾ ਪਹਿਲਾ ਪਿਆਰ ਸੀ।

'ਹਕੀਕਤ' ਫਿਲਮ ਦੀ ਸ਼ੂਟਿੰਗ ਲਈ ਅਸੀਂ ਜੀਪਾਂ ਵਿਚ ਕਸ਼ਮੀਰੋਂ ਲਦਾਖ ਜਾ ਰਹੇ ਸਾਂ। ਇਕ ਰਾਤ ਦਰਾਸ ਨਾਮਕ ਸਥਾਨ 'ਤੇ ਪੜਾਅ ਪਿਆ। ਫੌਜ ਦੇ ਕਰਨੈਲ ਨੇ ਸਾਨੂੰ ਸਤਿਕਾਰ ਨਾਲ 'ਮੈੱਸ' ਦੀ ਇਮਾਰਤ ਵਿਚ ਠਹਿਰਾਇਆ। ਨਹਾ-ਧੋ ਕੇ ਅਸੀਂ ਬੈਠਕ ਵਿਚ ਇਕੱਤਰ ਹੋਏ। ਯੂਨਿਟ ਦੇ ਸਾਰੇ ਫੌਜੀ ਅਫਸਰ ਬੜੇ ਚਾਅ ਨਾਲ ਸਾਨੂੰ ਮਿਲਣ ਆਏ ਸਨ। ਕਿਉਂ ਨਾ ਆਉਂਦੇ, ਸਾਡੇ ਨਾਲ ਧਰਮਿੰਦਰ ਸੀ, ਤੇ ਪ੍ਰੀਆ ਅਤੇ ਇੰਦਰਾਨੀ ਮੁਕਰਜੀ ਵਰਗੀਆਂ ਸੁੰਦਰ ਐਕਟਰੈਸਾਂ ਵੀ ਸਨ। ਗੱਲਾਂ ਕਰਦੇ-ਕਰਦੇ ਅਧਖੜ ਕਰਨੈਲ ਦੀ ਨਜ਼ਰ ਇਕ ਕੋਨੇ ਵਿਚ ਪਛੜ ਕੇ ਬੈਠੀ ਸੁਲੋਚਨਾ ਵਲ ਚਲੀ ਗਈ। ਉਹ ਨਜ਼ਰ ਹਟਾ ਨਾ ਸਕਿਆ। ਹੌਲੀ-ਹੌਲੀ ਉਸ ਚਿਹਰੇ ਨੇ ਉਸ ਦੇ ਯਾਦ-ਮਹਿਲ ਵਿਚ ਪੁਰਾਣੇ ਨਕਸ਼ ਉਭਾਰਨੇ ਸ਼ੁਰੂ ਕੀਤੇ। ਤੇ ਫੇਰ ਉਹਨੇ ਉਸ ਨੂੰ ਪਛਾਣ ਲਿਆ, ਆਪਣੀ ਜਵਾਨੀ ਦੇ ਦਿਨਾਂ ਦੀ ਪਿਆਰੀ ਅਦਾਕਾਰਾ ਨੂੰ। ਤੇ ਫੇਰ ਉਸ ਦੀ ਜੋ ਦਸ਼ਾ ਹੋਈ, ਬਿਆਨ ਨਹੀਂ ਕੀਤੀ ਜਾ ਸਕਦੀ। ਉਸ ਸ਼ਾਮ ਬਾਕੀ ਦੇ ਅਸੀਂ ਸਾਰੇ ਕਲਾਕਾਰ ਸਿਫਰ ਹੋ ਕੇ ਰਹਿ ਗਏ। ਸੁਲੋਚਨਾ ਪਲ-ਝੱਟ ਲਈ ਫੇਰ ਉਸੇ ਤਲਿਸਮੀ ਸਿੰਘਾਸਨ 'ਤੇ ਬਿਰਾਜਮਾਨ ਹੋਈ ਜਿਸ ਤੋਂ ਉਤਰਿਆਂ ਉਹਨੂੰ ਲੰਮਾ ਸਮਾਂ ਬੀਤ ਚੁੱਕਾ ਸੀ। ਪੰਜਾਹ ਸਾਲ ਦੀ ਉਮਰ ਦੇ ਉਸ ਕਰਨੈਲ ਉਪਰ ਉਹੋ ਉਨਮਾਦ ਸਵਾਰ ਹੋ ਗਿਆ ਸੀ ਜਿਸ ਦਾ ਮੈਂ 14 ਸਾਲ ਦੀ ਉਮਰੇ ਸ਼ਿਕਾਰ ਹੋਇਆ ਸਾਂ।

ਜਿਹੜੇ ਵਿਦਵਾਨ ਫਿਲਮਾਂ ਦਾ ਨਾਂ ਸੁਣਦਿਆਂ ਹੀ ਨਫਰਤ ਨਾਲ ਨੱਕ-ਭੌਂ ਚੜ੍ਹਾ ਲੈਂਦੇ ਹਨ, ਉਨ੍ਹਾਂ ਨੂੰ ਸਿਨੇਮੇ ਦੇ ਅਮੋੜ ਅਤੇ ਵਿਆਪਕ ਅਸਰਾਂ ਉਪਰ ਸੰਜੀਦਗੀ ਨਾਲ ਗੌਰ ਕਰਨਾ ਚਾਹੀਦਾ ਹੈ। **(ਚੱਲਦਾ)**

# A & I Trucking Co.

123 E Lee Rd Watsonville, CA Ph: 831-763-7805

ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ,
ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ

## ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ:1-888-664-4004**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

